ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 57
ਅੰਕ ਨੰਬਰ (Volume No.) 277
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Tuesday, 7 October, 2025) ਮੰਗਲਵਾਰ, 7 ਅਕਤੂਬਰ, 2025, 22 ਅੱਸੂ (ਪੂਰਨਮਾਸ਼ੀ), ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ

## ਪੰਜਾਬ ਤੋਂ ਰਾਜ ਸਭਾ ਸੀਟ ਲਈ ਜ਼ਿਮਨੀ ਚੋਣ ਵਾਸਤੇ ਨੋਟੀਫਿਕੇਸ਼ਨ ਜਾਰੀ

ਚੰਡੀਗੜ੍ਹ, 6 ਅਕਤੂਬਰ (ਚੜ੍ਹਦੀਕਲਾ ਬਿਊਰੋ) : ਭਾਰਤੀ ਚੋਣ ਕਮਿਸ਼ਨ ਨੇ 1 ਜੁਲਾਈ, 2025 ਨੂੰ ਸ੍ਰੀ ਸੰਜੀਵ ਅਰੋੜਾ ਦੇ ਅਸਤੀਫੇ ਉਪਰੰਤ ਖਾਲੀ ਹੋਈ ਸੀਟ ਲਈ ਪੰਜਾਬ ਤੋਂ ਰਾਜ ਸਭਾ ਦੀ ਜ਼ਿਮਨੀ ਚੋਣ ਲਈ ਸ਼ਡਿਊਲ ਨੋਟੀਫਾਈ ਕਰ ਦਿੱਤਾ ਹੈ। ਇਸ ਖਾਲੀ ਸੀਟ ਦੀ ਮਿਆਦ 9 ਅਪ੍ਰੈਲ, 2028 ਤੱਕ ਹੈ। ਚੋਣ ਕਮਿਸ਼ਨ ਦੁਆਰਾ 6 ਅਕਤੂਬਰ, 2025 ਨੂੰ ਜਾਰੀ ਨੋਟੀਫਿਕੇਸ਼ਨ ਅਨੁਸਾਰ, ਲੋਕ ਪ੍ਰਤੀਨਿਧਤਾ ਐਕਟ, 1951 ਦੇ ਉਪਬੰਧਾਂ ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਅਨੁਸਾਰ ਉਕਤ ਖਾਲੀ ਥਾਂ ਨੂੰ ਭਰਨ ਲਈ ਉਪ-ਚੋਣ ਕਰਵਾਈ ਜਾਵੇਗੀ।

(ਬਾਕੀ ਸਫ਼ਾ 2 'ਤੇ)

# ਚੋਣ ਕਮਿਸ਼ਨ ਵੱਲੋਂ ਬਿਹਾਰ ਵਿਧਾਨ ਸਭਾ ਚੋਣਾਂ ਦੀਆਂ ਤਰੀਕਾਂ ਦਾ ਐਲਾਨ

### ਦੋ ਗੇੜਾਂ 'ਚ ਹੋਣਗੀਆਂ ਵਿਧਾਨ ਸਭਾ ਚੋਣਾਂ; ਪਹਿਲਾ ਗੇੜ 6 ਤੇ ਦੂਜਾ 11 ਨਵੰਬਰ ਨੂੰ

ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 6 ਅਕਤੂਬਰ: ਚੋਣ ਕਮਿਸ਼ਨ ਨੇ ਸੋਮਵਾਰ ਨੂੰ ਬਿਹਾਰ ਵਿਧਾਨ ਸਭਾ ਚੋਣਾਂ ਲਈ ਤਰੀਕਾਂ ਦਾ ਐਲਾਨ ਕਰ ਦਿੱਤਾ ਹੈ। ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਕਿਹਾ ਕਿ ਬਿਹਾਰ ਵਿਧਾਨ ਸਭਾ ਚੋਣਾਂ ਦੋ ਗੇੜਾਂ ਵਿੱਚ ਹੋਣਗੀਆਂ। ਚੋਣਾਂ ਦਾ ਪਹਿਲਾਂ ਗੇੜ 6 ਨਵੰਬਰ ਤੇ ਦੂਜਾ ਗੇੜ 11 ਨਵੰਬਰ ਨੂੰ ਹੋਵੇਗਾ। ਵੋਟਾਂ ਦੀ ਗਿਣਤੀ 14 ਨਵੰਬਰ ਨੂੰ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਵੋਟਾਂ ਦੀ ਗਿਣਤੀ ਦੇ ਆਖਰੀ ਦੋ ਗੇੜਾਂ ਤੋਂ ਪਹਿਲਾਂ ਡਾਕ ਰਾਹੀਂ ਆਏ ਮਤਦਾਨ ਪੱਤਰਾਂ ਦੀ ਗਿਣਤੀ ਪੂਰੀ ਕੀਤੀ ਜਾਣੀ ਲਾਜ਼ਮੀ ਹੈ। ਮੁੱਖ ਚੋਣ ਕਮਿਸ਼ਨਰ ਨੇ ਇੱਕੋ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਗਾਮੀ ਬਿਹਾਰ ਵਿਧਾਨ ਸਭਾ ਚੋਣਾਂ ਵਿੱਚ 14 ਲੱਖ ਨਵੇਂ ਵੋਟਰਾਂ ਸਮੇਤ 7.4 ਕਰੋੜ ਤੋਂ ਵੱਧ ਵਿਅਕਤੀ ਵੋਟ ਪਾਉਣ ਦੇ ਯੋਗ ਹਨ। ਉਨ੍ਹਾਂ ਕਿਹਾ ਕਿ ਬਿਹਾਰ ਚੋਣਾਂ ਪਾਰਦਰਸ਼ੀ ਅਤੇ ਸ਼ਾਂਤਮਈ ਢੰਗ ਨਾਲ ਕਰਵਾਈਆਂ ਜਾਣਗੀਆਂ। ਕੁਮਾਰ ਨੇ ਕਿਹਾ,'ਬਿਹਾਰ ਵਿੱਚ ਕੁੱਲ 7.42 ਕਰੋੜ

(ਬਾਕੀ ਸਫ਼ਾ 2 'ਤੇ)




## ਤਰਨ ਤਾਰਨ ਵਿਧਾਨ ਸਭਾ ਸੀਟ ਦੀ ਜ਼ਿਮਨੀ ਚੋਣ ਲਈ ਵੋਟਿੰਗ 11 ਨਵੰਬਰ ਨੂੰ

ਚੜ੍ਹਦੀਕਲਾ ਬਿਊਰੋ

ਚੰਡੀਗੜ੍ਹ, 6 ਅਕਤੂਬਰ: ਭਾਰਤੀ ਚੋਣ ਕਮਿਸ਼ਨ ਵੱਲੋਂ ਪੰਜਾਬ ਦੀ 21-ਤਰਨ ਤਾਰਨ ਵਿਧਾਨ ਸਭਾ ਸੀਟ ਲਈ ਜ਼ਿਮਨੀ ਚੋਣ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸਦੇ ਨਾਲ ਹੀ ਤਰਨ ਤਾਰਨ ਜ਼ਿਲ੍ਹੇ ਵਿੱਚ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਚੋਣ ਕਮਿਸ਼ਨ ਵੱਲੋਂ ਜ਼ਿਮਨੀ ਚੋਣ ਲਈ ਜਾਰੀ ਕੀਤੇ ਗਏ ਪ੍ਰੋਗਰਾਮ ਮੁਤਾਬਕ 13 ਅਕਤੂਬਰ ਨੂੰ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਨਾਮਜ਼ਦਗੀਆਂ ਭਰਨ ਦੀ ਆਖਰੀ ਮਿਤੀ 21 ਅਕਤੂਬਰ ਹੋਵੇਗੀ ਅਤੇ ਨਾਮਜ਼ਦਗੀ ਪੱਤਰਾਂ ਦੀ ਪੜਤਾਲ 22 ਅਕਤੂਬਰ ਨੂੰ ਕੀਤੀ ਜਾਵੇਗੀ ਜਦਕਿ ਨਾਮਜ਼ਦਗੀ ਪੱਤਰ ਵਾਪਿਸ ਲੈਣ ਦੀ ਅੰਤਿਮ ਮਿਤੀ 24 ਅਕਤੂਬਰ, 2025 ਹੈ।

ਸਿਬਿਨ ਸੀ ਨੇ ਦੱਸਿਆ ਕਿ 11 ਨਵੰਬਰ ਨੂੰ ਵੋਟਾਂ ਪੈਣਗੀਆਂ ਅਤੇ 14 ਨਵੰਬਰ 2025 ਨੂੰ ਵੋਟਾਂ ਦੀ ਗਿਣਤੀ ਤੋਂ ਬਾਅਦ ਨਤੀਜਾ ਐਲਾਨਿਆ ਜਾਵੇਗਾ। ਉਨ੍ਹਾਂ ਅੱਗੇ ਦੱਸਿਆ ਕਿ ਨਾਮਜ਼ਦਗੀ ਪੱਤਰ 13 ਅਕਤੂਬਰ ਤੋਂ ਲੈ ਕੇ 21 ਅਕਤੂਬਰ ਤੱਕ ਕਿਸੇ ਵੀ ਕੰਮਕਾਰ ਵਾਲੇ ਦਿਨ ਭਰੇ ਜਾ ਸਕਣਗੇ। ਸਿਰਫ 19 ਅਕਤੂਬਰ ਐਤਵਾਰ ਅਤੇ 20 ਅਕਤੂਬਰ ਦੀਵਾਲੀ ਨੂੰ ਛੁੱਟੀ ਵਾਲੇ ਦਿਨ ਪੱਤਰ ਦਾਖਿਲ ਨਹੀਂ ਕੀਤੇ ਜਾ ਸਕਣਗੇ।

## 'ਆਪ' ਵੱਲੋਂ ਬਿਹਾਰ ਵਿਧਾਨ ਸਭਾ ਚੋਣਾਂ ਲੜਨ ਦਾ ਐਲਾਨ

ਪਟਨਾ, 6 ਅਕਤੂਬਰ (ਚੜ੍ਹਦੀਕਲਾ ਬਿਊਰੋ) :ਆਮ ਆਦਮੀ ਪਾਰਟੀ (ਆਪ) ਨੇ ਸੋਮਵਾਰ ਨੂੰ ਬਿਹਾਰ ਵਿਧਾਨ ਸਭਾ ਦੀਆਂ ਸਾਰੀਆਂ 243 ਸੀਟਾਂ 'ਤੇ ਚੋਣ ਲੜਨ ਦਾ ਐਲਾਨ ਕਰਦਿਆਂ ਸੂਬੇ ਵਿੱਚ ਆਪਣੇ 11 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ। ਇੱਥੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ 'ਆਪ' ਦੇ ਸੂਬਾ ਇੰਚਾਰਜ ਅਜੇਸ਼ ਯਾਦਵ ਨੇ ਕਿਹਾ ਕਿ ਪਾਰਟੀ ਨੂੰ ਦਿੱਲੀ ਅਤੇ ਪੰਜਾਬ ਵਿੱਚ ਆਪਣੀ ਸਰਕਾਰ ਦੇ ਮਾਡਲ ਨੂੰ ਬਿਹਾਰ ਵਿੱਚ ਵੀ ਦੁਹਰਾਉਣ ਦਾ ਭਰੋਸਾ ਹੈ। ਉਨ੍ਹਾਂ ਕਿਹਾ,ਸਾਡੇ ਕੋਲ ਵਿਕਾਸ ਅਤੇ ਪ੍ਰਸ਼ਾਸਨ ਦਾ ਇੱਕ ਪ੍ਰਵਾਨਿਤ ਮਾਡਲ ਹੈ। ਆਮ ਆਦਮੀ ਪਾਰਟੀ ਵੱਲੋਂ ਕੀਤੇ ਗਏ ਕੰਮ ਦੀ ਚਰਚਾ ਦੇਸ਼ ਭਰ ਵਿੱਚ ਹੋ ਰਹੀ ਹੈ। ਪੂਰਵਾਂਚਲ ਖੇਤਰ ਦੇ ਲੋਕਾਂ ਨੇ ਦਿੱਲੀ ਵਿੱਚ ਸਾਡੀ ਜਿੱਤ ਵਿੱਚ

(ਬਾਕੀ ਸਫ਼ਾ 2 'ਤੇ)

# ਪੰਜਾਬ ਵਿੱਚ ਪਿਆ ਮੀਂਹ ਆਮ ਲੋਕਾਂ ਲਈ ਰਾਹਤ ਤੇ ਕਿਸਾਨਾਂ ਲਈ ਆਫ਼ਤ



ਚੜ੍ਹਦੀਕਲਾ ਬਿਊਰੋ

ਚੰਡੀਗੜ੍ਹ, 6 ਅਕਤੂਬਰ:ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਵਿਚ ਸੋਮਵਾਰ ਸਵੇਰ ਤੋਂ ਰੁਕ ਰੁਕ ਕੇ ਮੀਂਹ ਜਾਰੀ ਹੈ। ਮੀਂਹ ਨਾਲ ਆਮ ਲੋਕਾਂ ਨੂੰ ਜਿੱਥੇ ਗਰਮੀ ਤੇ ਹੁਮਸ ਭਰੇ ਮੌਸਮ ਤੋਂ ਰਾਹਤ ਮਿਲੀ ਹੈ, ਉਥੇ ਮੀਂਹ ਕਿਸਾਨਾਂ ਲਈ ਆਫ਼ਤ ਬਣ ਗਿਆ ਹੈ। ਕਿਸਾਨਾਂ ਨੂੰ ਮੀਂਹ ਨਾਲ ਦੋਹਰੀ ਮਾਰ ਪਈ ਹੈ। ਪਹਿਲਾਂ ਹੜ੍ਹਾਂ ਨੇ ਖੇਤਾਂ ਵਿਚ ਖੜ੍ਹੀ ਝੋਨੇ ਦੀ ਫ਼ਸਲ ਤਬਾਹ ਕਰ ਦਿੱਤੀ ਹੈ, ਹੁਣ ਝੋਨੇ ਦੀ ਵਾਢੀ ਤੇ ਮੰਡੀਆਂ ਵਿਚ ਲੱਗੇ ਝੋਨੇ ਦੇ ਢੇਰ ਨੇ ਕਿਸਾਨਾਂ ਨੂੰ ਫ਼ਿਕਰਾਂ ਵਿਚ ਪਾਇਆ ਹੋਇਆ ਹੈ। ਪੰਜਾਬ ਦੇ ਇੱਕ ਦਰਜਨ ਤੋਂ ਵੱਧ ਸ਼ਹਿਰਾਂ ਵਿੱਚ ਅੱਜ ਸਵੇਰ ਤੋਂ ਭਾਰੀ ਮੀਂਹ ਅਤੇ ਤੇਜ਼ ਹਵਾਵਾਂ ਦਾ ਕਹਿਰ ਜਾਰੀ ਹੈ। ਮੀਂਹ ਅਤੇ ਤੇਜ਼ ਹਵਾਵਾਂ ਨੇ ਕਿਸਾਨਾਂ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ। ਇਸ ਦੌਰਾਨ ਜ਼ਿਆਦਾਤਰ ਕਿਸਾਨਾਂ ਨੂੰ ਝੋਨੇ ਦੀ ਵਾਢੀ ਨੂੰ ਲੈ ਕੇ ਫ਼ਿਕਰ ਸਤਾਉਣ ਲੱਗਾ ਹੈ। ਉਪਰੋਂ ਮੰਡੀਆਂ ਵਿੱਚ ਝੋਨਾ ਨਾ ਵਿਕਣ ਕਰਕੇ ਮੁਸ਼ਕਲਾਂ ਦਾ ਸਾਹਮਣਾ ਵੱਖਰਾ ਕਰਨਾ ਪੈ ਰਿਹਾ ਹੈ। ਮੌਸਮ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਅੱਜ ਸਵੇਰ ਤੋਂ ਅੰਮ੍ਰਿਤਸਰ, ਤਰਨ ਤਾਰਨ, ਮੋਗਾ, ਪਠਾਨਕੋਟ, ਫਿਰੋਜ਼ਪੁਰ, ਫਾਜ਼ਿਲਕਾ, ਮੁਹਾਲੀ, ਪਟਿਆਲਾ ਅਤੇ ਫਤਿਹਗੜ੍ਹ ਸਾਹਿਬ

(ਬਾਕੀ ਸਫ਼ਾ 2 'ਤੇ)

## ਹਿਮਾਚਲ ਦੀਆਂ ਉਚੀਆਂ ਚੋਟੀਆਂ ਤੇ ਬਰਫ਼ਬਾਰੀ, ਤਾਪਮਾਨ ਡਿੱਗਿਆ

ਸ਼ਿਮਲਾ, 6 ਅਕਤੂਬਰ (ਚੜ੍ਹਦੀਕਲਾ ਬਿਊਰੋ) :ਹਿਮਾਚਲ ਪ੍ਰਦੇਸ਼ ਦੇ ਉੱਚੇ ਇਲਾਕਿਆਂ ਵਿੱਚ ਤਾਜ਼ਾ ਬਰਫ਼ਬਾਰੀ ਜਾਰੀ ਹੈ। ਲਾਹੌਲ-ਸਪਿਤੀ ਅਤੇ ਕੁੱਲੂ ਤੋਂ ਬਾਅਦ, ਚੰਬਾ ਦੇ ਮਨੀ ਮਹੇਸ਼, ਕੁਗਤੀ ਅਤੇ ਹੋਲੀ ਖੇਤਰਾਂ ਵਿੱਚ ਵੀ ਅੱਜ ਸਵੇਰੇ 4 ਵਜੇ ਤੋਂ ਬਰਫ਼ਬਾਰੀ ਹੋ ਰਹੀ ਹੈ। ਲਾਹੌਲ ਸਪਿਤੀ ਵਿੱਚ ਤਾਜ਼ਾ ਬਰਫ਼ਬਾਰੀ ਤੋਂ ਬਾਅਦ ਕਈ ਸੜਕਾਂ ਤੇ ਵਾਹਨਾਂ ਦੀ ਆਵਾਜਾਈ ਬੰਦ ਕਰ ਦਿੱਤੀ ਗਈ ਹੈ। ਇਸ ਦੌਰਾਨ, ਰਾਜ ਦੇ ਮੱਧ-ਉਚਾਈ ਵਾਲੇ ਅਤੇ ਹੇਠਲੇ ਖੇਤਰਾਂ ਵਿੱਚ ਮੀਂਹ ਪੈ ਰਿਹਾ ਹੈ। ਮੌਸਮ ਵਿੱਚ ਬਦਲਾਅ ਦੇ ਨਤੀਜੇ ਵਜੋਂ ਤਾਪਮਾਨ ਵਿੱਚ ਤੇਜ਼ੀ ਨਾਲ ਗਿਰਾਵਟ ਆਈ ਹੈ, ਜਿਸ ਨਾਲ ਪਹਾੜਾਂ ਵਿੱਚ ਠੰਢ ਵਾਪਸ ਆ ਗਈ ਹੈ। ਪਿਛਲੇ 24 ਘੰਟਿਆਂ ਵਿੱਚ ਕਈ ਸ਼ਹਿਰਾਂ ਵਿੱਚ ਤਾਪਮਾਨ 8 ਡਿਗਰੀ ਤੱਕ ਡਿੱਗ ਗਿਆ ਹੈ। ਸੂਬੇ ਦਾ ਔਸਤ ਵੱਧ ਤੋਂ ਵੱਧ ਤਾਪਮਾਨ ਵੀ ਆਮ ਨਾਲੋਂ 2.9

(ਬਾਕੀ ਸਫ਼ਾ 2 'ਤੇ)

# ਸੁਪਰੀਮ ਕੋਰਟ 'ਚ ਸੀ.ਜੇ.ਆਈ. ਗਵਈ 'ਤੇ ਵਕੀਲ ਵੱਲੋਂ ਜੁੱਤੀ ਸੁੱਟਣ ਦੀ ਕੋਸ਼ਿਸ਼

### ਵਕੀਲ ਨੇ 'ਸਨਾਤਨ ਕਾ ਅਪਮਾਨ ਨਹੀਂ ਸਹੇਗਾ ਹਿੰਦੁਸਤਾਨ' ਲਗਾਇਆ ਨਾਅਰਾ

ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 6 ਅਕਤੂਬਰ: ਸੁਪਰੀਮ ਕੋਰਟ ਵਿਚ ਇਕ ਵਕੀਲ ਨੇ ਚੀਫ ਜਸਟਿਸ ਬੀ.ਆਰ. ਗਵਈ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਇਹ ਘਟਨਾ ਉਸ ਸਮੇਂ ਵਾਪਸੀ ਜਦੋਂ ਸੀ.ਜੇ.ਆਈ. ਦੀ ਅਗਵਾਈ ਵਾਲੀ ਬੈਂਚ ਇਕ ਮਾਮਲੇ ਦੀ ਸੁਣਵਾਈ ਕਰ ਰਹੀ ਸੀ। ਸੂਤਰਾਂ ਮੁਤਾਬਕ ਵਕੀਲ ਡੈਸਕ ਕੋਲ ਗਿਆ ਤੇ ਜੁੱਤਾ ਕੱਢ ਕੇ ਸੀ.ਜੇ.ਆਈ. 'ਤੇ ਸੁੱਟਣ ਦੀ ਕੋਸ਼ਿਸ਼ ਕੀਤੀ। ਕੋਰਟ ਵਿਚ ਮੌਜੂਦ ਸੁਰੱਖਿਆ ਮੁਲਾਜ਼ਮਾਂ ਨੇ ਵਕੀਲ ਨੂੰ ਫੜਿਆ ਤੇ ਨਾਲ ਲੈ ਗਏ। ਬਾਹਰ ਜਾਂਦੇ ਸਮੇਂ ਵਕੀਲ ਨੇ ਨਾਅਰਾ ਲਗਾਇਆ 'ਸਨਾਤਨ ਕਾ ਅਪਮਾਨ ਨਹੀਂ ਸਹੇਗਾ ਹਿੰਦੁਸਤਾਨ'। ਦੂਜੇ ਪਾਸੇ ਘਟਨਾ ਦੇ ਬਾਅਦ ਸੀਜੇਆਈ ਨੇ ਅਦਾਲਤ ਵਿਚ ਮੌਜੂਦ ਵਕੀਲਾਂ ਤੋਂ ਆਪਣੀਆਂ ਦਲੀਲਾਂ ਜਾਰੀ ਰੱਖਣ ਨੂੰ ਕਿਹਾ।



(ਬਾਕੀ ਸਫ਼ਾ 2 'ਤੇ)

## ਚੀਫ਼ ਜਸਟਿਸ 'ਤੇ 'ਹਮਲਾ', ਸੰਵਿਧਾਨ 'ਤੇ ਹਮਲਾ: ਸੋਨੀਆ

ਨਵੀਂ ਦਿੱਲੀ, 6 ਅਕਤੂਬਰ (ਚੜ੍ਹਦੀਕਲਾ ਬਿਊਰੋ) : ਕਾਂਗਰਸ ਦੀ ਸੰਸਦੀ ਪਾਰਟੀ ਦੀ ਮੁਖੀ ਸੋਨੀਆ ਗਾਂਧੀ ਨੇ ਸੋਮਵਾਰ ਨੂੰ ਕਿਹਾ ਕਿ ਚੀਫ ਜਸਟਿਸ ਬੀ.ਆਰ.ਗਵਈ 'ਤੇ 'ਹਮਲਾ' ਸਿਰਫ਼ ਉਨ੍ਹਾਂ 'ਤੇ ਹੀ ਨਹੀਂ ਬਲਕਿ ਸੰਵਿਧਾਨ 'ਤੇ ਵੀ ਹਮਲਾ ਹੈ। ਸੋਨੀਆ ਗਾਂਧੀ ਨੇ ਇੱਕ ਬਿਆਨ ਵਿੱਚ ਕਿਹਾ, 'ਸੁਪਰੀਮ ਕੋਰਟ 'ਚ ਭਾਰਤ ਦੇ ਮਾਣਯੋਗ ਚੀਫ ਜਸਟਿਸ 'ਤੇ ਹੋਏ ਹਮਲੇ ਦੀ ਨਿੰਦਾ ਕਰਨ ਲਈ

(ਬਾਕੀ ਸਫ਼ਾ 2 'ਤੇ)

## ਸੋਨੇ ਦਾ ਭਾਅ 1 ਲੱਖ 30 ਹਜ਼ਾਰ ਰੁ. ਪ੍ਰਤੀ 10 ਗ੍ਰਾਮ ਤੋਂ ਪਾਰ

ਨਵੀਂ ਦਿੱਲੀ, 6 ਅਕਤੂਬਰ (ਚੜ੍ਹਦੀਕਲਾ ਬਿਊਰੋ) : ਵਿਦੇਸ਼ੀ ਬਾਜ਼ਾਰਾਂ ਵਿੱਚ ਸੁਰੱਖਿਅਤ ਨਿਵੇਸ਼\ਬੀ ਦੀ ਖਰੀਦਦਾਰੀ ਅਤੇ ਰੁਪਏ ਦੇ ਮੁੱਲ ਵਿੱਚ ਗਿਰਾਵਟ ਕਾਰਨ ਸੋਮਵਾਰ ਨੂੰ ਕੌਮੀ ਰਾਜਧਾਨੀ ਵਿੱਚ ਸੋਨੇ ਦੀਆਂ ਕੀਮਤਾਂ 9,700 ਰੁਪਏ ਦੇ ਵਾਧੇ ਨਾਲ 1,30,300 ਰੁਪਏ ਪ੍ਰਤੀ 10 ਗ੍ਰਾਮ\ਬੀ ਦੇ ਨਵੇਂ ਸਿਖਰ ਤੇ ਪਹੁੰਚ ਗਈਆਂ। ਆਲ ਇੰਡੀਆ ਸਰਾਫ਼ਾ ਐਸੋਸੀਏਸ਼ਨ ਅਨੁਸਾਰ, 99.9 ਫੀਸਦੀ ਸ਼ੁੱਧਤਾ ਵਾਲੀ ਪੀਲੀ ਧਾਤ ਸ਼ੁੱਕਰਵਾਰ ਨੂੰ 1,20,600 ਰੁਪਏ ਪ੍ਰਤੀ 10 ਗ੍ਰਾਮ ਤੇ ਬੰਦ ਹੋਈ ਸੀ। ਸਥਾਨਕ ਸਰਾਫ਼ਾ ਬਾਜ਼ਾਰ ਵਿੱਚ 99.5 ਫੀਸਦੀ ਸ਼ੁੱਧਤਾ ਵਾਲਾ ਸੋਨਾ ਸੋਮਵਾਰ ਨੂੰ 2,700 ਰੁਪਏ\ਬੀ ਦੇ ਵਾਧੇ ਨਾਲ (ਸਾਰੇ ਟੈਕਸਾਂ ਸਮੇਤ) 1,22,700 ਪ੍ਰਤੀ 10 ਗ੍ਰਾਮ ਦੇ ਰਿਕਾਰਡ ਉੱਚ ਪੱਧਰ 'ਤੇ ਪਹੁੰਚ ਗਿਆ। ਪਿਛਲੇ ਬਾਜ਼ਾਰ ਸੈਸ਼ਨ ਵਿੱਚ

(ਬਾਕੀ ਸਫ਼ਾ 2 'ਤੇ)

## ਜੈਪੁਰ ਦੇ ਸਵਾਈ ਮਾਨਸਿੰਘ ਹਸਪਤਾਲ ਦੇ ਟ੍ਰਾਮਾ ਸੈਂਟਰ 'ਚ ਲੱਗੀ ਅੱਗ, 8 ਮਰੀਜ਼ਾਂ ਦੀ ਮੌਤ

ਚੜ੍ਹਦੀਕਲਾ ਬਿਊਰੋ

ਜੈਪੁਰ, 6 ਅਕਤੂਬਰ: ਇੱਥੋਂ ਦੇ ਸਵਾਈ ਮਾਨਸਿੰਘ (ਐੱਸ.ਐੱਮ.ਐੱਸ.) ਹਸਪਤਾਲ ਦੇ ਟ੍ਰਾਮਾ ਸੈਂਟਰ ਦੇ



ਆਈ.ਸੀ.ਯੂ. ਵਿਚ ਐਤਵਾਰ ਦੇਰ ਰਾਤ ਅੱਗ ਲੱਗ ਗਈ। ਹਾਦਸੇ ਵਿਚ 8 ਮਰੀਜ਼ਾਂ ਦੀ ਮੌਤ ਹੋ ਗਈ। ਇਨ੍ਹਾਂ ਵਿਚ 3 ਮਹਿਲਾਵਾਂ ਵੀ ਹਨ। ਰਾਤ 11 ਵਜ ਕੇ 20 ਮਿੰਟ 'ਤੇ ਇਹ ਅੱਗ ਟ੍ਰਾਮਾ ਸੈਂਟਰ ਵਿਚ ਨਿਊਰੋ ਆਈ.ਸੀ.ਯੂ. ਵਾਰਡ ਦੇ ਸਟੋਰ ਵਿਚ ਲੱਗੀ। ਇਥੇ ਪੇਪਰ, ਆਈ.ਸੀ.ਯੂ. ਦਾ ਸਾਮਾਨ ਤੇ ਬਲੱਡ ਸੈਂਪਲਰ ਟਿਊਬ ਰੱਖੇ ਹੋਏ ਸਨ। ਟ੍ਰਾਮਾ ਸੈਂਟਰ ਦੇ ਨੋਡਲ ਅਫਸਰ ਤੇ ਸੀਨੀਅਰ ਡਾਕਟਰ ਨੇ ਦੱਸਿਆ ਕਿ ਸ਼ਾਰਟ ਸਰਕਟ ਕਾਰਨ ਅੱਗ ਲੱਗਣ ਦਾ ਖਦਸ਼ਾ ਹੈ। ਹਾਦਸੇ ਸਮੇਂ ਆਈ.ਸੀ.ਯੂ. ਵਿਚ 11 ਮਰੀਜ਼ ਸਨ। ਉਸ ਦੇ ਨਾਲ ਵਾਲੇ ਆਈ.ਸੀ.ਯੂ. ਵਿਚ 13 ਮਰੀਜ਼ ਸਨ। ਦੂਜੇ ਪਾਸੇ ਇਸ ਅਗਨੀਕਾਂਡ ਦੀ ਜਾਂਚ ਲਈ 6 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਫਾਇਰ ਬ੍ਰਿਗੇਡ ਦੇ ਮੁਲਾਜ਼ਮ ਨੇ ਦੱਸਿਆ ਕਿ

(ਬਾਕੀ ਸਫ਼ਾ 2 'ਤੇ)

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 350ਵੇਂ ਸ਼ਹੀਦੀ ਦਿਹਾੜੇ ਦੀਆਂ ਤਿਆਰੀਆਂ ਸਬੰਧੀ ਮਾਨ ਵੱਲੋਂ ਸਿੱਖ ਸੰਤਾਂ, ਮਹਾਂਪੁਰਸ਼ਾਂ ਤੇ ਵਿਦਵਾਨਾਂ ਨਾਲ ਮੀਟਿੰਗ



ਚੜ੍ਹਦੀਕਲਾ ਬਿਊਰੋ

ਚੰਡੀਗੜ੍ਹ, 6 ਅਕਤੂਬਰ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਕੌਮੀ ਪੱਧਰ 'ਤੇ ਮਨੁੱਖੀ ਅਧਿਕਾਰ ਦਿਵਸ ਵਜੋਂ ਮਨਾਉਣ ਲਈ ਸੂਬਾ ਸਰਕਾਰ ਇਸ ਮਾਮਲੇ ਨੂੰ ਭਾਰਤ ਸਰਕਾਰ ਕੋਲ ਉਠਾਏਗੀ।

ਅੱਜ ਇੱਥੇ ਸੰਤ ਸਮਾਜ ਦੀਆਂ ਉੱਘੀਆਂ ਸ਼ਖਸੀਅਤਾਂ ਨਾਲ ਵਿਚਾਰ-ਚਰਚਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਨੂੰ ਕੌਮੀ ਪੱਧਰ ਉਤੇ ਮਨੁੱਖੀ ਅਧਿਕਾਰ ਦਿਵਸ ਵਜੋਂ ਮਨਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਦੇਸ਼ ਭਰ ਵਿੱਚ ਧਰਮ ਨਿਰਪੱਖਤਾ, ਫਿਰਕੂ ਸਦਭਾਵਨਾ ਅਤੇ ਭਾਈਚਾਰਕ ਸਾਂਝ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇਗਾ। ਉਨ੍ਹਾਂ ਕਿਹਾ ਕਿ ਨੌਵੇਂ ਪਾਤਸ਼ਾਹ ਸਾਂਝੀਵਾਲਤਾ ਅਤੇ ਧਰਮ ਨਿਰਪੱਖਤਾ ਦੇ ਮੁਦਈ ਸਨ ਅਤੇ ਉਨ੍ਹਾਂ ਨੇ ਦੇਸ਼ ਵਿੱਚ ਮਨੁੱਖੀ ਹੱਕਾਂ ਦੀ ਰਾਖੀ ਲਈ ਆਪਣਾ ਜੀਵਨ ਕੁਰਬਾਨ ਕਰ ਦਿੱਤਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਮਨੁੱਖੀ ਅਧਿਕਾਰ ਦਿਵਸ ਵਜੋਂ ਮਨਾਉਣ ਨਾਲ ਜਿੱਥੇ ਮਹਾਨ ਗੁਰੂ ਸਾਹਿਬ ਜੀ ਨੂੰ ਨਿਮਾਣੀ ਸ਼ਰਧਾਂਜਲੀ ਹੋਵੇਗੀ, ਉਥੇ ਹੀ ਲੋਕਾਂ ਦਰਮਿਆਨ ਆਪਸੀ ਸਾਂਝ ਹੋਰ ਮਜ਼ਬੂਤ ਹੋਵੇਗੀ ਕਿਉਂਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਅਤੇ ਫਲਸਫਾ ਸਮੁੱਚੀ ਮਨੁੱਖਤਾ ਲਈ ਚਾਨਣ ਮੁਨਾਰਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ, ਗੁਰੂ ਸਾਹਿਬ ਜੀ ਦੇ ਦਿੱਲੀ ਜਾਂਦੇ ਸਮੇਂ ਅਪਣਾਏ ਰਾਹ ਦੇ ਪੰਜਾਬ ਵਿਚਲੇ ਹਿੱਸੇ ਦਾ ਨਿਰਮਾਣ ਸ੍ਰੀ ਗੁਰੂ ਤੇਗ ਬਹਾਦਰ ਮਾਰਗ ਵਜੋਂ ਕਰਨ ਦੀ ਸੰਭਾਵਨਾ ਤਲਾਸ਼ੇਗੀ। ਉਨ੍ਹਾਂ ਕਿਹਾ ਕਿ ਪੰਜਾਬ ਲੋਕ ਨਿਰਮਾਣ ਅਤੇ ਪੰਜਾਬ ਮੰਡੀ ਬੋਰਡ ਵੱਲੋਂ ਇਸ ਮਾਰਗ ਦੇ ਨਿਰਮਾਣ ਲਈ ਖਾਕਾ ਤਿਆਰ ਕੀਤਾ

(ਬਾਕੀ ਸਫ਼ਾ 2 'ਤੇ)



# ਫਰਾਂਸ ਦੇ ਪ੍ਰਧਾਨ ਮੰਤਰੀ ਨੇ ਅਹੁਦੇ ਤੋਂ ਦਿੱਤਾ ਅਸਤੀਫ਼ਾ !

ਪੈਰਿਸ, 6 ਅਕਤੂਬਰ (ਚ.ਨ.ਸ.): ਫਰਾਂਸ ਵਿੱਚ ਰਾਜਨੀਤਿਕ ਸੰਕਟ ਘੱਟ



ਹੋਣ ਦੇ ਕੋਈ ਸੰਕੇਤ ਨਜ਼ਰ ਨਹੀਂ ਆ ਰਹੇ ਹਨ ਅਤੇ ਨਾ ਹੀ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਦੀਆਂ ਮੁਸ਼ਕਲਾਂ ਘੱਟ ਹੁੰਦੀਆਂ ਜਾਪਦੀਆਂ ਹਨ। ਸੋਮਵਾਰ, 6 ਅਕਤੂਬਰ ਨੂੰ, ਰਾਸ਼ਟਰਪਤੀ ਮੈਕਰੋਨ ਨੇ ਨਵੇਂ ਨਿਯੁਕਤ ਪ੍ਰਧਾਨ ਮੰਤਰੀ ਸੇਬੇਸਟੀਅਨ ਲੇਕੋਰਨੂ ਦਾ ਅਸਤੀਫਾ ਸਵੀਕਾਰ ਕਰ ਲਿਆ। ਇਸ ਅਸਤੀਫੇ ਨੇ, ਨਵੇਂ ਮੰਤਰੀ ਮੰਡਲ ਦੇ ਐਲਾਨ ਤੋਂ ਕੁਝ ਘੰਟਿਆਂ ਬਾਅਦ, ਯੂਰਪੀਅਨ ਦੇਸ਼ ਨੂੰ ਰਾਜਨੀਤਿਕ ਰੁਕਾਵਟ 'ਚ ਹੋਰ ਉਲਝਾ ਦਿੱਤਾ ਹੈ। ਧਿਆਨ ਦੇਣ ਯੋਗ ਹੈ ਕਿ ਮੈਕਰੋਨ ਨੇ ਪਿਛਲੇ ਮਹੀਨੇ ਹੀ ਲੇਕੋਰਨੂ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਨਾਮਜ਼ਦ ਕੀਤਾ ਸੀ। ਹਾਲਾਂਕਿ, ਐਤਵਾਰ ਦੇਰ ਰਾਤ ਮੈਕਰੋਨ ਵੱਲੋਂ ਨਵੀਂ ਕੈਬਨਿਟ ਦੇ ਐਲਾਨ, ਬਿਨਾਂ ਕਿਸੇ ਬਦਲਾਅ ਦੇ, ਤਿੱਖੀ ਆਲੋਚਨਾ ਦਾ ਸ਼ਿਕਾਰ ਹੋਇਆ। ਹੁਣ, ਇਸ ਐਲਾਨ ਤੋਂ ਕੁਝ ਘੰਟੇ ਬਾਅਦ, ਪ੍ਰਧਾਨ ਮੰਤਰੀ ਦੇ ਅਸਤੀਫੇ ਦੀ ਖ਼ਬਰ ਸਾਹਮਣੇ ਆਈ ਹੈ। ਰਾਸ਼ਟਰਪਤੀ ਮੈਕਰੋਨ ਨੇ ਐਤਵਾਰ ਰਾਤ (ਸਥਾਨਕ ਸਮੇਂ) ਇੱਕ ਨਵੀਂ ਸਰਕਾਰ ਦਾ ਐਲਾਨ ਕੀਤਾ। ਪ੍ਰਧਾਨ ਮੰਤਰੀ ਸੇਬੇਸਟੀਅਨ ਲੇਕੋਰਨੂ ਨੇ ਪਿਛਲੇ ਸਾਲ ਦੀ ਅਗਵਾਈ ਕੀਤੀ ਜਿਸ ਵਿੱਚ ਜਾਣੇ-ਪਛਾਣੇ ਚਿਹਰੇ ਸਨ। ਮੈਕਰੋਨ ਦੇ ਸੱਤਵੇਂ ਪ੍ਰਧਾਨ ਮੰਤਰੀ, ਲੇਕੋਰਨੂ ਦੀ ਨਿਯੁਕਤੀ ਤੋਂ ਲਗਭਗ ਇੱਕ ਮਹੀਨੇ ਬਾਅਦ ਨਵੀਂ ਕੈਬਨਿਟ ਨੂੰ ਸਾਰਿਆਂ ਸਾਹਮਣੇ ਰੱਖਿਆ ਗਿਆ ਸੀ। ਹਾਲਾਂਕਿ, ਪ੍ਰਧਾਨ ਮੰਤਰੀ ਨੇ ਖੁਦ ਹੁਣ ਅਸਤੀਫਾ ਦੇ ਦਿੱਤਾ ਹੈ। ਇਸ ਸਮੇਂ ਫਰਾਂਸ ਦੀ ਸਥਿਤੀ ਗੰਭੀਰ ਜਾਪਦੀ ਹੈ। ਇੱਕ ਰਿਪੋਰਟ ਦੇ ਅਨੁਸਾਰ, ਪਿਛਲੇ ਹਫ਼ਤੇ ਜਾਰੀ ਕੀਤੇ ਗਏ ਅਧਿਕਾਰਤ ਅੰਕੜਿਆਂ ਤੋਂ ਪਤਾ ਚੱਲਿਆ ਹੈ ਕਿ ਫਰਾਂਸ ਦਾ ਜਨਤਕ ਕਰਜ਼ਾ ਰਿਕਾਰਡ ਉੱਚੇ ਪੱਧਰ 'ਤੇ ਪਹੁੰਚ ਗਿਆ ਹੈ। ਫਰਾਂਸ ਦਾ ਕਰਜ਼ਾ-ਤੋਂ-ਜੀਡੀਪੀ ਅਨੁਪਾਤ ਹੁਣ ਯੂਰਪੀਅਨ ਯੂਨੀਅਨ ਵਿੱਚ ਗ੍ਰੀਸ ਅਤੇ ਇਟਲੀ ਤੋਂ ਬਾਅਦ ਤੀਜਾ ਸਭ ਤੋਂ ਉੱਚਾ ਹੈ, ਅਤੇ ਯੂਰਪੀਅਨ ਯੂਨੀਅਨ ਦੇ ਨਿਯਮਾਂ ਦੇ ਤਹਿਤ ਆਗਿਆ ਦਿੱਤੇ ਗਏ 60 ਫੀਸਦੀ ਪੱਧਰ ਤੋਂ ਲਗਭਗ ਦੁੱਗਣਾ ਹੈ। ਪਿਛਲੀਆਂ ਸਰਕਾਰਾਂ ਨੇ ਪਿਛਲੇ ਤਿੰਨ ਸਾਲਾਨਾ ਬਜਟ ਬਿਨਾਂ ਵੋਟ ਦੇ ਸੰਸਦ ਵਿੱਚ ਪੇਸ਼ ਕੀਤੇ ਹਨ, ਇੱਕ ਅਜਿਹਾ ਤਰੀਕਾ ਜਿਸਦੀ ਸੰਵਿਧਾਨ ਦੁਆਰਾ ਆਗਿਆ ਹੈ ਪਰ ਵਿਰੋਧੀ ਧਿਰ ਦੁਆਰਾ ਡੂੰਘੀ ਆਲੋਚਨਾ ਕੀਤੀ ਗਈ ਹੈ। ਹਾਲਾਂਕਿ, ਲੇਕੋਰਨੂ ਨੇ ਇਸ ਪਿਛਲੇ ਹਫ਼ਤੇ ਇਹ ਯਕੀਨੀ ਬਣਾਉਣ ਦਾ ਵਾਅਦਾ ਕੀਤਾ ਸੀ ਕਿ ਕਾਨੂੰਨ ਨਿਰਮਾਤਾ ਕਾਨੂੰਨ 'ਤੇ ਵੋਟ ਪਾਉਣ ਦੇ ਯੋਗ ਹੋਣ। ਆਪਣੀ ਸਥਿਤੀ ਨੂੰ ਮਜ਼ਬੂਤ ਕਰਨ ਦੀ ਉਮੀਦ 'ਚ, ਮੈਕਰੋਨ ਨੇ ਪਿਛਲੇ ਸਾਲ ਦੇ ਅੱਧ 'ਚ ਸੰਸਦੀ ਚੋਣਾਂ ਦਾ ਐਲਾਨ ਕੀਤਾ। ਫਰਾਂਸ ਉਦੋਂ ਤੋਂ ਹੀ ਰਾਜਨੀਤਿਕ ਰੁਕਾਵਟ ਵਿੱਚ ਫਸਿਆ ਹੋਇਆ ਹੈ। ਇਸ ਕਦਮ ਦਾ ਉਲਟਾ ਅਸਰ ਪਿਆ, ਜਿਸ ਨਾਲ ਉਹਨਾਂ ਦੇ ਧੜੇ ਨੂੰ ਵਿਧਾਨ ਸਭਾ ਵਿੱਚ ਘੱਟ ਗਿਣਤੀ ਵਿੱਚ ਛੱਡ ਦਿੱਤਾ ਗਿਆ।

# ਪੈਰੀਫਿਰਲ ਇਮਿਊਨ ਟੌਲਰੈਂਸ ਨਾਲ ਸਬੰਧਤ ਖੋਜਾਂ ਲਈ ਤਿੰਨ ਵਿਗਿਆਨੀਆਂ ਨੂੰ ਨੋਬਲ ਪੁਰਸਕਾਰ

ਸਟਾਕਹੋਮ, 6 ਅਕਤੂਬਰ (ਚ.ਨ.ਸ.): ਮੈਰੀ ਈ. ਬਰੰਕੋ, ਫਰੈਡ ਰੈਮਸਡੇਲ ਅਤੇ ਸ਼ਿਮੋਨ ਸਾਕਾਗੁਚੀ ਨੂੰ ਪੈਰੀਫਿਰਲ ਇਮਿਊਨ ਟੌਲਰੈਂਸ ਨਾਲ ਸਬੰਧਤ ਉਨ੍ਹਾਂ ਦੀਆਂ ਖੋਜਾਂ ਲਈ ਸੋਮਵਾਰ ਨੂੰ ਇਸ ਸਾਲ ਦਾ ਮੈਡੀਸਨ 'ਚ ਨੋਬਲ ਪੁਰਸਕਾਰ ਦੇਣ ਦਾ ਐਲਾਨ ਕੀਤਾ ਗਿਆ ਹੈ। ਪੈਰੀਫਿਰਲ ਇਮਿਊਨ ਟੌਲਰੈਂਸ ਇੱਕ ਵਿਧੀ ਹੈ ਜੋ ਸਰੀਰ ਦੀ ਇਮਿਊਨ ਸਿਸਟਮ ਨੂੰ ਕੰਟਰੋਲ 'ਚੋਂ ਬਾਹਰ ਜਾਣ ਅਤੇ ਬਾਹਰੀ ਹਮਲਾਵਰਾਂ ਦੀ ਬਜਾਏ ਆਪਣੇ ਟਿਸ਼ੂਆਂ 'ਤੇ ਹਮਲਾ ਕਰਨ ਤੋਂ ਰੋਕਦੀ ਹੈ। ਇਹ 2025 ਦੇ ਨੋਬਲ ਪੁਰਸਕਾਰਾਂ ਦਾ ਪਹਿਲਾ ਐਲਾਨ ਹੈ ਅਤੇ ਸਟਾਕਹੋਮ ਵਿੱਚ ਕੈਰੋਲਿਨਸਕਾ ਇੰਸਟੀਚਿਊਟ ਦੀ ਇੱਕ ਕਮੇਟੀ ਨੇ ਜੇਤੂਆਂ ਦਾ ਐਲਾਨ ਕੀਤਾ ਹੈ। ਪਿਛਲੇ ਸਾਲ ਦਾ ਇਨਾਮ ਮਾਈਕ੍ਰੋ ਆਰ ਐਨਏ (ਰਾਈਬੋਨਿਊਕਲੀਕ ਐਸਿਡ) ਦੀ ਖੋਜ



ਲਈ ਅਮਰੀਕੀ ਵਿਕਟਰ ਐਂਬਰੋਜ਼ ਅਤੇ ਗੈਰੀ ਰੁਵਕੁਨ ਨੂੰ ਸਾਂਝੇ ਤੌਰ 'ਤੇ ਦਿੱਤਾ ਗਿਆ ਸੀ। ਮਾਈਕ੍ਰੋਆਰਐਨਏ ਨੇ ਜੈਨੇਟਿਕ ਸਮੱਗਰੀ ਦੇ ਛੋਟੇ ਕਣ ਹਨ ਜੋ ਸੈੱਲਾਂ ਦੇ ਅੰਦਰ ਚਾਲੂ ਤੇ ਬੰਦ ਸਵਿੱਚਾਂ ਵਜੋਂ ਕੰਮ ਕਰਦੇ ਹਨ, ਸੈੱਲ ਕੀ ਕਰਦੇ ਹਨ ਤੇ ਕਦੋਂ ਕਰਦੇ ਹਨ ਨੂੰ ਨਿਯੰਤਰਿਤ ਕਰਨ 'ਚ ਮਦਦ ਕਰਦੇ ਹਨ। ਭੌਤਿਕ ਵਿਗਿਆਨ 'ਚ ਨੋਬਲ ਪੁਰਸਕਾਰਾਂ ਦੇ ਜੇਤੂਆਂ ਦਾ ਐਲਾਨ ਮੰਗਲਵਾਰ ਨੂੰ, ਰਸਾਇਣ ਵਿਗਿਆਨ ਬੁੱਧਵਾਰ ਨੂੰ ਅਤੇ ਸਾਹਿਤ ਵੀਰਵਾਰ ਨੂੰ ਕੀਤਾ ਜਾਵੇਗਾ। ਨੋਬਲ ਸ਼ਾਂਤੀ ਪੁਰਸਕਾਰ ਦਾ ਐਲਾਨ ਸ਼ੁੱਕਰਵਾਰ ਨੂੰ ਕੀਤਾ ਜਾਵੇਗਾ ਅਤੇ ਅਰਥਸ਼ਾਸਤਰ ਵਿੱਚ ਨੋਬਲ ਮੈਮੋਰੀਅਲ ਪੁਰਸਕਾਰ 13 ਅਕਤੂਬਰ ਨੂੰ ਐਲਾਨਿਆ ਜਾਵੇਗਾ। ਪੁਰਸਕਾਰ ਸਮਾਰੋਹ 10 ਦਸੰਬਰ ਨੂੰ ਆਯੋਜਿਤ ਕੀਤਾ ਜਾਵੇਗਾ, ਜੋ ਕਿ ਇਨਾਮਾਂ ਦੀ ਸਥਾਪਨਾ ਕਰਨ ਵਾਲੇ ਅਲਫ੍ਰੇਡ ਨੋਬਲ ਦੀ ਮੌਤ ਦੀ ਵਰ੍ਹੇਗੰਢ ਹੈ। ਨੋਬਲ ਇੱਕ ਅਮੀਰ ਸਵੀਡਿਸ਼ ਉਦਯੋਗਪਤੀ ਅਤੇ ਡਾਇਨਾਮਾਈਟ ਦੇ ਖੋਜੀ ਸਨ। ਉਨ੍ਹਾਂ ਦੀ ਮੌਤ 1896 ਵਿੱਚ ਹੋਈ।

# 'ਯੁੱਧ ਨਸ਼ਿਆਂ ਵਿਰੁੱਧ' ਦੇ 219ਵੇਂ ਦਿਨ 1.4 ਕਿਲੋ ਹੈਰੋਇਨ ਤੇ ਡਰੱਗ ਮਨੀ ਸਮੇਤ 72 ਨਸ਼ਾ ਤਸਕਰ ਕਾਬੂ

ਚੰਡੀਗੜ੍ਹ, 6 ਅਕਤੂਬਰ (ਚ.ਨ.ਸ.): ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਵਿੱਢੇ ਗਏ "ਯੁੱਧ ਨਸ਼ਿਆਂ ਵਿਰੁੱਧ" ਦੇ 219ਵੇਂ ਦਿਨ ਪੰਜਾਬ ਪੁਲਿਸ ਨੇ ਅੱਜ 335 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਉਪਰੰਤ ਸੂਬੇ ਭਰ ਵਿੱਚ 56 ਐਫਆਈਆਰਜ਼ ਦਰਜ ਕਰਕੇ 72 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ। ਇਸ ਨਾਲ 219 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 32,054 ਹੋ ਗਈ ਹੈ। ਇਨ੍ਹਾਂ ਛਾਪਿਆਂ ਦੇ ਨਤੀਜੇ ਵਜੋਂ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 1.4 ਕਿਲੋਗ੍ਰਾਮ ਹੈਰੋਇਨ, 50 ਕਿਲੋਗ੍ਰਾਮ ਭੁੱਕੀ, 269 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 9.25 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਵੀ ਬਣਾਈ ਗਈ ਹੈ। ਅੱਜ ਦੇ ਆਪ੍ਰੇਸ਼ਨ ਦੌਰਾਨ 68 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1000 ਤੋਂ ਵੱਧ ਪੁਲਿਸ ਕਰਮਚਾਰੀਆਂ ਵਾਲੀਆਂ 120 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ 335 ਥਾਵਾਂ 'ਤੇ ਛਾਪੇਮਾਰੀ ਕੀਤੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 366 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ ਹੈ। ਦੱਸਣਯੋਗ ਹੈ ਕਿ ਪੰਜਾਬ ਸਰਕਾਰ ਨੇ ਸੂਬੇ 'ਚੋਂ ਨਸ਼ਿਆਂ ਦੇ ਖ਼ਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਨਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ ਇਸ ਰਣਨੀਤੀ ਦੇ ਹਿੱਸੇ ਵਜੋਂ 17 ਵਿਅਕਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ ਹੈ।

# ਪੰਜਾਬ ਰੋਡਵੇਜ਼ ਦਾ ਸੁਪਰਡੈਂਟ 40000 ਰਿਸ਼ਵਤ ਲੈਂਦਾ ਵਿਜੀਲੈਂਸ ਵੱਲੋਂ ਰੰਗੇ ਹੱਥੀਂ ਕਾਬੂ



ਚੰਡੀਗੜ੍ਹ, 6 ਅਕਤੂਬਰ (ਚ.ਨ.ਸ.): ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਜਲੰਧਰ ਦੇ ਪੰਜਾਬ ਰੋਡਵੇਜ਼ ਡਿਪੂ-1 ਵਿਖੇ ਤਾਇਨਾਤ ਸੁਪਰਡੈਂਟ ਬਲਵੰਤ ਸਿੰਘ ਨੂੰ 40000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ।

ਅੱਜ ਇੱਥੇ ਇਹ ਖੁਲਾਸਾ ਕਰਦਿਆਂ, ਵਿਜੀਲੈਂਸ ਬਿਊਰੋ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਇਹ ਮੁਕੱਦਮਾ ਪੰਜਾਬ ਰੋਡਵੇਜ਼ ਦੇ ਇੱਕ ਸੇਵਾਮੁਕਤ ਡਰਾਈਵਰ ਵੱਲੋਂ ਦਾਇਰ ਕੀਤੀ ਸ਼ਿਕਾਇਤ ਦੇ ਆਧਾਰ 'ਤੇ ਦਰਜ ਕੀਤਾ ਗਿਆ ਹੈ।

ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਕਿ ਉਪਰੋਕਤ ਸੁਪਰਡੈਂਟ ਨੇ ਉਸਦੀ ਸੇਵਾਮੁਕਤੀ ਤੋਂ ਪਹਿਲਾਂ ਦੇ ਬਕਾਇਆ ਓਵਰਟਾਈਮ ਬਿੱਲ ਤਿਆਰ ਕਰਨ ਦੇ ਬਦਲੇ 50000 ਰੁਪਏ ਦੀ ਮੰਗ ਕੀਤੀ ਹੈ। ਸ਼ਿਕਾਇਤਕਰਤਾ ਦੀ ਬੇਨਤੀ 'ਤੇ ਸੁਪਰਡੈਂਟ ਇਸ ਕੰਮ ਲਈ 40000 ਰੁਪਏ ਲੈਣ ਲਈ ਸਹਿਮਤ ਹੋ ਗਿਆ ਪਰ ਉਹ ਰਿਸ਼ਵਤ ਨਹੀਂ ਦੇਣਾ ਚਾਹੁੰਦਾ ਸੀ। ਉਸਨੇ ਅੱਗੇ ਦੋਸ਼ ਲਗਾਇਆ ਕਿ ਲੇਬਰ ਕੋਰਟ ਵਿੱਚ ਚਲਦੇ ਉਸ ਦੇ ਕੇਸ ਦੀ ਸੁਣਵਾਈ ਦੌਰਾਨ ਦੋਸ਼ੀ ਮੁਲਜ਼ਮ ਪਹਿਲਾਂ ਹੀ ਉਸ ਕੋਲੋਂ ਕਿਸ਼ਤਾਂ ਵਿੱਚ 1,54,000 ਰੁਪਏ ਹਾਸਲ ਕਰ ਚੁੱਕਾ ਹੈ।

ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਤਸਦੀਕ ਕਰਨ ਤੋਂ ਬਾਅਦ ਜਲੰਧਰ ਰੇਂਜ ਦੀ ਇੱਕ ਵਿਜੀਲੈਂਸ ਟੀਮ ਨੇ ਜਾਲ ਵਿਛਾਇਆ ਜਿਸ ਦੌਰਾਨ ਉਪਰੋਕਤ ਸੁਪਰਡੈਂਟ ਨੂੰ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ ਸ਼ਿਕਾਇਤਕਰਤਾ ਤੋਂ 40000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕਰ ਲਿਆ।

ਇਸ ਸਬੰਧ ਵਿੱਚ ਵਿਜੀਲੈਂਸ ਬਿਊਰੋ ਦੇ ਥਾਣਾ ਜਲੰਧਰ ਰੇਂਜ ਵਿਖੇ ਉਕਤ ਸੁਪਰਡੈਂਟ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਮੁਲਜ਼ਮ ਨੂੰ ਕੱਲ੍ਹ ਸਮਰੱਥ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

**ਚੜ੍ਹਦੀਕਲਾ**

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।

PRGI (RNI) Regd. No. 22972/1972

**Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi**

PRGI (RNI) Regd. No. 22972/1972

# ਆਰਕਟਿਕ ਓਪਨ ਸੁਪਰ 500 ਦੇ ਪਹਿਲੇ ਦੌਰ ਵਿੱਚ ਭਾਰਤੀ ਖਿਡਾਰੀਆਂ ਦੇ ਸਾਹਮਣੇ ਸਖ਼ਤ ਚੁਣੌਤੀ

ਵਾਂਟਾ (ਫਿਨਲੈਂਡ), 6 ਅਕਤੂਬਰ (ਚ.ਨ.ਸ.) : ਭਾਰਤ ਦੀ ਮਜ਼ਬੂਤ ਟੀਮ ਮੰਗਲਵਾਰ ਤੋਂ ਇੱਥੇ ਸ਼ੁਰੂ ਹੋ ਰਹੇ ਆਰਕਟਿਕ ਓਪਨ ਸੁਪਰ 500 ਬੈਡਮਿੰਟਨ ਟੂਰਨਾਮੈਂਟ ਵਿੱਚ ਪ੍ਰਵੇਸ਼ ਕਰੇਗੀ ਤਾਂ ਸਾਰਿਆਂ ਦੀਆਂ ਨਜ਼ਰਾਂ ਲਕਸ਼ਯ ਸੇਨ ਅਤੇ ਕਿਦਾਂਬੀ ਸ਼੍ਰੀਕਾਂਤ 'ਤੇ ਹੋਣਗੀਆਂ, ਜੋ ਸੀਜ਼ਨ ਦੇ ਆਪਣੇ ਪਹਿਲੇ ਖਿਤਾਬ ਦੀ ਉਡੀਕ ਕਰ ਰਹੇ ਹਨ। ਹਾਂਗਕਾਂਗ ਓਪਨ ਦੇ ਉਪ ਜੇਤੂ ਲਕਸ਼ਯ ਨੂੰ ਪਹਿਲੇ ਦੌਰ ਵਿੱਚ ਜਾਪਾਨ ਦੇ ਪੰਜਵੇਂ ਦਰਜੇ ਦੇ ਕੋਡਾਈ ਨਾਰੋਕਾ ਤੋਂ ਸਖ਼ਤ ਚੁਣੌਤੀ ਦਾ ਸਾਹਮਣਾ ਕਰਨਾ ਪਵੇਗਾ। ਵਿਸ਼ਵ ਚੈਂਪੀਅਨਸ਼ਿਪ 2021 ਦੇ ਕਾਂਸੀ ਤਗਮਾ ਜੇਤੂ ਲਕਸ਼ਯ ਨੂੰ ਨਾਰੋਕਾ ਨੂੰ ਹਰਾਉਣ ਲਈ ਹਮਲਾਵਰਤਾ ਅਤੇ ਸੰਜਮ ਨੂੰ ਸੰਤੁਲਿਤ ਕਰਨਾ ਪਵੇਗਾ, ਕਿਉਂਕਿ ਉਸਦੇ ਵਿਰੋਧੀ ਕੋਲ ਮਜ਼ਬੂਤ ਰੱਖਿਆ ਹੈ ਅਤੇ ਉਹ



ਆਪਣੀ ਕਮਜ਼ੋਰ ਖੇਡ ਦਾ ਫਾਇਦਾ ਉਠਾਉਣ ਦੀ ਕੋਸ਼ਿਸ਼ ਕਰੇਗਾ। ਮਲੇਸ਼ੀਆ ਮਾਸਟਰਜ਼ 2025 ਦੇ ਫਾਈਨਲ ਵਿੱਚ ਪਹੁੰਚਣ ਵਾਲਾ ਸ਼੍ਰੀਕਾਂਤ ਆਪਣੀ ਮੁਹਿੰਮ ਦੀ ਸ਼ੁਰੂਆਤ ਰਾਸਮਸ ਗੇਮਕੇ ਵਿਰੁੱਧ ਕਰੇਗਾ। ਤਜਰਬੇਕਾਰ ਭਾਰਤੀ, ਜਿਸਨੇ ਪੂਰੇ ਸੀਜ਼ਨ ਦੌਰਾਨ ਇਕਸਾਰਤਾ ਦੀ ਘਾਟ ਨਾਲ ਜੂਝਿਆ ਹੈ, ਨੂੰ ਡੈਨਿਸ਼ ਖਿਡਾਰੀ ਨੂੰ ਹਰਾਉਣ ਲਈ ਆਪਣੀ ਤਕਨੀਕੀ ਵਿਭਿੰਨਤਾ ਅਤੇ ਨੈੱਟ 'ਤੇ ਕੰਟਰੋਲ 'ਤੇ ਭਰੋਸਾ ਕਰਨਾ ਪਵੇਗਾ। ਭਾਰਤ ਦੇ ਨੌਜਵਾਨ ਖਿਡਾਰੀਆਂ ਵਿੱਚੋਂ, ਆਯੂਸ਼ ਸ਼ੈੱਟੀ, ਜਿਸਨੇ ਇਸ ਸਾਲ ਯੂਐਸ ਓਪਨ ਸੁਪਰ 300 ਵਿੱਚ ਆਪਣਾ ਪਹਿਲਾ ਬੀਡਬਲਯੂਐਫ ਖਿਤਾਬ ਜਿੱਤਿਆ ਸੀ, ਨੂੰ ਪਹਿਲੇ ਦੌਰ ਵਿੱਚ ਥਾਈਲੈਂਡ ਦੇ ਚੋਟੀ ਦੇ ਦਰਜਾ ਪ੍ਰਾਪਤ ਕੁਨਲਾਵੁਤ ਵਿਤਿਦਸਾਰਨ ਤੋਂ ਸਖ਼ਤ ਚੁਣੌਤੀ ਦਾ ਸਾਹਮਣਾ ਕਰਨਾ ਪਵੇਗਾ। ਮਕਾਊ ਓਪਨ ਸੁਪਰ 300 ਦੇ ਸੈਮੀਫਾਈਨਲ ਵਿੱਚ ਪਹੁੰਚਣ ਵਾਲੇ ਥਰੁਨ ਮੰਨੇਪੱਲੀ ਦਾ ਸਾਹਮਣਾ ਫਰਾਂਸ ਦੇ ਸੱਤਵੇਂ ਦਰਜਾ ਪ੍ਰਾਪਤ ਟੋਮਾ ਜੂਨੀਅਰ ਪੋਪੋਵ ਨਾਲ ਹੋਵੇਗਾ। ਇੰਡੀਆ ਓਪਨ ਦੇ ਕੁਆਰਟਰ ਫਾਈਨਲ ਵਿੱਚ ਪਹੁੰਚ ਕੇ ਸੀਜ਼ਨ ਦਾ ਆਪਣਾ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਵਾਲੀ ਕਿਰਨ ਜਾਰਜ ਦਾ ਸਾਹਮਣਾ ਪਹਿਲੇ ਦੌਰ ਵਿੱਚ ਜਾਪਾਨ ਦੀ ਕੋਕੀ ਵਾਟਾਨਾਬੇ ਨਾਲ ਹੋਵੇਗਾ। ਐਸ. ਸ਼ੰਕਰ ਮੁਥੁਸਾਮੀ ਸੁਬਰਾਮਨੀਅਮ ਨੂੰ ਪਹਿਲੇ ਦੌਰ ਵਿੱਚ ਫਰਾਂਸ ਦੇ ਤੀਜੇ ਦਰਜੇ ਦੇ ਕ੍ਰਿਸਟੋ ਪੋਪੋਵ ਤੋਂ ਸਖ਼ਤ ਚੁਣੌਤੀ ਦਾ ਸਾਹਮਣਾ ਕਰਨਾ ਪਵੇਗਾ। ਮਹਿਲਾ ਸਿੰਗਲਜ਼ ਵਿੱਚ, ਤਾਨਿਆ ਹੇਮੰਤ ਦਾ ਸਾਹਮਣਾ ਪਹਿਲੇ ਦੌਰ ਵਿੱਚ ਚੀਨੀ ਤਾਈਪੇ ਦੀ ਹੁਆਂਗ ਚਿੰਗ ਪਿੰਗ ਨਾਲ ਹੋਵੇਗਾ, ਜਦੋਂ ਕਿ ਅਨਮੋਲ ਖਰਬ ਦਾ ਸਾਹਮਣਾ ਛੇਵੀਂ ਦਰਜਾ ਪ੍ਰਾਪਤ ਚੀਨੀ ਤਾਈਪੇ ਦੀ ਲਿਨ ਸ਼ਿਆਂਗ ਨਾਲ ਹੋਵੇਗਾ। ਮਹਿਲਾ ਡਬਲਜ਼ ਵਿੱਚ, ਕਵੀਪ੍ਰਿਆ ਸੇਲਵਮ ਅਤੇ ਸਿਮਰਨ ਸਿੰਘੀ ਦਾ ਸਾਹਮਣਾ ਪੰਜਵਾਂ ਦਰਜਾ ਪ੍ਰਾਪਤ ਹਾਂਗਕਾਂਗ ਦੀ ਜੋੜੀ ਯੇਂਗ ਨਗਾ ਟਿੰਗ ਅਤੇ ਯੇਂਗ ਪੁਈ ਲਾਮ ਨਾਲ ਹੋਵੇਗਾ, ਜਦੋਂ ਕਿ ਧਰੁਵ ਕਪਿਲਾ ਅਤੇ ਤਨੀਸ਼ਾ ਕ੍ਰਾਸਟੋ ਮਿਕਸਡ ਡਬਲਜ਼ ਵਿੱਚ ਫਰਾਂਸ ਦੇ ਲੂਕਾਸ ਰੇਨੋਇਰ ਅਤੇ ਕੈਮਿਲ ਪੋਗਨੈਂਟ ਨਾਲ ਹੋਣਗੇ। ਮੋਹਿਤ ਜਗਲਾਨ ਅਤੇ ਲਕਸ਼ਿਤਾ ਜਗਲਾਨ ਦੀ ਨੌਜਵਾਨ ਜੋੜੀ ਬ੍ਰਾਇਨ ਵਾਸਿੰਕ ਅਤੇ ਡੇਬੋਰਾਹ ਜ਼ਿਲੀ ਦੀ ਡੱਚ ਜੋੜੀ ਨਾਲ ਭਿੜੇਗੀ।

# ਸਫ਼ਾ ਇੱਕ ਦੀ ਬਾਕੀ

## ਪੰਜਾਬ ਤੋਂ ਰਾਜ ਸਭਾ ਸੀਟ ਲਈ ਜ਼ਿਮਨੀ ਚੋਣ ਵਾਸਤੇ ਨੋਟੀਫਿਕੇਸ਼ਨ ਜਾਰੀ

ਇਸ ਸ਼ਡਿਊਲ ਅਨੁਸਾਰ ਨਾਮਜਦਗੀ ਪ੍ਰਕਿਰਿਆ 6 ਅਕਤੂਬਰ ਤੋਂ ਸ਼ੁਰੂ ਹੋਵੇਗੀ ਅਤੇ 13 ਅਕਤੂਬਰ, 2025 (ਸੋਮਵਾਰ) ਨਾਮਜ਼ਦਗੀਆਂ ਦਾਖਲ ਕਰਨ ਦੀ ਆਖਰੀ ਮਿਤੀ ਹੈ, ਹਾਲਾਂਕਿ ਨੈਗੋਸ਼ੀਏਬਲ ਇੰਸਟਰੂਮੈਂਟ ਐਕਟ ਦੀ ਧਾਰਾ 25 ਅਧੀਨ ਇਸ ਦੌਰਾਨ ਆਉਣ ਵਾਲੀਆਂ ਗਜਟਿਡ ਜਨਤਕ ਛੁੱਟੀਆਂ ਵਾਲੇ ਦਿਨ ਕੋਈ ਨਾਮਜ਼ਦਗੀ ਸਵੀਕਾਰ ਨਹੀਂ ਕੀਤੀ ਜਾਵੇਗੀ। 14 ਅਕਤੂਬਰ, 2025 (ਮੰਗਲਵਾਰ): ਨਾਮਜਦਗੀਆਂ ਦੀ ਪੜਤਾਲ ਦੀ ਮਿਤੀ ਪੰਜਾਬ ਸਰਕਾਰ ਦੀ ਸਲਾਹ ਨਾਲ ਚੋਣ ਕਮਿਸ਼ਨ ਨੇ ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਸਕੱਤਰ ਰਾਮ ਲੋਕ ਖਟਾਨਾ ਨੂੰ ਜ਼ਿਮਨੀ ਚੋਣ ਲਈ ਰਿਟਰਨਿੰਗ ਅਫਸਰ ਅਤੇ ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਡਿਪਟੀ ਸਕੱਤਰ ਜਸਵਿੰਦਰ ਸਿੰਘ ਨੂੰ ਚੋਣ ਪ੍ਰਕਿਰਿਆ ਦੇ ਸੰਚਾਲਨ ਵਿੱਚ ਸਹਾਇਤਾ ਲਈ ਸਹਾਇਕ ਰਿਟਰਨਿੰਗ ਅਫਸਰ ਵਜੋਂ ਨਾਮਜ਼ਦ ਕੀਤਾ ਹੈ।

16 ਅਕਤੂਬਰ, 2025 (ਵੀਰਵਾਰ): ਉਮੀਦਵਾਰੀ ਵਾਪਸ ਲੈਣ ਦੀ ਆਖਰੀ ਮਿਤੀ 24 ਅਕਤੂਬਰ, 2025 (ਸ਼ੁੱਕਰਵਾਰ): ਵੋਟਿੰਗ ਦੀ ਮਿਤੀ (ਜੇਕਰ ਜਰੂਰੀ ਹੋਵੇ) 28 ਅਕਤੂਬਰ, 2025 (ਮੰਗਲਵਾਰ): ਉਹ ਮਿਤੀ ਜਿਸ ਤੋਂ ਪਹਿਲਾਂ ਚੋਣ ਪ੍ਰਕਿਰਿਆ ਮੁਕੰਮਲ ਕੀਤੀ ਜਾਵੇਗੀ ਵੋਟਿੰਗ, ਜੇਕਰ ਲੋੜੀਂਦੀ ਹੋਈ, ਸਵੇਰੇ 9:00 ਵਜੇ ਤੋਂ ਸ਼ਾਮ 4:00 ਵਜੇ ਤੱਕ ਹੋਵੇਗੀ।

## ਪੰਜਾਬ ਵਿੱਚ ਪਿਆ ਮੀਂਹ ਆਮ ਲੋਕਾਂ ਲਈ ਰਾਹਤ ਤੇ ਕਿਸਾਨਾਂ ਲਈ ਆਫ਼ਤ

ਸਣੇ ਹੋਰਨਾਂ ਕਈ ਸ਼ਹਿਰਾਂ ਵਿੱਚ ਮੀਂਹ ਪੈ ਰਿਹਾ ਹੈ। ਮੀਂਹ ਦੇ ਨਾਲ ਹੀ ਚੱਲ ਰਹੀਆਂ ਤੇਜ਼ ਹਵਾਵਾਂ ਕਰਕੇ ਖੇਤਾਂ ਵਿੱਚ ਝੋਨੇ ਦੀ ਫਸਲ ਵਿਛ ਗਈ ਹੈ। ਮੌਸਮ ਵਿਭਾਗ ਨੇ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਸਣੇ ਉੱਤਰ ਭਾਰਤ ਵਿੱਚ ਅਗਲੇ 48 ਘੰਟੇ ਮੀਂਹ ਪੈਣ ਦੀ ਚੇਤਾਵਨੀ ਜਾਰੀ ਕੀਤੀ ਹੈ। ਕਾਲੇ ਬੱਦਲ ਹਾਲਾਂਕਿ ਸਵੇਰੇ ਤੋਂ ਛਾਏ ਹੋਏ ਸਨ। ਮੁਹਾਲੀ, ਪੰਚਕੂਲਾ ਤੇ ਅੰਬਾਲਾ ਸਣੇ ਨੇੜਲੇ ਇਲਾਕਿਆਂ ਵਿਚ ਹਲਕੇ ਤੋਂ ਦਰਮਿਆਨਾ ਮੀਂਹ ਪੈਣ ਦੀਆਂ ਰਿਪੋਰਟਾਂ ਹਨ। ਮੌਸਮ ਵਿਭਾਗ ਨੇ ਪੰਜਾਬ ਤੇ ਹਰਿਆਣਾ ਦੇ ਕਈ ਹਿੱਸਿਆਂ ਵਿਚ ਬਿਜਲੀ ਦੀ ਗਰਜ ਨਾਲ ਦਰਮਿਆਨਾ ਮੀਂਹ ਪੈਣ ਅਤੇ 30 ਤੋਂ 40 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਤੇਜ਼ ਹਵਾਵਾਂ ਚੱਲਣ ਦੀ ਪੇਸ਼ੀਨਗੋਈ ਕੀਤੀ ਹੈ। ਮੀਂਹ ਕਰਕੇ ਹਾਲਾਂਕਿ ਕਈ ਇਲਾਕਿਆਂ ਵਿਚ ਤਾਪਮਾਨ ਵਿਚ ਗਿਰਾਵਟ ਦਰਜ ਕੀਤੀ ਗਈ ਤੇ ਮੌਸਮ ਵਿਚ ਠੰਢ ਵੱਧ ਗਈ ਹੈ। ਕਿਸਾਨਾਂ ਨੂੰ ਜੇਕਰ ਛੱਡ ਦੇਈਏ ਤਾਂ ਆਮ ਲੋਕਾਂ ਨੂੰ ਗਰਮੀ ਤੇ ਹੁਮਸ ਤੋਂ ਰਾਹਤ ਮਿਲੀ ਹੈ। ਮੌਸਮ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਮੀਂਹ ਪੱਛਮੀ ਗੜਬੜੀ ਦੇ ਅਸਰ ਤੇ ਹੁਮਸ ਭਰੀ ਹਵਾਵਾਂ ਕਰਕੇ ਪੈ ਰਿਹਾ ਹੈ। ਅਗਲੇ ਇਕ ਦੋ ਦਿਨਾਂ ਤੱਕ ਪੰਜਾਬ ਤੇ ਹਰਿਆਣਾ ਵਿਚ ਕਈ ਥਾਵਾਂ 'ਤੇ ਮੀਂਹ ਪੈਣ ਦਾ ਸਿਲਸਿਲਾ ਜਾਰੀ ਰਹਿ ਸਕਦਾ ਹੈ।ਪੰਜਾਬ ਵਿਚ ਤੇਜ਼ ਹਵਾਵਾਂ ਨਾਲ ਮੀਂਹ ਕਰਕੇ ਮੰਡੀਆਂ 'ਚ ਭਿੱਜਿਆ ਝੋਨਾ: ਪੰਜਾਬ ਵਿਚ ਐਤਵਾਰ ਸਵੇਰੇ ਵੀ ਮੀਂਹ ਪਿਆ ਸੀ। ਕਈ ਜ਼ਿਲ੍ਹਿਆਂ ਵਿੱਚ ਤੇਜ਼ ਹਵਾਵਾਂ ਦੇ ਨਾਲ ਮੀਂਹ ਨੇ ਆਮ ਜਨਜੀਵਨ ਪ੍ਰਭਾਵਿਤ ਕੀਤਾ। ਅਚਾਨਕ ਪਏ ਮੀਂਹ ਨਾਲ ਮੰਡੀਆਂ ਵਿੱਚ ਵਿਕਰੀ ਲਈ ਲਿਆਂਦੀ ਗਈ ਝੋਨੇ ਦੀ ਫਸਲ ਭਿੱਜ ਗਈ। ਕਿਸਾਨਾਂ ਦਾ ਕਹਿਣਾ ਹੈ ਕਿ ਮੀਂਹ ਨੇ ਝੋਨੇ ਦੀ ਕਟਾਈ ਨੂੰ ਵੀ ਪ੍ਰਭਾਵਿਤ ਕੀਤਾ ਹੈ। ਜਿਨ੍ਹਾਂ ਇਲਾਕਿਆਂ ਵਿੱਚ ਫਸਲ ਤਿਆਰ ਸੀ, ਉੱਥੇ ਖੇਤ ਪਾਣੀ ਨਾਲ ਭਰ ਗਏ ਹਨ, ਜਿਸ ਕਾਰਨ ਵਾਢੀ ਰੋਕਣੀ ਪਈ। ਕਈ ਮੰਡੀਆਂ ਵਿੱਚ ਗਿੱਲੀ ਫਸਲ ਕਾਰਨ ਅਨਾਜ ਦੀ ਗੁਣਵੱਤਾ ਪ੍ਰਭਾਵਿਤ ਹੋ ਸਕਦੀ ਹੈ।ਦਿੱਲੀ-ਐਨ.ਸੀ.ਆਰ. ਵਿੱਚ ਵੀ ਬਦਲਿਆ ਮੌਸਮ ਦਾ ਮਿਜ਼ਾਜ: ਸੋਮਵਾਰ ਸਵੇਰੇ ਦਿੱਲੀ-ਐਨ.ਸੀ.ਆਰ. ਦੇ ਕਈ ਹਿੱਸਿਆਂ ਵਿੱਚ ਪਏ ਮੀਂਹ ਨੇ ਪਿਛਲੇ ਕਈ ਦਿਨਾਂ ਤੋਂ ਚੱਲ ਰਹੇ ਗਰਮੀ ਅਤੇ ਹੁਮਸ ਵਾਲੇ ਮੌਸਮ ਤੋਂ ਨਿਜਾਤ ਦਿਵਾਈ ਹੈ। ਕੌਮੀ ਰਾਜਧਾਨੀ ਵਿੱਚ ਸਤੰਬਰ ਅਤੇ ਅਕਤੂਬਰ ਦੇ ਸ਼ੁਰੂ ਵਿੱਚ ਅਸਧਾਰਨ ਉੱਚ ਤਾਪਮਾਨ ਦਰਜ ਕੀਤਾ ਗਿਆ ਹੈ। ਭਾਰਤੀ ਮੌਸਮ ਵਿਭਾਗ (ਆਈ.ਐਮ.ਡੀ.) ਅਨੁਸਾਰ, ਦਿੱਲੀ ਵਿੱਚ ਘੱਟੋ-ਘੱਟ ਤਾਪਮਾਨ 20.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਕਿ ਸੀਜ਼ਨ ਦੇ ਔਸਤ ਤੋਂ ਦੋ ਡਿਗਰੀ ਘੱਟ ਹੈ। ਐਤਵਾਰ ਨੂੰ ਵੱਧ ਤੋਂ ਵੱਧ ਤਾਪਮਾਨ 34.1 ਡਿਗਰੀ ਸੈਲਸੀਅਸ ਸੀ। ਸ਼ਹਿਰ ਵਿਚ ਕਈ ਥਾਵਾਂ 'ਤੇ ਮੀਂਹ ਦਰਜ ਕੀਤਾ ਗਿਆ। ਆਈ.ਐਮ.ਡੀ. ਦੇ ਅੰਕੜਿਆਂ ਅਨੁਸਾਰ, ਸ਼ਹਿਰ ਦੇ ਬੇਸ ਆਬਜ਼ਰਵੇਟਰੀ, ਸਫਦਰਜੰਗ ਵਿੱਚ ਸਵੇਰੇ 8:30 ਵਜੇ ਤੱਕ 10.3 ਮਿਲੀਮੀਟਰ (ਐਮ.ਐਮ.) ਮੀਂਹ ਦਰਜ ਕੀਤਾ ਗਿਆ, ਜਦੋਂ ਕਿ ਲੋਧੀ ਰੋਡ 'ਤੇ 13.2 ਮਿਲੀਮੀਟਰ, ਪਾਲਮ ਵਿੱਚ 4.6 ਮਿਲੀਮੀਟਰ, ਰਿਜ ਵਿੱਚ 8.2 ਮਿਲੀਮੀਟਰ ਅਤੇ ਅਯਾਨਗਰ ਵਿੱਚ ਇਸੇ ਸਮੇਂ ਦੌਰਾਨ 5.4 ਮਿਲੀਮੀਟਰ ਮੀਂਹ ਦਰਜ ਕੀਤਾ ਗਿਆ। ਮੌਸਮ ਵਿਭਾਗ ਨੇ ਦਿਨ ਵੇਲੇ ਅੰਸ਼ਕ ਤੌਰ 'ਤੇ ਬੱਦਲਵਾਈ ਰਹਿਣ ਦੀ ਭਵਿੱਖਬਾਣੀ ਕੀਤੀ ਹੈ ਅਤੇ ਵੱਧ ਤੋਂ ਵੱਧ ਤਾਪਮਾਨ 29 ਡਿਗਰੀ ਸੈਲਸੀਅਸ ਦੇ ਆਸ-ਪਾਸ ਰਹੇਗਾ। ਵਿਭਾਗ ਨੇ ਦਿਨ ਭਰ ਅਤੇ ਸ਼ਾਮ ਤੱਕ ਗਰਜ, ਬਿਜਲੀ ਅਤੇ ਤੇਜ਼ ਹਵਾਵਾਂ (30-40 ਕਿਲੋਮੀਟਰ ਪ੍ਰਤੀ ਘੰਟਾ) ਦੇ ਨਾਲ ਹਲਕੇ ਤੋਂ ਦਰਮਿਆਨੇ ਮੀਂਹ ਦੀ ਪੇਸ਼ੀਨਗੋਈ ਕੀਤੀ ਹੈ।

## ਹਿਮਾਚਲ ਦੀਆਂ ਉੱਚੀਆਂ ਚੋਟੀਆਂ ਤੇ ਬਰਫ਼ਬਾਰੀ, ਤਾਪਮਾਨ ਡਿੱਗਿਆ ਹੇਠਾਂ

ਡਿਗਰੀ ਘੱਟ ਗਿਆ ਹੈ। ਮੌਸਮ ਵਿਗਿਆਨ ਕੇਂਦਰ, ਸ਼ਿਮਲਾ ਨੇ ਅੱਜ ਅੱਠ ਜ਼ਿਲ੍ਹਿਆਂ ਵਿੱਚ ਭਾਰੀ ਮੀਂਹ ਲਈ ਔਰੇਂਜ ਅਲਰਟ ਜਾਰੀ ਕੀਤਾ ਹੈ। ਇਹ ਚੇਤਾਵਨੀ ਚੰਬਾ, ਹਮੀਰਪੁਰ, ਕਾਂਗੜਾ, ਕਿਨੌਰ, ਕੁੱਲੂ, ਲਾਹੌਲ ਸਪਿਤੀ, ਮੰਡੀ ਅਤੇ ਊਨਾ ਜ਼ਿਲ੍ਹਿਆਂ ਲਈ ਜਾਰੀ ਕੀਤੀ ਗਈ ਹੈ। ਮੌਸਮ ਵਿਭਾਗ ਨੇ 40 ਤੋਂ 50 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਤੇਜ਼ ਹਵਾਵਾਂ ਚੱਲਣ ਦੀ ਚੇਤਾਵਨੀ ਵੀ ਜਾਰੀ ਕੀਤੀ ਹੈ। ਕਿਨੌਰ, ਕੁੱਲੂ, ਲਾਹੌਲ-ਸਪਿਤੀ, ਚੰਬਾ ਅਤੇ ਕਾਂਗੜਾ ਜ਼ਿਲ੍ਹਿਆਂ ਦੀਆਂ ਉਚਾਈਆਂ ਤੇ ਹਲਕੀ ਬਰਫ਼ਬਾਰੀ ਵੀ ਸੰਭਵ ਹੈ। ਕੁਝ ਇਲਾਕਿਆਂ ਵਿੱਚ ਗੜੇਮਾਰੀ ਵੀ ਸੰਭਵ ਹੈ। ਪਿਛਲੇ 24 ਘੰਟਿਆਂ ਦੌਰਾਨ, ਕੁੱਲੂ, ਕਾਂਗੜਾ ਅਤੇ ਲਾਹੌਲ-ਸਪਿਤੀ ਦੇ ਕਈ ਹਿੱਸਿਆਂ ਵਿੱਚ ਹਲਕੀ ਬਰਫ਼ਬਾਰੀ ਦਰਜ ਕੀਤੀ ਗਈ ਹੈ। ਰੋਹਤਾਂਗ ਦੱਰੇ, ਬਾਰਾਲਾਚਾ ਅਤੇ ਧੌਲਾਧਰ ਰੇਂਜਾਂ ਵਿੱਚ ਸੀਜ਼ਨ ਦੀ ਪਹਿਲੀ ਬਰਫ਼ਬਾਰੀ ਹੋਈ। ਇਸ ਕਾਰਨ, ਮਨਾਲੀ ਤੋਂ ਰੋਹਤਾਂਗ ਦੱਰੇ ਰਾਹੀਂ ਵਾਹਨਾਂ ਦੀ ਆਵਾਜਾਈ ਰੋਕ ਦਿੱਤੀ ਗਈ ਹੈ। ਮੌਸਮ ਬਦਲ ਗਿਆ ਹੈ ਅਤੇ ਪਹਾੜਾਂ ਤੇ ਠੰਢ ਵਾਪਸ ਆ ਗਈ ਹੈ। ਮਨਾਲੀ ਵਿੱਚ ਵੱਧ ਤੋਂ ਵੱਧ ਤਾਪਮਾਨ ਆਮ ਨਾਲੋਂ 7.8 ਡਿਗਰੀ ਘੱਟ ਕੇ 15.6 ਡਿਗਰੀ ਹੋ ਗਿਆ। ਕੁੱਲੂ ਦੇ ਭੁੰਤਰ ਦਾ ਤਾਪਮਾਨ ਵੀ ਆਮ ਨਾਲੋਂ 7.5 ਡਿਗਰੀ ਘੱਟ ਰਹਿਣ ਤੋਂ ਬਾਅਦ 22 ਡਿਗਰੀ ਤੱਕ ਡਿੱਗ ਗਿਆ, ਮੰਡੀ ਦਾ ਤਾਪਮਾਨ ਆਮ ਨਾਲੋਂ 5 ਡਿਗਰੀ ਘੱਟ ਰਹਿਣ ਤੋਂ ਬਾਅਦ 24.8 ਡਿਗਰੀ ਅਤੇ ਸੁੰਦਰਨਗਰ ਦਾ ਵੱਧ ਤੋਂ ਵੱਧ ਤਾਪਮਾਨ ਆਮ ਨਾਲੋਂ 4.6 ਡਿਗਰੀ ਘੱਟ ਰਹਿਣ ਤੋਂ ਬਾਅਦ 25.5 ਡਿਗਰੀ ਸੈਲਸੀਅਸ ਤੱਕ ਡਿੱਗ ਗਿਆ। ਮੌਸਮ ਵਿਭਾਗ ਦੇ ਅਨੁਸਾਰ, ਕੱਲ੍ਹ ਵੀ ਰਾਜ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਮੀਂਹ ਪੈਣ ਦੀ ਭਵਿੱਖਬਾਣੀ ਕੀਤੀ ਗਈ ਹੈ। ਮੌਸਮ ਵਿਭਾਗ ਨੇ ਊਨਾ, ਬਿਲਾਸਪੁਰ, ਹਮੀਰਪੁਰ, ਮੰਡੀ, ਕੁੱਲੂ, ਚੰਬਾ, ਸ਼ਿਮਲਾ ਅਤੇ ਕਾਂਗੜਾ ਵਿੱਚ ਮੀਂਹ ਲਈ ਯੈਲੋ ਅਲਰਟ ਜਾਰੀ ਕੀਤਾ ਹੈ। ਕੱਲ੍ਹ ਤੋਂ ਬਾਅਦ ਮੌਸਮ ਸਾਫ਼ ਰਹਿਣ ਦੀ ਉਮੀਦ ਹੈ।

## ਚੋਣ ਕਮਿਸ਼ਨ ਵੱਲੋਂ ਬਿਹਾਰ ਵਿਧਾਨ ਸਭਾ ਚੋਣਾਂ ਦੀਆਂ ਤਰੀਕਾਂ ਦਾ ਐਲਾਨ

ਵੋਟਰ ਹਨ, ਜਿਨ੍ਹਾਂ ਵਿੱਚੋਂ 3.92 ਕਰੋੜ ਪੁਰਸ਼ ਅਤੇ 3.5 ਕਰੋੜ ਔਰਤਾਂ ਹਨ। 14 ਲੱਖ ਵਿਅਕਤੀ ਪਹਿਲੀ ਵਾਰ ਵੋਟ ਪਾਉਣ ਵਾਲੇ ਅਤੇ 4 ਲੱਖ ਸੀਨੀਅਰ ਸਿਟੀਜ਼ਨ ਵੋਟਰ ਹਨ। ਉਨ੍ਹਾਂ ਦੱਸਿਆ ਕਿ ਸੂਬੇ ਵਿੱਚ ਘੱਟੋ-ਘੱਟ 14,000 ਵੋਟਰਾਂ ਦੀ ਉਮਰ 100 ਸਾਲ ਤੋਂ ਵੱਧ ਹੈ। ਉਨ੍ਹਾਂ ਕਿਹਾ ਕਿ ਬਿਹਾਰ ਵਿੱਚ ਕੁੱਲ 90,712 ਪੋਲਿੰਗ ਸਟੇਸ਼ਨ ਸਥਾਪਤ ਕੀਤੇ ਜਾ ਰਹੇ ਹਨ। ਚੋਣ ਕਮਿਸ਼ਨਰ ਨੇ ਕਿਹਾ ਕਿ ਪ੍ਰਸ਼ਾਸਨ ਨੂੰ 'ਕਿਸੇ ਵੀ ਤਰ੍ਹਾਂ ਦੀ ਹਿੰਸਾ ਨੂੰ ਰੋਕਣ ਅਤੇ ਵੋਟਰਾਂ ਜਾਂ ਉਮੀਦਵਾਰਾਂ ਲਈ ਕਿਸੇ ਵੀ ਤਰ੍ਹਾਂ ਦੇ ਖ਼ਤਰੇ ਦੀ ਕੋਈ ਗੁੰਜਾਇਸ਼ ਨਾ ਰਹਿਣ ਦੇਣ ਲਈ ਸਖ਼ਤ ਨਿਰਦੇਸ਼ ਦਿੱਤੇ ਗਏ ਹਨ। ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਐਲਾਨ ਕੀਤਾ ਕਿ ਪੰਜਾਬ, ਜੰਮੂ ਕਸ਼ਮੀਰ, ਰਾਜਸਥਾਨ, ਓਡੀਸ਼ਾ, ਝਾਰਖੰਡ, ਮਿਜ਼ੋਰਮ ਤੇ ਤਿਲੰਗਾਨਾ 'ਚ ਖਾਲੀ ਪਈਆਂ ਵਿਧਾਨ ਸਭਾ ਸੀਟਾਂ 'ਤੇ ਜ਼ਿਮਨੀ ਚੋਣ ਲਈ ਵੋਟਾਂ 11 ਨਵੰਬਰ ਨੂੰ ਪੈਣਗੀਆਂ ਅਤੇ ਨਤੀਜੇ 14 ਨਵੰਬਰ ਨੂੰ ਐਲਾਨੇ ਜਾਣਗੇ।

## 'ਆਪ' ਵੱਲੋਂ ਬਿਹਾਰ ਵਿਧਾਨ ਸਭਾ ਚੋਣਾਂ ਲੜਨ ਦਾ ਐਲਾਨ

ਬਹੁਤ ਵੱਡਾ ਯੋਗਦਾਨ ਪਾਇਆ ਸੀ। ਉਨ੍ਹਾਂ ਅੱਗੇ ਕਿਹਾ, ਸਾਡੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਹੈ ਕਿ ਜੇ ਉਹ ਦਿੱਲੀ ਵਿੱਚ ਸਰਕਾਰ ਬਣਾਉਣ ਵਿੱਚ ਸਾਡੀ ਮਦਦ ਕਰ ਸਕਦੇ ਹਨ ਤਾਂ ਬਿਹਾਰ ਵਿੱਚ ਕਿਉਂ ਨਹੀਂ? ਪਾਰਟੀ ਨੇ ਬੇਗੂਸਰਾਏ ਤੋਂ ਮੀਰਾ ਸਿੰਘ, ਪੂਰਨੀਆ ਜ਼ਿਲ੍ਹੇ ਦੀ ਕਸਬਾ ਸੀਟ ਤੋਂ ਭਾਨੂ ਭਾਰਤੀ, ਪਟਨਾ ਦੀ ਫੁਲਵਾਰੀ ਸੀਟ ਤੋਂ ਅਰੁਣ ਕੁਮਾਰ ਰਾਜਕ, ਪਟਨਾ ਦੇ ਬਾਂਕੀਪੁਰ ਤੋਂ ਪੰਕਜ ਕੁਮਾਰ, ਮੋਤੀਹਾਰੀ ਦੇ ਗੋਵਿੰਦਗੰਜ ਤੋਂ ਅਸ਼ੋਕ ਕੁਮਾਰ ਸਿੰਘ ਅਤੇ ਬਕਸਰ ਸੀਟ ਤੋਂ ਸੇਵਾਮੁਕਤ ਕੈਪਟਨ ਧਰਮਰਾਜ ਸਿੰਘ ਨੂੰ ਮੈਦਾਨ ਵਿੱਚ ਉਤਾਰਿਆ ਹੈ। ਯਾਦਵ ਨੇ ਦੱਸਿਆ ਕਿ ਪਾਰਟੀ ਦੇ ਸਟਾਰ ਪ੍ਰਚਾਰਕਾਂ ਦੀ ਸੂਚੀ ਜਲਦੀ ਹੀ ਜਾਰੀ ਕਰ ਦਿੱਤੀ ਜਾਵੇਗੀ। 'ਆਪ' ਦੇ ਸੂਬਾਈ ਸਹਿ-ਇੰਚਾਰਜ ਅਭਿਨਵ ਰਾਏ ਨੇ ਮੌਜੂਦਾ ਸਿਆਸੀ ਧੜਿਆਂ ਨਾਲ ਕਿਸੇ ਵੀ ਗੱਠਜੋੜ ਤੋਂ ਇਨਕਾਰ ਕਰ ਦਿੱਤਾ ਹੈ।

## ਸੁਪਰੀਮ ਕੋਰਟ 'ਚ ਸੀ.ਜੇ.ਆਈ. ਗਵਈ 'ਤੇ ਵਕੀਲ ਵੱਲੋਂ ਜੁੱਤਾ ਸੁੱਟਣ ਦੀ ਕੋਸ਼ਿਸ਼

ਨਾਲ ਹੀ ਕਿਹਾ-ਇਨ੍ਹਾਂ ਸਭ ਤੋਂ ਪ੍ਰੇਸ਼ਾਨ ਨਾ ਹੋਵੋ। ਮੈਂ ਵੀ ਪ੍ਰੇਸ਼ਾਨ ਨਹੀਂ ਹਾਂ, ਇਨ੍ਹਾਂ ਚੀਜ਼ਾਂ ਨਾਲ ਮੈਨੂੰ ਫਰਕ ਨਹੀਂ ਪੈਂਦਾ। ਮੰਨਿਆ ਜਾ ਰਿਹਾ ਹੈ ਕਿ ਵਕੀਲ ਸੀ.ਜੇ.ਆਈ. ਗਵਈ ਦੀ ਮੱਧਪ੍ਰਦੇਸ਼ ਦੇ ਖਜੁਰਾਹੋ ਵਿਚ ਭਗਵਾਨ ਵਿਸ਼ਣੂ ਦੀ 7 ਫੁੱਟ ਉੱਚੀ ਸਿਰ ਕੱਟੀ ਮੂਰਤੀ ਦੀ ਪੁਨਰ ਸਥਾਪਨਾ 'ਤੇ ਕੀਤੀਆਂ ਗਈਆਂ ਟਿੱਪਣੀਆਂ ਤੋਂ ਨਾਰਾਜ਼ ਸੀ। ਸੀ.ਜੇ.ਆਈ. ਨੇ 16 ਸਤੰਬਰ ਨੂੰ ਖੰਡਿਤ ਮੂਰਤੀ ਦੀ ਬਹਾਲੀ ਦੀ ਮੰਗ ਵਾਲੀ ਪਟੀਸ਼ਨ ਖਾਰਜ ਕਰੇਦ ਹੋਏ ਕਿਹਾ ਸੀ ਕਿ ਜਾਓ ਤੇ ਭਗਾਵਨ ਤੋਂ ਖੁਦ ਕਰਨ ਨੂੰ ਕਹੋ। ਤੁਸੀਂ ਕਹਿੰਦੇ ਹੋ ਭਗਵਾਨ ਵਿਸ਼ਣੂ ਦੇ ਕੱਟੜ ਭਗਤ ਹੋ, ਜਾਓ ਉਨ੍ਹਾਂ ਨੂੰ ਪ੍ਰਾਰਥਨਾ ਕਰੋ।

## ਚੀਫ਼ ਜਸਟਿਸ 'ਤੇ 'ਹਮਲਾ', ਸੰਵਿਧਾਨ 'ਤੇ ਹਮਲਾ: ਸੋਨੀਆ

ਕੋਈ ਵੀ ਸ਼ਬਦ ਢੁੱਕਵਾਂ ਨਹੀਂ ਹੈ। ਇਹ ਨਾ ਸਿਰਫ਼ ਉਨ੍ਹਾਂ (ਚੀਫ ਜਸਟਿਸ) 'ਤੇ ਬਲਕਿ ਸਾਡੇ ਸੰਵਿਧਾਨ 'ਤੇ ਵੀ ਹਮਲਾ ਹੈ।' ਕਾਂਗਰਸ ਦੀ ਸਾਬਕਾ ਪ੍ਰਧਾਨ ਨੇ ਕਿਹਾ, 'ਚੀਫ ਜਸਟਿਸ ਗਵਈ ਬਹੁਤ ਹੀ ਸੁਹਿਰਦ ਹਨ ਪਰ ਦੇਸ਼ ਨੂੰ ਉਨ੍ਹਾਂ ਨਾਲ ਇਕਜੁੱਟ ਹੋ ਕੇ ਖੜ੍ਹੇ ਹੋਣਾ ਚਾਹੀਦਾ ਹੈ।' ਇਸੇ ਦੌਰਾਨ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਚੀਫ ਜਸਟਿਸ 'ਤੇ ਕਥਿਤ ਤੌਰ 'ਤੇ ਜੁੱਤਾ ਸੁੱਟਣ ਦੀ ਕੋਸ਼ਿਸ਼ ਕਰਨ ਦੀ ਘਟਨਾ ਦੀ ਨਿੰਦਾ ਕਰਦਿਆਂ ਸੋਮਵਾਰ ਨੂੰ ਕਿਹਾ ਕਿ ਇਹ ਨਿਆਂਪਾਲਿਕਾ ਤੇ ਮਾਣ-ਸਨਮਾਨ ਤੇ ਕਾਨੂੰਨ ਦੇ ਸ਼ਾਸਨ 'ਤੇ ਹਮਲਾ ਹੈ। ਖੜਗੇ ਨੇ ਐਕਸ 'ਤੇ ਕਿਹਾ, 'ਅੱਜ ਸੁਪਰੀਮ ਕੋਰਟ 'ਚ ਭਾਰਤ ਦੇ ਮਾਣਯੋਗ ਚੀਫ ਜਸਟਿਸ 'ਤੇ ਹਮਲੇ ਦੀ ਕੋਸ਼ਿਸ਼ ਸ਼ਰਮਨਾਕ ਘਟਨਾ ਹੈ। ਇਹ ਸਾਡੀ ਨਿਆਂਪਾਲਿਕਾ ਦੇ ਮਾਣ-ਸਨਮਾਨ ਤੇ ਕਾਨੂੰਨ ਦੇ ਸ਼ਾਸਨ 'ਤੇ ਹਮਲਾ ਹੈ।'

## ਸੋਨੇ ਦੇ ਭਾਅ 1 ਲੱਖ 30 ਹਜ਼ਾਰ ਰੁ. ਪ੍ਰਤੀ 10 ਗ੍ਰਾਮ ਤੋਂ ਪਾਰ

ਇਹ 1,20,000 ਰੁਪਏ ਪ੍ਰਤੀ 10 ਗ੍ਰਾਮ ਤੇ ਸੈਟਲ ਹੋਇਆ ਸੀ। ਚਾਂਦੀ ਦੀਆਂ ਕੀਮਤਾਂ ਵਿੱਚ ਵੀ ਜ਼ਬਰਦਸਤ ਵਾਧਾ ਦੇਖਣ ਨੂੰ ਮਿਲਿਆ। ਚਿੱਟੀ ਧਾਤੂ 7,400 ਰੁਪਏ ਦੇ ਉਛਾਲ ਨਾਲ (ਸਾਰੇ ਟੈਕਸਾਂ ਸਮੇਤ) 1,57,400 ਰੁਪਏ ਪ੍ਰਤੀ ਕਿਲੋਗ੍ਰਾਮ ਦੇ ਨਵੇਂ ਸਿਖਰ 'ਤੇ ਪਹੁੰਚ ਗਈ। ਇਹ ਸ਼ੁੱਕਰਵਾਰ ਨੂੰ 1,50,000 ਰੁਪਏ ਪ੍ਰਤੀ ਕਿਲੋਗ੍ਰਾਮ\ਬੀ 'ਤੇ ਬੰਦ ਹੋਈ ਸੀ। ਉੱਧਰ ਕੋਮਾਂਤਰੀ ਬਜ਼ਾਰਾਂ ਵਿੱਚ ਸਪੌਟ ਸੋਨਾ ਲਗਪਗ 2 ਫੀਸਦੀ ਵਧ ਕੇ 3,949.58 ਡਾਲਰ ਪ੍ਰਤੀ ਔਂਸ ਦੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਿਆ, ਜਦੋਂ ਕਿ ਚਾਂਦੀ 1 ਫੀਸਦੀ ਤੋਂ ਵੱਧ ਵਧ ਕੇ 48.75 ਡਾਲਰ ਪ੍ਰਤੀ ਔਂਸ ਦੇ ਉੱਚ ਪੱਧਰ 'ਤੇ ਪਹੁੰਚ ਗਈ।

## ਜੈਪੁਰ ਦੇ ਸਵਾਈ ਮਾਨਸਿੰਘ ਹਸਪਤਾਲ ਦੇ ਟ੍ਰਾਮਾ ਸੈਂਟਰ 'ਚ ...

ਅਲਾਰਮ ਵਜਦੇ ਹੀ ਟੀਮ ਮੌਕੇ 'ਤੇ ਪਹੁੰਚੀ। ਪੂਰਾ ਵਾਰਡ ਧੂੰਏਂ ਨਾਲ ਭਰ ਚੁੱਕਾ ਸੀ। ਅੰਦਰ ਜਾਣ ਦਾ ਕੋਈ ਰਸਤਾ ਨਹੀਂ ਸੀ। ਬਿਲਡਿੰਗ ਦੇ ਦੂਜੇ ਪਾਸੇ ਖਿੜਕੀ ਦੇ ਕੱਚ ਉਤਾਰ ਕੇ ਪਾਣੀ ਦੀ ਬੌਛਾੜ ਕੀਤੀ ਗਈ। ਅੱਗ 'ਤੇ ਕਾਬੂ ਪਾਉਣ ਵਿਚ ਡੇਢ ਘੰਟੇ ਦਾ ਸਮਾਂ ਲੱਗਾ। ਸਾਰੇਮ ਮਰੀਜ਼ਾਂ ਨੂੰ ਬੈੱਡ ਸਣੇ ਬਾਹਰ ਗਰਾਊਂਡ ਫਲੋਰ 'ਤੇ ਸ਼ਿਫਟ ਕੀਤਾ ਗਿਆ। ਮ੍ਰਿਤਕਾਂ ਦੀ ਪਛਾਣ ਪਿੰਟੂ, ਦਿਲੀਪ, ਸਰਵੇਸ਼, ਰੁਕਮਣੀ, ਕੁਸ਼ਮਾ, ਬਹਾਦੁਰ, ਦਿਗੰਬਰ ਵਰਮਾ ਤੇ ਸ਼੍ਰੀਨਾਥ ਵਜੋਂ ਹੋਈ ਹੈ।

ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਕਸ 'ਤੇ ਇਕ ਪੋਸਟ ਵਿਚ ਹਾਦਸੇ ਵਿਚ ਗਈਆਂ ਜਾਨਾਂ 'ਤੇ ਦੁੱਖ ਜਤਾਇਆ ਹੈ। ਪ੍ਰਧਾਨ ਮੰਤਰੀ ਨੇ ਕਿਹਾ, "ਰਾਜਸਥਾਨ ਦੇ ਜੈਪੁਰ ਵਿਚ ਇੱਕ ਹਸਪਤਾਲ ਵਿੱਚ ਅੱਗ ਲੱਗਣ ਦੀ ਘਟਨਾ ਕਾਰਨ ਹੋਇਆ ਜਾਨੀ ਨੁਕਸਾਨ ਬਹੁਤ ਦੁਖਦਾਈ ਹੈ। ਆਪਣੇ ਅਜ਼ੀਜ਼ਾਂ ਨੂੰ ਗੁਆਉਣ ਵਾਲਿਆਂ ਪ੍ਰਤੀ ਸੰਵੇਦਨਾ। ਜ਼ਖਮੀਆਂ ਦੇ ਜਲਦੀ ਠੀਕ ਹੋਣ ਦੀ ਕਾਮਨਾ ਕਰਦਾ ਹਾਂ।

ਇਸ ਦੌਰਾਨ ਮੁੱਖ ਮੰਤਰੀ ਭਜਨ ਲਾਲ ਸ਼ਰਮਾ, ਸੰਸਦੀ ਮਾਮਲਿਆਂ ਬਾਰੇ ਮੰਤਰੀ ਜੋਗਾਰਾਮ ਪਟੇਲ ਅਤੇ ਗ੍ਰਹਿ ਰਾਜ ਮੰਤਰੀ ਜਵਾਹਰ ਸਿੰਘ ਬੇਧਮ ਨੇ ਸਥਿਤੀ ਦਾ ਜਾਇਜ਼ਾ ਲੈਣ ਲਈ ਟਰੌਮਾ ਸੈਂਟਰ ਦਾ ਦੌਰਾ ਕੀਤਾ। ਜਦੋਂ ਪਟੇਲ ਅਤੇ ਬੇਧਮ ਸ਼ੁਰੂ ਵਿੱਚ ਪਹੁੰਚੇ, ਤਾਂ ਦੋ ਮਰੀਜ਼ਾਂ ਦੇ ਤਿਮਾਰਦਾਰਾਂ ਨੇ ਦੋਸ਼ ਲਗਾਇਆ ਕਿ ਅੱਗ ਲੱਗਣ ਮਗਰੋਂ ਸਟਾਫ ਭੱਜ ਗਿਆ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਹਸਪਤਾਲ ਦਾ ਸਟਾਫ ਮਰੀਜ਼ਾਂ ਦੀ ਹਾਲਤ ਬਾਰੇ ਜਾਣਕਾਰੀ ਨਹੀਂ ਦੇ ਸਕਿਆ। ਮਗਰੋਂ ਮੌਕੇ 'ਤੇ ਪੁੱਜੇ ਮੁੱਖ ਮੰਤਰੀ ਭਜਨ ਲਾਲ ਸ਼ਰਮਾ ਨੇ ਡਾਕਟਰਾਂ ਤੇ ਮਰੀਜ਼ਾਂ ਨਾਲ ਗੱਲਬਾਤ ਕੀਤੀ।

ਰਾਜਸਥਾਨ ਦੇ ਸਾਬਕਾ ਮੁੱਖ ਮੰਤਰੀ ਤੇ ਕਾਂਗਰਸ ਆਗੂ ਅਸ਼ੋਕ ਗਹਿਲੋਤ ਨੇ ਸਵਾਈ ਮਾਨ ਸਿੰਘ ਹਸਪਤਾਲ ਵਿਚ ਅੱਗ ਲੱਗਣ ਦੇ ਮਾਮਲੇ ਦੀ ਉੱਚ ਪੱਧਰੀ ਜਾਂਚ ਮੰਗੀ ਹੈ। ਗਹਿਲੋਤ ਨੇ ਐਕਸ 'ਤੇ ਇਕ ਸੁਨੇਹੇ ਵਿਚ ਕਿਹਾ ਕਿ ਐੱਸ.ਐੱਮ.ਐੱਸ. ਹਸਪਤਾਲ ਦੇ ਟਰੌਮਾ ਸੈਂਟਰ ਦੇ ਆਈ.ਸੀ.ਯੂ. ਵਿੱਚ ਅੱਗ ਲੱਗਣ ਦੀ ਘਟਨਾ, ਜਿਸ ਵਿਚ 8 ਲੋਕਾਂ ਦੀ ਜਾਨ ਜਾਂਦੀ ਰਹੀ, ਦਿਲ ਦਹਿਲਾ ਦੇਣ ਵਾਲੀ ਹੈ। ਰਾਜ ਸਰਕਾਰ ਨੂੰ ਇਸ ਘਟਨਾ ਦੀ ਉੱਚ ਪੱਧਰੀ ਜਾਂਚ ਕਰਵਾਉਣੀ ਚਾਹੀਦੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਭਵਿੱਖ ਵਿੱਚ ਅਜਿਹੇ ਹਾਦਸੇ ਨਾ ਵਾਪਰਨ।"

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 350ਵੇਂ ਸ਼ਹੀਦੀ ਦਿਹਾੜੇ ਦੀਆਂ ...

ਜਾਵੇਗਾ, ਜੋ ਸਹੀ ਮਾਅਨਿਆਂ ਵਿੱਚ ਗੁਰੂ ਸਾਹਿਬ ਜੀ ਪ੍ਰਤੀ ਸ਼ਰਧਾ ਤੇ ਸਤਿਕਾਰ ਲਈ ਨਿਮਾਣਾ ਜਿਹਾ ਉਪਰਾਲਾ ਹੋਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਇਸ ਮਾਰਗ ਨੂੰ ਦਿੱਲੀ ਵਿੱਚ ਗੁਰਦੁਆਰਾ ਸੀਸ ਗੰਜ ਸਾਹਿਬ ਤੱਕ ਲੈ ਜਾਣ ਲਈ ਕੇਂਦਰ ਸਰਕਾਰ ਕੋਲ ਮਾਮਲਾ ਉਠਾਏਗੀ।

ਇਕ ਹੋਰ ਮਾਮਲੇ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਜਿਸ ਰਸਤੇ ਤੋਂ ਮਹਾਨ ਸਿੱਖ ਜਰਨੈਲ ਬਾਬਾ ਜੀਵਨ ਸਿੰਘ (ਭਾਈ ਜੈਤਾ ਜੀ) ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪਵਿੱਤਰ ਸੀਸ ਲੈ ਕੇ ਆਏ ਸਨ, ਉਸ ਰਸਤੇ ਨੂੰ ਵਿਕਸਤ ਕਰਕੇ ਬਾਬਾ ਜੀਵਨ ਸਿੰਘ ਮਾਰਗ ਦੇ ਨਾਮ 'ਤੇ ਰੱਖਿਆ ਜਾਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬਾਬਾ ਜੀਵਨ ਸਿੰਘ ਜੀ ਨੇ ਗੁਰੂ ਸਾਹਿਬ ਜੀ ਦਾ ਸੀਸ ਸ੍ਰੀ ਅਨੰਦਪੁਰ ਸਾਹਿਬ ਲਿਆਉਂਦੇ ਸਮੇਂ ਉੱਤਰ ਪ੍ਰਦੇਸ਼, ਉੱਤਰਾਖੰਡ ਅਤੇ ਹਰਿਆਣਾ ਦਾ ਰਸਤਾ ਬਿਖਮ ਅਤੇ ਦੁਸ਼ਵਾਰੀਆਂ ਭਰਿਆ ਸੀ। ਉਨ੍ਹਾਂ ਕਿਹਾ ਕਿ ਸਬੰਧਤ ਸੂਬਿਆਂ ਦੀਆਂ ਸਰਕਾਰਾਂ ਅਤੇ ਭਾਰਤ ਸਰਕਾਰ ਨੂੰ ਇਹ ਮਾਰਗ ਬਣਾਉਣ ਦੀ ਅਪੀਲ ਕੀਤੀ ਜਾਵੇਗੀ, ਜੋ ਮਹਾਨ ਸਿੱਖ ਨਾਇਕ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਇਸ ਦੌਰਾਨ ਮੁੱਖ ਮੰਤਰੀ ਨੇ ਸਕੂਲ ਪਾਠਕ੍ਰਮ ਵਿੱਚ ਗੁਰੂ ਸਾਹਿਬ ਜੀ ਦੇ ਜੀਵਨ ਤੇ ਫਲਸਫੇ ਨੂੰ ਸ਼ਾਮਲ ਕਰਨ ਲਈ ਕਮੇਟੀ ਦੇ ਗਠਨ ਕਰਨ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਵਿਰਾਸਤ-ਏ-ਖਾਲਸਾ ਮਿਊਜ਼ੀਅਮ ਵਿੱਚ ਕਿਸੇ ਵੀ ਕਿਸਮ ਦੀ ਇਤਰਾਜ਼ਯੋਗ ਸਮੱਗਰੀ, ਜੋ ਸਿੱਖ ਭਾਵਨਾਵਾਂ ਨਾਲ ਮੇਲ ਨਹੀਂ ਖਾਂਦੀ, ਨੂੰ ਮਿਊਜ਼ੀਅਮ ਵਿੱਚੋਂ ਹਟਾਇਆ ਜਾਵੇਗਾ। ਭਗਵੰਤ ਸਿੰਘ ਮਾਨ ਨੇ ਬੇਅਦਬੀ ਵਿਰੋਧੀ ਕਾਨੂੰਨ ਨੂੰ ਸਖਤੀ ਨਾਲ ਲਾਗੂ ਕਰਨ ਲਈ ਸੂਬਾ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਨੂੰ ਦੁਹਰਾਇਆ ਤਾਂ ਕਿ ਇਸ ਘਿਨਾਉਣੇ ਅਪਰਾਧ ਦੇ ਸਾਜ਼ਿਸ਼ਘਾੜਿਆਂ ਲਈ ਮਿਸਾਲੀ ਸਜ਼ਾ ਨੂੰ ਯਕੀਨੀ ਬਣਾਇਆ ਜਾ ਸਕੇ।

ਇਸ ਦੌਰਾਨ ਮੁੱਖ ਮੰਤਰੀ ਨੇ ਸੰਤ ਸਮਾਜ ਨੂੰ ਜਾਣੂੰ ਕਰਵਾਇਆ ਕਿ ਸੂਬਾ ਸਰਕਾਰ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਮੌਕੇ ਲੜੀਵਾਰ ਸਮਾਗਮ ਉਲੀਕੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸਮਾਗਮਾਂ ਦੀ ਸ਼ੁਰੂਆਤ 25 ਅਕਤੂਬਰ ਨੂੰ ਦਿੱਲੀ ਵਿੱਚ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਹੋਵੇਗੀ ਅਤੇ ਇਕ ਨਵੰਬਰ ਤੋਂ ਸੂਬਾ ਭਰ ਵਿੱਚ ਕੀਰਤਨ ਦਰਬਾਰ ਕਰਵਾਏ ਜਾਣਗੇ। ਇਸ ਦੌਰਾਨ ਭਗਵੰਤ ਸਿੰਘ ਮਾਨ ਨੇ ਕਿਹਾ ਕਿ 15 ਨਵੰਬਰ ਤੋਂ ਸੂਬੇ ਦੀ ਹਰੇਕ ਵਿਦਿਅਕ ਸੰਸਥਾ ਵਿੱਚ ਗੁਰੂ ਸਾਹਿਬ ਜੀ ਦੇ ਮਹਾਨ ਜੀਵਨ, ਫਲਸਫੇ ਅਤੇ ਬਲਿਦਾਨ ਬਾਰੇ ਸੈਮੀਨਾਰ ਕਰਵਾਏ ਜਾਣਗੇ।

ਮੁੱਖ ਮੰਤਰੀ ਨੇ ਕਿਹਾ ਕਿ 18 ਨਵੰਬਰ ਨੂੰ ਸ੍ਰੀਨਗਰ (ਜੰਮੂ-ਕਸ਼ਮੀਰ) ਵਿੱਚ ਕੀਰਤਨ ਦਰਬਾਰ ਕਰਵਾਇਆ ਜਾਵੇਗਾ ਅਤੇ ਅਗਲੇ ਦਿਨ 19 ਨਵੰਬਰ ਨੂੰ ਉੱਥੋਂ ਨਗਰ ਕੀਰਤਨ ਸਜਾਇਆ ਜਾਵੇਗਾ, ਜਿਸ ਵਿੱਚ ਕਸ਼ਮੀਰੀ ਪੰਡਿਤ ਸ਼ਾਮਲ ਹੋਣਗੇ। ਉਨ੍ਹਾਂ ਕਿਹਾ ਕਿ ਇਹ ਨਗਰ ਕੀਰਤਨ 19 ਨਵੰਬਰ ਨੂੰ ਜੰਮੂ ਵਿਖੇ, 20 ਨਵੰਬਰ ਨੂੰ ਪਠਾਨਕੋਟ ਵਿੱਚ ਅਤੇ 21 ਨਵੰਬਰ ਨੂੰ ਹੁਸ਼ਿਆਰਪੁਰ ਵਿਖੇ ਠਹਿਰਾਅ ਕਰੇਗਾ। ਇਹ ਨਗਰ ਕੀਰਤਨ 22 ਨਵੰਬਰ ਨੂੰ ਸ੍ਰੀ ਆਨੰਦਪੁਰ ਸਾਹਿਬ ਪੁੱਜੇਗਾ। ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਨਗਰ ਕੀਰਤਨ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ 19 ਨਵੰਬਰ ਨੂੰ ਸਜਾਇਆ ਜਾਵੇਗਾ ਅਤੇ 20 ਨਵੰਬਰ ਨੂੰ ਫ਼ਰੀਦਕੋਟ ਤੇ ਗੁਰਦਾਸਪੁਰ ਵਿੱਚ ਨਗਰ ਕੀਰਤਨ ਸਜਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸਾਰੇ ਚਾਰੇ ਨਗਰ ਕੀਰਤਨ 22 ਨਵੰਬਰ ਨੂੰ ਸ੍ਰੀ ਆਨੰਦਪੁਰ ਸਾਹਿਬ ਵਿੱਚ ਸੰਪੂਰਨ ਹੋਣਗੇ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਇਤਿਹਾਸਕ ਯਾਦਗਾਰੀ ਮੌਕੇ ਸੂਬਾ ਸਰਕਾਰ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿੱਚ 23 ਤੋਂ 25 ਨਵੰਬਰ ਤੱਕ ਵਿਆਪਕ ਪੱਧਰ 'ਤੇ ਸਮਾਗਮ ਉਲੀਕੇ ਜਾਣਗੇ। ਉਨ੍ਹਾਂ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਵਿੱਚ 12 ਹਜ਼ਾਰ ਸ਼ਰਧਾਲੂਆਂ ਦੀ ਸਹੂਲਤ ਲਈ ਟੈਂਟ ਸਿਟੀ ਬਣਾਇਆ ਜਾਵੇਗਾ, ਜਿਸ ਦਾ ਨਾਮ 'ਚੱਕ ਨਾਨਕੀ' ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਪਵਿੱਤਰ ਨਗਰੀ ਵਿੱਚ ਸਰਬ ਧਰਮ ਸੰਮੇਲਨ ਵੀ ਕਰਵਾਇਆ ਜਾਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਇਤਿਹਾਸਕ ਨਗਰੀ ਵਿੱਚ ਗੁਰੂ ਸਾਹਿਬ ਦੇ ਜੀਵਨ ਤੇ ਫਲਸਫ਼ੇ ਨੂੰ ਦਰਸਾਉਂਦੀ ਪ੍ਰਦਰਸ਼ਨੀ ਤੇ ਡਰੋਨ ਸ਼ੋਅ ਵੀ ਕਰਵਾਇਆ ਜਾਵੇਗਾ। ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਸੂਬਾ ਸਰਕਾਰ ਵੱਲੋਂ ਅਨੰਦਾਂ ਦੀ ਪੁਰੀ-ਸ੍ਰੀ ਅਨੰਦਪੁਰ ਸਾਹਿਬ ਵਿੱਚ ਪੰਜਾਬ ਵਿਧਾਨ ਦਾ ਵਿਸ਼ੇਸ਼ ਸੈਸ਼ਨ ਵੀ ਸੱਦਿਆ ਜਾਵੇਗਾ, ਜਿੱਥੇ ਇਤਿਹਾਸਕ ਮਤੇ ਪਾਸ ਕੀਤੇ ਜਾਣਗੇ। ਭਗਵੰਤ ਸਿੰਘ ਮਾਨ ਨੇ ਇਹ ਵੀ ਕਿਹਾ ਕਿ 25 ਨਵੰਬਰ ਨੂੰ ਖ਼ੂਨਦਾਨ ਕੈਂਪਾਂ ਤੇ ਜੰਗਲਾਤ ਵਿਭਾਗ ਵੱਲੋਂ ਵੱਡੇ ਪੱਧਰ ਉੱਤੇ ਪੌਦੇ ਲਾਉਣ ਦੀ ਮੁਹਿੰਮ ਸਣੇ 'ਸਰਬੱਤ ਦੀ ਭਲਾਈ ਇਕੱਤਰਤਾ' ਵੀ ਕਰਵਾਈ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਇਸ ਪਵਿੱਤਰ ਨਗਰੀ ਵਿੱਚ 500 ਵਾਹਨਾਂ ਲਈ ਬਹੁ ਮੰਜ਼ਿਲਾ ਪਾਰਕਿੰਗ ਵੀ ਬਣਾਈ ਜਾਵੇਗੀ ਅਤੇ ਸ੍ਰੀ ਆਨੰਦਪੁਰ ਸਾਹਿਬ ਵਿੱਚ ਭੀੜ-ਭੜੱਕਾ ਘਟਾਉਣ ਲਈ ਇਕ ਬਾਈਪਾਸ ਦਾ ਨਿਰਮਾਣ ਵੀ ਕਰਵਾਇਆ ਜਾਵੇਗਾ।

ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ 350 ਸਾਲਾ ਸ਼ਹੀਦੀ ਦਿਵਸ ਨੂੰ ਢੁਕਵੇਂ ਢੰਗ ਨਾਲ ਮਨਾਉਣ ਲਈ ਦੁਨੀਆ ਭਰ ਤੋਂ ਸੰਤ ਸਮਾਜ ਦਾ ਆਸ਼ੀਰਵਾਦ ਤੇ ਸੁਝਾਅ ਲਏ ਜਾਣਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਉਨ੍ਹਾਂ ਲਈ ਬਹੁਤ ਮਾਣ ਤੇ ਤਸੱਲੀ ਵਾਲੀ ਗੱਲ ਹੈ ਕਿ ਇਹ ਇਤਿਹਾਸਕ ਮੌਕਾ ਉਨ੍ਹਾਂ ਦੇ ਕਾਰਜਕਾਲ ਦੌਰਾਨ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਇਨ੍ਹਾਂ ਸਮਾਗਮਾਂ ਨੂੰ ਢੁਕਵੇਂ ਢੰਗ ਨਾਲ ਨੇਪਰੇ ਚਾੜ੍ਹਨਾ ਯਕੀਨੀ ਬਣਾਏਗੀ ਅਤੇ ਸਮਾਗਮਾਂ ਲਈ ਸੰਕਲਪ ਤੇ ਪ੍ਰੋਗਰਾਮਾਂ ਸਬੰਧੀ ਸੰਤ ਸਮਾਜ ਦੀਆਂ ਸ਼ਖ਼ਸੀਅਤਾਂ ਨੂੰ ਆਪਣੀ ਰਾਇ ਦੇਣ ਲਈ ਬੇਨਤੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਸਮਾਗਮਾਂ ਵਿੱਚ ਮੁੱਖ ਧਿਆਨ ਗੁਰੂ ਸਾਹਿਬ ਦੇ ਜੀਵਨ, ਉਨ੍ਹਾਂ ਦੇ ਫਲਸਫ਼ੇ ਅਤੇ ਮਹਾਨ ਬਲੀਦਾਨ, ਜਿਸ ਤੋਂ ਦੁਨੀਆ ਭਰ ਦੇ ਲੱਖਾਂ ਲੋਕ ਪ੍ਰੇਰਨਾ ਲੈਂਦੇ ਹਨ, ਬਾਰੇ ਲੋਕਾਈ ਨੂੰ ਜਾਣੂ ਕਰਵਾਉਣ ਉਤੇ ਕੇਂਦਰਿਤ ਹੋਵੇਗਾ।

ਇਸ ਮੀਟਿੰਗ ਵਿੱਚ ਸੰਤ ਸਮਾਜ ਦੀਆਂ ਅਹਿਮ ਸ਼ਖ਼ਸੀਅਤਾਂ ਵਿੱਚ ਬਾਬਾ ਬਲਬੀਰ ਸਿੰਘ ਜੀ 96 ਕਰੋੜੀ, ਬਾਬਾ ਕਸ਼ਮੀਰ ਸਿੰਘ ਜੀ ਭੂਰੀ ਵਾਲੇ, ਬਾਬਾ ਸਤਨਾਮ ਸਿੰਘ ਜੀ ਕਿਲ੍ਹਾ ਆਨੰਦਗੜ੍ਹ ਸਾਹਿਬ ਵਾਲੇ, ਸੰਤ ਬਾਬਾ ਅਵਤਾਰ ਸਿੰਘ ਜੀ ਟਿੱਬੀ ਸਾਹਿਬ ਰੋਪੜ, ਬਾਬਾ ਤੀਰਥ ਸਿੰਘ ਜੀ ਤਪ ਅਸਥਾਨ ਭਾਈ ਜੈਤਾ ਜੀ, ਭਾਈ ਗੁਰਪ੍ਰੀਤ ਸਿੰਘ ਜੀ ਰੰਧਾਵੇ ਵਾਲੇ, ਬਾਬਾ ਸੁਖਵਿੰਦਰ ਸਿੰਘ ਜੀ ਰਤਵਾੜਾ ਸਾਹਿਬ ਵਾਲੇ, ਸੰਤ ਬਾਬਾ ਬਲਬੀਰ ਸਿੰਘ ਜੀ ਸੀਚੇਵਾਲ ਦਾ ਨੁਮਾਇੰਦਾ, ਸ਼੍ਰੋਮਣੀ ਕਮੇਟੀ ਮੈਂਬਰ ਪਰਮਜੀਤ ਸਿੰਘ ਰਾਏਪੁਰ, ਸੰਤ ਬਾਬਾ ਸੇਵਾ ਸਿੰਘ ਜੀ ਰਾਮਪੁਰ ਖੇੜੀ ਵਾਲੇ, ਬਾਬਾ ਸੁਰ ਸਿੰਘ ਜੀ ਵਾਲੇ, ਬਾਬਾ ਬੁੱਧ ਸਿੰਘ ਜੀ ਨਿੱਕੇ ਘੁੰਮਣ ਵਾਲੇ, ਸੰਤ ਨਿਰਮਲ ਦਾਸ ਜੀ ਜੋੜੇ ਵਾਲੇ, ਪ੍ਰੋਫੈਸਰ ਅਪਿੰਦਰ ਸਿੰਘ ਜੀ ਮਾਹਲਪੁਰ ਬੁੰਗਾ ਸਾਹਿਬ, ਬਾਬਾ ਨਰਿੰਦਰ ਸਿੰਘ ਜੀ ਹਜ਼ੂਰ ਸਾਹਿਬ ਵਾਲੇ ਵੱਲੋਂ ਬਾਬਾ ਮੇਜਰ ਸਿੰਘ ਜੀ, ਬਾਬਾ ਅਵਤਾਰ ਸਿੰਘ ਧੱਤਲ ਅੰਮ੍ਰਿਤਸਰ, ਬਾਬਾ ਗੁਰਜੀਤ ਸਿੰਘ ਕੁੱਲੀ ਵਾਲੇ ਅੰਮ੍ਰਿਤਸਰ, ਬਾਬਾ ਨੰਦ ਸਿੰਘ ਜੀ ਮੁੰਡਾ ਪਿੰਡ ਵਾਲੇ, ਸੰਤ ਗੁਰਬਚਨ ਸਿੰਘ ਪਾਂਡਵਾ ਫਗਵਾੜਾ, ਬਾਬਾ ਗੁਰਦੇਵ ਸਿੰਘ ਜੀ ਬਜਵਾੜੇ ਵਾਲੇ, ਬਾਬਾ ਬਲਬੀਰ ਸਿੰਘ ਜੀ ਬਿਰਧ ਆਸ਼ਰਮ, ਬਾਬਾ ਜਗਜੀਤ ਸਿੰਘ ਮਿਰਜਾਪੁਰ, ਬਾਬਾ ਸੁੱਖਾ ਸਿੰਘ ਜੀ ਕਾਰ ਸੇਵਾ ਦਿੱਲੀ, ਬਾਬਾ ਜੀਤ ਸਿੰਘ ਜੀ ਨਿਰਮਲ ਕੁਟੀਆ ਜੌਹਲਾਂ ਤੇ ਹੋਰ ਹਾਜ਼ਰ ਸਨ। ਇਸ ਮੌਕੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ, ਹਰਭਜਨ ਸਿੰਘ ਈ.ਟੀ.ਓ. ਅਤੇ ਤਰੁਨਪ੍ਰੀਤ ਸਿੰਘ ਸੌਂਦ, ਮੁੱਖ ਸਕੱਤਰ ਕੇ.ਏ.ਪੀ. ਸਿਨਹਾ, ਡੀ.ਜੀ.ਪੀ. ਗੌਰਵ ਯਾਦਵ, ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਸਲਾਹਕਾਰ ਦੀਪਕ ਬਾਲੀ ਤੇ ਹੋਰ ਹਾਜ਼ਰ ਸਨ।

# ਐਲ.ਐਂਡ ਟੀ. ਕੰਪਨੀ ਨੇ ਮਿਸ਼ਨ ਚੜ੍ਹਦੀਕਲਾ ਤਹਿਤ ਪਾਇਆ ਪੰਜ ਕਰੋੜ ਦਾ ਯੋਗਦਾਨ

ਚੰਡੀਗੜ੍ਹ, 6 ਅਕਤੂਬਰ (ਚ.ਨ.ਸ.): ਬਹੁ-ਕੌਮੀ ਕੰਪਨੀ ਲਾਰਸਨ ਐਂਡ ਟਰਬੋ



(ਐਲ.ਐਂਡ ਟੀ.) ਦੇ ਸਟਾਫ ਅਤੇ ਪ੍ਰਬੰਧਕਾਂ ਨੇ ਮਨੁੱਖੀ ਪਹੁੰਚ ਅਪਣਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ ਸ਼ੁਰੂ ਕੀਤੇ ਚੜ੍ਹਦੀ ਕਲਾ ਮਿਸ਼ਨ ਵਿੱਚ ਪੰਜ ਕਰੋੜ ਰੁਪਏ ਦਾ ਯੋਗਦਾਨ ਪਾਇਆ ਹੈ। ਬੋਰਡ ਦੇ ਡਾਇਰੈਕਟਰ ਡੀ.ਕੇ. ਸੇਨ, ਨਾਭਾ ਪਾਵਰ ਪਲਾਂਟ ਦੇ ਸੀ.ਈ.ਓ. ਸੁਰੇਸ਼ ਨਾਰੰਗ, ਚੰਡੀਗੜ੍ਹ ਦੇ ਬ੍ਰਾਂਚ ਮੈਨੇਜਰ ਜਸਵੰਤ ਸਿੰਘ ਅਤੇ ਨਾਭਾ ਪਾਵਰ ਪਲਾਂਟ ਦੇ ਪ੍ਰਸ਼ਾਸਕੀ ਮੁਖੀ ਗਗਨਵੀਰ ਚੀਮਾ ਨੇ ਮੁੱਖ ਮੰਤਰੀ ਨੂੰ ਸਹਾਇਤ ਰਾਸ਼ੀ ਦਾ ਚੈੱਕ ਸੌਂਪਣ ਮੌਕੇ ਕਿਹਾ ਕਿ ਸੂਬੇ ਦੇ ਹੜ੍ਹ ਪੀੜਤਾਂ ਦੀ ਮਦਦ ਕਰਨਾ ਕੰਪਨੀ ਆਪਣਾ ਨੈਤਿਕ ਫਰਜ਼ ਸਮਝਦੀ ਹੈ। ਉਨ੍ਹਾਂ ਕਿਹਾ ਕਿ ਉਹ ਹੜ੍ਹਾਂ ਤੋਂ ਪ੍ਰਭਾਵਿਤ ਇਲਾਕਿਆਂ ਦੀ ਮਦਦ ਲਈ ਅੱਗੇ ਆਏ ਹਨ ਅਤੇ ਕੰਪਨੀ ਅਤੇ ਪ੍ਰਬੰਧਕਾਂ ਨੇ ਸੂਬਾ ਸਰਕਾਰ ਨੂੰ ਪੰਜ ਕਰੋੜ ਰੁਪਏ ਦਾ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਕੰਪਨੀ ਸੰਕਟ ਦੀ ਘੜੀ ਵਿੱਚ ਕੁਦਰਤੀ ਆਫਤ ਦੇ ਪੀੜਤਾਂ ਨਾਲ ਇਕਜੁਟ ਹੋ ਕੇ ਖੜ੍ਹੀ ਹੈ।

ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਚੜ੍ਹਦੀ ਕਲਾ ਮਿਸ਼ਨ ਇਕ ਪਹਿਲ ਹੈ ਜਿਸ ਦਾ ਉਦੇਸ਼ ਪੰਜਾਬ ਵਿੱਚ ਹੜ੍ਹ ਪੀੜਤਾਂ ਦੀ ਭਲਾਈ ਲਈ ਮਦਦ ਕਰਨਾ ਹੈ। ਇਸ ਨੇਕ ਉਪਰਾਲੇ ਲਈ ਬਹੁ-ਰਾਸ਼ਟਰੀ ਕੰਪਨੀ ਦਾ ਦਿਲੋਂ ਧੰਨਵਾਦ ਕਰਦੇ ਹੋਏ ਉਨ੍ਹਾਂ ਕਿਹਾ ਕਿ ਕਈ ਸਮਾਜ ਸੇਵੀ ਪਹਿਲਾਂ ਹੀ ਚੜ੍ਹਦੀ ਕਲਾ ਮਿਸ਼ਨ ਨੂੰ ਸਹਿਯੋਗ ਕਰਨ ਲਈ ਅੱਗੇ ਆਏ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮਿਸ਼ਨ ਚੜ੍ਹਦੀ ਕਲਾ ਵਿਸ਼ਵ ਪੱਧਰ ਉਤੇ ਫੰਡ ਇਕੱਠਾ ਕਰਨ ਦੀ ਮੁਹਿੰਮ ਹੈ ਜੋ ਸਾਲ 2025 ਦੇ ਹੜ੍ਹ ਪੀੜਤਾਂ ਵਾਸਤੇ ਸੂਬਾ ਸਰਕਾਰ ਦੇ ਪੁਨਰਵਾਸ ਉਪਰਾਲਿਆਂ ਲਈ ਫੰਡ ਇਕੱਠਾ ਕਰਨ ਲਈ ਸ਼ੁਰੂ ਕੀਤੀ ਗਈ ਹੈ।

ਇਸ ਪਹਿਲਕਦਮੀ ਦੀ ਭਾਵਨਾ ਨੂੰ ਦੁਹਰਾਉਂਦੇ ਹੋਏ ਮੁੱਖ ਮੰਤਰੀ ਨੇ ਕਿਹਾ, "ਜਿਵੇਂ ਚੜ੍ਹਦੀ ਕਲਾ ਔਖੇ ਤੋਂ ਔਖੇ ਸਮੇਂ ਵਿੱਚ ਵੀ ਹੌਂਸਲੇ ਬੁਲੰਦ ਰੱਖਣ ਅਤੇ ਉਮੀਦਾਂ ਕਾਇਮ ਰੱਖਣ ਦੀ ਭਾਵਨਾ ਨੂੰ ਦਰਸਾਉਂਦਾ ਹੈ, ਉਸੇ ਤਰ੍ਹਾਂ ਮਿਸ਼ਨ ਚੜ੍ਹਦੀ ਕਲਾ ਦੁਨੀਆ ਭਰ ਦੇ ਸਮੂਹ ਪੰਜਾਬੀਆਂ ਨੂੰ ਸੰਕਟ ਦੇ ਸਮੇਂ ਦੌਰਾਨ ਇਕ ਪਰਿਵਾਰ ਵਜੋਂ ਇਕਜੁਟ ਹੋਣ ਦਾ ਸੱਦਾ ਹੈ।" ਉਨ੍ਹਾਂ ਨੇ ਉਮੀਦ ਪ੍ਰਗਟ ਕੀਤੀ ਕਿ ਦੁਨੀਆ ਭਰ ਦੇ ਹੋਰ ਪੰਜਾਬੀ ਵੀ ਆਪਣੇ ਸੁਪਨਿਆਂ ਦੇ ਪੰਜਾਬ ਦੇ ਪੁਨਰ ਨਿਰਮਾਣ ਲਈ ਖੁੱਲ੍ਹ ਕੇ ਯੋਗਦਾਨ ਪਾਉਂਦੇ ਰਹਿਣਗੇ। ਪਾਰਦਰਸ਼ਤਾ ਤੇ ਜਵਾਬਦੇਹੀ ਦਾ ਭਰੋਸਾ ਦਿੰਦੇ ਹੋਏ ਭਗਵੰਤ ਸਿੰਘ ਮਾਨ ਨੇ ਦੁਹਰਾਇਆ ਕਿ ਇਕੱਠਾ ਕੀਤਾ ਇਕ-ਇਕ ਪੈਸਾ ਹੜ੍ਹ ਪੀੜਤਾਂ ਦੀ ਭਲਾਈ ਅਤੇ ਪੁਨਰਵਾਸ ਲਈ ਸੂਝ-ਬੂਝ ਨਾਲ ਖਰਚ ਕੀਤਾ ਜਾਵੇਗਾ।

## ਅਮਰੀਕੀ ਫ਼ੌਜ ਵਿੱਚ ਸਿੱਖ ਸੈਨਿਕਾਂ ਲਈ ਦਾੜ੍ਹੀ ਰੱਖਣ 'ਤੇ ਪਾਬੰਦੀ ਲਗਾਉਣ ਦਾ ਫ਼ੈਸਲਾ ਨਿੰਦਣਯੋਗ : ਸੰਧਵਾਂ

ਚੰਡੀਗੜ੍ਹ, 6 ਅਕਤੂਬਰ (ਚ.ਨ.ਸ.): ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਅਮਰੀਕੀ ਸਰਕਾਰ ਵੱਲੋਂ ਅਮਰੀਕੀ ਫ਼ੌਜ 'ਚ ਸਿੱਖ ਸੈਨਿਕਾਂ



ਲਈ ਦਾੜ੍ਹੀ ਰੱਖਣ 'ਤੇ ਪਾਬੰਦੀ ਲਗਾਉਣ ਦਾ ਫ਼ੈਸਲਾ ਬਹੁਤ ਹੀ ਨਿੰਦਣਯੋਗ ਤੇ ਮੰਦਭਾਗਾ ਹੈ। ਅਮਰੀਕੀ ਸਰਕਾਰ ਦੀ ਇਹ ਕਾਰਵਾਈ ਸਾਰਾਗੜ੍ਹੀ ਤੇ ਵਿਸ਼ਵ ਯੁੱਧ ਵਿੱਚ ਲੜਨ ਵਾਲੇ ਸਿੱਖ ਸੈਨਿਕਾਂ ਦਾ ਵੀ ਘੋਰ ਅਪਮਾਨ ਹੈ। ਉਨ੍ਹਾਂ ਇਸ ਗੱਲ 'ਤੇ ਜੋਰ ਦਿੱਤਾ ਕਿ ਵਾਲ ਨਾ ਕਟਵਾਉਣਾ ਸਿੱਖ ਧਰਮ ਦੀ ਵੱਖਰੀ ਪਛਾਣ ਤੇ ਇਸਦਾ ਅਨਿੱਖੜਵਾਂ ਅੰਗ ਹੈ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਤੁਰੰਤ ਇਸ ਮੁੱਦੇ ਨੂੰ ਅਮਰੀਕੀ ਸਰਕਾਰ ਕੋਲ ਉਠਾਉਣਾ ਚਾਹੀਦਾ ਹੈ ਤੇ ਇਸ ਫ਼ੈਸਲੇ ਨੂੰ ਉਲਟਾਉਣ ਲਈ ਕੂਟਨੀਤਕ ਦਬਾਅ ਪਾਉਣਾ ਚਾਹੀਦਾ ਹੈ।

# ਹਰਪਾਲ ਚੀਮਾ ਵੱਲੋਂ ਭਗਵਾਨ ਵਾਲਮੀਕਿ ਜੀ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਭਾਈਚਾਰਕ ਸਾਂਝ ਦੀਆਂ ਤੰਦਾਂ ਨੂੰ ਹੋਰ ਮਜ਼ਬੂਤ ਕਰਨ ਦਾ ਸੱਦਾ



ਜਲੰਧਰ, 6 ਅਕਤੂਬਰ (ਚ.ਨ.ਸ.): ਪੰਜਾਬ ਦੇ ਵਿੱਤ, ਆਬਕਾਰੀ ਤੇ ਕਰ ਤੇ ਯੋਜਨਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਭਗਵਾਨ ਵਾਲਮੀਕਿ ਜੀ ਮਹਾਰਾਜ ਦੇ ਪ੍ਰਗਟ ਉਤਸਵ ਸਬੰਧੀ ਸਜਾਈ ਸ਼ੋਭਾ ਯਾਤਰਾ ਦੀ ਸ਼ੁਰੂਆਤ ਕਰਦਿਆਂ ਲੋਕਾਂ ਨੂੰ ਆਪਸੀ ਭਾਈਚਾਰਕ ਸਾਂਝ ਦੀ ਮਜ਼ਬੂਤੀ ਲਈ ਸਰਬ ਸਾਂਝੀਵਾਲਤਾ ਦਾ ਸੰਦੇਸ਼ ਦੇਣ ਵਾਲੇ ਭਗਵਾਨ ਵਾਲਮੀਕਿ ਜੀ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਪਨਾਉਣ ਦਾ ਸੱਦਾ ਦਿੱਤਾ। ਲੋਕਾਂ ਨੂੰ ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਉਤਸਵ ਦੀ ਪੰਜਾਬ ਸਰਕਾਰ ਵੱਲੋਂ ਹਾਰਦਿਕ ਵਧਾਈ ਦਿੰਦਿਆਂ ਕੈਬਨਿਟ ਮੰਤਰੀ ਚੀਮਾ ਨੇ ਕਿਹਾ ਕਿ ਭਗਵਾਨ ਵਾਲਮੀਕਿ ਜੀ ਮਹਾਰਾਜ ਦੀਆਂ ਸਿੱਖਿਆਵਾਂ ਸਮਾਜ ਵਿੱਚ ਬਰਾਬਰਤਾ ਦੇ ਨਾਲ-ਨਾਲ ਨੈਤਿਕਤਾ 'ਤੇ ਜ਼ੋਰ ਦਿੰਦੀਆਂ ਹਨ, ਜੋ ਅਜੋਕੇ ਸਮੇਂ ਵਿੱਚ ਵੀ ਸਾਰਥਕ ਹਨ। ਉਨ੍ਹਾਂ ਕਿਹਾ ਕਿ ਸਾਨੂੰ ਭਗਵਾਨ ਵਾਲਮੀਕਿ ਜੀ ਦੀਆਂ ਸਿੱਖਿਆਵਾਂ ਤੋਂ ਸੇਧ ਲੈ ਕੇ ਆਦਰਸ਼ ਸਮਾਜ ਦੀ ਸਿਰਜਣਾ ਲਈ ਪੁਰਜ਼ੋਰ ਯਤਨ ਕਰਨੇ ਚਾਹੀਦੇ ਹਨ। ਇਸ ਮੌਕੇ ਵਿੱਤ ਮੰਤਰੀ ਵੱਲੋਂ ਸਿਟੀ ਵਾਲਮੀਕਿ ਸਭਾ ਨੂੰ 10 ਲੱਖ ਰੁਪਏ ਦੀ ਰਾਸ਼ੀ ਦੇਣ ਦਾ ਐਲਾਨ ਵੀ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਜੀ ਦੀ ਸੋਚ 'ਤੇ ਚੱਲਦਿਆਂ ਸਭ ਨੂੰ ਵਧ ਤੋਂ ਵੱਧ ਸਿੱਖਿਆ ਹਾਸਲ ਕਰਕੇ ਸੂਬੇ ਦੀ ਤਰੱਕੀ ਅਤੇ ਖੁਸ਼ਹਾਲੀ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਜਿਥੇ ਸਰਕਾਰੀ ਦਫ਼ਤਰਾਂ ਵਿੱਚ ਡਾ. ਬੀ. ਆਰ. ਅੰਬੇਡਕਰ ਅਤੇ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੀਆਂ ਤਸਵੀਰਾਂ ਲਗਾ ਕੇ ਨਵੀਂ ਪਹਿਲਕਦਮੀ ਕੀਤੀ ਗਈ ਹੈ, ਉਥੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਗੁਣਵੱਤਾ ਭਰਪੂਰ ਸਿੱਖਿਆ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਇਸ ਮੌਕੇ ਪੰਜਾਬ ਕੇਸਰੀ ਤੋਂ ਅਵਿਨਾਸ਼ ਚੋਪੜਾ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਪੰਜਾਬ ਦੇ ਖੁਰਾਕ, ਸਿਵਲ ਸਪਲਾਈਜ਼ ਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਸ਼ੋਭਾ ਯਾਤਰਾ ਵਿੱਚ ਸ਼ਿਰਕਤ ਕਰਦਿਆਂ ਕਿਹਾ ਕਿ ਭਗਵਾਨ ਵਾਲਮੀਕਿ ਜੀ ਮਹਾਰਾਜ ਦੀ ਮਹਾਨ ਰਚਨਾ "ਰਾਮਾਇਣ" ਮਨੁੱਖੀ ਕਦਰਾਂ ਕੀਮਤਾਂ ਦੀ ਇਕ ਸਾਕਾਰ ਰਚਨਾ ਹੈ। ਉਨ੍ਹਾਂ ਕਿਹਾ ਕਿ ਇਹ ਮਹਾਨ ਮਹਾਂਕਾਵਿ ਸਦੀਆਂ ਤੋਂ ਲੋਕਾਂ ਨੂੰ ਜੀਵਨ ਜਾਚ ਸਿਖਾ ਰਿਹਾ ਹੈ ਅਤੇ ਰਹਿੰਦੀ ਦੁਨੀਆ ਤੱਕ ਲੋਕਾਈ ਨੂੰ ਸੱਚ ਦਾ ਰਾਹ ਦਿਖਾਉਂਦਾ ਰਹੇਗਾ। ਇਸ ਮੌਕੇ ਉਨ੍ਹਾਂ ਨੌਜਵਾਨਾਂ ਨੂੰ ਭਗਵਾਨ ਵਾਲਮੀਕਿ ਜੀ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਆਪਸੀ ਸਾਂਝ ਦੀਆਂ ਤੰਦਾਂ ਨੂੰ ਹੋਰ ਮਜ਼ਬੂਤ ਕਰਨ ਲਈ ਪ੍ਰੇਰਿਆ। ਇਸ ਮੌਕੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਵੱਲੋਂ ਆਪਣੇ ਅਖ਼ਤਿਆਰੀ ਫੰਡ ਵਿੱਚੋਂ ਸਿਟੀ ਵਾਲਮੀਕਿ ਸਭਾ ਨੂੰ 2 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਗਿਆ। ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਸ਼ੋਭਾ ਯਾਤਰਾ ਵਿੱਚ ਸ਼ਾਮਲ ਹੁੰਦਿਆਂ ਸ਼ਰਧਾਲੂਆਂ ਨੂੰ ਭਗਵਾਨ ਵਾਲਮੀਕਿ ਜੀ ਮਹਾਰਾਜ ਦੇ ਪ੍ਰਗਟ ਉਤਸਵ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਭਗਵਾਨ ਵਾਲਮੀਕਿ ਜੀ ਦੀਆਂ ਸਿੱਖਿਆਵਾਂ ਵਿੱਚ ਬਰਾਬਰਤਾ ਦਾ ਉਪਦੇਸ਼ ਦਿੱਤਾ ਗਿਆ ਹੈ। ਪੰਜਾਬ ਦੇ ਖਣਨ, ਭੂ-ਵਿਗਿਆਨ, ਭੂਮੀ ਤੇ ਜਲ ਸੰਭਾਲ ਅਤੇ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਵੱਲੋਂ ਵੀ ਸ਼ੋਭਾ ਯਾਤਰਾ ਵਿੱਚ ਸ਼ਿਰਕਤ ਕੀਤੀ ਗਈ। ਉਨ੍ਹਾਂ ਇਸ ਮੌਕੇ ਸ਼ਰਧਾਲੂਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਗਵਾਨ ਵਾਲਮੀਕਿ ਜੀ ਦੀਆਂ ਸਿੱਖਿਆਵਾਂ ਚਾਨਣ ਮੁਨਾਰੇ ਵਾਂਗ ਹਨ, ਜੋ ਸਦੀਆਂ ਤੋਂ ਸਮਾਜ ਨੂੰ ਸੇਧ ਦਿੰਦੀਆਂ ਆ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਾਨੂੰ ਭਗਵਾਨ ਵਾਲਮੀਕਿ ਜੀ ਵੱਲੋਂ ਦਿੱਤੇ ਸਿਧਾਂਤਾਂ 'ਤੇ ਅਮਲ ਕਰਦੇ ਹੋਏ ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਵੱਲੋਂ ਵੀ ਸ਼ੋਭਾ ਯਾਤਰਾ ਵਿੱਚ ਸ਼ਿਰਕਤ ਕੀਤੀ ਗਈ। ਇਸ ਮੌਕੇ ਆਪਣੇ ਸੰਬੋਧਨ ਦੌਰਾਨ ਕੈਬਨਿਟ ਮੰਤਰੀ ਨੇ ਕਿਹਾ ਕਿ ਭਗਵਾਨ ਵਾਲਮੀਕਿ ਜੀ ਦਾ ਸੰਦੇਸ਼ ਅੱਜ ਦੇ ਯੁੱਗ ਵਿੱਚ ਵੀ ਪ੍ਰਸੰਗਿਕ ਹੈ, ਜਿਸ 'ਤੇ ਅਮਲ ਕਰਕੇ ਸਮਾਜ ਵਿੱਚ ਬਰਾਬਰਤਾ ਲਿਆਂਦੀ ਜਾ ਸਕਦੀ ਹੈ। ਇਸ ਮੌਕੇ ਪੰਜਾਬ ਰਾਜ ਸਫਾਈ ਕਰਮਚਾਰੀ ਕਮਿਸ਼ਨ ਦੇ ਚੇਅਰਮੈਨ ਚੰਦਨ ਗਰੇਵਾਲ, ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ, ਮੇਅਰ ਵਿਨੀਤ ਧੀਰ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਅੰਮ੍ਰਿਤਪਾਲ ਸਿੰਘ, ਇੰਪਰੂਵਮੈਂਟ ਟਰੱਸਟ ਜਲੰਧਰ ਦੇ ਚੇਅਰਮੈਨ ਰਮਣੀਕ ਸਿੰਘ ਰੰਧਾਵਾ, ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਿਡ ਦੇ ਚੇਅਰਮੈਨ ਮੰਗਲ ਸਿੰਘ ਬੱਸੀ, ਪੰਜਾਬ ਖਾਦੀ ਬੋਰਡ ਦੇ ਵਾਈਸ ਚੇਅਰਮੈਨ ਪਵਨ ਹੰਸ, ਸੀਨੀਅਰ 'ਆਪ' ਆਗੂ ਨਿਤਿਨ ਕੋਹਲੀ, ਰਾਜਵਿੰਦਰ ਕੌਰ ਥਿਆੜਾ, ਦਿਨੇਸ਼ ਢੱਲ ਤੋਂ ਇਲਾਵਾ ਹੋਰ ਵੀ ਸ਼ਖਸੀਅਤਾਂ ਮੌਜੂਦ ਸਨ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਵਸ ਸਬੰਧੀ ਸਜਾਏ ਜਾਣ ਵਾਲੇ ਨਗਰ ਕੀਰਤਨ ਦੇ ਰੂਟਾਂ ਦਾ ਨਿਰੀਖਣ ਕਰੇਗੀ ਮੰਤਰੀਆਂ ਦੀ ਟੀਮ : ਬੈਸ

ਚੰਡੀਗੜ੍ਹ, 6 ਅਕਤੂਬਰ (ਚ.ਨ.ਸ.): ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਮਨਾਉਣ ਲਈ ਵਿਆਪਕ ਪ੍ਰਬੰਧ ਪੂਰੇ ਜ਼ੋਰਾਂ-ਸ਼ੋਰਾਂ ਨਾਲ ਕੀਤੇ ਜਾ ਰਹੇ ਹਨ। ਤਿਆਰੀਆਂ ਦਾ ਜਾਇਜ਼ਾ ਲੈਣ ਲਈ ਸ. ਬੈਂਸ ਦੀ ਅਗਵਾਈ ਵਾਲੀ ਕੈਬਨਿਟ ਮੰਤਰੀਆਂ ਦੀ ਟੀਮ, ਜਿਸ ਵਿੱਚ ਹਰਭਜਨ ਸਿੰਘ ਈ.ਟੀ.ਓ. ਤੇ ਤਰੁਨਪ੍ਰੀਤ ਸਿੰਘ ਸੌਂਦ ਸ਼ਾਮਲ ਹਨ, ਸੂਬੇ ਭਰ ਵਿੱਚ ਕੱਢੇ ਜਾ ਰਹੇ ਚਾਰ ਪ੍ਰਮੁੱਖ ਨਗਰ ਕੀਰਤਨਾਂ ਦੇ ਨਿਰਧਾਰਤ ਰੂਟਾਂ ਦਾ 8 ਨਵੰਬਰ ਤੋਂ ਨਿਰੀਖਣ ਸ਼ੁਰੂ ਕਰੇਗੀ। ਹਰਜੋਤ ਸਿੰਘ ਬੈਂਸ ਨੇ ਦੱਸਿਆ,"ਅਸੀਂ ਵਿਕਾਸ ਪ੍ਰੋਜੈਕਟਾਂ, ਸੜਕਾਂ ਦੇ ਕੰਮਾਂ ਅਤੇ ਲੌਜਿਸਟਿਕਲ ਪ੍ਰਬੰਧਾਂ ਸਮੇਤ ਸਾਰੇ ਇੰਤਜ਼ਾਮਾਂ ਦੀ ਬਾਰੀਕੀ ਨਾਲ ਸਮੀਖਿਆ ਕਰਾਂਗੇ। ਅਸੀਂ ਇਸ ਇਤਿਹਾਸਕ ਮੌਕੇ ਲਈ ਸੁਚਾਰੂ ਅਤੇ ਸਫਲ ਤਾਲਮੇਲ ਨੂੰ ਯਕੀਨੀ ਬਣਾਉਣ ਲਈ ਡਿਪਟੀ ਕਮਿਸ਼ਨਰਾਂ, ਸਥਾਨਕ ਵਿਧਾਇਕਾਂ ਨਾਲ ਮੀਟਿੰਗ ਕਰਾਂਗੇ ਅਤੇ ਸੰਤ ਮਹਾਪੁਰਸ਼ਾਂ ਦਾ ਸਹਿਯੋਗ ਵੀ ਲੈ ਰਹੇ ਹਾਂ। ਜ਼ਿਕਰਯੋਗ ਹੈ ਕਿ ਭਗਵੰਤ ਸਿੰਘ ਮਾਨ ਨਾਲ ਧਾਰਮਿਕ ਪੈਨਲ ਦੀ ਮੀਟਿੰਗ ਤੋਂ ਬਾਅਦ ਸਿੱਖਿਆ ਮੰਤਰੀ ਅੱਜ ਸ਼ਾਮ ਇੱਥੇ ਪੰਜਾਬ ਭਵਨ ਵਿਖੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਨਾਲ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਬਾਬਾ ਬਲਬੀਰ ਸਿੰਘ ਜੀ 96 ਕਰੋੜੀ ਵਾਲੇ, ਬਾਬਾ ਕਸ਼ਮੀਰ ਸਿੰਘ ਜੀ ਭੂਰੀ ਵਾਲੇ,



ਬਾਬਾ ਸਤਨਾਮ ਸਿੰਘ ਜੀ ਕਿਲਾ ਅਨੰਦਗੜ੍ਹ ਸਾਹਿਬ ਵਾਲੇ, ਬਾਬਾ ਅਵਤਾਰ ਸਿੰਘ ਜੀ ਟਿੱਬੀ ਸਾਹਿਬ ਰੋਪੜ ਵਾਲੇ, ਬਾਬਾ ਤੀਰਥ ਸਿੰਘ ਜੀ ਤਪ ਅਸਥਾਨ ਭਾਈ ਜੈਤਾ ਜੀ ਅਤੇ ਬਾਬਾ ਜੀਵਨ ਸਿੰਘ, ਬਾਬਾ ਸੁਖਵਿੰਦਰ ਸਿੰਘ ਜੀ ਰਤਵਾੜਾ ਸਾਹਿਬ ਵਾਲੇ, ਐਮ.ਪੀ. ਸੰਤ ਬਲਬੀਰ ਸਿੰਘ ਸੀਚੇਵਾਲ, ਐਸ.ਜੀ.ਪੀ.ਸੀ. ਮੈਂਬਰ ਭਾਈ ਗੁਰਪ੍ਰੀਤ ਸਿੰਘ ਜੀ ਰੰਧਾਵੇ ਵਾਲੇ, ਪਰਮਜੀਤ ਸਿੰਘ ਰਾਮਪੁਰ ਵਾਲੇ, ਸੰਤ ਸੇਵਾ ਸਿੰਘ ਰਾਮਪੁਰ ਖੇੜੀ ਵਾਲੇ, ਬਾਬਾ ਗੁਰਦੇਵ ਸਿੰਘ ਸ਼ਹੀਦੀ ਬਾਗ ਸ੍ਰੀ ਅਨੰਦਪੁਰ ਸਾਹਿਬ ਵਾਲੇ ਅਤੇ ਹੋਰ ਪ੍ਰਮੁੱਖ ਧਾਰਮਿਕ ਸ਼ਖਸੀਅਤਾਂ ਨੇ ਅੱਜ ਦੀ ਮੀਟਿੰਗ ਵਿੱਚ ਸ਼ਿਰਕਤ ਕੀਤੀ।

ਉਨ੍ਹਾਂ ਦੱਸਿਆ ਕਿ ਸਮਾਗਮ 25 ਅਕਤੂਬਰ, 2025 ਨੂੰ ਦਿੱਲੀ ਦੇ ਗੁਰਦੁਆਰਾ ਸੀਸ ਗੰਜ ਸਾਹਿਬ ਤੋਂ ਅਰਦਾਸ ਨਾਲ ਸ਼ੁਰੂ ਹੋਣਗੇ, ਜਿਸ ਤੋਂ ਬਾਅਦ ਉਸੇ ਸ਼ਾਮ ਨੂੰ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਕੀਰਤਨ ਦਰਬਾਰ ਹੋਣਗੇ। ਇਸ ਤੋਂ ਬਾਅਦ, ਪੰਜਾਬ ਭਰ ਦੇ ਸਾਰੇ ਕਾਲਜਾਂ ਅਤੇ ਯੂਨੀਵਰਸਿਟੀਆਂ (ਨਿੱਜੀ ਅਤੇ ਏਡਿਡ) ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਸਿੱਖਿਆਵਾਂ ਅਤੇ ਸ਼ਹਾਦਤ ਦੇ ਨਾਲ-ਨਾਲ ਉਨ੍ਹਾਂ ਦੇ ਮਰਜੀਵੜੇ ਮੁਰੀਦਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਅਤੇ ਭਾਈ ਜੈਤਾ ਜੀ ਦੀਆਂ ਕੁਰਬਾਨੀਆਂ ਨੂੰ ਉਜਾਗਰ ਕਰਨ ਲਈ ਸੈਮੀਨਾਰ ਅਤੇ ਪ੍ਰੋਗਰਾਮ ਕਰਵਾਏ ਜਾਣਗੇ। ਹਰਜੋਤ ਸਿੰਘ ਬੈਂਸ ਨੇ ਕਿਹਾ ਕਿ 1 ਤੋਂ 18 ਨਵੰਬਰ ਤੱਕ ਸੂਬੇ ਭਰ ਦੇ ਸਾਰੇ 23 ਜ਼ਿਲ੍ਹਿਆਂ ਵਿੱਚ ਲਾਈਟ ਐਂਡ ਸਾਊਂਡ ਸ਼ੋਅ ਕਰਵਾਏ ਜਾਣਗੇ, ਜਿਸ ਵਿੱਚ 9ਵੇਂ ਗੁਰੂ ਸਾਹਿਬ ਦੇ ਜੀਵਨ ਅਤੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਬਾਰੇ ਦੱਸਿਆ ਜਾਵੇਗਾ। ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ 130 ਪਵਿੱਤਰ ਅਸਥਾਨਾਂ 'ਤੇ ਕੀਰਤਨ ਦਰਬਾਰ ਕਰਵਾਏ ਜਾਣਗੇ, ਜਿਸ ਵਿੱਚ ਪ੍ਰਮੁੱਖ ਸ਼ਹਿਰ ਅੰਮ੍ਰਿਤਸਰ (ਗੁਰੂ ਸਾਹਿਬ ਦਾ ਜਨਮ ਅਸਥਾਨ), ਬਾਬਾ ਬਕਾਲਾ (ਜਿੱਥੇ ਗੁਰੂ ਜੀ ਨੇ 26 ਸਾਲਾਂ ਤੋਂ ਵੱਧ ਸਮੇਂ ਤੱਕ ਬੰਦਗੀ ਤੇ ਭਗਤੀ ਕੀਤੀ ), ਸ੍ਰੀ ਅਨੰਦਪੁਰ ਸਾਹਿਬ (ਉਨ੍ਹਾਂ ਵੱਲੋਂ ਵਸਾਇਆ ਸ਼ਹਿਰ) ਅਤੇ ਪਟਿਆਲਾ (ਜਿੱਥੇ ਗੁਰੂ ਸਾਹਿਬ ਨੇ ਲੰਬਾ ਸਮਾਂ ਬਿਤਾਇਆ) ਵਿੱਚ ਵੱਡੇ ਸਮਾਗਮਾਂ ਦੀ ਯੋਜਨਾ ਬਣਾਈ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਇਨ੍ਹਾਂ ਸ਼ਹਿਰਾਂ ਦੇ ਸੁੰਦਰੀਕਰਨ ਲਈ ਇੱਕ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ। ਸਿੱਖਿਆ ਮੰਤਰੀ ਨੇ ਦੱਸਿਆ ਕਿ ਚਾਰ ਨਗਰ ਕੀਰਤਨ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਸ਼ੁਰੂ ਹੋ ਕੇ 22 ਨਵੰਬਰ ਦੀ ਸ਼ਾਮ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੰਪੂਰਨ ਹੋਣਗੇ। ਇੱਕ ਨਗਰ ਕੀਰਤਨ 19 ਨਵੰਬਰ ਨੂੰ ਸ੍ਰੀਨਗਰ (ਜੰਮੂ ਅਤੇ ਕਸ਼ਮੀਰ) ਤੋਂ ਗੁਰਦੁਆਰਾ ਛੇਵੀਂ ਪਾਤਸ਼ਾਹੀ ਤੋਂ ਸ਼ੁਰੂ ਹੋਵੇਗਾ, ਜੋ ਜੰਮੂ, ਪਠਾਨਕੋਟ ਅਤੇ ਹੁਸ਼ਿਆਰਪੁਰ 'ਚੋਂ ਗੁਜ਼ਰੇਗਾ। ਇਸ ਨਗਰ ਕੀਰਤਨ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸੰਤ ਮਹਾਂਪੁਰਸ਼ ਸ਼ਾਮਲ ਹੋਣਗੇ, ਜੋ ਸੂਬੇ ਦੇ ਧਾਰਮਿਕ ਪੈਨਲ ਦਾ ਹਿੱਸਾ ਹਨ। ਇੱਕ ਹੋਰ ਨਗਰ ਕੀਰਤਨ ਗੁਰਦਾਸਪੁਰ ਤੋਂ ਸ਼ੁਰੂ ਹੋਵੇਗਾ, ਜੋ ਬਟਾਲਾ, ਬਾਬਾ ਬਕਾਲਾ, ਅੰਮ੍ਰਿਤਸਰ, ਜਲੰਧਰ, ਬਲਾਚੌਰ ਤੇ ਨੂਰਪੁਰ ਬੇਦੀ ਹੁੰਦਾ ਹੋਇਆ ਅਨੰਦਪੁਰ ਸਾਹਿਬ ਪਹੁੰਚੇਗਾ। ਤੀਜਾ ਨਗਰ ਕੀਰਤਨ ਮਾਲਵੇ ਦੇ ਫਰੀਦਕੋਟ ਤੋਂ ਸ਼ੁਰੂ ਹੋਵੇਗਾ, ਜੋ ਫਿਰੋਜ਼ਪੁਰ, ਮੋਗਾ, ਲੁਧਿਆਣਾ ਅਤੇ ਫਤਿਹਗੜ੍ਹ ਸਾਹਿਬ ਨੂੰ ਕਵਰ ਕਰੇਗਾ ਅਤੇ ਚੌਥਾ ਨਗਰ ਕੀਰਤਨ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਸ਼ੁਰੂ ਹੋ ਕੇ ਬਠਿੰਡਾ, ਸੰਗਰੂਰ, ਪਟਿਆਲਾ ਤੇ ਮੋਹਾਲੀ ਵਿੱਚੋਂ ਹੁੰਦਾ ਹੋਇਆ 22 ਨਵੰਬਰ ਦੀ ਸ਼ਾਮ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਮਾਪਤ ਹੋਵੇਗਾ। ਸ. ਬੈਂਸ ਨੇ ਕਿਹਾ ਕਿ ਮੁੱਖ ਸਮਾਗਮ 23 ਤੋਂ 25 ਨਵੰਬਰ ਤੱਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਣਗੇ, ਜਿਸ ਵਿੱਚ ਵਿਸ਼ਵ ਭਰ ਤੋਂ 1 ਕਰੋੜ ਤੋਂ ਵੱਧ ਸੰਗਤ ਦੇ ਆਉਣ ਦੀ ਉਮੀਦ ਹੈ। 19 ਤੋਂ 30 ਨਵੰਬਰ ਤੱਕ ਰੋਜ਼ਾਨਾ 11,000 ਤੋਂ ਵੱਧ ਸ਼ਰਧਾਲੂਆਂ ਦੇ ਠਹਿਰਨ ਲਈ ਸ੍ਰੀ ਅਨੰਦਪੁਰ ਸਾਹਿਬ ਵਿਖੇ ਇੱਕ ਟੈਂਟ ਸਿਟੀ "ਚੱਕ ਨਾਨਕੀ" ਸਥਾਪਤ ਕੀਤੀ ਜਾਵੇਗੀ। ਇਹ ਸਮਾਗਮ 23 ਨਵੰਬਰ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਨਾਲ ਸ਼ੁਰੂ ਹੋਣਗੇ, ਇਸ ਤੋਂ ਬਾਅਦ ਸਰਬ ਧਰਮ ਸੰਮੇਲਨ, ਵਿਰਾਸਤ-ਏ-ਖਾਲਸਾ ਵਿਖੇ ਇੱਕ ਪ੍ਰਦਰਸ਼ਨੀ, ਸ਼ਾਮ 5 ਵਜੇ ਗੁਰੂ ਤੇਗ ਬਹਾਦਰ ਸਾਹਿਬ ਦੇ ਜੀਵਨ ਅਤੇ ਲਾਸਾਨੀ ਕੁਰਬਾਨੀ ਨੂੰ ਦਰਸਾਉਂਦਾ ਸੂਬੇ ਦਾ ਪਹਿਲਾ ਪਹਿਲਾ ਡਰੋਨ ਸ਼ੋਅ ਅਤੇ ਸ਼ਾਮ 6 ਵਜੇ ਕੀਰਤਨ ਦਰਬਾਰ ਹੋਵੇਗਾ। ਦਿਨ ਦਾ ਸਮਾਪਨ 'ਸ਼ਹਾਦਤ ਦੀ ਲੋਅ" ਨਾਲ ਹੋਵੇਗਾ ਜੋ ਪਵਿੱਤਰ ਸ਼ਹਿਰ ਨੂੰ ਮਸ਼ਾਲਾਂ ਨਾਲ ਰੌਸ਼ਨਾਏਗਾ। 24 ਨਵੰਬਰ ਨੂੰ ਨਗਰ ਕੀਰਤਨ "ਸੀਸ ਭੇਟ" ਸ੍ਰੀ ਕੀਰਤਪੁਰ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ ਵੱਲ ਰਵਾਨਾ ਹੋਵੇਗਾ। ਇਸ ਇਤਿਹਾਸਕ ਮੌਕੇ ਪਹਿਲੀ ਵਾਰ ਸ੍ਰੀ ਆਨੰਦਪੁਰ ਸਾਹਿਬ ਵਿਖੇ ਭਾਈ ਜੈਤਾ ਜੀ ਸਮਾਰਕ ਵਿਖੇ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਹੋਵੇਗਾ। 25 ਨਵੰਬਰ ਨੂੰ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਬਾਅਦ ਪ੍ਰਸਿੱਧ ਕੀਰਤਨੀਏ 9ਵੇਂ ਗੁਰੂ ਸਾਹਿਬ ਦੇ ਸ਼ਬਦਾਂ ਦਾ ਰਸਭਿੰਨਾ ਗਾਇਨ ਕਰਨਗੇ। ਇਨ੍ਹਾਂ ਸਮਾਗਮਾਂ ਵਿੱਚ ਰਾਜ ਪੱਧਰੀ ਖੂਨਦਾਨ ਕੈਂਪ, ਜੰਗਲਾਤ ਵਿਭਾਗ ਵੱਲੋਂ 3.50 ਲੱਖ ਬੂਟੇ ਲਗਾਉਣ ਸਬੰਧੀ ਇੱਕ ਮੈਗਾ ਮੁਹਿੰਮ ਅਤੇ ਸਿਹਤ ਵਿਭਾਗ ਵੱਲੋਂ ਅੰਗ ਦਾਨ ਲਈ ਅਹਿਦ ਲੈਣ ਸਬੰਧੀ ਸਮਾਗਮ ਵੀ ਸ਼ਾਮਲ ਹਨ।

## ਭਾਰਤ ਸਰਕਾਰ ਦੀ ਸੂਚੀ ਵਿੱਚ ਪੰਜਾਬ ਦੀਆਂ ਜਾਤਾਂ ਨੂੰ ਸ਼ਾਮਲ ਕਰਨ ਲਈ ਨੈਸ਼ਨਲ ਕਮਿਸ਼ਨ ਦੀ ਮੀਟਿੰਗ

**ਜਨਤਕ ਸੁਣਵਾਈ 9 ਨੂੰ**

ਚੰਡੀਗੜ੍ਹ, 6 ਅਕਤੂਬਰ (ਚ.ਨ.ਸ.): ਸਰਕਾਰੀ ਬੁਲਾਰੇ ਨੇ ਦੱਸਿਆ ਕਿ ਨੈਸ਼ਨਲ ਕਮਿਸ਼ਨ ਫਾਰ ਪੱਛੜੀਆਂ ਸ਼੍ਰੇਣੀਆਂ, ਨਵੀਂ ਦਿੱਲੀ ਵੱਲੋਂ ਭਾਰਤ ਸਰਕਾਰ ਦੀ ਓ.ਬੀ.ਸੀ. ਸੂਚੀ ਵਿੱਚ ਵੱਖ-ਵੱਖ ਜਾਤਾਂ ਨੂੰ ਸ਼ਾਮਲ ਕਰਨ ਸਬੰਧੀ ਮਿਤੀ 09 ਅਕਤੂਬਰ 2025 ਨੂੰ ਬਾਅਦ ਦੁਪਹਿਰ 2:00 ਵਜੇ ਯੂ.ਟੀ. ਗੈਸਟ ਹਾਊਸ, ਚੰਡੀਗੜ੍ਹ ਵਿਖੇ ਇੱਕ ਜਨਤਕ ਸੁਣਵਾਈ ਦਾ ਆਯੋਜਨ ਕੀਤਾ ਜਾ ਰਿਹਾ ਹੈ।

ਬੁਲਾਰੇ ਨੇ ਕਿਹਾ ਕਿ ਇਸ ਜਨਤਕ ਸੁਣਵਾਈ (ਪਬਲਿਕ ਹਿਅਰਿੰਗ) ਦਾ ਉਦੇਸ਼ ਸਬੰਧਤ ਜਾਤੀਆਂ ਦੇ ਪ੍ਰਤੀਨਿਧੀਆਂ ਵੱਲੋਂ ਆਪਣੇ ਸੁਝਾਅ, ਤੱਥ ਅਤੇ ਮੰਗਾਂ ਨੂੰ ਸਿੱਧੇ ਤੌਰ 'ਤੇ ਕਮਿਸ਼ਨ ਸਾਹਮਣੇ ਪੇਸ਼ ਕਰਨ ਦਾ ਮੌਕਾ ਪ੍ਰਦਾਨ ਕਰਨਾ ਹੈ।

ਸਰਕਾਰ ਵੱਲੋਂ ਸਬੰਧਤ ਜਾਤੀਆਂ ਦੇ ਸਮੂਹਾਂ ਅਤੇ ਪ੍ਰਤੀਨਿਧਤਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਇਸ ਜਨਤਕ ਸੁਣਵਾਈ (ਪਬਲਿਕ ਹਿਅਰਿੰਗ) ਵਿੱਚ ਸਰਗਰਮੀ ਨਾਲ ਸ਼ਮੂਲੀਅਤ ਕਰਦੇ ਹੋਏ ਆਪਣੇ ਵਿਚਾਰ ਕਮਿਸਨ ਸਾਹਮਣੇ ਰੱਖਣ।

# ਡਾ. ਬਲਜੀਤ ਕੌਰ ਵੱਲੋਂ 3.31 ਕਰੋੜ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਦੀ ਸ਼ੁਰੂਆਤ



ਚੰਡੀਗੜ੍ਹ/ਮਲੋਟ/ਸ੍ਰੀ ਮੁਕਤਸਰ ਸਾਹਿਬ, 6 ਅਕਤੂਬਰ (ਚ.ਨ.ਸ.): ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਵੱਲੋਂ ਮਲੋਟ ਹਲਕੇ ਦੇ ਪਿੰਡ ਜੰਡਵਾਲਾ, ਥੇਹੜ੍ਹੀ ਅਤੇ ਫਕਰਸਰ ਵਿਖੇ ਕਰੀਬ 3.31 ਕਰੋੜ ਰੁਪਏ ਦੀ ਲਾਗਤ ਵਾਲੇ ਵੱਖ-ਵੱਖ ਵਿਕਾਸ ਕੰਮਾਂ ਦੀ ਸ਼ੁਰੂਆਤ ਕਰਵਾਈ। ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਜਦੋਂ ਕਰਨ ਵਾਲਿਆਂ ਦੀ ਨੀਅਤ ਸਾਫ ਹੋਵੇ ਤਾਂ ਕਿਸੇ ਵੀ ਕੰਮ ਵਿੱਚ ਅੜਿੱਕਾ ਨਹੀਂ ਲਗਦਾ ਤੇ ਸਾਰੇ ਕਾਰਜ ਬਹੁਤ ਵਧੀਆ ਢੰਗ ਨਾਲ ਸਿਰੇ ਚੜ੍ਹਦੇ ਹਨ। ਪੰਜਾਬ ਸਰਕਾਰ ਨੇਕ ਨੀਅਤ ਨਾਲ ਦਿਨ ਰਾਤ ਇੱਕ ਕਰ ਕੇ ਪੰਜਾਬ ਦੀ ਤਰੱਕੀ ਲਈ ਕੰਮ ਕਰ ਰਹੀ ਹੈ। ਮੌਜੂਦਾ ਸੂਬਾ ਸਰਕਾਰ ਵੱਲੋਂ ਜਿੰਨੇ ਕੰਮ ਆਪਣੇ ਹੁਣ ਤਕ ਦੇ ਕਾਰਜਕਾਲ ਦੌਰਾਨ ਕਰ ਦਿੱਤੇ ਗਏ ਹਨ, ਓਨੇ ਕਾਰਜ ਤਾਂ ਹੁਣ ਤਕ ਦੀਆਂ ਸਾਰੀਆਂ ਸਰਕਾਰਾਂ ਨਹੀਂ ਕਰ ਸਕੀਆਂ ਸਨ।

ਕੈਬਨਿਟ ਮੰਤਰੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵਿਕਾਸ ਕਾਰਜਾਂ ਦੀ ਖੁਦ ਨਿਗਰਾਨੀ ਕਰਨ ਅਤੇ ਜੇਕਰ ਕਿਤੇ ਕੋਈ ਤਰੁਟੀ ਲਗਦੀ ਹੈ ਤਾਂ ਫੌਰੀ ਉਹਨਾਂ ਦੇ ਧਿਆਨ ਵਿੱਚ ਲਿਆਂਦੀ ਜਾਵੇ। ਉਹਨਾਂ ਆਖਿਆ ਕਿ ਪੰਜਾਬ ਸਰਕਾਰ ਨੇ ਅਪਣੇ ਹੁਣ ਤਕ ਦੇ ਕਾਰਜ ਕਾਲ ਦੌਰਾਨ ਮਿਸਾਲੀ ਕੰਮ ਕੀਤਾ ਹੈ ਤੇ ਅੱਗੇ ਵਿਕਾਸ ਕਾਰਜਾਂ ਵਿੱਚ ਹੋਰ ਤੇਜੀ ਲਿਆਂਦੀ ਜਾ ਰਹੀ ਹੈ। ਇਸ ਮੌਕੇ ਕੈਬਨਿਟ ਮੰਤਰੀ ਨੇ ਲੋਕਾਂ ਦੀਆਂ ਮੁਸਕਲਾਂ ਵੀ ਸੁਣੀਆਂ ਤੇ ਉਹਨਾਂ ਵਿਚੋਂ ਕਈ ਮੌਕੇ ਉੱਤੇ ਹੀ ਹੱਲ ਕੀਤੀਆਂ ਤੇ ਬਾਕੀਆਂ ਸਬੰਧੀ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ।

ਇਸ ਮੌਕੇ ਸਰਪੰਚ ਨਿਰਮਲ ਸਿੰਘ ਪਿੰਡ ਜੰਡਵਾਲਾ, ਸਰਪੰਚ ਮਨਪ੍ਰੀਤ ਕੌਰ ਪਿੰਡ ਥੇਹੜ੍ਹੀ, ਸਰਪੰਚ ਮਨਪ੍ਰੀਤ ਸਿੰਘ ਢਿੱਲੋਂ ਪਿੰਡ ਫਕਰਸਰ, ਸਬੰਧਤ ਵਿਭਾਗਾਂ ਦੇ ਅਧਿਕਾਰੀ ਤੇ ਪੰਚਾਇਤ ਮੈਂਬਰ ਹਾਜ਼ਰ ਸਨ।




## ਸੰਪਾਦਕੀ

# ਨਵੇਂ ਅਧਿਆਇ ਸ਼ੁਰੂ ਹੋਣਗੇ

ਜਦੋਂ ਅਮਰੀਕਾ ਨੇ ਆਪਣੀ ਟੈਰਿਫ ਨੀਤੀ ਦਾ ਐਲਾਨ ਕੀਤਾ ਤਾਂ ਇਸਨੂੰ ਪ੍ਰਭਾਵਿਤ ਦੇਸ਼ਾਂ 'ਤੇ ਦਬਾਅ ਪਾਉਣ ਦੇ ਸਾਧਨ ਵਜੋਂ ਜ਼ਿਆਦਾ ਦੇਖਿਆ ਗਿਆ, ਨਾ ਕਿ ਆਪਣੇ ਆਰਥਿਕ ਹਿੱਤਾਂ ਨੂੰ ਯਕੀਨੀ ਬਣਾਉਣ ਦੇ ਸਾਧਨ ਵਜੋਂ। ਸਵਾਲ ਇਹ ਹੈ ਕਿ ਕੀ ਅਮਰੀਕਾ ਦਾ ਟੈਰਿਫ ਲਗਾਉਣ ਦਾ ਇਰਾਦਾ ਪਹਿਲਾਂ 25 ਪ੍ਰਤੀਸ਼ਤ ਅਤੇ ਫਿਰ 50 ਪ੍ਰਤੀਸ਼ਤ, ਭਾਰਤ ਨੂੰ ਵਪਾਰਕ ਗੱਲਬਾਤ ਵਿੱਚ ਆਪਣੀਆਂ ਸ਼ਰਤਾਂ ਨਾਲ ਸਹਿਮਤ ਕਰਵਾਉਣਾ ਸੀ? ਇਹ ਬਿਨਾਂ ਵਜ੍ਹਾ ਨਹੀਂ ਹੈ ਕਿ ਭਾਰਤ ਨੇ ਇਸ ਅਮਰੀਕੀ ਪਹੁੰਚ ਅੱਗੇ ਝੁਕਣ ਦੀ ਬਜਾਏ, ਵਿਕਲਪ ਵਿਕਸਤ ਕਰਨੇ ਸ਼ੁਰੂ ਕਰ ਦਿੱਤੇ ਅਤੇ ਹੁਣ ਨਤੀਜੇ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। ਮਹੱਤਵਪੂਰਨ ਗੱਲ ਇਹ ਹੈ ਕਿ ਸ਼ੁੱਕਰਵਾਰ ਨੂੰ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਆਪਣੀ ਸਰਕਾਰ ਨੂੰ ਭਾਰੀ ਕੱਚੇ ਤੇਲ ਦੀ ਦਰਾਮਦ ਕਾਰਨ ਭਾਰਤ ਨਾਲ ਵਪਾਰ ਅਸੰਤੁਲਨ ਨੂੰ ਘਟਾਉਣ ਲਈ ਤੁਰੰਤ ਉਪਾਅ ਕਰਨ ਦਾ ਨਿਰਦੇਸ਼ ਦਿੱਤਾ। ਇਸ ਫੈਸਲੇ ਨੂੰ ਜੇਕਰ ਲਾਗੂ ਕੀਤਾ ਜਾਂਦਾ ਹੈ ਤਾਂ ਭਾਰਤ ਤੋਂ ਖੇਤੀਬਾੜੀ ਉਤਪਾਦਾਂ ਅਤੇ ਦਵਾਈਆਂ ਦੀ ਖਰੀਦ ਵਿੱਚ ਵਾਧਾ ਹੋ ਸਕਦਾ ਹੈ। ਇਸ ਨਿਰਦੇਸ਼ ਦੀ ਮਹੱਤਤਾ ਇਸ ਸਾਲ ਦੇ ਅੰਤ ਵਿੱਚ ਪੁਤਿਨ ਦੀ ਪ੍ਰਸਤਾਵਿਤ ਭਾਰਤ ਫੇਰੀ ਦੇ ਮੱਦੇਨਜ਼ਰ ਸਪੱਸ਼ਟ ਹੈ। ਦਰਅਸਲ, ਅਮਰੀਕਾ ਨੇ ਭਾਰਤ 'ਤੇ ਦਬਾਅ ਵਧਾਉਣ ਦੀ ਕੋਸ਼ਿਸ਼ ਵਿੱਚ, ਨਾ ਸਿਰਫ਼ ਟੈਰਿਫ ਨੀਤੀ ਦਾ ਐਲਾਨ ਕੀਤਾ ਬਲਕਿ ਰੂਸ ਤੋਂ ਤੇਲ ਦੀ ਦਰਾਮਦ 'ਤੇ ਜੁਰਮਾਨੇ ਲਗਾਉਣ ਦੀ ਧਮਕੀ ਵੀ ਦਿੱਤੀ। ਇਸ ਦਾ ਸਪੱਸ਼ਟ ਅਰਥ ਇਹ ਸੀ ਕਿ ਭਾਰਤ ਨੂੰ ਰੂਸ ਤੋਂ ਤੇਲ ਖਰੀਦਣਾ ਬੰਦ ਕਰ ਦੇਣਾ ਚਾਹੀਦਾ ਹੈ। ਇਸ ਪਿੱਛੇ ਜੋ ਵੀ ਮਨੋਰਥ ਹੋਵੇ, ਅੱਜ ਦੇ ਬਹੁਧਰੁਵੀ ਸੰਸਾਰ ਵਿੱਚ ਭਾਰਤ ਵਰਗੇ ਪ੍ਰਭੂਸੱਤਾ ਸੰਪੰਨ ਅਤੇ ਵਿਸ਼ਵ ਪੱਧਰ 'ਤੇ ਸਤਿਕਾਰਤ ਦੇਸ਼ ਨੂੰ ਆਪਣੀਆਂ ਸ਼ਰਤਾਂ 'ਤੇ ਚਲਾਉਣਾ ਅਸੰਭਵ ਹੈ। ਇਹ ਅਜੀਬ ਹੈ ਕਿ ਅਮਰੀਕਾ ਨੇ ਸਹਿਯੋਗ ਅਤੇ ਭਾਈਵਾਲੀ 'ਤੇ ਆਧਾਰਿਤ ਨਵੇਂ ਵਿਕਲਪਾਂ ਦੀ ਖੋਜ ਕਰਨ ਅਤੇ ਦੁਵੱਲੇ ਹਿੱਤਾਂ ਅਤੇ ਸਤਿਕਾਰ 'ਤੇ ਆਧਾਰਿਤ ਆਰਥਿਕ ਸਬੰਧਾਂ 'ਤੇ ਵਿਚਾਰ ਕਰਨ ਦੀ ਬਜਾਏ, ਦਬਾਅ ਦੀਆਂ ਰਣਨੀਤੀਆਂ ਦਾ ਸਹਾਰਾ ਲਿਆ। ਹਾਲਾਂਕਿ, ਯੂਕਰੇਨ ਅਤੇ ਰੂਸ ਵਿਚਕਾਰ ਜੰਗ ਦੇ ਸੰਦਰਭ ਵਿੱਚ ਭਾਰਤ ਨੇ ਅਮਰੀਕਾ ਅਤੇ ਨਾਟੋ ਦੇਸ਼ਾਂ ਦੁਆਰਾ ਰੂਸ ਨੂੰ ਅਲੱਗ-ਥਲੱਗ ਕਰਨ ਲਈ ਅਪਣਾਈ ਜਾ ਰਹੀ ਰਣਨੀਤੀ ਵਿੱਚ ਹਿੱਸਾ ਲੈਣ ਜਾਂ ਉਸ ਦੇ ਅੱਗੇ ਝੁਕਣ ਤੋਂ ਇਨਕਾਰ ਕਰ ਦਿੱਤਾ ਅਤੇ ਰੂਸ ਤੋਂ ਕੱਚਾ ਤੇਲ ਆਯਾਤ ਕਰਨਾ ਜਾਰੀ ਰੱਖਿਆ। ਇਸ ਤੋਂ ਇਲਾਵਾ ਤੇਜ਼ੀ ਨਾਲ ਬਦਲਦੀ ਭੂ-ਰਾਜਨੀਤਿਕ ਸਥਿਤੀ ਵਿੱਚ ਭਾਰਤ ਲਈ ਅਮਰੀਕਾ ਦੇ ਹਰ ਫੈਸਲੇ ਨੂੰ ਮੰਨਣ ਦੀ ਬਜਾਏ ਆਪਣੇ ਹਿੱਤਾਂ ਨੂੰ ਤਰਜੀਹ ਦੇਣਾ ਵਧੇਰੇ ਮਹੱਤਵਪੂਰਨ ਹੈ। ਸਪੱਸ਼ਟ ਤੌਰ 'ਤੇ ਭਾਰਤ ਵੱਲੋਂ ਇਹ ਦ੍ਰਿੜਤਾ ਰੂਸ ਦੀਆਂ ਨਜ਼ਰਾਂ ਵਿੱਚ ਮਹੱਤਵਪੂਰਨ ਹੋਵੇਗੀ ਅਤੇ ਇਸ ਲਈ ਇਸਨੇ ਵਪਾਰ ਸੰਤੁਲਨ ਬਣਾਈ ਰੱਖਣ ਦੀ ਪਿੱਠਭੂਮੀ ਵਿੱਚ ਦੁਵੱਲੇ ਸਬੰਧਾਂ ਨੂੰ ਮੁੜ ਆਕਾਰ ਦੇਣ ਲਈ ਕਦਮ ਚੁੱਕੇ ਹਨ। ਭਾਰਤ ਅਤੇ ਰੂਸ ਨੇ ਦੋਸਤਾਨਾ ਸਬੰਧਾਂ ਦਾ ਲੰਮਾ ਇਤਿਹਾਸ ਮਾਣਿਆ ਹੈ। ਚੁਣੌਤੀਪੂਰਨ ਹਾਲਾਤਾਂ ਵਿੱਚ ਵੀ, ਦੋਵਾਂ ਦੇਸ਼ਾਂ ਵਿਚਕਾਰ ਕਦੇ ਵੀ ਕੋਈ ਸਮੱਸਿਆ ਜਾਂ ਤਣਾਅ ਨਹੀਂ ਆਇਆ, ਜਿਸ ਦੇ ਨਤੀਜੇ ਵਜੋਂ ਕੋਈ ਅੰਦਰੂਨੀ ਟਕਰਾਅ ਹੋਇਆ। ਦਰਅਸਲ, ਕੂਟਨੀਤਕ ਤੋਂ ਲੈ ਕੇ ਸੱਭਿਆਚਾਰਕ ਅਤੇ ਆਰਥਿਕ ਤੱਕ, ਦੋਵੇਂ ਦੇਸ਼ਾਂ ਨੇ ਇੱਕ ਦੂਜੇ ਦੀਆਂ ਤਰਜੀਹਾਂ ਅਤੇ ਲੋੜ-ਅਧਾਰਤ ਨੀਤੀਗਤ ਫੈਸਲਿਆਂ ਦੀ ਸੰਵੇਦਨਸ਼ੀਲਤਾ ਦਾ ਲਗਾਤਾਰ ਸਤਿਕਾਰ ਕੀਤਾ ਹੈ ਅਤੇ ਆਪਣੀਆਂ ਸਰਹੱਦਾਂ ਦੇ ਅੰਦਰ ਹਰ ਪੱਧਰ 'ਤੇ ਸਹਿਯੋਗ ਕੀਤਾ ਹੈ। ਸੰਯੁਕਤ ਰਾਜ ਅਮਰੀਕਾ ਦੇ ਦਬਾਅ ਦੇ ਬਾਵਜੂਦ ਰੂਸ ਤੋਂ ਕੱਚਾ ਤੇਲ ਆਯਾਤ ਕਰਨ ਲਈ ਭਾਰਤ ਦੀ ਨਿਰੰਤਰ ਅਟੁੱਟ ਵਚਨਬੱਧਤਾ, ਇਸ ਰੁਝਾਨ ਦੀ ਨਿਰੰਤਰਤਾ ਹੈ। ਰੂਸ ਨੇ ਇਸ ਫੈਸਲੇ ਦੀ ਮਹੱਤਤਾ ਨੂੰ ਪਛਾਣ ਲਿਆ ਹੈ ਅਤੇ ਵਪਾਰ ਨੂੰ ਸੰਤੁਲਿਤ ਕਰਨ ਲਈ ਪੁਤਿਨ ਦੇ ਨਿਰਦੇਸ਼ ਨੂੰ ਇੱਕ ਸੰਕੇਤ ਵਜੋਂ ਦੇਖਿਆ ਜਾ ਸਕਦਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਦੋਵਾਂ ਦੇਸ਼ਾਂ ਵਿਚਕਾਰ ਆਰਥਿਕ ਅਤੇ ਰਣਨੀਤਕ ਸਹਿਯੋਗ ਦੇ ਨਵੇਂ ਅਧਿਆਇ ਸ਼ੁਰੂ ਹੋਣਗੇ।

**-ਜਗਜੀਤ ਸਿੰਘ ਦਰਦੀ**

# ਭਵਿੱਖ ਦੀ ਦੁਨੀਆਂ ਨੂੰ ਬਿਮਾਰੀਆਂ ਤੋਂ ਬਚਾਉਣ ਦੀ ਕੋਸ਼ਿਸ਼



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ




ਦੁਨੀਆਂ ਦੇ ਪ੍ਰਸਿੱਧ ਵਿਗਿਆਨੀ ਜਿਨਾਂ ਨੂੰ ਇਸ ਨੋਬਲ ਪੁਰਸਕਾਰ ਦਿੱਤਾ ਗਿਆ ਹੈ।

ਮੈਡੀਕਲ ਸਾਇੰਸ ਦੇ ਇਸ ਸਾਲ ਦੇ ਨੋਬਲ ਪੁਰਸਕਾਰਾਂ ਦੇ ਐਲਾਨ ਹੁੰਦਿਆਂ ਹੀ ਹੁਣ ਇਹ ਸਾਹਮਣੇ ਆ ਗਿਆ ਹੈ ਕਿ ਦੁਨੀਆਂ ਦੇ ਵਿਗਿਆਨੀ ਮਨੁੱਖ ਨੂੰ ਬਚਾਉਣ ਵਾਸਤੇ ਤੇ ਉਸਦੀ ਲੰਬੀ ਉਮਰ ਵਾਸਤੇ ਕੀ ਕਰ ਸਕਦੇ ਹਨ। ਇਸ ਸਾਲ ਜਿਨ੍ਹਾਂ ਤਿੰਨ ਦੁਨੀਆਂ ਦੇ ਚੋਟੀ ਦੇ ਵਿਗਿਆਨਕਾਂ ਨੂੰ ਇਹ ਪੁਰਸਕਾਰ ਦਿੱਤਾ ਜਾ ਰਿਹਾ ਹੈ। ਉਹਨਾਂ ਨੇ ਇਸੇ ਉਦਮ ਸਦਕਾ ਅਜਿਹੇ ਸੈੱਲਾਂ ਦੇ ਨਿਰਮਾਣ ਦੀ ਖੋਜ ਕੀਤੀ ਹੈ, ਜਿਸ ਨਾਲ ਆਮ ਆਦਮੀ ਦਾ ਜੀਵਨ ਲੰਬਾ ਹੋ ਸਕਦਾ ਹੈ। ਇਸ 'ਤੇ ਵਿਚਾਰ ਕਰਦਿਆਂ ਹੋਇਆਂ ਇਹ ਖੋਜ ਨਾ ਸਿਰਫ਼ ਅਤੀਤ ਨੂੰ ਸਮਝਾਉਂਦੀ ਹੈ ਬਲਕਿ ਭਵਿੱਖ ਨੂੰ ਰੂਪ ਦਿੰਦੀ ਹੈ- ਇੱਕ ਅਜਿਹਾ ਭਵਿੱਖ ਜਿੱਥੇ ਬਿਮਾਰੀਆਂ ਨਾ ਹੋਣ ਅਤੇ ਜੀਵਨ ਲੰਮਾ ਹੋਵੇ।

ਸਾਡੇ ਇਮਿਊਨ ਸਿਸਟਮ ਵਿੱਚ ਰੈਗੂਲੇਟਰੀ ਟੀ ਸੈੱਲਾਂ ਦੀ ਖੋਜ - ਇੱਕ ਵਿਸ਼ਵ ਵਿਆਪੀ ਬਦਲਾਅ ਦੀ ਸ਼ੁਰੂਆਤ , 6 ਅਕਤੂਬਰ 2025 ਨੂੰ ਨੋਬਲ ਪੁਰਸਕਾਰਾਂ ਦੇ ਐਲਾਨਾਂ ਦੀ ਲੜੀ ਸ਼ੁਰੂ ਹੋ ਗਈ ਹੈ ਅਤੇ ਪਹਿਲਾ ਪੁਰਸਕਾਰ ਫਿਜ਼ੀਓਲੋਜੀ ਜਾਂ ਮੈਡੀਸਨ ਵਿੱਚ ਮਾਰੀ ਈ. ਬਰੰਕੋਵ (ਮੈਰੀ ਈ. ਬਰੰਕੋਵ), ਫਰੈਡ ਰੈਮਜ਼ਡੈੱਲ (ਫ੍ਰੈਡ ਰੈਮਜ਼ਡੈੱਲ) ਅਤੇ ਸ਼ੀਮੋਨ ਸਾਕਾਗੁਚੀ (ਸ਼ੀਮੋਨ ਸਾਕਾਗੁਚੀ) ਨੂੰ ਦਿੱਤਾ ਗਿਆ ਹੈ। ਇਹ ਤਿੰਨ ਵਿਗਿਆਨੀ ਆਪਣੀਆਂ ਬਹੁਤ ਵੱਡੀਆਂ ਖੋਜਾਂ ਲਈ ਸਨਮਾਨਿਤ ਹੋਏ ਹਨ ਜੋ ਪੈਰੀਫ਼ਰਲ ਇਮਿਊਨ ਟੌਲਰੈਂਸ (peripheral immune tolerance) ਨਾਲ ਜੁੜੀਆਂ ਹਨ। ਇਸ ਖੋਜ ਨੇ ਇਮਿਊਨ ਸਿਸਟਮ ਨੂੰ ਨਿਯੰਤਰਿਤ ਕਰਨ ਦੇ ਤਰੀਕੇ ਨੂੰ ਖੋਲ੍ਹਿਆ ਹੈ, ਜਿਸ ਨਾਲ ਆਟੋਇਮਿਊਨ ਬਿਮਾਰੀਆਂ (autoimmune diseases) ਅਤੇ ਕੈਂਸਰ ਵਰਗੀਆਂ ਬਿਮਾਰੀਆਂ ਵਿੱਚ ਨਵੀਆਂ ਥੈਰੇਪੀਆਂ ਦਾ ਵਿਕਾਸ ਹੋ ਸਕਦਾ ਹੈ। ਨੋਬਲ ਅਸੈਂਬਲੀ ਐਟ ਕਾਰੋਲਿੰਸਕਾ ਇਸਟੀਚਿਊਟ ਨੇ ਐਲਾਨ ਕੀਤਾ ਹੈ ਕਿ ਇਹਨਾਂ ਖੋਜਾਂ ਨੇ ਹਜ਼ਾਰਾਂ ਮਰੀਜ਼ਾਂ ਨੂੰ ਬਚਾਉਣ ਵਾਲੀਆਂ ਥੈਰੇਪੀਆਂ ਨੂੰ ਜਨਮ ਦਿੱਤਾ ਹੈ, ਜਿਵੇਂ ਕਿ ਇਮਿਊਨੋਥੈਰੇਪੀ ਅਤੇ ਆਰਗਨ ਟ੍ਰਾਂਸਪਲਾਂਟ ਵਿੱਚ। ਇਸ ਖੋਜ ਦਾ ਵਿਸਥਾਰ ਨਾਲ ਵਿਸ਼ਲੇਸ਼ਣ ਕਰਦਿਆਂ, ਵਿਗਿਆਨੀਆਂ ਬਾਰੇ ਚਰਚਾ ਅਤੇ ਭਵਿੱਖ ਵਿੱਚ ਇਸ ਨਾਲ ਲੋਕਾਂ ਨੂੰ ਹੋਣ ਵਾਲੇ ਫਾਇਦਿਆਂ ਨੂੰ ਅੰਕੜਿਆਂ ਅਤੇ ਤੱਥਾਂ ਨਾਲ ਜੋੜ ਕੇ ਵੇਖਾਂਗੇ। ਇਮਿਊਨ ਸਿਸਟਮ ਦੀ ਬੁਨਿਆਦੀ ਸਮਝ: ਟੌਲਰੈਂਸ ਦਾ ਮਹਿਮ ਰੋਲਸਾਡਾ ਇਮਿਊਨ ਸਿਸਟਮ ਇੱਕ ਵਿਸ਼ਮਯਿਕ ਯੰਤਰ ਹੈ ਜੋ ਹਰ ਰੋਜ਼ ਹਜ਼ਾਰਾਂ ਵਾਇਰਸਾਂ, ਬੈਕਟੀਰੀਆ ਅਤੇ ਹੋਰ ਪੈਥੋਜੈਨਾਂ ਨੂੰ ਰੋਕਦਾ ਹੈ। ਪਰ ਇਹ ਤਾਂ ਵੀ ਆਪਣੇ ਹੀ ਸਰੀਰ ਨੂੰ ਨੁਕਸਾਨ ਨਾ ਪਹੁੰਚਾਏ, ਇਸ ਲਈ ਇਸ ਨੂੰ ਨਿਯੰਤਰਿਤ ਕਰਨ ਦੀ ਲੋੜ ਹੁੰਦੀ ਹੈ। ਅੱਜ ਇਹ ਨਿਯੰਤਰਣ ਦੋ ਮੁੱਖ ਪ੍ਰਕਿਰਿਆਵਾਂ ਨਾਲ ਹੁੰਦਾ ਹੈ: ਸੈਂਟਰਲ ਇਮਿਊਨ ਟੌਲਰੈਂਸ (central immune tolerance) ਅਤੇ ਪੈਰੀਫ਼ਰਲ ਇਮਿਊਨ ਟੌਲਰੈਂਸ। ਸੈਂਟਰਲ ਟੌਲਰੈਂਸ ਥਾਇਮਸ ਗਲੈਂਡ ਵਿੱਚ ਹੁੰਦੀ ਹੈ ਜਿੱਥੇ ਟੀ ਸੈੱਲਾਂ (T cells) ਨੂੰ ਤਰਤੀਬ ਦਿੱਤੀ ਜਾਂਦੀ ਹੈ ਕਿ ਉਹ ਸਰੀਰ ਦੇ ਆਪਣੇ ਸੈੱਲਾਂ ਨੂੰ ਨਾ ਮਾਰਨ। ਪਰ 1990ਵਿਆਂ ਵਿੱਚ ਵਿਗਿਆਨੀਆਂ ਨੂੰ ਯਕੀਨ ਸੀ ਕਿ ਇਹ ਪ੍ਰਕਿਰਿਆ ਪੂਰੀ ਨਹੀਂ ਹੈ; ਕੁਝ ਗਲਤ ਟੀ ਸੈੱਲਾਂ ਬਾਹਰ ਨਿਕਲ ਜਾਂਦੀਆਂ ਹਨ ਅਤੇ ਸਰੀਰ ਨੂੰ ਹਾਨੀ ਪਹੁੰਚਾਉਂਦੀਆਂ ਹਨ, ਜਿਸ ਨਾਲ ਆਟੋਇਮਿਊਨ ਬਿਮਾਰੀਆਂ ਜਿਵੇਂ ਰਿਊਮੈਟਾਇਡ ਆਰਥਰਾਈਟਿਸ (rheumatoid arthritis), ਲਿਊਪਸ (lupus) ਅਤੇ ਟਾਈਪ 1 ਡਾਇਬਿਟੀਜ਼ ਹੁੰਦੀਆਂ ਹਨ।ਇੱਥੇ ਪੈਰੀਫ਼ਰਲ ਇਮਿਊਨ ਟੌਲਰੈਂਸ ਦਾ ਰੋਲ ਆਉਂਦਾ ਹੈ, ਜੋ ਬਰੰਕੋਵ, ਰੈਮਜ਼ਡੈੱਲ ਅਤੇ ਸਾਕਾਗੁਚੀ ਨੇ ਖੋਲ੍ਹਿਆ। ਇਹ ਪ੍ਰਕਿਰਿਆ ਟੀ ਸੈੱਲਾਂ ਨੂੰ ਸਰੀਰ ਦੇ ਹੋਰ ਹਿੱਸਿਆਂ ਵਿੱਚ ਨਿਯੰਤਰਿਤ ਕਰਦੀ ਹੈ ਅਤੇ ਰੈਗੂਲੇਟਰੀ ਟੀ ਸੈੱਲਾਂ ਨੂੰ ਜਨਮ ਦਿੰਦੀ ਹੈ। ਇਹ Tregs ਹੀ ਇਮਿਊਨ ਸਿਸਟਮ ਨੂੰ @ਬ੍ਰੇਕ@ ਵਾਂਗ ਕੰਮ ਕਰਦੀਆਂ ਹਨ, ਜੋ ਹਮਲਾਵਰ ਟੀ ਸੈੱਲਾਂ ਨੂੰ ਰੋਕਦੀਆਂ ਹਨ। ਨੋਬਲ ਕਮੇਟੀ ਨੇ ਕਿਹਾ ਕਿ ਇਹ ਖੋਜ ਨੇ ਇੱਕ ਨਵਾਂ ਖੇਤਰ ਖੋਲ੍ਹ ਦਿੱਤਾ ਹੈ ਜੋ ਕੈਂਸਰ ਅਤੇ ਆਟੋਇਮਿਊਨ ਬਿਮਾਰੀਆਂ ਲਈ ਨਵੀਆਂ ਥੈਰੇਪੀਆਂ ਵਿਕਸਤ ਕਰ ਰਿਹਾ ਹੈ। ਅੱਜ ਵਿਸ਼ਵ ਸਿਹਤ ਸੰਗਠਨ ਅਨੁਸਾਰ, ਆਟੋਇਮਿਊਨ ਬਿਮਾਰੀਆਂ ਨੇ ਹਰ ਸਾਲ 5% ਵਧੋਤਰੀ ਨਾਲ ਵਧਦੀਆਂ ਹਨ, ਅਤੇ ਇਹਨਾਂ ਨਾਲ 8% ਵਿਸ਼ਵੀ ਜਨਸੰਖਿਆ ਪ੍ਰਭਾਵਿਤ ਹੈ - ਯਾਨੀ ਲਗਭਗ 6 ਬਿਲੀਅਨ ਲੋਕ। ਇਸ ਖੋਜ ਨੇ ਇਹਨਾਂ ਬਿਮਾਰੀਆਂ ਨੂੰ ਨਿਯੰਤਰਿਤ ਕਰਨ ਵਿੱਚ ਨਵੀਂ ਉਮੀਦ ਜਗਾਈ ਹੈ।ਵਿਗਿਆਨੀਆਂ ਦੀ ਯਾਤਰਾ: ਬਹਾਦਰੀ ਅਤੇ ਅਵਿਨਤਾ ਦੀ ਕਹਾਣੀਇਸ ਪੁਰਸਕਾਰ ਨੂੰ ਜਿੱਤਣ ਵਾਲੇ ਤਿੰਨ ਵਿਗਿਆਨੀਆਂ ਨੇ ਆਪਣੀਆਂ ਖੋਜਾਂ ਨੂੰ ਤਿੰਨ ਦਹਾਕਿਆਂ ਵਿੱਚ ਵਿਕਸਤ ਕੀਤਾ। ਸ਼ੀਮੋਨ ਸਾਕਾਗੁਚੀ, ਜੋ ਹੁਣ ਓਸਾਕਾ ਯੂਨੀਵਰਸਿਟੀ ਦੇ ਇਮਿਊਨੋਲੋਜੀ ਫਰੰਟੀਅਰ ਰਿਸਰਚ ਸੈਂਟਰ ਵਿੱਚ ਡਿਸਟਿੰਗਵਿਸ਼ਡ ਪ੍ਰੋਫੈਸਰ ਹਨ, ਨੇ 1995 ਵਿੱਚ ਆਪਣੀ ਖੋਜ ਸ਼ੁਰੂ ਕੀਤੀ। ਉਹ ਨਾਗੋਆ ਦੇ ਏਚੀ ਕੈਂਸਰ ਸੈਂਟਰ ਰਿਸਰਚ ਇੰਸਟੀਟਿਊਟ ਵਿੱਚ ਕੰਮ ਕਰ ਰਹੇ ਸਨ ਜਦੋਂ ਉਨ੍ਹਾਂ ਨੇ ਚੂਹਿਆਂ ਉੱਤੇ ਅਨੁਸ਼ੀਲਨ ਕੀਤੇ ਅਤੇ ਇੱਕ ਨਵੀਂ ਕਿਸਮ ਦੇ ਟੀ ਸੈੱਲਾਂ ਦੀ ਖੋਜ ਕੀਤੀ ਜੋ ਆਟੋਇਮਿਊਨ ਬਿਮਾਰੀਆਂ ਵਿਰੁੱਧ ਸੁਰੱਖਿਆ ਪ੍ਰਦਾਨ ਕਰਦੇ ਹਨ। ਸਾਕਾਗੁਚੀ ਨੇ ਆਪਣੇ ਅਨੁਸ਼ੀਲਨਾਂ ਵਿੱਚ ਪਾਇਆ ਕਿ ਇਹ ਰੈਗੂਲੇਟਰੀ ਟੀ ਸੈੱਲ ਇਮਿਊਨ ਹਮਲੇ ਨੂੰ ਰੋਕਦੇ ਹਨ ਅਤੇ ਆਟੋਇਮਿਊਨ ਵਿਕਾਰਾਂ ਨੂੰ ਰੋਕਣ ਵਿੱਚ ਮਦਦ ਕਰਦੇ ਹਨ। ਪਰ ਉਸ ਵੇਲੇ ਬਹੁਤ ਸਾਰੇ ਵਿਗਿਆਨੀ ਸ਼ੱਕ ਵਿੱਚ ਸਨ; ਉਨ੍ਹਾਂ ਨੂੰ ਵਧੇਰੇ ਸਬੂਤ ਚਾਹੀਦੇ ਸਨ। ਸਾਕਾਗੁਚੀ ਦੀ ਖੋਜ ਨੇ ਇੱਕ ਨਵੀਂ ਕਲਾਸ ਆਫ ਟੀ ਸੈੱਲਾਂ ਨੂੰ ਪਰਿਭਾਸ਼ਿਤ ਕੀਤਾ, ਜੋ ਅੱਜ ਕੈਂਸਰ ਇਮਿਊਨੋਥੈਰੇਪੀ ਦੀ ਨੀਂਹ ਹੈ। ਮੈਰੀ ਈ. ਬਰੰਕੋਵ ਅਤੇ ਫਰੈਡ ਰੈਮਜ਼ਡੈੱਲ ਨੇ 2001 ਵਿੱਚ ਆਪਣੀ ਖੋਜ ਨਾਲ ਇਸ ਨੂੰ ਅੱਗੇ ਵਧਾਇਆ। ਬਰੰਕੋਵ, ਜੋ ਹੁਣ ਸੀਐਟਲ ਦੇ ਇੰਸਟੀਚਿਊਟ ਫਾਰ ਸਿਸਟਮਜ਼ ਬਾਇਓਲੋਜੀ ਵਿੱਚ ਕੰਮ ਕਰਦੀਆਂ ਹਨ ਅਤੇ ਰੈਮਜ਼ਡੈੱਲ, ਜੋ ਸਨੋਮਾ ਬਾਇਓਥੈਰੇਪਿਊਟਿਕਸ ਵਿੱਚ ਅਡਵਾਈਜ਼ਰ ਹਨ, ਨੇ ਸੈਲਟੈਕ ਕਾਇਰੋਸਾਇੰਸ ਵਿੱਚ ਮਿਲ ਕੇ ਕੰਮ ਕੀਤਾ। ਉਨ੍ਹਾਂ ਨੇ ਚੂਹਿਆਂ ਵਿੱਚ ਸਕਰਫ਼ੀ ਮਿਊਟੇਸ਼ਨ (scurfy mutation) ਦੀ ਖੋਜ ਕੀਤੀ, ਜੋ ਫੌਕਸ-ਐਸ ਜੀਨ (FoxPC gene) ਨਾਲ ਜੁੜੀ ਹੈ। ਇਹ ਜੀਨ ਰੈਗੂਲੇਟਰੀ ਟੀ ਸੈੱਲਾਂ ਨੂੰ ਵਿਕਸਤ ਕਰਨ ਵਿੱਚ ਮੁੱਖ ਭੂਮਿਕਾ ਨਿਭਾਉਂਦੀ ਹੈ। ਉਨ੍ਹਾਂ ਨੇ ਪਾਇਆ ਕਿ ਇਸ ਜੀਨ ਵਿੱਚ ਗਲਤੀ ਨਾਲ ਟੀ ਸੈੱਲਾਂ ਵਿੱਚ ਵਿਕਾਰ ਆ ਜਾਂਦਾ ਹੈ, ਜਿਸ ਨਾਲ ਆਟੋਇਮਿਊਨ ਬਿਮਾਰੀਆਂ ਹੁੰਦੀਆਂ ਹਨ। 2003 ਵਿੱਚ, ਸਾਕਾਗੁਚੀ ਨੇ ਆਪਣੀਆਂ ਖੋਜਾਂ ਨੂੰ ਬਰੰਕੋਵ ਅਤੇ ਰੈਮਜ਼ਡੈੱਲ ਨਾਲ ਜੋੜ ਦਿੱਤਾ, ਜਿਸ ਨਾਲ ਪੂਰੀ ਤਸਵੀਰ ਸਾਹਮਣੇ ਆਈ। ਇਹ ਤਿਕੜੀ ਨੇ ਨੋਬਲ ਕਮੇਟੀ ਨੂੰ ਪ੍ਰਭਾਵਿਤ ਕੀਤਾ, ਜਿਸ ਨੇ ਕਿਹਾ ਕਿ ਇਹ ਖੋਜਾਂ ਨੇ ਇਮਿਊਨ ਸਿਸਟਮ ਨੂੰ ਨਿਯੰਤਰਿਤ ਕਰਨ ਵਿੱਚ ਇੱਕ ਨਵਾਂ ਪ੍ਰਵਾਨ ਕੀਤਾ ਹੈ।

ਅੱਜ ਇਸ ਖੋਜ 'ਤੇ ਅਧਾਰਤ ਨਵੀਆਂ ਥੈਰੇਪੀਆਂ, ਜਿਵੇਂ Treg ਸੈੱਲ ਥੈਰੇਪੀ, ਨੇ ਕਲੀਨਿਕਲ ਟ੍ਰਾਇਲਾਂ ਵਿੱਚ 60% ਮਰੀਜ਼ਾਂ ਵਿੱਚ ਬਿਮਾਰੀ ਨੂੰ ਰੋਕਿਆ ਹੈ। ਉਦਾਹਰਨ ਲਈ ਰੈਮਜ਼ਡੈੱਲ ਦੀ ਕੰਪਨੀ ਸਨੋਮਾ ਬਾਇਓਥੈਰੇਪਿਊਟਿਕਸ ਨੇ ਟਾਈਪ 1 ਡਾਇਬਿਟੀਜ਼ ਲਈ ਥੈਰੇਪੀ ਵਿਕਸਤ ਕੀਤੀ ਹੈ ਜੋ ਪੈਂਕ੍ਰਿਐਟਿਕ ਬੈਟਾਂ ਨੂੰ ਬਚਾਉਂਦੀ ਹੈ। ਇਹ ਖੋਜ ਨੇ ਆਰਗਨ ਟ੍ਰਾਂਸਪਲਾਂਟ ਵਿੱਚ ਵੀ ਬਦਲਾਅ ਲਿਆਂਦਾ ਹੈ; ਅਮਰੀਕਾ ਵਿੱਚ ਹਰ ਸਾਲ 40,000 ਟ੍ਰਾਂਸਪਲਾਂਟ ਹੁੰਦੇ ਹਨ ਪਰ 20% ਰਿਜੈਕਸ਼ਨ ਹੁੰਦਾ ਹੈ। Treg-ਅਧਾਰਤ ਥੈਰੇਪੀ ਨੇ ਇਹ ਅੰਕੜਾ 10% ਘਟਾ ਦਿੱਤਾ ਹੈ, ਅਨੁਸਾਰ ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਦੇ ਅਧਿਐਨ ਇਸ ਤਰ੍ਹਾਂ, ਇਹ ਖੋਜ ਨਾ ਸਿਰਫ਼ ਥਿਊਰੈਟੀਕਲ ਹੈ ਬਲਕਿ ਪ੍ਰੈਕਟੀਕਲ ਵੀ, ਜਿਸ ਨੇ ਹਜ਼ਾਰਾਂ ਜੀਵਨ ਬਚਾਏ ਹਨ। ਭਵਿੱਖ ਵਿੱਚ ਫਾਇਦੇ ਲਈ ਨਵੀਆਂ ਥੈਰੇਪੀਆਂ ਅਤੇ ਵਿਸ਼ਵ ਸਿਹਤ ਲਈ ਉਮੀਦ ਭਵਿੱਖ ਵਿੱਚ ਇਸ ਖੋਜ ਦਾ ਫਾਇਦਾ ਅਣਗਿਣਤ ਹੈ। ਪਹਿਲਾਂ ਆਟੋਇਮਿਊਨ ਬਿਮਾਰੀਆਂ ਬਾਰੇ ਗੱਲ ਕਰੀਏ। ਐਂਟੀ-ਬੌਡੀ ਥੈਰੇਪੀਆਂ ਜਿਵੇਂ ਰਿਟੁਕਸੀਮੈਬ (Rituximab) ਨੇ ਰਿਊਮੈਟਾਇਡ ਆਰਥਰਾਈਟਿਸ ਵਿੱਚ 50% ਮਰੀਜ਼ਾਂ ਨੂੰ ਰਾਹਤ ਦਿੱਤੀ ਹੈ, ਪਰ Treg-ਅਧਾਰਤ ਨਵੀਆਂ ਥੈਰੇਪੀਆਂ 80% ਤੱਕ ਪਹੁੰਚ ਸਕਦੀਆਂ ਹਨ। ਯੂਰਪੀਅਨ ਯੂਨੀਅਨ ਵਿੱਚ, 2025 ਤੱਕ ਇਹਨਾਂ ਥੈਰੇਪੀਆਂ ਨਾਲ 1 ਮਿਲੀਅਨ ਮਰੀਜ਼ਾਂ ਨੂੰ ਫਾਇਦਾ ਹੋਣ ਦੀ ਉਮੀਦ ਹੈ, ਅਨੁਸਾਰ ਲੈਂਸੈਟ ਰਿਸਪਾਇਰੇਟਰੀ ਮੈਡੀਸਨ। ਕੈਂਸਰ ਵਿੱਚ, ਇਮਿਊਨੋਚੈੱਕਪੋਇੰਟ ਇਨਹਿਬਿਟਰਿਕਸ ਜਿਵੇਂ ਪੈਂਬ੍ਰੋਲਿਜ਼ੁਮੈਬ (Pembrolizumab) ਨੇ 2024 ਵਿੱਚ 40% ਮਰੀਜ਼ਾਂ ਨੂੰ ਬਚਾਇਆ ਅਤੇ Treg ਨਾਲ ਜੋੜ ਕੇ ਇਹ 60% ਹੋ ਸਕਦਾ ਹੈ। ਅੱਜ ਵਿਸ਼ਵ ਕੈਂਸਰ ਰਿਸਰਚ ਫੰਡ ਅਨੁਸਾਰ, ਹਰ ਸਾਲ 20 ਮਿਲੀਅਨ ਨਵੇਂ ਕੈਂਸਰ ਕੇਸ ਹੁੰਦੇ ਹਨ, ਅਤੇ ਇਹ ਥੈਰੇਪੀਆਂ ਨਾਲ 5 ਮਿਲੀਅਨ ਮੌਤਾਂ ਘਟ ਸਕਦੀਆਂ ਹਨ। ਆਰਗਨ ਟ੍ਰਾਂਸਪਲਾਂਟ ਵਿੱਚ, ਰਿਜੈਕਸ਼ਨ ਰੇਟ 30% ਤੋਂ ਘਟ ਕੇ 5% ਹੋ ਸਕਦਾ ਹੈ। ਅਮਰੀਕਾ ਵਿੱਚ ਹਰ ਸਾਲ 100,000 ਲੋਕ ਟ੍ਰਾਂਸਪਲਾਂਟ ਦੀ ਉਡੀਕ ਵਿੱਚ ਮਰ ਜਾਂਦੇ ਹਨ। ਇਸ ਖੋਜ ਨੇ ਇਸ ਨੂੰ ਘਟਾਉਣ ਵਿੱਚ ਮਦਦ ਕੀਤੀ ਹੈ। ਇਸ ਤੋਂ ਇਲਾਵਾ, ਇਹ ਖੋਜ mRNA ਟੈਕਨੋਲੋਜੀ ਨਾਲ ਜੁੜੀ ਹੈ। ਹੁਣ ਭਵਿੱਖ ਵਿੱਚ, mRNA ਨਾਲ ਬਣੀਆਂ ਵੈਕਸੀਨਾਂ ਫਲੂ, ਜ਼ੀਕਾ ਅਤੇ HIV ਲਈ ਆ ਸਕਦੀਆਂ ਹਨ, ਜੋ 90% ਤੱਕ ਪ੍ਰਭਾਵੀ ਹੋਣਗੀਆਂ। ਯੇਲ ਮੈਡੀਸਨ ਦੇ ਅਨੁਸਾਰ ਇਹ ਟੈਕਨੋਲੋਜੀ ਕੈਂਸਰ ਇਮਿਊਨੋਥੈਰੇਪੀ ਅਤੇ ਜੈਨੇਟਿਕ ਡਿਸਆਰਡਰਾਂ ਲਈ ਵੀ ਵਰਤੀ ਜਾਵੇਗੀ। ਉਦਾਹਰਨ ਲਈ ਮਾਡਰਨਾ ਦੀ ਕੰਬਾਈਨਡ ਵੈਕਸੀਨ ਫੇਜ਼ 1 ਵਿੱਚ ਹੈ, ਜੋ ਇੱਕ ਇੰਜੈਕਸ਼ਨ ਨਾਲ ਤਿੰਨ ਬਿਮਾਰੀਆਂ ਰੋਕੇਗੀ। ਇਸ ਨਾਲ ਨੀਵੇਂ-ਇਨਕਮ ਦੇਸ਼ਾਂ ਵਿੱਚ ਵੈਕਸੀਨੇਸ਼ਨ ਰੇਟ 50% ਵਧੇਗਾ ਅਤੇ ਹਰ ਸਾਲ 2 ਮਿਲੀਅਨ ਬੱਚਿਆਂ ਨੂੰ ਬਚਾਇਆ ਜਾਵੇਗਾ। ਇਸ ਖੋਜ ਨੇ ਸਿਰਫ਼ ਬਿਮਾਰੀਆਂ ਨੂੰ ਨਹੀਂ ਬਲਕਿ ਸਿਹਤ ਸਿਸਟਮ ਨੂੰ ਵੀ ਬਦਲਿਆ ਹੈ। ਹੁਣ ਭਵਿੱਖ ਵਿੱਚ, ਪਰਸਨਲਾਈਜ਼ਡ ਮੈਡੀਸਨ ਨਾਲ ਹਰ ਮਰੀਜ਼ ਲਈ ਵਿਅਕਤੀਗਤ ਥੈਰੇਪੀ ਬਣੇਗੀ, ਜਿਸ ਨਾਲ ਇਲਾਜ ਦੀ ਕੀਮਤ 30% ਘਟੇਗੀ। ਨੋਬਲ ਪੁਰਸਕਾਰ ਨੇ ਇੱਕ ਵਾਰ ਫਿਰ ਸਾਬਤ ਕੀਤਾ ਕਿ ਵਿਗਿਆਨੀਆਂ ਦੀ ਬਹਾਦਰੀ ਵਿਸ਼ਵ ਨੂੰ ਬਦਲ ਸਕਦੀ ਹੈ। ਇਹ ਖੋਜ ਨਾ ਸਿਰਫ਼ ਅਤੀਤ ਨੂੰ ਸਮਝਾਉਂਦੀ ਹੈ ਬਲਕਿ ਭਵਿੱਖ ਨੂੰ ਰੂਪ ਦਿੰਦੀ ਹੈ -ਇੱਕ ਅਜਿਹਾ ਭਵਿੱਖ ਜਿੱਥੇ ਬਿਮਾਰੀਆਂ ਨਾ ਹੋਣ ਅਤੇ ਜੀਵਨ ਲੰਮਾ ਹੋਵੇ।

# ਮਹਾਨ ਦਾਰਸ਼ਨਿਕ ਅਤੇ ਸਰਬਪੱਖੀ ਗਿਆਨ ਦੇ ਸੋਮੇ ਭਗਵਾਨ ਵਾਲਮੀਕ ਜੀ



ਦਲਬੀਰ ਸਿੰਘ ਧਾਲੀਵਾਲ
86993-22704

ਸਾਡੀ ਭਾਰਤੀ ਸੰਸਕ੍ਰਿਤੀ ਦੇ ਹਜ਼ਾਰਾਂ ਸਾਲ ਪਹਿਲਾਂ ਵਾਲੇ ਪੁਰਾਤਨ ਯੁੱਗਾਂ ਵਿੱਚ ਜੋ ਰਿਸ਼ੀ ਮੁਨੀ, ਪੀਰ ਪੈਗੰਬਰ ਅਤੇ ਭਗਤ ਹੋਏ ਹਨ, ਉਨ੍ਹਾਂ ਵਿੱਚੋਂ ਭਗਵਾਨ ਵਾਲਮੀਕ ਜੀ ਦਾ ਸਥਾਨ ਸਰਵਉੱਚ ਮੰਨਿਆ ਜਾਂਦਾ ਹੈ ਜਿਸ ਕਰਕੇ ਉਹ 'ਮਹਾਂ ਰਿਸ਼ੀ' ਕਹੇ ਜਾਂਦੇ ਹਨ। ਭਾਰਤ ਦਾ ਮੁੱਢਲਾ ਵੈਦਿਕ ਸਾਹਿਤ ਪਹਿਲਾਂ ਅਤਿ ਕਠਨ ਮੰਤਰਾਂ ਵਾਲੀ ਦੇਵ ਭਾਸ਼ਾ ਸੰਸਕ੍ਰਿਤ ਵਿੱਚ ਸੀ ਜੋ ਆਮ ਲੋਕਾਂ ਲਈ ਸਮਝਣੀ ਔਖੀ ਸੀ। ਭਗਵਾਨ ਵਾਲਮੀਕ ਜੀ ਨੇ ਇਸ ਨੂੰ ਸਰਲ ਰੂਪ ਦੇ ਕੇ ਇੱਕ ਮਹਾਂ ਕਾਵਿ ਦੀ ਰਚਨਾ ਲੋਕ ਭਾਸ਼ਾ ਸੰਸਕ੍ਰਿਤ ਵਿੱਚ ਕੀਤੀ, ਜਿਸ ਨੂੰ ਰਾਮ ਕਥਾ, ਜਾਂ ਰਾਮਾਇਣ ਕਿਹਾ ਗਿਆ। ਈਸਾ ਤੋਂ 2000 ਸਾਲ ਪਹਿਲਾਂ ਤਰੇਤਾ ਯੁੱਗ ਵਿੱਚ ਭਗਵਾਨ ਵਾਲਮੀਕ ਜੀ ਵੱਲੋਂ ਇੱਕ ਗ੍ਰੰਥ ਯੋਗ ਵਸ਼ਿਸ਼ਟ ਦੀ ਰਚਨਾ ਕੀਤੀ ਗਈ ਅਤੇ ਉਸ ਉਪਰੰਤ ਫਿਰ ਰਾਮਾਇਣ ਗ੍ਰੰਥ ਲਿਖਿਆ ਸੀ। ਇਸ ਰਮਾਇਣ ਗ੍ਰੰਥ ਨੂੰ ਭਾਰਤੀ ਸਾਹਿਤ ਦਾ ਹੀ ਨਹੀਂ ਬਲਕਿ ਵਿਸ਼ਵ ਸਾਹਿਤ ਦਾ ਪਹਿਲਾ ਮਹਾਂ ਕਾਵਿ ਮੰਨਿਆ ਗਿਆ ਹੈ ਅਤੇ ਭਗਵਾਨ ਵਾਲਮੀਕ ਜੀ ਨੂੰ ਵਿਸ਼ਵ ਦੇ ਪਹਿਲੇ ਕਵੀ ਵਜੋਂ ਸਤਿਕਾਰਿਆ ਜਾਂਦਾ ਹੈ। ਇਸ ਕਰਕੇ ਉਹਨਾਂ ਨੂੰ 'ਆਦਿ ਕਵੀ' ਵੀ ਕਿਹਾ ਜਾਂਦਾ ਹੈ। ਰਮਾਇਣ ਗ੍ਰੰਥ 24000 ਸਲੋਕਾਂ ਵਿੱਚ ਰਚਿਤ ਹੈ ਅਤੇ ਸੰਸਾਰ ਦੀਆਂ ਅਨੇਕਾਂ ਭਾਸ਼ਾਵਾਂ ਵਿੱਚ ਅਨੁਵਾਦਿਤ ਹੈ, ਜਿਸ ਦੇ ਸਬੂਤ ਵਜੋਂ ਹੋਰਨਾਂ ਤੱਥਾਂ ਤੋਂ ਬਿਨਾਂ ਇਹ ਵੀ ਜਾਣਕਾਰੀ ਮਿਲਦੀ ਹੈ ਕਿ ਬਾਦਸ਼ਾਹ ਅਕਬਰ ਨੇ ਆਪਣੇ ਦਰਬਾਰੀ ਕਵਿ ਮੌਲਵੀ ਫੈਜ਼ੀ ਤੋਂ ਬਾਲਮੀਕਿ ਰਮਾਇਣ ਦਾ ਫ਼ਾਰਸੀ ਵਿੱਚ ਉਲੱਥਾ ਕਰਵਾਇਆ ਸੀ ਅਤੇ ਫਿਰ ਅਕਬਰ ਨੇ ਮੌਲਾਨਾ ਅਬਦੁੱਲ ਕਾਦਿਰ ਤੋਂ ਰਮਾਇਣ ਉਰਦੂ ਵਿੱਚ ਲਿਖਵਾਈ ਸੀ। ਇਨ੍ਹਾਂ ਦੋਵਾਂ ਵਿਦਵਾਨਾਂ ਨੇ ਵਾਲਮੀਕ ਜੀ ਲਈ ਫਾਰਸੀ ਦੇ ਸ਼ਬਦ ਦੀ ਵਰਤੋਂ ਕੀਤੀ ਹੈ। ਇਵੇਂ ਹੀ ਬਾਦਸ਼ਾਹ ਔਰੰਗਜ਼ੇਬ ਦੇ ਸਮੇਂ ਦਾਰਾ ਸਕੋਹ ਨੇ ਭਗਵਾਨ ਵਾਲਮੀਕ ਜੀ ਵੱਲੋਂ ਰਚਿਤ ਦੂਸਰੇ ਮਹਾਨ ਗ੍ਰੰਥ ਯੋਗ ਵਸ਼ਿਸ਼ਟ ਨੂੰ ਅਰਬੀ ਵਿੱਚ ਉਲੱਥਿਆ ਸੀ। ਇਸੇ ਤਰ੍ਹਾਂ ਮਿਰਜ਼ਾ ਇਮਾਮਦੀਨ ਕਾਦੀਆਂ ਨੇ ਆਪਣੀ ਪੁਸਤਕ ਦੀਦ ਹੱਕ ਉਰਦੂ ਵਿੱਚ 1866 ਨੂੰ ਲਿਖੀ, ਜਿਸ ਵਿੱਚ ਵੀ ਬੇ-ਨਾਲ ਬਾਲਮੀਕਿ ਸ਼ਬਦ ਲਿਖਿਆ ਹੈ।

ਬਾਲਮੀਕਿ ਰਮਾਇਣ ਤੋਂ ਇਲਾਵਾ ਹੋਰ ਕਈ ਰਾਮ ਕਥਾਵਾਂ ਵੀ ਬਾਅਦ ਵਿੱਚ ਰਚੀਆਂ ਗਈਆਂ, ਜਿਨ੍ਹਾਂ ਦਾ ਮੂਲ ਅਧਾਰ ਬਾਲਮੀਕੀ ਰਮਾਇਣ ਹੀ ਹੈ ਪਰ ਅਜੋਕੇ ਯੁੱਗ ਵਿੱਚ ਸ੍ਰੀ ਰਾਮ ਚਰਿਤ੍ਰ ਮਾਨਸ ਉੱਤੇ ਅਧਾਰਿਤ ਰਾਮ ਕਥਾ ਦਾ ਵੱਧ ਪ੍ਰਚਲਨ ਹੈ ਜੋ ਤੁਲਸੀ ਦਾਸ ਦੁਆਰਾ ਬ੍ਰਿਜ ਭਾਸ਼ਾ ਵਿੱਚ ਰਚਿਤ ਹੈ ਪਰ ਬਹੁ ਗਿਣਤੀ ਲੋਕ ਨਹੀਂ ਜਾਣਦੇ ਕਿ ਰਾਮ ਚਰਿਤ ਮਾਨਸ ਮੂਲ ਰਮਾਇਣ ਨਹੀਂ ਹੈ, ਜਿਸ ਦਾ ਖੁਲਾਸਾ ਇਸ ਹੁੰਦਾ ਹੈ ਕਿ ਮੂਲ ਰਮਾਇਣ ਵਿੱਚ ਰਾਮ ਚੰਦਰ ਨੂੰ ਬਾਲਮੀਕ ਜੀ ਵੱਲੋਂ ਕਿਤੇ ਵੀ ਭਗਵਾਨ ਨਹੀਂ ਬਲਕਿ ਰਾਜਾ ਰਾਮ ਲਿਖਿਆ ਗਿਆ ਹੈ ਜਦੋਂ ਕਿ ਤੁਲਸੀਦਾਸ ਆਪਣੇ ਰਾਮ ਚਰਿਤ ਮਾਨਸ ਵਿੱਚ ਰਾਮ ਨੂੰ ਪ੍ਰਭੂ ਪ੍ਰਮਾਤਮਾ ਦਾ ਸਾਖਸ਼ਾਤ ਰੂਪ ਚਿਤਰਿਤ ਕਰਦੇ ਹਨ। ਇਸ ਤੱਥ ਦੀ ਪੁਸ਼ਟੀ ਵੀ ਹੁੰਦੀ ਹੈ ਕਿ ਜਦੋਂ ਬਾਲਮੀਕ ਜੀ ਨੇ ਰਮਾਇਣ ਗ੍ਰੰਥ ਲਿਖਿਆ ਤਾਂ ਉਸ ਸਮੇਂ ਰਾਵਣ ਮਾਰਿਆ ਜਾ ਚੁੱਕਾ ਸੀ। ਰਾਮ ਅਯੋਧਿਆ ਦੀ ਗੱਦੀ ਉੱਤੇ ਬੈਠ ਚੁੱਕਾ ਸੀ ਅਤੇ ਉਸ ਦਾ ਭਾਰਤ ਵਿੱਚ ਰਾਜ ਅਤੀ ਪ੍ਰਭਾਵਸ਼ਾਲੀ ਸੀ ਪ੍ਰੰਤੂ ਬਾਲਮੀਕ ਜੀ ਨੇ ਉਸ ਦਾ ਕੋਈ ਪ੍ਰਭਾਵ ਨਹੀਂ ਕਬੂਲਿਆ ਜਿਵੇਂ ਕਿ ਬਾਲਮੀਕ ਜੀ ਮੂਲ ਰਮਾਇਣ ਦੇ ਸਰਗ 96 ਸਲੋਕ 16 ਵਿੱਚ ਰਾਮ ਚੰਦਰ ਨੂੰ ਕਹਿੰਦੇ ਹਨ : ਹੇ ਰਘੂਨੰਦਨ ( ਹੇ ਭਗਵਾਨ ਨਹੀਂ ਕਿਹਾ) ਰਮਾਇਣ ਗ੍ਰੰਥ ਹੀ ਸੀਤਾ ਦੀ ਪਵਿੱਤਰਤਾ ਦਾ ਸਭ ਤੋਂ ਵੱਡਾ ਸਬੂਤ ਹੈ, ਇਸ ਲਈ ਇਸ ਨੂੰ ਕਿਸੇ ਪ੍ਰੀਖਿਆ ਦੀ ਲੋੜ ਨਹੀਂ। ਹੁਣ ਇੱਥੇ ਇਹ ਵਿਸ਼ੇਸ਼ ਵਿਚਾਰ ਦਾ ਵਿਸ਼ਾ ਹੈ ਕਿ ਭਗਵਾਨ ਪ੍ਰਮਾਤਮਾ ਰਾਮ ਚੰਦਰ ਨੇ ਤਾਂ ਆਪਣੀ ਗਰਭਵਤੀ ਪਤਨੀ ਦੀ ਅਗਨੀ ਪ੍ਰੀਖਿਆ ਲੈ ਕੇ ਵੀ ਉਸ ਨੂੰ ਆਪਣੇ ਮਹਿਲ ਵਿੱਚੋਂ ਦੇਸ਼ ਨਿਕਾਲਾ ਦੇ ਦਿੱਤਾ ਸੀ ਜੋ ਨਾਰੀ ਜਾਤੀ ਨਾਲ ਵੀ ਅਤੇ ਇੱਕ ਪਤੀ ਵੱਲੋਂ ਆਪਣੀ ਪਤਨੀ ਨਾਲ ਵੀ ਬਹੁਤ ਵੱਡੀ ਬੇਇਨਸਾਫੀ ਸੀ ਜੋ ਨਾ ਤਾਂ ਇੱਕ ਆਦਰਸ਼ ਰਾਜੇ ਦਾ ਫਰਜ਼ ਹੈ ਅਤੇ ਨਾ ਹੀ ਇੱਕ ਆਦਰਸ਼ ਪਤੀ ਦਾ ਪ੍ਰੰਤੂ ਭਗਵਾਨ ਬਾਲਮੀਕ ਜੀ ਨੇ ਤਾਂ ਇਸ ਘਰ ਤੋਂ ਠੁਕਰਾਈ ਗਈ ਸੀਤਾ ਨੂੰ ਜੰਗਲ ਨੇੜੇ ਇੱਕ ਪਿੰਡ ਸੀਤਲਾਨੀ ਜਿੱਥੇ ਰਾਮ ਚੰਦਰ ਜੀ ਸੀਤਾ ਨੂੰ ਛੱਡ ਗਏ ਸਨ ਉੱਥੋਂ ਬਾਲਮੀਕ ਜੀ ਨੇ ਆਪਣੇ ਆਸ਼ਰਮ ਵਿੱਚ ਲਿਆਂਦਾ ਅਤੇ ਸੰਭਾਲਿਆ ਸੀ ਅਤੇ ਉਸ ਦੇ ਦੋ ਬੱਚਿਆਂ ਲਵ ਤੇ ਕੁਸ਼ ਦਾ ਵਿਸ਼ੇਸ਼ ਪਾਲਣ ਪੋਸ਼ਣ ਕੀਤਾ ਕਿ ਅਜਿਹੀ ਮਹਾਨ ਸ਼ਸਤਰ ਅਤੇ ਸ਼ਾਸਤਰ ਵਿੱਦਿਆ ਦਿੱਤੀ, ਜਿਸ ਨਾਲ ਇਨ੍ਹਾਂ ਬਾਲਕਾਂ ਨੇ ਰਾਜਾ ਰਾਮ ਚੰਦਰ ਵੱਲੋਂ ਛੱਡੇ ਗਏ ਚੱਕਰਵਰਤੀ ਘੋੜੇ ਨੂੰ ਵੀ ਫੜ ਕੇ ਬੰਨ੍ਹ ਲਿਆ ਸੀ ਅਤੇ ਰਾਮ ਚੰਦਰ ਦੀ ਸ਼ਕਤੀਸ਼ਾਲੀ ਸੈਨਾ ਨੂੰ ਵੀ ਇਸ ਯੁੱਧ ਵਿੱਦਿਆ ਨਾਲ ਹਰਾ ਦਿੱਤਾ ਸੀ। ਇਹ ਇਤਿਹਾਸਕ ਤੱਥ ਇਹ ਸੱਚਾਈ ਉਜਾਗਰ ਕਰਦਾ ਹੈ ਕਿ ਭਗਵਾਨ ਬਾਲਮੀਕਿ ਜੀ ਮਹਾਨ ਯੁੱਧ ਵਿੱਦਿਆ ਅਤੇ ਰੂਹਾਨੀ ਗਿਆਨ ਦੇ ਸੋਮੇ ਅਤੇ ਬੇਸਹਾਰਿਆਂ ਦੇ ਸਹਾਰੇ ਸਨ।

ਇਸੇ ਤਰ੍ਹਾਂ ਇੱਕ ਹੋਰ ਖੋਜ ਅਨੁਸਾਰ ਇਹ ਜਾਣਕਾਰੀ ਮਿਲਦੀ ਹੈ ਕਿ ਰਾਮ ਤੇ ਰਾਵਣ ਦਾ ਯੁੱਧ 84 ਦਿਨ ਚੱਲਿਆ ਸੀ ਅਤੇ 8 ਦਿਨ ਲਗਾਤਾਰ ਸਿਰਫ਼ ਰਾਵਣ ਨਾਲ ਯੁੱਧ ਕਰਕੇ ਹੀ ਉਸ ਦਾ ਵਧ ਕੀਤਾ ਗਿਆ ਸੀ, ਜਿਸ ਉਪਰੰਤ ਦਸਵੀਂ ਵਾਲੇ ਦਿਨ ਰਾਵਣ ਮਾਰਿਆ ਗਿਆ ਤੇ ਯੁੱਧ ਖਤਮ ਹੋਇਆ। ਮੂਲ ਰਮਾਇਣ ਵਿੱਚ ਯੁੱਧ ਦਾ ਪੂਰਾ ਸਮਾਂ ਤੇ ਤਰੀਕ ਵੀ ਲਿਖੀ ਮਿਲਦੀ ਹੈ ਕਿ ਜਿਸ ਦਿਨ ਰਾਵਣ ਮਾਰਿਆ ਗਿਆ ਉਸ ਦਿਨ ਰਾਮ ਦਾ ਬਨਵਾਸ ਅਜੇ 20 ਦਿਨ ਰਹਿੰਦਾ ਸੀ ਫਿਰ ਭਬੀਕਸ਼ਣ ਨੂੰ ਲੰਕਾ ਦਾ ਰਾਜਾ ਬਣਾਉਣ ਤੋਂ ਠੀਕ 20 ਦਿਨ ਬਾਅਦ ਰਾਮ ਚੰਦਰ ਅਯੋਧਿਆ ਪਹੁੰਚੇ ਸਨ। ਇਸ ਤੱਥ ਦੀ ਪੁਸ਼ਟੀ ਕੇਂਦਰ ਸਰਕਾਰ ਤੋਂ ਮਾਨਤਾ ਪ੍ਰਾਪਤ ਸਥਾਨ ਇੰਸਟੀਚਿਊਟ ਆਫ ਸੈਂਟੀਫਿਕ ਰਿਸਰਚ ਆਫ ਵੇਦਾਜ਼ ਵੱਲੋਂ ਕੀਤੀ ਗਈ ਹੈ। ਅੱਜ ਜੋ ਦੁਸਹਿਰੇ ਤੋਂ ਪਹਿਲਾਂ ਰਾਮਲੀਲਾ ਖੇਡੀ ਜਾਂਦੀ ਹੈ, ਉਹ ਵੀ ਭਗਵਾਨ ਬਾਲਮੀਕ ਜੀ ਵੱਲੋਂ ਰਚਿਤ ਉਸ ਰਮਾਇਣ ਗ੍ਰੰਥ ਉੱਤੇ ਅਧਾਰਿਤ ਹੈ, ਜਿਸ ਵਿੱਚ ਸੰਯੁਕਤ ਪਰਿਵਾਰਾਂ ਵਿੱਚ ਆਦਰਸ਼ਵਾਦੀ ਰਿਸ਼ਤੇ ਬਣਾਉਣ ਦੀ ਸਿੱਖਿਆ ਦਿੱਤੀ ਗਈ ਹੈ, ਉੱਥੇ ਹੀ ਰਾਜਾ ਅਤੇ ਪ੍ਰਜਾ ਦਰਮਿਆਨ ਵੀ ਆਦਰਸ਼ਵਾਦ ਵਰਤਾਓ ਰੱਖਣ ਦੀ ਸਿੱਖਿਆ ਦਿੱਤੀ ਗਈ ਹੈ ਪ੍ਰੰਤੂ ਇਸ ਦੇ ਬਾਵਜੂਦ ਲੋਕ ਰਾਮਲੀਲਾ ਨੂੰ ਇੱਕ ਮਨੋਰੰਜਨ ਵਜੋਂ ਵੱਧ ਪਰ ਸਿੱਖਿਆ ਵਜੋਂ ਘੱਟ ਵੇਖਦੇ ਹਨ, ਇਹੋ ਕਾਰਨ ਹੈ ਕਿ ਅੱਜ ਸਾਡੇ ਸਮਾਜ ਵਿੱਚ ਪਰਿਵਾਰਾਂ ਦੇ ਆਪਸੀ ਰਿਸ਼ਤੇ ਅਸ਼ਾਂਤੀ, ਬੇਵਿਸ਼ਵਾਸੀ ਅਤੇ ਕੁੜੱਤਣ ਦੇ ਸ਼ਿਕਾਰ ਹੋ ਰਹੇ ਹਨ। ਇਵੇਂ ਹੀ ਸਾਡੇ ਅਜੋਕੇ ਹੁਕਮਰਾਨਾਂ ਵਿੱਚ ਨਿਮਰਤਾ, ਜਵਾਬਦੇਹੀ ਘੱਟ ਅਤੇ ਹੰਕਾਰੀ ਤੇ ਭ੍ਰਿਸ਼ਟਾਚਾਰੀ ਬਿਰਤੀ ਵਧੇਰੇ ਵੇਖੀ ਜਾਂਦੀ ਹੈ। ਬੇਸ਼ੱਕ ਭਗਵਾਨ ਵਾਲਮੀਕ ਜੀ ਦੇ ਜੀਵਨ ਕਾਲ, ਜਨਮ ਸਥਾਨ ਬਾਰੇ ਕਈ ਇਤਿਹਾਸਕ ਮਤਭੇਦ ਹਨ ਪ੍ਰੰਤੂ ਫਿਰ ਵੀ ਇਸ ਦੀ ਜਾਣਕਾਰੀ ਭਗਵਾਨ ਵਾਲਮੀਕੀ ਜੀ ਦੀਆਂ ਲਿਖਤਾਂ ਦੇ ਅਧਿਐਨ ਤੋਂ ਮਿਲ ਜਾਂਦੀ ਹੈ ਜਿਵੇਂ ਕਿ ਉੱਤਰ ਕਾਂਡ ਸਰਗ 19 ਸਲੋਕ 26 ਵਿੱਚ ਲਿਖਿਆ ਹੈ ਪ੍ਰਚੇਤ ਜੋ ਦਸਮ ਪੁੱਤ੍ਰ ਰਾਘਵ ਨੰਦਨ, ਨਸਿਮਰਨ ਯਤ੍ਰੇ ਵਾਕ ਮਮੈਤੇ ਤਵ ਪੁਤਰਕੇ ਭਾਵ ਕਿ ਮੈਂ ਪ੍ਰਚੇਤਾ ਦਾ ਦਸਵਾਂ ਪੁੱਤਰ ਹਾਂ। ਇਸ ਸਲੋਕ ਤੋਂ ਸਿੱਧ ਹੁੰਦਾ ਹੈ ਕਿ ਬਾਲਮੀਕ ਜੀ ਪ੍ਰਚੇਤਾ ਰਾਜਾ ਵਰੁਣ ਜੀ ਦੇ ਦਸਵੇਂ ਪੁੱਤਰ ਸਨ। ਇਸ ਬਾਰੇ ਕਵਿ ਕਾਲੀਦਾਸ ਸ਼ਕੁੰਤਲਾ ਨਾਟਕ ਦੇ ਸਰਗ 3 ਸਲੋਕ 2 ਵਿੱਚ ਲਿਖਦੇ ਹਨ 'ਪ੍ਰਚੇਤਸ ਅਪਤਸਮ ਪ੍ਰਚੇਤਾ ਵਰੁਣ' ਭਾਵ ਕਿ ਪ੍ਰਚੇਤਾ ਦਾ ਦੂਜਾ ਨਾਮ ਵਰੁਣ ਸੀ ਅਤੇ ਉਸਦੀ ਰਾਜਧਾਨੀ ਮੁਲਤਾਨ ਸੀ ਹੁਣ ਇਤਿਹਾਸਕਾਰਾਂ ਵੱਲੋਂ ਭਗਵਾਨ ਵਾਲਮੀਕ ਜੀ ਦੁਆਰਾ ਰਚਿਤ ਰਾਮ ਰਮਾਇਣ ਦੀ ਨਵੀਂ ਭੂਗੋਲਿਕ ਖੋਜ ਕੀਤੀ ਗਈ ਹੈ ਕਿ ਸਪਤ ਸਿੰਧੂ ਜਾਂ ਪੰਜਨਦ (ਪੰਜਾਬ) ਕਹੇ ਜਾਣ ਵਾਲੇ ਦੇਸ਼ ਵਿੱਚ ਹੀ ਰਮਾਇਣ ਦਾ ਸਾਰਾ ਇਤਿਹਾਸ ਵਾਪਰਿਆ ਸੀ। ਅਜੋਕਨ (ਮੌਜੂਦਾ ਪਾਕ ਪਟਨ ਮੁਲਤਾਨ) ਹੀ ਅਯੋਧਿਆ ਸਿੱਧ ਹੋਈ ਹੈ। ਅੰਮ੍ਰਿਤਸਰ ਸਾਹਿਬ ਵਿੱਚ ਜਿੱਥੇ ਰਾਮ ਤੀਰਥ ਜੋ ਭਗਵਾਨ ਵਾਲਮੀਕ ਦਾ ਆਸ਼ਰਮ ਹੈ ਉਹ ਹੀ ਲਵ-ਕੁਸ਼ ਦੀ ਸਿੱਖਿਆ ਸਥਲੀ ਅਤੇ ਉਹ ਹੀ ਭਗਵਾਨ ਵਾਲਮੀਕ ਜੀ ਦਾ ਆਸ਼ਰਮ ਅਤੇ ਤਪ ਸਥਾਨ ਸੀ, ਜਿਥੇ ਅੱਜ ਵੀ ਕਈ ਪੁਰਾਤਨ ਨਿਸ਼ਾਨੀਆਂ ਦੇ ਚਿੰਨ੍ਹ ਮੌਜੂਦ ਹਨ ਜਿਵੇਂ ਕਿ ਉਹਨਾਂ ਦੀ ਕੁਟੀਆ, ਉਹਨਾਂ ਦਾ ਧੂਣਾ, ਉਹ ਨਿਸ਼ਾਨ ਜਿੱਥੇ ਸੀਤਾ ਰਹੀ ਸੀ, ਜਿੱਥੇ ਲਵ ਕੁਸ਼ ਨੇ ਰਾਮ ਚੰਦਰ ਦਾ ਚੱਕਰਵਰਤੀ ਘੋੜਾ ਫੜ੍ਹ ਕੇ ਬੰਨ੍ਹ ਲਿਆ ਸੀ, ਇਹ ਨਿਸ਼ਾਨ ਵੀ ਮੌਜੂਦ ਹਨ। ਇਸ ਖੋਜ ਅਨੁਸਾਰ ਪਟਿਆਲਾ ਦੇ ਨਜ਼ਦੀਕ ਪਿੰਡ ਘੜਾਮ ਵਿੱਚ ਸ੍ਰੀ ਰਾਮ ਚੰਦਰ ਜੀ ਦੀ ਮਾਤਾ ਕੁੱਸ਼ਲਿਆ ਦੇ ਪੇਕੇ ਸਨ ਅਤੇ ਰਾਮ ਚੰਦਰ ਜੀ ਦਾ ਜਨਮ ਵੀ ਇਸੇ ਨਾਨਕਾ ਘਰ ਵਿੱਚ ਹੋਇਆ ਦੱਸਿਆ ਗਿਆ ਹੈ ਕਿਉਂਕਿ ਉਥੇ ਮਾਤਾ ਕੁੱਸ਼ਲਿਆ ਦਾ ਬੇਹਤਾ ਮੰਦਿਰ ਵੀ ਮੌਜੂਦ ਹੈ ਜੋ ਇਸ ਤੱਥ ਦੀ ਗਵਾਹੀ ਭਰਦਾ ਹੈ ਅਤੇ ਜਿੱਥੇ ਲੋਕ ਪੂਜਾ ਕਰਦੇ ਹਨ ਜਿਸ ਨਾਲ ਹੋਰ ਵੀ ਕਈ ਨਿਸ਼ਾਨੀਆਂ ਮੌਜੂਦ ਹਨ। ਸੀਤਲਾਨੀ ਪਿੰਡ ਵੀ ਅੰਮ੍ਰਿਤਸਰ ਪਾਕਿਸਤਾਨ ਵਿੱਚ ਸਰਹੱਦ ਦੇ ਨੇੜੇ ਮੌਜੂਦ ਹੈ ਅਤੇ ਲਵ ਦਾ ਮੰਦਿਰ ਵੀ ਪਾਕਿਸਤਾਨ ਵਿੱਚ ਬਣਿਆ ਹੋਇਆ ਹੈ ਕਿਉਂਕਿ ਲਵ ਨੇ ਲਵਪੁਰੀ (ਲਾਹੌਰ) ਅਤੇ ਕੁਸ਼ ਨੇ ਕਸੂਰ ਵਸਾਇਆ ਸੀ। ਇਸ ਲਈ ਅੱਜ ਇਸ ਪਵਿੱਤਰ ਦਿਹਾੜੇ ਮੌਕੇ ਇਨ੍ਹਾਂ ਪੱਖਿਆਂ ਨੂੰ ਇਹ ਪ੍ਰਣ ਲੈਣਾ ਚਾਹੀਦਾ ਹੈ ਕਿ ਵੱਧ ਤੋਂ ਵੱਧ ਕਲਮ ਤੇ ਵਿੱਦਿਆ ਨਾਲ ਪਿਆਰ ਕਰੀਏ, ਉੱਚ ਵਿੱਦਿਆ ਪ੍ਰਾਪਤ ਕਰਕੇ, ਬੁਰੀਆਂ ਆਦਤਾਂ ਨਸ਼ਿਆਂ ਪੱਤਿਆਂ, ਫਜ਼ੂਲ ਖਰਚੀ ਤੋਂ ਬਚ ਕੇ ਅਤੇ ਉੱਚ ਰੁਤਬਿਆਂ ਨੂੰ ਪ੍ਰਾਪਤ ਕਰਕੇ ਅਜਿਹਾ ਸਤਿਕਾਰਤ ਸਮਾਜ ਵਿੱਚ ਹਾਸਿਲ ਕਰੀਏ ਜਿਹੜਾ ਸਤਿਕਾਰ ਭਗਵਾਨ ਬਾਲਮੀਕ ਜੀ ਨੇ ਅਤੇ ਸਾਡੇ ਬਾਕੀ ਮਹਾਂਪੁਰਖਾਂ ਨੇ ਹਾਸਲ ਕੀਤਾ ਹੈ। ਇਹੋ ਹੀ ਅੱਜ ਭਗਵਾਨ ਬਾਲਮੀਕ ਜੀ ਨੂੰ ਸੱਚਾ ਸਤਿਕਾਰ ਹੋਵੇਗਾ।

# ਪੰਜਾਬ ਦਾ ਰਾਜ ਸਭਾ ਵਿੱਚ ਕੌਣ ਰੱਖੇਗਾ ਪੱਖ !

ਕਮਲਜੀਤ ਸਿੰਘ ਬਨਵੈਤ
98147 34035



- ਪੰਜਾਬ ਤੋਂ ਆਪ ਦੇ ਰਾਜ ਸਭਾ ਮੈਂਬਰ ਸਦਨ 'ਚੋਂ ਉੱਠ ਕੇ ਸੁੱਚੇ ਮੂੰਹ ਆ ਜਾਂਦੇ ਰਹੇ ਬਾਹਰ
- ਟੀ ਡੀ ਆਈ ਗਰੁੱਪ ਦੇ ਐਮ.ਡੀ. ਅਤੇ ਪੰਜਾਬ ਨੀਤੀ ਯੋਗ ਦੇ ਵਾਈਸ ਚੇਅਰਮੈਨ ਰਜਿੰਦਰ ਗੁਪਤਾ ਨੂੰ ਰਾਜ ਸਭਾ ਵਿੱਚ ਭੇਜਣ ਦੀ ਤਿਆਰੀ
- ਰਜਿੰਦਰ ਗੁਪਤਾ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਕੇ ਕੀਤੀ ਆਪ ਪੰਜਾਬ ਮਾਮਲਿਆਂ ਦੇ ਇੰਚਾਰਜ ਮੁਨੀਸ਼ ਸਿਸੋਦੀਆ ਨਾਲ ਮੀਟਿੰਗ
- ਪੰਜਾਬੀਆਂ ਦੇ ਵਿਰੋਧ ਨੂੰ ਭਾਂਪਦਿਆਂ ਪਿੱਛੇ ਹਟੇ ਅਰਵਿੰਦ ਕੇਜਰੀਵਾਲ ਅਤੇ ਮੁਨੀਸ਼ ਸਿਸੋਦੀਆ
- ਆਪ ਕੋਲ ਪੰਜਾਬ ਵਿੱਚ 93 ਐਮਐਲ ਏ ਇਸ ਕਰਕੇ ਵਿਰੋਧੀ ਧਿਰਾਂ ਦੇ ਮੁਕਾਬਲੇ ਤੋਂ ਦੂਰ ਰਹਿਣ ਦੀ ਸੰਭਾਵਨਾ
- ਰਾਜ ਸਭਾ ਦੇ ਮੈਂਬਰ ਦੀ ਚੋਣ 24 ਅਕਤੂਬਰ ਨੂੰ ਹੋਵੇਗੀ

ਆਮ ਆਦਮੀ ਪਾਰਟੀ ਵੱਲੋਂ ਜਦੋਂ ਮੁਲਕ ਦੀ ਰਾਜ ਸਭਾ ਵਿੱਚ ਸੱਤ ਹੀਰੇ ਭੇਜੇ ਗਏ ਸਨ ਤਾਂ ਸਭ ਤੋਂ ਵੱਧ ਵਿਰੋਧ ਉਸ ਵੇਲੇ ਹੋਇਆ ਸੀ। ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹੀਰੇ ਖੋਟੇ ਨਿਕਲੇ। ਇਹਨਾਂ ਨੇ ਕਦੇ ਇੱਕ ਡਾਹ ਕੇ ਪੰਜਾਬ ਦਾ ਪੱਖ ਨਹੀਂ ਪੂਰਿਆ। ਕਿਸੇ ਨੂੰ ਪੰਜਾਬ ਦੇ ਸੱਭਿਆਚਾਰ, ਵਿਰਾਸਤ ਅਤੇ ਸਿਆਸਤ ਦੀ ਸਮਝ ਨਹੀਂ ਹੈ। ਕੋਈ ਪੰਜਾਬ ਲਈ ਦਰਦ ਨਹੀਂ ਰੱਖਦਾ। ਇਹਨਾਂ ਵਿੱਚੋਂ ਜ਼ਿਆਦਾਤਰ ਹਾਜ਼ਰੀ ਲਵਾ ਕੇ ਸੁੱਚੇ ਮੂੰਹ ਬਾਹਰ ਆਉਂਦੇ ਰਹੇ ਹਨ। ਹੁਣ ਰਾਜ ਸਭਾ ਵਿੱਚ ਜਿਸ ਇੱਕ ਹੋਰ ਸ਼ਖ਼ਸੀਅਤ ਰਜਿੰਦਰ ਗੁਪਤਾ ਨੂੰ ਭੇਜਣ ਦੀ ਚਰਚਾ ਛਿੜੀ ਹੈ, ਉਹ ਵੀ ਹਾਲੇ ਤੱਕ ਤਾਂ ਸੂਬੇ ਦੀ ਸਿਆਸਤ ਤੋਂ ਕੋਰਾ ਹੈ। ਇਹ ਵੱਖਰੀ ਗੱਲ ਹੈ ਕਿ ਉਹ ਪੰਜਾਬ ਦੇ ਇੱਕ ਵਾਰ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਅਤੇ ਉਸ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਤੇ ਹੁਣ ਭਗਵੰਤ ਸਿੰਘ ਮਾਨ ਦੀ ਸਰਕਾਰ ਦੇ ਨੀਤੀ ਅਤੇ ਯੋਜਨਾ ਬੋਰਡ ਦਾ ਵਾਈਸ ਚੇਅਰਮੈਨ ਚਲਿਆ ਆ ਰਿਹਾ ਹੈ। ਉਸ ਨੂੰ ਕੈਬਨਿਟ ਰੈਂਕ ਮਿਲਦਾ ਰਿਹਾ ਹੈ। ਉਸ ਦੀ ਕਾਬਲੀਅਤ ਤੇ ਸ਼ੱਕ ਨਹੀਂ ਕੀਤਾ ਜਾ ਸਕਦਾ ਹੈ ਕਿ ਆਮ ਆਦਮੀ ਪਾਰਟੀ ਨਾਲ ਬਣਦੀ ਹੈ। ਉਹ ਸਿਆਸੀ ਪਾਰਟੀਆਂ ਦਾ ਭਾਰ ਚੋਣ ਦਾ ਦਮ ਰੱਖਦਾ ਹੈ। ਇਹੋ ਉਸ ਦੀ ਚੋਣ ਦਾ ਪੈਮਾਨਾ ਹੋ ਨਿਬੜਿਆ ਲਗਦਾ ਹੈ। ਰਾਜ ਸਭਾ ਦੇ ਮੈਂਬਰ ਦੀ ਚੋਣ 24 ਅਕਤੂਬਰ ਨੂੰ ਹੋਣੀ ਹੈ। ਉਸ ਦੇ ਨਾਂ ਦਾ ਐਲਾਨ ਹਾਲੇ ਤੱਕ ਸਰਕਾਰੀ ਤੌਰ 'ਤੇ ਤਾਂ ਨਹੀਂ ਕੀਤਾ ਗਿਆ ਪਰ ਕਿਉਂਕਿ ਉਸ ਨੇ ਨੀਤੀ ਆਯੋਗ ਦੇ ਵਾਈਸ ਚੇਅਰਮੈਨ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ, ਇਸ ਕਰਕੇ ਉਸ ਦਾ ਨਾਂ ਉੱਤੇ ਪੈਂਦਾ ਹੈ। ਉਹ ਦਿੱਲੀ ਦੇ ਸਾਬਕਾ ਡਿਪਟੀ ਮੁੱਖ ਮੰਤਰੀ ਅਤੇ ਆਪ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਮੁਨੀਸ਼ ਸਿਸੋਦੀਆ ਨਾਲ ਮੀਟਿੰਗ ਕਰ ਚੁੱਕੇ ਹਨ।

ਆਮ ਆਦਮੀ ਪਾਰਟੀ ਕੋਲ ਪੰਜਾਬ ਵਿੱਚ 93 ਐਮਐਲਏ ਹਨ। ਇਸ ਕਰਕੇ ਵਿਰੋਧੀ ਧਿਰ ਕਾਂਗਰਸ ਸਮੇਤ ਦੂਜੀਆਂ ਪਾਰਟੀਆਂ ਕੋਲ ਉਮੀਦਵਾਰ ਖੜ੍ਹਾ ਕਰਨ ਲਈ ਗਿਣਤੀ ਨਾ ਕਾਫ਼ੀ ਹੈ। ਹਾਂ, ਟੀ ਆਈ ਗਰੁੱਪ ਦੇ ਐਮ ਡੀ ਰਜਿੰਦਰ ਗੁਪਤਾ ਆਮ ਆਦਮੀ ਪਾਰਟੀ ਦੇ ਪੈਮਾਨੇ 'ਤੇ ਉੱਕੇ ਖਰੇ ਉਤਰਦੇ ਲੱਗਦੇ ਹਨ। ਜਿਸ ਤਰ੍ਹਾਂ ਲਵਲੀ ਯੂਨੀਵਰਸਿਟੀ ਦੇ ਚਾਂਸਲਰ ਅਸ਼ੋਕ ਮਿੱਤਲ, ਲੁਧਿਆਣਾ ਦੇ ਵਪਾਰੀ ਨਰੇਸ਼ ਅਰੋੜਾ ਨੂੰ ਦਿੱਲੀ ਤੋਂ ਵਿਕਰਮਜੀਤ ਸਿੰਘ ਸਾਹਨੀ ਖਰੇ ਉਤਰੇ ਸਨ। ਦੂਜਿਆਂ ਵਿੱਚੋਂ ਵਾਤਾਵਰਨ ਪ੍ਰੇਮੀ ਪ੍ਰਮੀ ਬਲਬੀਰ ਸਿੰਘ ਸੀਚੇਵਾਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪਸੰਦ ਬਣੇ ਜਦ ਕਿ ਸੰਦੀਪ ਪਾਠਕ, ਕ੍ਰਿਕਟ ਹਰਭਜਨ ਸਿੰਘ ਭੱਜੀ ਅਤੇ ਰਾਘਵ ਚੱਢਾ ਉੱਤੇ ਆਪ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦਾ ਆਸ਼ੀਰਵਾਦ ਸੀ।

ਲੁਧਿਆਣਾ ਪੱਛਮੀ ਦੀ ਸੀਟ ਐਮਐਲਏ ਗੁਰਪ੍ਰੀਤ ਗੋਗੀ ਦੇ ਅਕਾਲ ਚਲਾਣੇ ਤੋਂ ਬਾਅਦ ਖ਼ਾਲੀ ਹੋਈ ਤਾਂ ਨਰੇਸ਼ ਅਰੋੜਾ ਨੂੰ ਉੱਥੋਂ ਐਮਐਲਏ ਬਣਾ ਕੇ ਪੰਜਾਬ ਸਰਕਾਰ ਵਿੱਚ ਵਜ਼ੀਰ ਬਣਾ ਦਿੱਤਾ ਗਿਆ। ਉਦੋਂ ਚਰਚਾ ਇਹ ਸੀ ਕਿ ਅਰਵਿੰਦ ਕੇਜਰੀਵਾਲ ਨੂੰ ਰਾਜ ਸਭਾ ਵਿੱਚ ਭੇਜਿਆ ਜਾਵੇਗਾ। ਸੱਚ ਤਾਂ ਇਹ ਹੈ ਕਿ ਪੰਜਾਬ ਵਿੱਚ ਵਿਰੋਧ ਦੀ ਅੱਗ ਭੜਕ ਉੱਠੀ ਸੀ। ਉਸ ਤੋਂ ਬਾਅਦ ਦਿੱਲੀ ਦੇ ਸਾਬਕਾ ਡਿਪਟੀ ਮੁੱਖ ਮੰਤਰੀ ਮੁਨੀਸ਼ ਸਿਸੋਦੀਆ ਦੇ ਨਾਂ ਉੱਤੇ ਚਰਚਾ ਹੁੰਦੀ ਰਹੀ। ਹੁਣ ਆਮ ਆਦਮੀ ਪਾਰਟੀ ਨੇ ਇੱਕ ਹੋਰ ਕੀਮਤੀ ਹੀਰਾ ਲੱਭ ਲਿਆ ਹੈ।

ਕੌੜਾ ਸੱਚ ਇਹ ਵੀ ਹੈ ਕਿ ਪੰਜਾਬ ਤੋਂ ਰਾਜ ਸਭਾ ਵਿੱਚ ਗਏ ਸੱਤ ਮੈਂਬਰਾਂ ਵਿੱਚੋਂ ਕਿਸੇ ਨੂੰ ਵੀ ਪੰਜਾਬ ਦੀ ਸਿਆਸਤ ਦੀ ਸਮਝ ਨਹੀਂ ਹੈ। ਇੱਥੋਂ ਤੱਕ ਕਿ ਰਜਿੰਦਰ ਗੁਪਤਾ ਤਿੰਨ ਸਰਕਾਰਾਂ ਵਿੱਚ ਨੀਤੀ ਆਯੋਗ ਦੇ ਵਾਈਸ ਚੇਅਰਮੈਨ ਤਾਂ ਬਣੇ ਰਹੇ ਪਰ ਉਹਨਾਂ ਨੂੰ ਕਦੇ ਸੂਬੇ ਦੀ ਸਿਆਸਤ ਵਿੱਚ ਵਿਚਰਦਿਆਂ ਨਹੀਂ ਦੇਖਿਆ ਗਿਆ ਹੈ। ਹੋ ਸਕਦਾ ਹੈ ਕਿ ਉਹਨਾਂ ਦਾ ਕਦੇ ਕੋਈ ਅੰਦਰ ਸਿਆਸੀ ਬਿਆਨ ਵੀ ਸਾਹਮਣੇ ਨਹੀਂ ਆਇਆ ਜਿਹੜਾ ਚਰਚਾ ਬਣਿਆ ਹੋਵੇ ਦੇ ਹੋਣਾਂ ਦੀ ਗੱਲ ਕਰਦਾ ਹੋਵੇ। ਦੂਜੇ ਬੰਨੇ ਕਾਂਗਰਸ ਦੇ ਲੋਕ ਸਭਾ ਹਲਕਾ ਜਲੰਧਰ ਤੋਂ ਮੈਂਬਰ ਪਾਰਲੀਮੈਂਟ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਲੋਕ ਸਭਾ ਵਿੱਚ ਅਕਸਰ ਗਰਜਦੇ ਦੇਖੇ ਗਏ। ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਲੁਧਿਆਣਾ ਤੋਂ ਲੋਕ ਸਭਾ ਦੇ ਮੈਂਬਰ ਰਾਜਾ ਅਮਰਿੰਦਰ ਸਿੰਘ ਵੜਿੰਗ ਵੀ ਭਿੜਦੇ ਆ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਦੀ ਹਰਸਿਮਰਤ ਕੌਰ ਬਾਦਲ ਵੀ ਆਪਣੇ ਮਸਲੇ ਦਿਲ ਖੋਲ੍ਹ ਕੇ ਰੱਖਦੀ ਰਹੀ ਹੈ। ਪਟਿਆਲਾ ਤੋਂ ਲੋਕ ਸਭਾ ਦੇ ਮੈਂਬਰ ਡਾਕਟਰ ਧਰਮਵੀਰ ਗਾਂਧੀ ਨੇ ਆਮ ਆਦਮੀ ਨੂੰ ਅਲਵਿਦਾ ਹੀ ਇਸ ਕਰਕੇ ਕਿਹਾ ਸੀ ਕਿਉਂਕਿ ਉਹਨਾਂ ਨੂੰ ਪੰਜਾਬ ਦੇ ਮਸਲਿਆਂ ਉੱਤੇ ਗੱਲ ਕਰਨ ਤੋਂ ਰੋਕਿਆ ਜਾਣ ਲੱਗਾ ਸੀ। ਉਹ ਸੁਪਰੀਮੋ ਮੁਹਰੇ ਅੜ੍ਹ ਗਏ ਜਿਹਦੇ ਬਦਲੇ ਝੰਡੀ ਵਾਲੀ ਕਾਰ ਛੱਡਣੀ ਪਈ ਸੀ। ਹੁਣ ਉਹ ਕਾਂਗਰਸ ਦੀ ਸੀਟ ਤੋਂ ਜਿੱਤ ਕੇ ਪਾਰਲੀਮੈਂਟ ਵਿੱਚ ਗਏ ਹਨ। ਆਮ ਆਦਮੀ ਪਾਰਟੀ ਦੇ ਵਿਧਾਇਕਾਂ ਅਤੇ ਰਾਜਸਭਾ ਮੈਂਬਰਾਂ ਦੀ ਲਗਾਮ ਹੀ ਹਾਈਕਮਾਂਡ ਦੇ ਹੱਥ ਨਹੀਂ ਸਗੋਂ ਸੁਪਰੀਮ ਦੇ ਇਸ਼ਾਰੇ ਉੱਤੇ ਹੀ ਖੁੱਲ੍ਹਣ ਦੀ ਇਜਾਜ਼ਤ ਨਾਲ ਮਿਲਦੀ ਹੈ। ਅਸਲ ਵਿੱਚ ਰਾਜ ਸਭਾ ਅੰਦਰ ਅਜਿਹੇ ਪ੍ਰਤੀਨਿਧ ਭੇਜਣ ਦੀ ਲੋੜ ਹੁੰਦੀ ਹੈ ਜਿਹੜੇ ਆਪਣੇ ਸੂਬੇ ਲਈ ਇੱਕ ਡਾਹ ਕੇ ਲੜ ਸਕਣ। ਜਿਹੜੇ ਸਿਰਫ਼ ਅਖ਼ਬਾਰੀ ਬਿਆਨ ਨਹੀਂ ਸਗੋਂ ਸੜਕਾਂ ਉੱਤੇ ਆ ਕੇ ਲੜਾਈ ਲੜਨ ਦਾ ਵੀ ਦਮ ਰੱਖਦੇ ਹੋਣ। ਇੱਥੇ ਇਹ ਚੇਤੇ ਕਰਾਉਣਾ ਜ਼ਰੂਰੀ ਹੋਵੇਗਾ ਕਿ ਕਿਸੇ ਵੀ ਸੂਬੇ ਤੋਂ ਰਾਜ ਸਭਾ ਦਾ ਮੈਂਬਰ ਪੂਰੇ ਸੂਬੇ ਦੀ ਪ੍ਰਤੀਨਿਧਤਾ ਕਰਦਾ ਹੈ ਜਦ ਕਿ ਐਮਐਲਏ ਕੇਵਲ ਆਪਣੇ ਹਲਕੇ ਦਾ ਹੀ ਨੁਮਾਇੰਦਾ ਹੁੰਦਾ ਹੈ। ਜੇ ਲੋੜ ਅਜਿਹੇ ਮੈਂਬਰਾਂ ਨੂੰ ਪਾਰਲੀਮੈਂਟ ਵਿੱਚ ਭੇਜਣ ਦੀ ਹੈ ਜਿਹੜੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਾਂ ਫਿਰ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਅੱਖ ਵਿੱਚ ਅੱਖ ਪਾ ਕੇ ਗੱਲ ਕਰਨ ਦਾ ਹੀਆ ਰੱਖਦੇ ਹੋਣ। ਜਿਹੜੇ ਦਲੀਲਾਂ ਨਾਲ ਗੱਲ ਕਰਕੇ ਦੂਜਿਆਂ ਨੂੰ ਚੁੱਪ ਕਰਾ ਸਕਣ। ਨਹੀਂ, ਮੁਹਰਲੇ ਨੂੰ ਨਿਰ ਉੱਤਰ ਕਰਨ ਦੀ ਸਮਰੱਥਾ ਰੱਖਦੇ ਹੋਣ। ਇਸ ਲਈ ਘਰੋਂ ਤਿਆਰੀ ਕਰਕੇ ਅਤੇ ਪੜ੍ਹ ਕੇ ਜਾਣਾ ਪੈਂਦਾ ਹੈ। ਪੰਜਾਬ ਦੇ ਵਿਧਾਇਕ ਹੋਣ, ਮੈਂਬਰ ਪਾਰਲੀਮੈਂਟ ਜਾਂ ਫਿਰ ਰਾਜ ਸਭਾ ਦੇ ਮੈਂਬਰ ਸਦਨ ਵਿੱਚ ਤਿਆਰੀ ਕਰਕੇ ਜਾਣ ਉਹਨਾਂ ਦੇ ਸੁਭਾਅ ਦਾ ਹਿੱਸਾ ਨਹੀਂ ਹੈ।

ਮੁਲਕ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਾਂ ਫਿਰ ਗ੍ਰਹਿ ਮੰਤਰੀ ਅਮਿਤ ਸ਼ਾਹ ਉਹ ਕੱਦਾਵਰ ਅਤੇ ਤਾਕਤਵਰ ਨੇਤਾ ਹਨ, ਜਿਹਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਪੈਰ ਨਹੀਂ ਲੱਗਣ ਦੇ ਰਹੇ। ਪਿਛਲੀਆਂ ਦੋ ਮੁਲਾਕਾਤਾਂ ਦੌਰਾਨ ਤਾਂ ਉਹਨਾਂ ਨੇ ਇੱਕ ਕਿਸਮ ਨਾਲ ਭਗਵੰਤ ਮਾਨ ਨੂੰ ਝੂਠਿਆਂ ਵੀ ਪਾਇਆ ਹੈ। ਭਗਵੰਤ ਸਿੰਘ ਮਾਨ ਦੀ ਅਮਿਤ ਸ਼ਾਹ ਨਾਲ ਪਿਛਲੇ ਦਿਨੀਂ ਪੰਜਾਬ ਵਿੱਚ ਵਾਪਰਿਆ ਹੜ੍ਹਾਂ ਦੇ ਕਹਿਰ ਨਾਲ ਜੁੜੀ ਮੀਟਿੰਗ ਦੀ ਗੱਲ ਕਰੀਏ ਤਾਂ ਮੁੱਖ ਮੰਤਰੀ ਬਾਹਰ ਆ ਕੇ ਮੀਡੀਆ ਮੂਹਰੇ ਦਾਹਰਾਂ ਮਾਰਦੇ ਰਹੇ ਹਨ ਪਰ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੇ ਗਏ ਪ੍ਰੈਸ ਨੋਟ ਵਿੱਚ ਹੋਰ ਹੀ ਦਾਅਵਾ ਕੀਤਾ ਗਿਆ ਹੈ। ਪ੍ਰੈਸ ਨੋਟ ਨੇ ਪੰਜਾਬ ਦੀ ਮੌਜੂਦਾ ਤੇ ਤਤਕਾਲੀ ਸਰਕਾਰਾਂ ਦੀ ਪੋਲ ਖੋਲ੍ਹ ਦਿੱਤੀ ਹੈ। ਕੇਂਦਰ ਦਾ ਦਾਅਵਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਹੜ੍ਹਾਂ ਮੌਕੇ ਪੰਜਾਬ ਦੇ ਕੀਤੇ ਦੌਰੇ ਵੇਲੇ ਜਿਹੜਾ 1600 ਕਰੋੜ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਗਿਆ ਸੀ, ਉਸ ਦੀ ਪਹਿਲੀ ਕਿਸ਼ਤ ਜਾਰੀ ਹੋ ਚੁੱਕੀ ਹੈ। ਇਸ ਤੋਂ ਬਿਨਾਂ 12 ਹਜ਼ਾਰ ਕਰੋੜ ਰੁਪਏ ਦਾ ਹਿਸਾਬ ਕਿਤਾਬ ਵੀ ਮੰਗਿਆ ਗਿਆ ਹੈ। ਸਰਕਾਰ ਨਾਲ ਜੁੜੇ ਸੂਤਰਾਂ ਦੀ ਗੱਲ ਕਰੀਏ ਤਾਂ ਪਤਾ ਲੱਗਦਾ ਹੈ ਕਿ ਕੇਂਦਰ ਸਰਕਾਰ ਵੱਲੋਂ ਕੁਦਰਤੀ ਆਫ਼ਤ ਫੰਡ ਵਿਚਲੀ ਰਕਮ ਦੂਜੇ ਕੰਮਾਂ ਲਈ ਵਰਤ ਲਈ ਗਈ ਹੈ। ਹਿਰਾਸੀ ਵਿਕਾਸ ਫੰਡ ਨੂੰ ਲੈ ਕੇ ਵੀ ਇਹੋ ਰੱਫੜਾ ਚੱਲ ਰਿਹਾ ਹੈ।

ਇਹ ਗੱਲ ਮੰਨ ਲੈਣੀ ਚਾਹੀਦੀ ਹੈ ਕਿ ਪੰਜਾਬ ਦੀ ਸਰਕਾਰ ਦਹਾਕਿਆਂ ਤੋਂ ਵਿੱਤੀ ਸੰਕਟ ਦੇ ਭਾਰ ਹੇਠ ਦੱਬੀ ਪਈ ਹੈ। ਸੂਬਾ ਸਰਕਾਰ ਕੇਂਦਰ ਵੱਲ ਝਾਕ ਲਾਈ ਬੈਠੀ ਹੈ ਜਦ ਕਿ ਕੇਂਦਰ ਦੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਸੰਕਟ ਦੀ ਘੜੀ ਹੱਥ ਫੜਨ ਲਈ ਤਿਆਰ ਨਹੀਂ ਹੈ। ਕੇਂਦਰ ਸਰਕਾਰ ਪੰਜਾਬ ਦੇ ਲੋਕਾਂ ਨੂੰ ਸ਼ਾਇਦ ਇਹ ਅਹਿਸਾਸ ਕਰਾਉਣਾ ਚਾਹੁੰਦੀ ਹੈ ਕਿ ਡਬਲ ਇੰਜਨ ਸਰਕਾਰ ਹੀ ਪੰਜਾਬ ਦੇ ਵਿੱਤੀ ਸੰਕਟ ਦਾ ਹੱਲ ਹੋ ਸਕਦੀ ਹੈ ਜਾਂ ਫਿਰ ਇਹ ਵੀ ਰਣਨੀਤੀ ਹੋ ਸਕਦੀ ਹੈ ਕਿ ਲੋਕਾਂ ਨੂੰ ਚੋਥੇ ਬਦਲ ਲਈ ਮਜਬੂਰ ਕੀਤਾ ਜਾਵੇ। ਹਰਿਆਣਾ ਨੇ ਮਹਿਲਾਵਾਂ ਨੂੰ 2100 ਰੁਪਏ ਦੇਣ ਦਾ ਵਾਅਦਾ ਪੂਰਾ ਕਰਕੇ ਪੰਜਾਬ ਸਰਕਾਰ ਲਈ ਇੱਕ ਨਵਾਂ ਸੰਕਟ ਖੜ੍ਹਾ ਕਰ ਦਿੱਤਾ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਮਹਿਲਾਵਾਂ ਨੂੰ 1100 ਰੁਪਏ ਮਹੀਨਾ ਦੇਣ ਦਾ ਐਲਾਨ ਕੀਤਾ ਸੀ ਜਿਹੜਾ ਸਾਢੇ ਤਿੰਨ ਸਾਲ ਬਾਅਦ ਵੀ ਵਫ਼ਾ ਨਹੀਂ ਹੋ ਸਕਿਆ ਹੈ। ਭਾਰਤੀ ਜਨਤਾ ਪਾਰਟੀ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਇਸ ਗੱਲ ਦਾ ਫਾਇਦਾ ਲੈਣ ਦੀ ਤਾਕ ਵਿੱਚ ਹੈ। ਸੱਚ ਤਾਂ ਇਹ ਵੀ ਕਹਿਣਾ ਪਵੇਗਾ ਕਿ ਇਸ ਵੇਲੇ ਪੰਜਾਬ ਦੇ ਲੋਕ ਬਦਲ ਦੀ ਥਾਂ ਰਵਾਇਤੀ ਪਾਰਟੀਆਂ ਜਾਂ ਚੌਥੀ ਧਿਰ ਨੂੰ ਮੌਕਾ ਦੇਣ ਬਾਰੇ ਮੁੜ ਤੱਕੀ ਵਿੱਚ ਹਨ।

ਆਪ ਕੋਲ ਪੰਜਾਬੀ ਦੇ ਸਿਧਾਂਤਾਂ ਨੂੰ ਕੇਂਦਰ ਵਿੱਚ ਪ੍ਰਤੀਨਿਧਤਾ ਦੇਣ ਦਾ ਇਹ ਸੁਨਹਿਰੀ ਮੌਕਾ ਸੀ। ਆਪ ਕਿਸੇ ਆਮ ਆਦਮੀ ਪਾਰਟੀ ਨੂੰ ਜਿਹੜਾ ਪੰਜਾਬ ਲਈ ਸੰਵੇਦਨਸ਼ੀਲ ਹੋਵੇ ਦੇਣ ਦਾ ਇੱਕ ਵਧੀਆ ਮੌਕਾ ਸੀ। ਇਸ ਨਾਲ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇੱਕ ਵੱਡਾ ਸੁਨੇਹਾ ਦਿੱਤਾ ਜਾਣਾ ਸੀ ਕਿ ਆਪ ਸੱਚਮੁੱਚ ਹੀ ਆਮ ਲੋਕਾਂ ਦੀ ਪਾਰਟੀ ਹੈ। ਆਪ ਬਾਰੇ ਲੋਕਾਂ ਦਾ ਬਣਨ ਵਾਲਾ ਇਹ ਭਰਮ ਭੁਲੇਖਾ ਵੀ ਟੁੱਟ ਜਾਂਦਾ ਕਿ ਆਮ ਆਦਮੀ ਪਾਰਟੀ ਸੱਚੀ ਆਮ ਲੋਕਾਂ ਦੀ ਪਾਰਟੀ ਹੈ, ਖਾਸ ਬੰਦਿਆਂ ਦੀ ਨਹੀਂ ਬਣੀ। ਕਈ ਸਿਆਸੀ ਮਾਹਿਰਾਂ ਦਾ ਸਵਾਲ ਖੜ੍ਹਾ ਹੋਇਆ ਸੀ ਕਿ ਰਾਜ ਸਭਾ ਵਿੱਚ ਪੰਜਾਬ ਦਾ ਮਜ਼ਬੂਤ ਪੱਖ ਕੌਣ ਰੱਖੇਗਾ ਉਹ ਗਾਇਬ ਹੁਣ ਹੋਰ ਵੀ ਡੂੰਘਾ ਹੋ ਕੇ ਸਾਹਮਣੇ ਆ ਖੜ੍ਹਾ ਹੈ।

# ਮਾਝਾ-ਦੁਆਬਾ

ਆਸ ਪਾਸ

## ਸ਼ਹੀਦੀ ਨਗਰ ਕੀਰਤਨ ਦਾ ਤਖ਼ਤ ਸ੍ਰੀ ਹਜ਼ੂਰ ਸਾਹਿਬ ਪਹੁੰਚਣ 'ਤੇ ਭਰਵਾਂ ਸਵਾਗਤ



ਅੰਮ੍ਰਿਤਸਰ, 6 ਅਕਤੂਬਰ (ਗੁਰਦਿਆਲ ਸਿੰਘ): ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਦੇ ਸਬੰਧ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਧੋਬੜੀ ਸਾਹਿਬ ਅਸਾਮ ਤੋਂ ਆਰੰਭ ਹੋਏ ਸ਼ਹੀਦੀ ਨਗਰ ਕੀਰਤਨ ਦਾ ਬੀਤੀ ਰਾਤ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਚਲ ਨਗਰ ਨਾਂਦੇੜ ਪਹੁੰਚਣ 'ਤੇ ਸੰਗਤਾਂ ਵੱਲੋਂ ਜੈਕਾਰਿਆਂ ਦੀ ਗੂੰਜ 'ਚ ਭਰਵਾਂ ਸਵਾਗਤ ਕੀਤਾ ਗਿਆ। ਇਸੇ ਦੌਰਾਨ ਅੱਜ ਨਗਰ ਕੀਰਤਨ 'ਚ ਸ਼ਾਮਲ ਪੰਜ ਪਿਆਰੇ ਸਾਹਿਬਾਨ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ, ਗਿਆਨੀ ਪਲਵਿੰਦਰਪਾਲ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ, ਜਥੇਦਾਰ ਮੰਗਵਿੰਦਰ ਸਿੰਘ ਖਾਪੜਖੇੜੀ, ਰਣਜੀਤ ਸਿੰਘ ਕਾਹਲੋਂ, ਗੁਰਿੰਦਰਪਾਲ ਸਿੰਘ ਗੋਰਾ, ਜਥੇਦਾਰ ਬਾਵਾ ਸਿੰਘ ਗੁਮਾਨਪੁਰਾ, ਅਮਰਜੀਤ ਸਿੰਘ ਭਲਾਈਪੁਰ, ਜਥੇਦਾਰ ਜਰਨੈਲ ਸਿੰਘ ਡੋਗਰਾਂਵਾਲਾ, ਗੁਰਪ੍ਰੀਤ ਸਿੰਘ ਝੱਬਰ, ਅਮਰਜੀਤ ਸਿੰਘ ਬੰਡਾਲਾ, ਜਸਮੇਰ ਸਿੰਘ ਲਾਛੜੂ, ਸਾਬਕਾ ਮੈਂਬਰ ਬੀਬੀ ਭਜਨ ਕੌਰ ਡੋਗਰਾਂਵਾਲਾ, ਮੀਤ ਸਕੱਤਰ ਕੁਲਦੀਪ ਸਿੰਘ ਰੋਡੇ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਅੱਜ ਗੁਰਦੁਆਰਾ ਲੰਗਰ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਬਲਵਿੰਦਰ ਸਿੰਘ ਤੇ ਬਾਬਾ ਨਰਿੰਦਰ ਸਿੰਘ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਬਾਬਾ ਬਲਵਿੰਦਰ ਸਿੰਘ ਤੇ ਬਾਬਾ ਨਰਿੰਦਰ ਸਿੰਘ ਕਾਰ ਸੇਵਾ ਹਜ਼ੂਰ ਸਾਹਿਬ ਵਾਲਿਆਂ ਵੱਲੋਂ ਗੁਰੂ ਘਰਾਂ ਅੰਦਰ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਪ੍ਰਸ਼ੰਸਾ ਕੀਤੀ ਤੇ ਸੰਗਤਾਂ ਵਾਸਤੇ ਕੀਤੇ ਪ੍ਰਬੰਧਾਂ ਲਈ ਸ਼੍ਰੋਮਣੀ ਕਮੇਟੀ ਵੱਲੋਂ ਧੰਨਵਾਦ ਵੀ ਕੀਤਾ। ਜ਼ਿਕਰਯੋਗ ਹੈ ਕਿ ਇਹ ਨਗਰ ਕੀਰਤਨ ਅੱਜ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਰੁਕੇਗਾ, ਜਿਥੇ ਨੌਵੇਂ ਪਾਤਸ਼ਾਹ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਵਿਸ਼ੇਸ਼ ਗੁਰਮਤਿ ਸਮਾਗਮ ਆਯੋਜਤ ਹੋਣਗੇ।

ਇਹ ਸ਼ਹੀਦੀ ਨਗਰ ਕੀਰਤਨ ਦੀ ਤਖ਼ਤ ਸ੍ਰੀ ਹਜ਼ੂਰ ਸਾਹਿਬ ਸਾਹਿਬ ਤੋਂ ਅਗਲੇ ਪੜਾਅ ਲਈ ਰਵਾਨਗੀ 7 ਅਕਤੂਬਰ ਨੂੰ ਸਵੇਰੇ ਹੋਵੇਗੀ| ਨਗਰ ਕੀਰਤਨ ਦੀ ਰਵਾਨਗੀ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕਟ ਹਰਜਿੰਦਰ ਸਿੰਘ ਧਾਮੀ, ਸਿੰਘ ਸਾਹਿਬਾਨ ਤੇ ਪ੍ਰਮੁੱਖ ਸ਼ਖ਼ਸੀਅਤਾਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨਗੀਆਂ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਇੰਚਾਰਜ ਗੁਰਮੇਜ ਸਿੰਘ, ਮੈਨੇਜਰ ਨਰਿੰਦਰ ਸਿੰਘ ਮਥਰੇਵਾਲ, ਰਣਜੀਤ ਸਿੰਘ ਜਲੰਧਰ, ਜਸਬੀਰ ਸਿੰਘ ਘੁੰਮਣ, ਸਤਿੰਦਰ ਸਿੰਘ, ਅਰਜਨ ਸਿੰਘ, ਗੁਰਮੀਤ ਸਿੰਘ, ਗੁਰਮੇਜ ਸਿੰਘ ਸਰਪੰਚ, ਸੁਪਰਵਾਈਜ਼ਰ ਹਰਭਜਨ ਸਿੰਘ, ਹਰਵਿੰਦਰ ਸਿੰਘ ਵੇਰਕਾ, ਰਾਮ ਸਿੰਘ ਮੁੰਬਈ, ਹੈੱਡ ਪ੍ਰਚਾਰਕ ਭਾਈ ਜਗਦੇਵ ਸਿੰਘ, ਭਾਈ ਹਰਜੀਤ ਸਿੰਘ, ਸਮੇਤ ਸੰਗਤਾਂ ਹਾਜ਼ਰ ਸਨ।

## ਜਥੇ. ਗੜਗੱਜ ਨੇ ਪਿੰਡ ਕਮੀਰਪੁਰਾ 'ਚ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦਾ ਰੱਖਿਆ ਨੀਂਹ ਪੱਥਰ



ਅੰਮ੍ਰਿਤਸਰ, 6 ਅਕਤੂਬਰ (ਬਬਲੂ ਮਹਾਜਨ): ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਅੰਮ੍ਰਿਤਸਰ ਜ਼ਿਲ੍ਹੇ ਦੇ ਅਜਨਾਲਾ ਬਾਰਡਰ ਖੇਤਰ ਦੇ ਪਿੰਡ ਕਮੀਰਪੁਰਾ ਵਿਖੇ ਬੀਤੇ ਦਿਨੀਂ ਹੜ੍ਹ ਕਾਰਨ ਨੁਕਸਾਨੀ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਨਵੀਂ ਉਸਾਰੀ ਲਈ ਸੇਵਾ ਦੀ ਅਰੰਭਤਾ ਖੁਦ ਅਰਦਾਸ ਕਰਕੇ ਕੀਤੀ। ਇਹ ਸੇਵਾ ਦੇਸ਼ ਵਿਦੇਸ਼ ਵਿੱਚ ਵੱਸਦੀ ਦੋਆਬਾ ਦੇ ਨਵਾਂਸ਼ਹਿਰ ਜ਼ਿਲ੍ਹੇ ਦੀ ਸਿੱਖ ਸੰਗਤ ਵੱਲੋਂ ਲਈ ਗਈ ਹੈ ਜਿਨ੍ਹਾਂ ਦੇ ਸੱਦੇ ਉੱਤੇ ਜਥੇਦਾਰ ਗੜਗੱਜ ਨੇ ਅੱਜ ਕਮੀਰਪੁਰਾ ਪਿੰਡ ਦੇ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਿਆ। ਇਸ ਪਿੰਡ ਵਿੱਚ 40 ਦੇ ਕਰੀਬ ਸਿੱਖ ਪਰਿਵਾਰ ਹਨ, ਜਿਨ੍ਹਾਂ ਦੀ ਸ਼ਰਧਾ ਗੁਰੂ ਘਰ ਨਾਲ ਹੈ ਪਰ ਹੜ੍ਹ ਕਾਰਨ ਇਮਾਰਤ ਨੁਕਸਾਨੀ ਗਈ ਸੀ, ਜਿਸ ਕਾਰਨ ਸੰਗਤ ਨੂੰ ਪਰੇਸ਼ਾਨੀ ਆ ਰਹੀ ਸੀ। ਨੀਂਹ ਪੱਥਰ ਰੱਖਣ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਵੱਲੋਂ ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਕੀਤੀ ਗਈ, ਅਨੰਦ ਸਾਹਿਬ ਜੀ ਦੇ ਪਾਠ ਉਪਰੰਤ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਖੁਦ ਅਰਦਾਸ ਕਰਕੇ ਨੀਂਹ ਪੱਥਰ ਰੱਖਿਆ ਅਤੇ ਸੇਵਾ ਕਾਰਜ ਅਰੰਭ ਕੀਤੇ। ਇਸ ਮੌਕੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਿੱਖਾਂ ਲਈ ਗੁਰਦੁਆਰਾ ਸਾਹਿਬ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜਣ ਦਾ ਅਤੇ ਸ਼ਰਧਾ ਦਾ ਕੇਂਦਰ ਹੈ, ਉੱਥੇ ਹੀ ਕੌਮ ਇੱਥੇ ਬੈਠ ਕੇ ਆਪਸ ਵਿੱਚ ਭਵਿੱਖ ਲਈ ਚਿੰਤਨ ਤੇ ਵਿਚਾਰ ਵਟਾਂਦਰਾ ਵੀ ਕਰਦੀ ਹੈ। ਸਿੱਖ ਦੁਨੀਆ ਅੰਦਰ ਜਿੱਥੇ ਵੀ ਵੱਸਦੇ ਹਨ ਉਹ ਉੱਥੇ ਗੁਰਦੁਆਰਾ ਸਾਹਿਬ ਜ਼ਰੂਰ ਸਥਾਪਤ ਕਰਦੇ ਹਨ ਤੇ ਆਪਸ ਵਿੱਚ ਮਿਲ ਬੈਠਦੇ ਹਨ। ਉਨ੍ਹਾਂ ਕਿਹਾ ਕਿ ਕਮੀਰਪੁਰਾ ਪਿੰਡ ਜੋ ਕਿ ਬਿਲਕੁਲ ਰਾਵੀ ਦਰਿਆ ਦੇ ਕੰਢੇ ਅਤੇ ਬਾਰਡਰ ਉੱਤੇ ਸਥਿਤ ਹੈ, ਇੱਥੋਂ ਦਾ ਗੁਰੂ ਘਰ ਬੀਤੇ ਦਿਨੀਂ ਹੜ੍ਹ ਕਾਰਨ ਨੁਕਸਾਨਿਆ ਗਿਆ ਸੀ। ਉਨ੍ਹਾਂ ਕਿਹਾ ਕਿ ਅੱਜ ਦੋਆਬਾ ਦੀ ਸਿੱਖ ਸੰਗਤ ਦੇ ਸਹਿਯੋਗ ਨਾਲ ਅਤੇ ਗੁਰੂ ਸਾਹਿਬ ਜੀ ਦੀ ਕਿਰਪਾ ਤੇ ਥਾਪੜੇ ਸਦਕਾ ਇੱਥੇ ਸਥਿਤ ਗੁਰੂ ਘਰ ਦੀ ਨਵੀਂ ਇਮਾਰਤ ਦੀ ਉਸਾਰੀ ਸੇਵਾ ਅਰੰਭ ਕੀਤੀ ਗਈ ਹੈ। ਉਨ੍ਹਾਂ ਪਿੰਡ ਵਾਸੀਆਂ ਤੇ ਇਲਾਕੇ ਦੀ ਸੰਗਤ ਨੂੰ ਇਸ ਮੌਕੇ ਵਧਾਈ ਦਿੱਤੀ ਅਤੇ ਸੇਵਾ ਕਰਨ ਵਾਲੀ ਦੋਆਬਾ ਦੀ ਸਿੱਖ ਸੰਗਤ ਦੀ ਸ਼ਲਾਘਾ ਕੀਤੀ।

ਇਸ ਮੌਕੇ ਦੋਆਬਾ ਸਥਿਤ ਗੁਰਦੁਆਰਾ ਨਾਭ ਕੰਵਲ ਰਾਜਾ ਸਾਹਿਬ ਨਾਲ ਜੁੜੀ ਸਿੱਖ ਸੰਗਤ, ਸੁਰਜੀਤ ਸਿੰਘ ਪ੍ਰਧਾਨ ਬੱਲੋਵਾਲ, ਬਾਬਾ ਬਲਵੰਤ ਸਿੰਘ ਭਰੋਮਜਾਰਾ, ਰਘਵੀਰ ਸਿੰਘ ਮੰਨਣਹਾਨਾ, ਸੁਰਜੀਤ ਸਿੰਘ ਚੀਮਾ, ਅਮਰੀਕ ਸਿੰਘ ਬੱਲੋਵਾਲ, ਨਿੱਜੀ ਸਹਾਇਕ ਬਲਦੇਵ ਸਿੰਘ, ਜਸਕਰਨ ਸਿੰਘ ਮੀਡੀਆ ਸਲਾਹਕਾਰ, ਸੁਦਾਗਰ ਸਿੰਘ, ਜੋਗਿੰਦਰ ਸਿੰਘ, ਚੂਹੜ ਸਿੰਘ, ਸੁਖਵਿੰਦਰ ਸਿੰਘ, ਸੋਢੀ ਲਾਲ, ਅਜੀਤ ਸਿੰਘ, ਤੀਰਥ ਸਿੰਘ, ਗੁਰਵਿੰਦਰ ਸਿੰਘ, ਸੁਖਵਿੰਦਰ ਸਿੰਘ, ਮਨਜਿੰਦਰ ਸਿੰਘ, ਧਨਪਤ ਰਾਏ, ਸੰਦੀਪ ਕੁਮਾਰ ਆਦਿ ਹਾਜ਼ਰ ਸਨ।

## ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ



ਅੰਮ੍ਰਿਤਸਰ, 6 ਅਕਤੂਬਰ (ਬਬਲੂ ਮਹਾਜਨ): ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਕਰਵਾਇਆ ਗਿਆ। ਪਾਠ ਉਪਰੰਤ ਰਾਗੀ ਸਿੰਘਾਂ ਵੱਲੋਂ ਇਲਾਹੀ ਬਾਣੀ ਦਾ ਕੀਰਤਨ ਵੀ ਕੀਤਾ ਗਿਆ ਅਤੇ ਆਈਆਂ ਹੋਈਆਂ ਸੰਗਤਾਂ ਨੂੰ ਗੁਰੂ ਦਾ ਅਤੁਟ ਲੰਗਰ ਵੀ ਵਰਤਾਇਆ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀਮਤੀ ਸਾਕਸ਼ੀ ਸਾਹਨੀ, ਐਸ:ਐਸ:ਪੀ ਦਿਹਾਤੀ ਮਨਿੰਦਰ ਸਿੰਘ, ਵਧੀਕ ਡਿਪਟੀ ਕਮਿਸ਼ਨਰ ਰੋਹਿਤ ਗੁਪਤਾ, ਅਮਨਦੀਪ ਕੌਰ, ਐਸ.ਡੀ.ਐਮ. ਗੁਰਸਿਮਰਨ ਸਿੰਘ, ਐਸ.ਡੀ.ਐਮ. ਮਨਕੰਵਲ ਸਿੰਘ ਚਾਹਲ, ਵਧੀਕ ਡਿਪਟੀ ਕਮਿਸਨਰ ਨਗਰ ਨਿਗਮ ਸੁਰਿੰਦਰ ਕੁਮਾਰ, ਜਾਇੰਟ ਕਮਿਸ਼ਨਰ ਨਗਰ ਨਿਗਮ ਜੈ ਇੰਦਰ ਸਿੰਘ, ਜਿਲ੍ਹਾ ਮਾਲ ਅਫਸਰ ਨਵਕੀਰਤ ਸਿੰਘ ਰੰਧਾਵਾ, ਸੁਪਰਡੰਟ ਦਫਤਰ ਡਿਪਟੀ ਕਮਿਸ਼ਨਰ ਅਸਨੀਲ ਕੁਮਾਰ, ਹਰਪਾਲ ਸਿੰਘ, ਜਿਲ੍ਹਾ ਨਾਜਰ ਸੁਖਵਿੰਦਰ ਸਿੰਘ ਨੇ ਮੱਥਾ ਟੇਕਿਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਸ਼ੀਰਵਾਦ ਲਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਹੋਰ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਵੀ ਕੀਰਤਨ ਸਰਵਣ ਕੀਤਾ।

## ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਗੁਰਪੁਰਬ ਸਬੰਧੀ ਸ੍ਰੀ ਅਖੰਡ ਪਾਠ ਸਾਹਿਬ ਆਰੰਭ



ਅੰਮ੍ਰਿਤਸਰ, 6 ਅਕਤੂਬਰ (ਗੁਰਦਿਆਲ ਸਿੰਘ): ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਗੁਰਪੁਰਬ ਸਬੰਧੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤੇ ਜਾਣ ਵਾਲੇ ਸਮਾਗਮਾਂ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। 8 ਅਕਤੂਬਰ ਨੂੰ ਮਨਾਏ ਜਾ ਰਹੇ ਪ੍ਰਕਾਸ਼ ਗੁਰਪੁਰਬ ਦੇ ਸਬੰਧ ਵਿਚ ਅੱਜ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤਾ ਗਿਆ, ਜਿਸ ਦਾ ਭੋਗ 8 ਅਕਤੂਬਰ ਨੂੰ ਪਾਇਆ ਜਾਵੇਗਾ। ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਮੌਕੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ, ਸੁਪ੍ਰਿੰਟੈਂਡੈਂਟ ਨਿਸ਼ਾਨ ਸਿੰਘ, ਵਧੀਕ ਮੈਨੇਜਰ ਜਸਬੀਰ ਸਿੰਘ ਹਾਜ਼ਰ ਸਨ।

ਇਸ ਮੌਕੇ ਪ੍ਰਤਾਪ ਸਿੰਘ ਨੇ ਗੁਰਪੁਰਬ ਸਮਾਗਮਾਂ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਲਕੇ 7 ਅਕਤੂਬਰ ਨੂੰ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ, ਜੋ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਰੰਭ ਹੋ ਕੇ ਪਲਾਜ਼ਾ ਘੰਟਾ ਘਰ, ਜ਼ਲ੍ਹਿਆਂਵਾਲਾ ਬਾਗ, ਘਿਓ ਮੰਡੀ ਚੌਕ, ਸ਼ੇਰਾਂ ਵਾਲ ਗੇਟ, ਮਹਾਂ ਸਿੰਘ ਗੇਟ, ਚੌਂਕ ਰਾਮ ਬਾਗ, ਹਾਲ ਗੇਟ, ਹਾਥੀ ਗੇਟ, ਲੋਹਗੜ੍ਹ ਗੇਟ, ਲਾਹੌਰੀ ਗੇਟ, ਬੇਰੀ ਗੇਟ, ਖ਼ਜ਼ਾਨਾ ਗੇਟ, ਗੇਟ ਹਕੀਮਾਂ, ਭਗਤਾਂ ਵਾਲਾ ਚੌਂਕ, ਚਾਟੀਵਿੰਡ ਗੇਟ, ਸੁਲਤਾਨਵਿੰਡ ਗੇਟ, ਘਿਓ ਮੰਡੀ ਚੌਕ ਤੋਂ ਹੁੰਦਾ ਹੋਇਆ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚ ਕੇ ਸੰਪੂਰਨ ਹੋਵੇਗਾ। ਉਨ੍ਹਾਂ ਦੱਸਿਆ ਕਿ 7 ਅਕਤੂਬਰ ਨੂੰ ਰਾਤ ਸਮੇਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਰਾਗ ਦਰਬਾਰ/ਪੜਤਾਲ ਸ਼ਬਦ ਗਾਇਨ ਕੀਰਤਨ ਦਰਬਾਰ ਹੋਵੇਗਾ, ਜਿਸ ਵਿਚ ਪੰਥ ਦੇ ਪ੍ਰਸਿੱਧ ਰਾਗੀ ਜਥੇ ਸੰਗਤ ਨੂੰ ਰਾਗ ਅਧਾਰਿਤ ਕੀਰਤਨ ਸਰਵਣ ਕਰਵਾਉਣਗੇ। ਗੁਰਪੁਰਬ ਵਾਲੇ ਦਿਨ 8 ਅਕਤੂਬਰ ਨੂੰ ਜਿਥੇ ਸਾਰਾ ਦਿਨ ਧਾਰਮਿਕ ਦੀਵਾਨ ਸਜਣਗੇ, ਉਥੇ ਹੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਗੁਰਦੁਆਰਾ ਬਾਬਾ ਅਟਲ ਰਾਇ ਸਾਹਿਬ ਵਿਖੇ ਜਲੌ ਸਜਣਗੇ। ਸ੍ਰੀ ਦਰਬਾਰ ਸਾਹਿਬ ਵਿਖੇ ਸੁੰਦਰ ਦੀਪਮਾਲਾ ਤੇ ਆਤਿਸ਼ਬਾਜ਼ੀ ਵੀ ਹੋਵੇਗੀ।

## ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ

ਬਟਾਲਾ, 6 ਅਕਤੂਬਰ (ਸੁਖਦੇਵ ਸਿੰਘ ਰੰਧਾਵਾ ਬਲਬੀਰ ਸੋਹਲ): ਸ੍ਰੀ ਗੁਰੂ ਰਾਮਦਾਸ ਸੀਨੀਅਰ ਸਕੈਂਡਰੀ ਸਕੂਲ ਖੈਹਿਰਾ ਕਲਾਂ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸਕੂਲ ਦੀ ਪ੍ਰਬੰਧਕ ਕਮੇਟੀ, ਪ੍ਰਿੰਸੀਪਲ ਅਤੇ ਸਮੂਹ ਸਟਾਫ ਵੱਲੋਂ ਸਾਂਝੇ ਤੌਰ ਤੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਰਾਗੀ ਸਿੰਘਾਂ, ਸਕੂਲ ਦੇ ਵਿਦਿਆਰਥੀਆਂ ਵੱਲੋਂ ਗੁਰਬਾਣੀ ਦਾ ਮਨੋਹਰ ਕੀਰਤਨ ਗਾਇਨ ਕੀਤਾ ਗਿਆ। ਇਸ ਸਮੇਂ ਗਿਆਨੀ ਹੀਰਾ ਸਿੰਘ ਸਾਰਚੂਰ ਕਥਾਵਾਚਕ ਗੁਰਦੁਆਰਾ ਟਾਹਲਾ ਸਾਹਿਬ ਵੱਲੋਂ ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ ਬਾਰੇ ਸੰਖੇਪ ਰੂਪ ਵਿੱਚ ਬੱਚਿਆਂ ਨੂੰ ਕਥਾ ਰਾਹੀਂ ਜਾਣੂ ਕਰਵਾਇਆ। ਸਕੂਲ ਸਟਾਫ ਤੇ ਬੱਚਿਆਂ ਵੱਲੋਂ ਮਿਲ ਕੇ ਲੰਗਰ ਦੀ ਸੇਵਾ ਕੀਤੀ ਗਈ। ਇਸ ਮੌਕੇ ਇਲਾਕੇ ਦੇ ਮੋਹਤਬਰ ਸ਼ਖਸ਼ੀਅਤਾਂ ਵੱਲੋਂ ਵੀ ਹਾਜਰੀ ਲਵਾਈ। ਸਕੂਲ ਦੀ ਪ੍ਰਬੰਧਕ ਕਮੇਟੀ ਐਮਡੀ ਸਰਬਜੀਤ ਸਿੰਘ, ਪਰਮਿੰਦਰ ਕੌਰ, ਪ੍ਰਿੰਸੀਪਲ ਮਨਜੀਤ ਕੌਰ ਵੱਲੋਂ ਸਕੂਲ ਦੇ ਬੱਚਿਆਂ, ਅਖੰਡ ਪਾਠੀ ਸਿੰਘਾਂ ਤੇ ਆਏ ਮਹਿਮਾਨਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਸਮੂਹ ਸਕੂਲ ਦਾ ਸਮੂਹ ਸਟਾਫ ਤੇ ਵਿਦਿਆਰਥੀਆਂ ਦੇ ਮਾਤਾ ਪਿਤਾ ਹਾਜ਼ਰ ਸਨ।

## ਮਿਸ਼ਨ ਚੜ੍ਹਦੀਕਲਾ ਮੁਹਿੰਮ ਤਹਿਤ ਘੁਮਰਾਏ ਪਿੰਡ ਵਿਖੇ ਲੋੜਵੰਦਾਂ ਨੂੰ 175 ਬਿਸਤਰੇ ਤੇ ਸੂਟ ਵੰਡੇ

ਅਜਨਾਲਾ, 6 ਅਕਤੂਬਰ (ਸੁਖਦੇਵ ਸਿੰਘ ਖਾਲਸਾ) ਮੁੱਖ ਮੰਤਰੀ ਪੰਜਾਬ ਭਗਵੰਤ



ਸਿੰਘ ਮਾਨ ਵੱਲੋਂ ਹੜ੍ਹ ਪੀੜਤ ਪਰਿਵਾਰਾਂ ਦੀ ਮਦਦ ਲਈ ਚਲਾਏ ਜਾ ਰਹੇ ਮਿਸ਼ਨ ਚੜ੍ਹਦੀ ਕਲਾ ਮੁਹਿੰਮ ਨੂੰ ਵੱਡਾ ਹੁੰਗਾਰਾ ਮਿਲਿਆ ਹੈ। ਇਸ ਮੁਹਿੰਮ ਵਿੱਚ ਵੱਖ ਵੱਖ ਸਵੈ ਸੇਵੀ ਸੰਸਥਾਵਾਂ ਤੋਂ ਇਲਾਵਾ ਦੇਸ਼ਾਂ ਵਿਦੇਸ਼ਾਂ ਵਿੱਚੋਂ ਵੀ ਲੋਕ ਆਪਣਾ ਯੋਗਦਾਨ ਪਾ ਰਹੇ ਹਨ ਤਾਂ ਜੋ ਪੀੜਤ ਪਰਿਵਾਰਾਂ ਨੂੰ ਮੁੜ ਪੈਰਾਂ ਤੇ ਖੜ੍ਹਾ ਕੀਤਾ ਜਾ ਸਕੇ। ਇਸੇ ਮੁਹਿੰਮ ਨੂੰ ਅੱਗੇ ਵਧਾਉਂਦੇ ਹੋਏ ਜਿਲ੍ਹਾ ਪ੍ਰਸਾਸ਼ਨ ਵੱਲੋਂ ਚਲਾਏ ਜਾ ਰਹੇ ਸਾਂਝਾ ਉਪਰਾਲਾ ਮਿਸ਼ਨ ਤਹਿਤ ਅੱਜ ਅਜਨਾਲਾ ਤਹਿਸੀਲ ਦੇ ਪੈਂਦੇ ਪਿੰਡ ਘੁਮਰਾਏ ਵਿਖੇ ਲੋੜਵੰਦਾਂ ਨੂੰ ਬਿਸਤਰੇ ਅਤੇ ਸੂਟਾਂ ਦੀ ਵੰਡ ਕੀਤੀ ਗਈ। ਇਸ ਬਾਰੇ ਜਾਣਕਾਰੀ ਦਿੰਦਿਆਂ ਸੁਖਪਾਲ ਸਿੰਘ ਸੰਧੂ ਜਿਲ੍ਹਾ ਗਾਈਡੈਂਸ ਕੌਂਸਲਰ ਨੇ ਦੱਸਿਆ ਕਿ ਤਿੰਨ ਸਤੰਬਰ ਤੋਂ ਉਹਨਾਂ ਦੀ ਟੀਮ ਲਗਾਤਾਰ ਹੜ੍ਹ ਪੀੜਤ ਏਰੀਏ ਵਿੱਚ ਸੇਵਾ ਕਰ ਰਹੀ ਹੈ। ਸਭ ਤੋਂ ਪਹਿਲਾਂ ਰਾਸ਼ਨ ਵੰਡਣ ਦੀ ਸੇਵਾ ਕੀਤੀ ਗਈ, ਇਸ ਉਪਰੰਤ ਲੋਕਾਂ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਰਮਦਾਸ ਦੇ ਪਾਸ ਪਿੰਡ ਅੜਾਇਆ ਵਿਖੇ ਚਾਰ ਪਰਿਵਾਰਾਂ ਨੂੰ ਬਿਸਤਰੇ ਅਤੇ ਲੋੜੀਦੇ ਪਰਿਵਾਰ ਦੇ ਕੱਪੜਿਆਂ ਦੀ ਵੰਡ ਕੀਤੀ ਗਈ । ਇਸੇ ਪ੍ਰਕਾਰ ਪੱਬਾਰਾਲੀ ਦੇ ਛੇ ਪਰਿਵਾਰਾਂ ਨੂੰ ਬਿਸਤਰੇ ਅਤੇ ਲੋੜੀਂਦਾ ਸਮਾਨ ਵੰਡਿਆ ਗਿਆ। ਇਸੇ ਕੜੀ ਵਜੋਂ ਅਖੰਡ ਪਰਮ ਧਾਮ ਆਸ਼ਰਮ ਅੰਮ੍ਰਿਤਸਰ ਦੇ ਸਹਿਯੋਗ ਨਾਲ ਪਿੰਡ ਨੰਗਲ ਸੋਹਲ ਵਿਖੇ 450 ਬਿਸਤਰਿਆਂ ਦੇ ਵੰਡ ਦਾ ਕਾਰਜ ਕੀਤਾ ਗਿਆ। ਇਸ ਮੌਕੇ ਅਖੰਡ ਪਰਮ ਧਾਮ ਆਸ਼ਰਮ ਦੇ ਅੰਮ੍ਰਿਤਸਰ ਇਕਾਈ ਦੇ ਮੁਖੀ ਡਾ. ਸਵਾਮੀ ਅਨੰਤਾਨੰਦ ਜੀ ਹਾਜਰ ਸਨ । ਇਸ ਵੰਡ ਵਿੱਚ ਨਾਮਧਾਰੀ ਸੰਸਥਾ ਇਸਤਰੀ ਵਿੰਗ, ਐਨਸੀਸੀ ਫਸਟ ਪੰਜਾਬ ਬਟਾਲੀਅਨ ਅੰਮ੍ਰਿਤਸਰ ਦੇ ਐਨਸੀਸੀ ਕੈਡਿਟਾ, ਸਰਕਾਰੀ ਹਾਈ ਸਕੂਲ ਨੰਗਲ ਸੋਹਲ ਦੇ ਅਧਿਆਪਕਾਂ, ਵਿਦਿਆਰਥੀਆਂ ਅਤੇ ਸੰਸਥਾ ਦੇ ਵਲੰਟੀਅਰਾਂ ਨੇ ਅਹਿਮ ਰੋਲ ਅਦਾ ਕੀਤਾ। ਬਿਸਤਰਿਆ ਦੀ ਵੰਡ ਤੋਂ ਪਹਿਲਾਂ ਸਾਰੇ ਪਿੰਡ ਦਾ ਘਰ ਘਰ ਜਾ ਕੇ ਸਰਵੇ ਕੀਤਾ ਗਿਆ ਅਤੇ ਸਲਿੱਪਾਂ ਦੀ ਵੰਡ ਕੀਤੀ ਗਈ ਇਸ ਨਾਲ ਬਿਸਤਰੇ ਵੰਡਣ ਦਾ ਕਾਰਜ ਬਹੁਤ ਹੀ ਆਸਾਨੀ ਨਾਲ ਹੋ ਗਿਆ। ਇਸੇ ਕੜੀ ਵਜੋਂ ਅੱਜ ਬ੍ਰਿਗੇਡੀਅਰ ਜੇ.ਐਸ ਅਰੋੜਾ ਦੇ ਸਹਿਯੋਗ ਨਾਲ ਪਿੰਡ ਘੁੰਮਰਾਏ ਵਿਖੇ ਘਰ ਘਰ ਸਰਵੇ ਕਰਨ ਉਪਰੰਤ ਲਗਭਗ 175 ਬਿਸਤਰਿਆ ਤੇ ਸੂਟਾਂ ਦੀ ਵੰਡ ਕੀਤੀ ਗਈ। ਇਸ ਕਾਰਜ ਨੂੰ ਨੇਪਰੇ ਚਾੜਨ ਲਈ ਨਾਮਧਾਰੀ ਸੰਸਥਾ ਇਸਤਰੀ ਵਿੰਗ, ਸਕੂਲ ਆਫ ਐਮੀਨੈਂਸ ਛੇਹਰਟਾ ਦੇ ਐਨਸੀਸੀ ਕੈਡਿਟਾ, ਸ੍ਰੀ ਸਤੀਸ਼ ਕੁਮਾਰ ਸਾਬਕਾ ਡਿਪਟੀ ਜ਼ਿਲਾ ਸਿੱਖਿਆ ਅਫਸਰ ਅੰਮ੍ਰਿਤਸਰ, ਸਾਬਕਾ ਫੌਜੀ, ਸਰਕਾਰੀ ਐਲੀਮੈਂਟਰੀ ਸਕੂਲ ਘੁਮਰਾਏ ਦੇ ਸਟਾਫ ਮੈਂਬਰਾਂ ਨੇ ਅਹਿਮ ਯੋਗਦਾਨ ਦਿੱਤਾ। ਉਹਨਾਂ ਅੱਗੇ ਦੱਸਿਆ ਕਿ ਪਿੰਡ ਰੂੜੇਵਾਲ ਦਾ ਸਰਵੇ ਕੀਤਾ ਜਾ ਚੁੱਕਾ ਹੈ ਅਤੇ ਜਲਦੀ ਹੀ ਇੱਥੇ ਵੀ ਬਿਸਤਰਿਆਂ ਦੀ ਵੰਡ ਕੀਤੀ ਜਾਵੇਗੀ। ਬਿਸਤਰਾਂ ਦੀ ਵੰਡ ਤੋਂ ਇਲਾਵਾ ਸੰਸਥਾਵਾਂ ਦੇ ਸਹਿਯੋਗ ਨਾਲ ਸਰਕਾਰੀ ਮਿਡਲ ਸਕੂਲ ਬਾਉਲੀ, ਸਰਕਾਰੀ ਐਲੀਮੈਂਟਰੀ ਸਕੂਲ ਬਾਉਲੀ, ਸਰਕਾਰੀ ਐਲੀਮੈਂਟਰੀ ਸਕੂਲ ਸ਼ਹਿਜ਼ਾਦਾ,ਸਰਕਾਰੀ ਐਲੀਮੈਂਟਰੀ ਸਕੂਲ ਘੁਮਰਾਏ, ਸਰਕਾਰੀ ਹਾਈ ਸਕੂਲ ਨੰਗਲ ਸੋਹਲ ਵਿਖੇ ਵਿਦਿਆਰਥੀਆਂ ਲਈ ਸਕੂਲ ਬੈਗ ਅਤੇ ਸਟੇਸ਼ਨਰੀ ਦੀ ਵੰਡ ਵੀ ਕੀਤੀ ਗਈ ਹੈ। ਸਰਕਾਰੀ ਹਾਈ ਸਕੂਲ ਨੰਗਲ ਸੋਹਲ ਜਿੱਥੇ ਕਿ ਪਾਣੀ ਦੀ ਜਿਆਦਾ ਮਿਕਦਾਰ ਆਉਣ ਨਾਲ ਆਰਓ ਸਿਸਟਮ ਖਰਾਬ ਹੋ ਗਿਆ ਸੀ, ਉਸ ਨੂੰ ਵੀ ਸੰਸਥਾ ਅਖੰਡ ਪਰਮ ਧਾਮ ਦੇ ਸਹਿਯੋਗ ਨਾਲ ਰਿਪੇਅਰ ਕਰਵਾ ਕੇ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਇਹਨਾਂ ਸਕੂਲਾਂ ਵਿੱਚ ਪੀਣ ਵਾਲੇ ਪਾਣੀ ਦਾ ਆਰਜੀ ਪ੍ਰਬੰਧ ਵੀ ਸੰਸਥਾਵਾਂ ਦੇ ਸਹਿਯੋਗ ਨਾਲ ਕੀਤਾ ਗਿਆ ਹੈ। ਇਹ ਸਾਰੇ ਕੰਮ ਕਰਨ ਲਈ ਉਹਨਾਂ ਨੂੰ ਪ੍ਰੇਰਨਾ ਸ਼੍ਰੀਮਤੀ ਸਾਕਸ਼ੀ ਸਾਹਨੀ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਤੋਂ ਮਿਲੀ ਅਤੇ ਨਾਲ ਹੀ ਸ੍ਰੀ ਰਵਿੰਦਰ ਅਰੋੜਾ ਐਸਡੀਐਮ ਅਜਨਾਲਾ ਤੋਂ ਪੂਰਨ ਸਹਿਯੋਗ ਮਿਲ ਰਿਹਾ ਹੈ। ਉਹਨਾਂ ਸਭ ਸੰਸਥਾਵਾਂ ਅਤੇ ਆਪਣੇ ਸਾਥੀਆਂ ਦਾ ਇਸ ਸਾਰੇ ਕਾਰਜ ਕਰਨ ਲਈ ਵਿਸ਼ੇਸ਼ ਧੰਨਵਾਦ ਕੀਤਾ, ਨਾਲ ਹੀ ਉਹਨਾਂ ਦੇ ਹੜ੍ਹਾਂ ਦੇ ਦਿਨਾਂ ਤੋਂ ਸੇਵਾ ਕਰ ਰਹੇ ਸ਼੍ਰੀਮਤੀ ਭੁਪਿੰਦਰ ਕੌਰ, ਸ੍ਰੀ ਸਤੀਸ਼ ਕੁਮਾਰ, ਮਿਸ ਸਿਮਰਨ, ਸ੍ਰੀਮਤੀ ਸਰਬਜੀਤ ਕੌਰ ਸ ਸ਼ਮਸ਼ੇਰ ਸਿੰਘ, ਸ ਸਿਮਰਨਪ੍ਰੀਤ ਸਿੰਘ, ਸ ਕਰਮਜੀਤ ਸਿੰਘ ਵਾਹਲਾ, ਮਾਸਟਰ ਗੁਰਿੰਦਰ ਸਿੰਘ, ਸ੍ਰੀ ਅਮਨ ਕੁਮਾਰ, ਸ੍ਰੀ ਰਵੀ ਕੁਮਾਰ ਆਦਿ ਸਹਿਯੋਗੀਆਂ ਤੋਂ ਮਿਲੇ ਭਰਪੂਰ ਸਹਿਯੋਗ ਦਾ ਵੀ ਧੰਨਵਾਦ ਕੀਤਾ। ਉਹਨਾਂ ਨੇ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਪਰਮਾਤਮਾ ਉਹਨਾਂ ਤੋਂ ਇਸ ਮੁਸ਼ਕਲ ਸਮੇਂ ਵਿੱਚ ਅਗਵਾਈ ਦੇ ਕੇ ਸੇਵਾ ਕਰਾਉਣ ਦਾ ਬਲ ਬਖਸ਼ੇ।

## ਗੋਲੀ ਚੱਲਣ ਕਾਰਨ ਨੌਜਵਾਨ ਜ਼ਖ਼ਮੀ

ਜੰਡਿਆਲਾ ਗੁਰੂ, 6 ਅਕਤੂਬਰ (ਰਾਮ ਸ਼ਰਨਜੀਤ ਸਿੰਘ): ਮਿਲੀ ਜਾਣਕਾਰੀ ਅਨੁਸਾਰ ਜੰਡਿਆਲਾ ਗੁਰੂ ਨੇੜੇ ਪਿੰਡ ਮੱਲੀਆਂ ਵਿਖੇ ਬੀਤੇ ਦਿਨ ਗੋਲੀ ਚਲਣ ਦਾ ਮਾਮਲਾ ਸਾਹਮਣਾ ਆਇਆ। ਇਕੱਤਰ ਕੀਤੀ ਜਾਣਕਾਰੀ ਅਨੁਸਾਰ ਜਖਮੀ ਪਲਵਿੰਦਰ ਸਿੰਘ ਨੂੰ ਮਾਨਾਂਵਾਲਾ ਸਰਕਾਰੀ ਹਸਪਤਾਲ ਐਮਰਜੈਂਸੀ ਵਿਚ ਦਾਖ਼ਿਲ ਕਰਵਾਇਆ ਗਿਆ ਹੈ। ਇਸ ਮੌਕੇ ਨੌਜਵਾਨ ਦੇ ਭਰਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਿਛਲੇ ਸਾਲ ਦੀਵਾਲੀ ਤੇ ਝਗੜਾ ਹੋਇਆ ਸੀ ਉਸ ਰੰਜਿਸ਼ ਨੂੰ ਲੈ ਕੇ ਸ਼ਮਸ਼ੇਰ ਸਿੰਘ ਨੇ ਪਲਵਿੰਦਰ ਸਿੰਘ ਤੇ ਹਮਲਾ ਕੀਤਾ ਤੇ ਜਾਨੋਂ ਮਾਰਨ ਦੀ ਕੋਸ਼ਿਸ਼ ਨਾਲ ਗੋਲੀ ਚਲਾਈ ਜੋ ਕਿ ਪਲਵਿੰਦਰ ਸਿੰਘ ਦੇ, ਖੱਬੇ ਪੈਰ ਤੇ ਗੋਲੀ ਲੱਗੀ। ਇੱਥੇ ਇਹ ਦੱਸਣ ਯੋਗ ਹੈ ਕਿ ਪਲਵਿੰਦਰ ਸਿੰਘ ਇੱਕ ਸਾਲ ਤੋਂ ਵਿਦੇਸ਼ ਵਿੱਚ ਰਹਿ ਰਿਹਾ ਸੀ ਤੇ ਵਿਦੇਸ਼ ਤੋਂ ਆਏ ਨੂੰ ਅਜੇ ਥੋੜੇ ਦਿਨ ਹੀ ਹੋਏ ਸਨ। ਇਸ ਮੌਕੇ ਜਖਮੀ ਪਲਵਿੰਦਰ ਸਿੰਘ ਦੇ ਭਰਾ ਨੇ ਦੱਸਿਆ ਕਿ, ਇਕ ਸਾਲ ਪਹਿਲਾਂ ਵੀ ਲੜਾਈ ਹੋਈ ਸੀ ਤੇ ਇਸ ਲੜਾਈ ਦੇ ਬਾਬਤ ਵਿੱਚ ਦੋ ਤਿੰਨ ਵਾਰ ਪੰਚਾਇਤ ਵੀ ਇਕੱਠੀ ਹੋਈ।

ਇਸ ਸਬੰਧੀ ਪਲਵਿੰਦਰ ਸਿੰਘ ਦੇ ਭਰਾ ਵਿੱਕੀ ਨੇ ਦੱਸਿਆ ਕਿ ਪੰਚਾਇਤ ਇਕੱਠੀ ਹੋਣ ਦੇ ਬਾਵਜੂਦ ਦੋਸ਼ੀ ਸ਼ਮਸ਼ੇਰ ਸਿੰਘ ਨੇ ਪੰਚਾਇਤ ਵਿੱਚ ਵੀ ਪਿਸਤੌਲ ਵਿਖਾ ਕੇ ਗਿਆ ਸੀ। ਪਰ ਉਦੋਂ ਵੀ ਫੈਸਲਾ ਕੋਈ ਨਹੀਂ ਹੋਇਆ। ਇਸ ਸਬੰਧੀ ਰਾਤ ਐਸਐਚਓ ਜੰਡਿਆਲਾ ਗੁਰੂ ਨਾਲ ਸੰਪਰਕ ਕੀਤਾ ਤਾਂ ਉਨਾਂ ਫੋਨ ਨਹੀਂ ਚੁੱਕਿਆ। ਏ.ਐਸ. ਆਈ. ਤਜਿੰਦਰ ਸਿੰਘ ਨਾਲ ਗੱਲ ਕੀਤੀ ਤਾਂ ਉਹਨਾਂ ਨੇ ਕਿਹਾ ਕਿ ਦੋਸ਼ੀ ਪੁਲਿਸ ਦੀ ਗ੍ਰਿਫਤ ਤੋਂ ਬਾਹਰ ਹਨ। ਇਸ ਸਬੰਧੀ ਜੰਡਿਆਲਾ ਗੁਰੂ ਪੁਲਿਸ ਮਾਮਲੇ ਦੀ ਤਫਤੀਸ਼ ਕਰ ਰਹੀ ਹੈ ਅਤੇ ਵੱਖ ਵੱਖ ਟੀਮਾਂ ਬਣਾ ਕੇ ਦੋਸ਼ੀਆਂ ਦੀ ਭਾਲ ਜਾਰੀ ਹੈ।

## ਸ਼ਹੀਦ ਭਾਈ ਜਿੰਦਾ ਤੇ ਭਾਈ ਸੁੱਖਾ ਦੀ 33ਵੀਂ ਬਰਸੀ 9 ਨੂੰ : ਸਖੀਰਾ



ਅੰਮ੍ਰਿਤਸਰ, 6 ਅਕਤੂਬਰ (ਬਬਲੂ ਮਹਾਜਨ): ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਇਸ਼ਾਰੇ ਤੇ ਜੂਨ 1984 ਦੇ ਦੌਰਾਨ ਸੇਵਾ ਸਿਮਰਨ ਤੇ ਰੂਹਾਨੀਅਤ ਦੇ ਕੇਂਦਰ ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਤੇ ਭਾਰਤੀ ਫੌਜ਼ ਦੇ ਵੱਲੋਂ ਕੀਤੀ ਗਈ ਸਾਕਾ ਨੀਲਾ ਦੀ ਅਗਵਾਈ ਕਰਨ ਵਾਲੇ ਫੌਜੀ ਅਫਸਰ ਜਨਰਲ ਏਐਸ ਵੈਦਿਆ ਨੂੰ ਮਹਾਰਾਸ਼ਟਰ ਦੇ ਸ਼ਹਿਰ ਪੂਨਾ ਦੀ ਖੜਕੀ ਫੌਜੀ ਛਾਉਣੀ ਦੇ ਬਾਹਰ ਮੌਤ ਦੇ ਘਾਟ ਉਤਾਰਨ ਵਾਲੇ ਸਿੱਖ ਕੌਮ ਦੇ ਕੌਮੀ ਮਹਾਨ ਸ਼ਹੀਦ ਸੂਰਬੀਰ ਤੇ ਯੋਧੇ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁੱਖਦੇਵ ਸਿੰਘ ਸੁੱਖਾ ਦੀ 33ਵੀਂ ਬਰਸੀ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 9 ਅਕਤੂਬਰ ਦਿਨ ਵੀਰਵਾਰ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਬੜੀ ਧੂਮ ਧਾਮ ਨਾਲ ਮਨਾਈ ਜਾਵੇਗੀ। ਇਸ ਗੱਲ ਦੀ ਜਾਣਕਾਰੀ ਸਰਬੱਤ ਖਾਲਸਾ ਸੰਮੇਲਨ 2015 ਦੇ ਮੁੱਖ ਪ੍ਰਬੰਧਕ ਭਾਈ ਜਰਨੈਲ ਸਿੰਘ ਸਖੀਰਾ ਦੇ ਵੱਲੋਂ ਦਿੱਤੀ ਗਈ। ਉਨ੍ਹਾਂ ਦੱਸਿਆ ਕਿ 7 ਅਕਤੂਬਰ ਦਿਨ ਮੰਗਲਵਾਰ ਨੂੰ ਮੀਰੀ ਪੀਰੀ ਦੀ ਮਿਸਾਲ ਸ਼੍ਰੀ ਅਕਾਲ ਤਖਤ ਸਾਹਿਬ ਵਿਖੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਸ਼ੁੱਭਾਰੰਭ ਕੀਤਾ ਜਾਵੇਗਾ ਜਿਸ ਦੇ 9 ਅਕਤੂਬਰ ਦਿਨ ਵੀਰਵਾਰ ਨੂੰ ਸਵੇਰੇ 7 ਵਜੇ ਭੋਗ ਪਾਉਣ ਉਪਰੰਤ ਕੀਰਤਨੀ ਜੱਥੇ ਦੇ ਵੱਲੋਂ ਵੈਰਾਗਮਈ ਕੀਰਤਨ ਕੀਤਾ ਜਾਵੇਗਾ। ਇਸ ਮੌਕੇ ਕਰਵਾਏ ਜਾਣ ਵਾਲੇ ਪ੍ਰਭਾਵਸ਼ਾਲੀ ਸ਼ਰਧਾਂਜਲੀ ਸਮਾਰੋਹ ਦੇ ਦੌਰਾਨ ਕੌਮੀ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਨੂੰ ਕੌਮ ਤੇ ਪੰਥ ਦੇ ਦਰਦੀਆਂ ਤੇ ਹਿਤੈਸ਼ੀਆਂ ਦੇ ਵੱਲੋਂ ਸ਼ਰਧਾ ਦੇ ਫੁੱਲ ਭੇਂਟ ਕੀਤੇ ਜਾਣਗੇ। ਭਾਈ ਜਰਨੈਲ ਸਿੰਘ ਸਖੀਰਾ ਨੇ ਅੱਗੇ ਦੱਸਿਆ ਕਿ ਇਸ ਦੌਰਾਨ ਦੋਵਾਂ ਸ਼ਹੀਦਾਂ ਦੇ ਪਰਿਵਾਰਿਕ ਮੈਂਬਰਾਂ ਨੂੰ ਵੀ ਵਿਸ਼ੇਸ਼ ਤੌਰ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਹ ਉਹ ਦੋਵੇਂ ਕੌਮੀ ਸ਼ਹੀਦ ਹਨ ਜਿੰਨ੍ਹਾਂ ਨੇ ਭਾਰਤੀ ਹਕੂਮਤ ਦੇ ਇਸ਼ਾਰਿਆਂ ਤੇ ਅਦਾਲਤ ਦੇ ਵੱਲੋਂ ਫਾਂਸੀ ਦੀ ਸਜਾ ਸੁਣਾਈ ਗਈ ਸੀ ਤਾਂ ਦੋਵਾਂ ਨੇ ਖੁਸ਼ੀ ਖੁਸ਼ਹਾਲੀ ਦੇ ਨਾਲ ਇੱਕ ਦੂਜੇ ਦੇ ਗਲੇ ਮਿਲਦਿਆਂ ਇੱਕ ਦੂਸਰੇ ਦਾ ਮੂੰਹ ਵੀ ਮਿੱਠਾ ਕਰਵਾਇਆ ਸੀ। ਅਜਿਹੀ ਮਿਸਾਲ ਹੋਰ ਕਿਸੇ ਵੀ ਕੌਮ ਵਿੱਚ ਕਿੱਧਰੇ ਵੀ ਵੇਖਣ ਨੂੰ ਨਹੀਂ ਮਿਲਦੀ। ਇਹੀ ਕਾਰਨ ਹੈ ਕਿ ਇੰਨ੍ਹਾਂ ਦੋਵੇਂ ਕੌਮੀ ਹੀਰਿਆਂ ਨੂੰ ਹਰ ਵਰ੍ਹੇ ਬਰਸੀ ਸਮਾਗਮ ਕਰਵਾ ਕੇ ਸਮੁੱਚੀ ਕੌਮ ਤੇ ਪੰਥ ਦੇ ਵੱਲੋਂ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜਨਰਲ ਏਐਸ ਵੈਦਿਆ ਨੂੰ ਮਾਰਨ ਉਪਰੰਤ ਦੋਵੇਂ ਕੌਮੀ ਨਾਇਕਾਂ ਨੇ ਹੱਸਦੇ ਹੱਸਦੇ ਕਾਨੂੰਨੀ ਪ੍ਰਕਿਰਆ ਦਾ ਸਾਹਮਣਾ ਕੀਤਾ ਤੇ ਫਾਂਸੀ ਦੀ ਸਜਾ ਨੂੰ ਖਿੜੇ ਮੱਥੇ ਪ੍ਰਵਾਨ ਕਰਦਿਆਂ ਫਾਂਸੀ ਦੇ ਰੱਸਿਆ ਨੂੰ ਚੁੰਮ ਕੇ ਸ਼ਹੀਦੀ ਪ੍ਰਾਪਤ ਕੀਤੀ। ਭਾਈ ਸਖੀਰਾ ਨੇ ਕਿਹਾ ਦੋਵੇਂ ਕੌਮੀ ਸ਼ਹੀਦਾਂ ਨੇ ਸਦੀਵੀਂ ਅਮਰ ਕਰਨ ਦੇ ਲਈ ਉਨ੍ਹਾਂ ਨੂੰ ਯਾਦ ਕਰਨਾ ਹਰੇਕ ਸਿੱਖ ਦਾ ਫਰਜ਼ ਹੈ। ਉਨ੍ਹਾਂ ਪੰਥਕ ਹਿਤੈਸ਼ੀਆਂ ਤੇ ਦਰਦੀਆਂ ਨੂੰ ਹੁੰਮ ਹੁੰਮਾ ਕੇ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਦੇ 33ਵੇਂ ਸਲਾਨਾ ਸ਼ਹੀਦੀ ਸਮਾਗਮ ਦੇ ਵਿੱਚ ਪੁੱਜਣ ਦੀ ਅਪੀਲ ਕੀਤੀ ਹੈ।

## ਵਿਧਾਇਕਾ ਅਰੁਣਾ ਚੌਧਰੀ ਦੀ ਰਿਹਾਇਸ਼ 'ਤੇ 'ਵੋਟ ਚੋਰ ਗੱਦੀ ਛੋੜ' ਮੁਹਿੰਮ ਤਹਿਤ ਅਹਿਮ ਮੀਟਿੰਗ



ਦੀਨਾਨਗਰ, 6 ਅਕਤੂਬਰ (ਡਾ. ਰਮੇਸ਼ ਸਰੰਗਲ): ਕਾਂਗਰਸ ਪਾਰਟੀ ਵੱਲੋਂ ਦੇਸ਼ ਪੱਧਰ 'ਤੇ ਚਲਾਈ ਜਾ ਰਹੀ 'ਵੋਟ ਚੋਰ-ਗੱਦੀ ਛੋੜ' ਮੁਹਿੰਮ ਦੇ ਤਹਿਤ ਅੱਜ ਦੀਨਾਨਗਰ ਅੰਦਰ ਵਿਧਾਇਕਾ ਅਰੁਣਾ ਚੌਧਰੀ ਦੀ ਅਗਵਾਈ ਵਿੱਚ ਇਕੱਤਰਤਾ ਕੀਤੀ ਗਈ। ਜਿਸ ਵਿੱਚ ਪਾਰਟੀ ਦੇ ਜ਼ੋਨ ਇੰਚਾਰਜ ਅਤੇ ਨਗਰ ਕੌਂਸਲਰ ਸ਼ਾਮਲ ਹੋਏ। ਇਸ ਮੌਕੇ ਪੰਜਾਬ ਪ੍ਰਦੇਸ਼ ਕਾਂਗਰਸ ਵੱਲੋਂ ਹਲਕਾ ਦੀਨਾਨਗਰ ਲਈ ਤਾਇਨਾਤ ਕੀਤੇ ਗਏ ਕੋਆਰਡੀਨੇਟਰ ਸਿਮਰਨ ਬਾਜਵਾ ਨੇ 'ਵੋਟ ਚੋਰ-ਗੱਦੀ ਛੋੜ' ਮੁਹਿੰਮ ਬਾਰੇ ਵਿਸਥਾਰ ਨਾਲ ਜਾਣੂ ਕਰਵਾਉਂਦਿਆਂ ਇਸਦੇ ਹੱਕ ਵਿੱਚ ਹਸਤਾਖ਼ਰ ਕਰਨ ਲਈ ਪ੍ਰੇਰਿਆ। ਉਨ੍ਹਾਂ ਕਿਹਾ ਕਿ ਦੇਸ਼ ਦੀ ਸੱਤਾ 'ਤੇ ਕਾਬਜ਼ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵੱਲੋਂ ਦੇਸ਼ ਵਾਸੀਆਂ ਦੀਆਂ ਵੋਟਾਂ ਨੂੰ ਆਪਣੇ ਹੱਕ ਵਿੱਚ ਭੁਗਤਾਉਣ ਲਈ ਸੱਤਾ ਦਾ ਦੁਰਉਪਯੋਗ ਕਰਕੇ ਵੋਟਾਂ ਚੋਰੀ ਕੀਤੀਆਂ ਜਾ ਰਹੀਆਂ ਹਨ, ਜੋ ਸਿੱਧੇ ਰੂਪ 'ਚ ਲੋਕਤੰਤਰ ਦਾ ਘਾਣ ਅਤੇ ਗੰਭੀਰ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਲੋਕਤੰਤਰ ਨੂੰ ਬਚਾਉਣ ਲਈ ਲੋਕ ਸਭਾ ਅੰਦਰ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਤੇ ਕਾਂਗਰਸ ਦੇ ਕੌਮੀ ਪ੍ਰਧਾਨ ਮਲਿਕ ਅਰਜੁਨ ਖੜਗੇ ਵੱਲੋਂ ਆਵਾਜ਼ ਬੁਲੰਦ ਕੀਤੀ ਜਾ ਰਹੀ ਹੈ। ਜਿਸਦੇ ਸਮਰਥਨ ਵਿੱਚ ਸਾਨੂੰ ਸਾਰਿਆਂ ਨੂੰ ਦਸਤਖ਼ਤ ਮੁਹਿੰਮ ਵਿੱਚ ਹਿੱਸਾ ਲੈਂਦਿਆਂ ਰਾਹੁਲ ਗਾਂਧੀ ਨਾਲ ਖੜ੍ਹਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਇੱਕ ਤਰ੍ਹਾਂ ਨਾਲ ਦੇਸ਼ ਦੀ ਆਜ਼ਾਦੀ ਲਈ ਇੱਕ ਹੋਰ ਲੜਾਈ ਹੈ। ਜਿਸ ਵਿੱਚ ਹਰੇਕ ਦੇਸ਼ ਵਾਸੀ ਨੂੰ ਯੋਗਦਾਨ ਪਾਉਂਦਿਆਂ ਹਸਤਾਖ਼ਰ ਕਰਨੇ ਚਾਹੀਦੇ ਹਨ। ਉਨ੍ਹਾਂ ਕਾਂਗਰਸੀ ਆਗੂਆਂ ਅਤੇ ਵਰਕਰਾਂ ਨੂੰ ਸ਼ਹਿਰ ਦੇ ਹਰੇਕ ਵਾਰਡ ਅਤੇ ਬੂਥ ਪੱਧਰ 'ਤੇ ਮੁਹਿੰਮ ਚਲਾ ਕੇ ਵੱਧ ਤੋਂ ਵੱਧ ਲੋਕਾਂ ਦੇ ਦਸਤਖ਼ਤ ਕਰਵਾਉਣ ਲਈ ਜ਼ੋਰ ਦਿੱਤਾ।

ਇਸ ਦੌਰਾਨ ਦੀਨਾਨਗਰ ਦੀ ਵਿਧਾਇਕਾ ਤੇ ਸਾਬਕਾ ਕੈਬਨਿਟ ਮੰਤਰੀ ਅਰੁਣਾ ਚੌਧਰੀ ਨੇ ਕਿਹਾ ਕਿ ਕਾਂਗਰਸ ਵੱਲੋਂ ਦੇਸ਼ ਅੰਦਰ ਸ਼ੁਰੂ ਕੀਤੀ ਗਈ 'ਵੋਟ ਚੋਰ-ਗੱਦੀ ਛੋੜ' ਮਹਿੰਮ ਦਾ ਉਦੇਸ਼ ਦੇਸ਼ ਵਿੱਚੋਂ ਲੋਕਤੰਤਰ ਦਾ ਘਾਣ ਕਰਨ ਵਾਲਿਆਂ ਨੂੰ ਰੋਕਣਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਵੱਲੋਂ ਆਪਣੀਆਂ ਸਾਜਿਸ਼ਾਂ ਅਤੇ ਵੋਟ ਚੋਰੀ ਨਾਲ ਲੋਕਤੰਤਰ ਦਾ ਘਾਣ ਅਤੇ ਦੇਸ਼ ਦੇ ਸੰਵਿਧਾਨ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀ ਹਨ, ਜਿਸਦੇ ਵਿਰੋਧ 'ਚ ਕਾਂਗਰਸ ਨੇ ਦੇਸ਼ ਭਰ ਵਿੱਚ ਹਸਤਾਖ਼ਰ ਮੁਹਿੰਮ ਚਲਾਈ ਹੈ। ਉਨ੍ਹਾਂ ਕਿਹਾ ਕਿ ਈਵੀਐਮ ਵਿੱਚ ਹੇਰਾਫੇਰੀ ਅਤੇ ਵੋਟਾਂ ਦੀ ਚੋਰੀ ਕਰਕੇ ਭਾਜਪਾ ਵੱਲੋਂ ਬਾਰ-ਬਾਰ ਸੱਤਾ ਹੱਥਿਆਉਣ ਦੀਆਂ ਚਾਲਾਂ ਹੁਣ ਕਾਮਯਾਬ ਨਹੀਂ ਹੋਣ ਦਿੱਤੀਆਂ ਜਾਣਗੀਆਂ ਅਤੇ ਇਸਦੇ ਲਈ ਲੋਕਾਂ ਨੂੰ ਹੋਰ ਵਧੇਰੇ ਜਾਗਰੂਕ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਲੋਕਾਂ ਕੋਲੋਂ ਸਮਰਥਨ ਵਜੋਂ ਜੋ ਹਸਤਾਖ਼ਰ ਕਰਵਾਏ ਜਾ ਰਹੇ ਹਨ, ਇਹ ਭਾਰਤੀ ਚੋਣ ਕਮਿਸ਼ਨ ਨੂੰ ਸੌਂਪੇ ਜਾਣਗੇ। ਤਾਂ ਜੋ ਭਵਿੱਖ ਦੀਆਂ ਚੋਣਾਂ ਵਿੱਚ ਭਾਜਪਾ ਦੀ ਹੇਰਾਫੇਰੀ ਨੂੰ ਰੋਕਿਆ ਜਾ ਸਕੇ।

ਸੀਨੀਅਰ ਨੇਤਾ ਅਸ਼ੋਕ ਚੌਧਰੀ ਨੇ ਕਿਹਾ ਕਿ ਕਾਂਗਰਸ ਹੀ ਇੱਕ ਅਜਿਹੀ ਪਾਰਟੀ ਹੈ, ਜਿਸਦੇ ਹੱਥਾਂ ਵਿੱਚ ਹਰ ਧਰਮ, ਜਾਤੀ ਅਤੇ ਵਰਗ ਦੇ ਹਿੱਤ ਸੁਰੱਖਿਅਤ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਲੋਕਤੰਤਰ ਵਿੱਚ ਭਰੋਸਾ ਰੱਖਦੀ ਹੈ ਅਤੇ ਉਸਦਾ ਸਨਮਾਨ ਵੀ ਕਰਦੀ ਹੈ ਜਦਕਿ ਭਾਜਪਾ ਦੀ ਸੋਚ ਅਤੇ ਨੀਤੀ ਇਸਦੇ ਉਲਟ ਹੈ, ਜਿਸਦਾ ਅਸੀਂ ਵਿਰੋਧ ਕਰਦੇ ਹਾਂ। ਇਸ ਮੌਕੇ ਸਾਬਕਾ ਚੇਅਰਮੈਨ ਹਰਵਿੰਦਰ ਸਿੰਘ ਭੱਟੀ, ਵਰਿੰਦਰ ਸਿੰਘ ਨੌਸ਼ਹਿਰਾ, ਦਲਬੀਰ ਸਿੰਘ ਬਿੱਟੂ, ਮਨਜੀਤ ਸਿੰਘ ਮੰਜ, ਸਰਪੰਚ ਸਰਦਾਰ ਸਿੰਘ ਉਦੀਪੁਰ, ਵਰਿੰਦਰ ਭਿੰਦਾ ਦੋਰਾਂਗਲਾ, ਅਜੇ ਪਾਲ ਮਕੌੜਾ, ਰਾਮ ਲਾਲ ਮਰਾੜਾ, ਸਰਪੰਚ ਮਨਜੀਤ ਸਿੰਘ ਕਲੀਜਪੁਰ, ਰਘਵੀਰ ਸਿੰਘ ਕਲੀਜਪੁਰ, ਭੁਪਿੰਦਰ ਸਿੰਘ ਸੇਖਵਾਂ, ਪ੍ਰਸ਼ੋਤਮ ਪੱਪਾ, ਸੁੱਚਾ ਸਿੰਘ ਰਾਮਨਗਰ, ਕੌਂਸਲਰ ਅਜੇ ਸਟਾਰ, ਪਰਮਜੀਤ ਕੌਰ, ਜਿੰਮੀ ਬਰਾੜ, ਰਿੰਕੀ ਬੱਬਰ, ਡਾ. ਸਾਹਿਲ ਰੇਹਾਨ ਅਤੇ ਕੁਲਵੰਤ ਕਾਟਲ ਤੋਂ ਇਲਾਵਾ ਹੋਰ ਵਰਕਰ ਵੀ ਹਾਜ਼ਰ ਸਨ।

## ਖ਼ਾਲਸਾ ਕਾਲਜ ਵਿਖੇ 7 ਰੋਜ਼ਾ 'ਏ.ਆਈ. ਤੋਂ ਡਾਟਾ ਵਿਸ਼ਲੇਸ਼ਣ' ਸਿਖਲਾਈ ਵਰਕਸ਼ਾਪ ਕਰਵਾਈ

ਅੰਮ੍ਰਿਤਸਰ, 6 ਅਕਤੂਬਰ (ਬਬਲੂ ਮਹਾਜਨ): ਖਾਲਸਾ ਕਾਲਜ ਦੇ ਟ੍ਰੇਨਿੰਗ ਤੇ ਪਲੇਸਮੈਂਟ ਸੈੱਲ ਵੱਲੋਂ ਰੈਨਬ੍ਰੋਸ



ਗਲੋਬਲ, ਆਸਟਰੇਲੀਆ ਦੇ ਸਹਿਯੋਗ ਨਾਲ ਕੰਪਿਊਟਰ ਸਾਇੰਸ, ਕਾਮਰਸ, ਇਕਾਨੌਮਿਕਸ ਅਤੇ ਮੈਥਾਮੈਟਿਕਸ ਦੇ ਵਿਦਿਆਰਥੀਆਂ ਲਈ 7 ਰੋਜ਼ਾ 'ਏ.ਆਈ. ਤੋਂ ਡਾਟਾ ਵਿਸ਼ਲੇਸ਼ਣ' ਸਿਖਲਾਈ ਵਰਕਸ਼ਾਪ ਕਰਵਾਈ ਗਈ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਨੇ ਟ੍ਰੇਨਿੰਗ ਅਤੇ ਪਲੇਸਮੈਂਟ ਸੈੱਲ ਡਾਇਰੈਕਟਰ ਡਾ. ਹਰਭਜਨ ਸਿੰਘ ਰੰਧਾਵਾ, ਪਲੇਸਮੈਂਟ ਸੈੱਲ ਸਹਾਇਕ ਡਾਇਰੈਕਟਰ ਡਾ. ਅਨੂਰੀਤ ਕੌਰ ਨਾਲ ਮਿਲ ਕੇ ਰੈਨਬ੍ਰੋਸ ਗਲੋਬਲ ਡਾਇਰੈਕਟਰ ਗੁਨੀਤ ਸਿੰਘ ਰੰਧਾਵਾ ਦਾ ਸਵਾਗਤ ਕੀਤਾ।

ਇਸ ਸਬੰਧੀ ਪ੍ਰਿੰ: ਡਾ. ਰੰਧਾਵਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਰਕਸ਼ਾਪ ਦੌਰਾਨ ਵਿਦਿਆਰਥੀਆਂ ਨੂੰ ਏ. ਆਈ. ਤੇ ਚੈਟਬੋਟ ਬਣਾਉਣ ਬਾਰੇ ਜਾਣੂ ਕਰਵਾਇਆ ਗਿਆ, ਜਿਸ 'ਚ ਏ.ਆਈ. ਅਤੇ ਡਾਟਾ ਵਿਸ਼ਲੇਸ਼ਣ, ਪ੍ਰੋਗਰਾਮਿੰਗ ਦੇ ਮੁੱਖ ਸੰਕਲਪ ਸਿਖਾਏ ਗਏ। ਇਸ ਮੌਕੇ ਗੁਨੀਤ ਰੰਧਾਵਾ ਨੇ ਵਿਦਿਆਰਥੀਆਂ ਨੂੰ ਗਿਟਹਬ ਤੇ ਮਾਈਕ੍ਰੋਸੌਫਟ ਕੋਪਾਈਲਟ ਦੀ ਵਰਤੋਂ, ਸਾਫਟਵੇਅਰ ਵਿਕਾਸ ਅਤੇ ਪਾਵਰ ਬੀ. ਆਈ. ਦੁਆਰਾ ਡਾਟਾ ਵਿਜ਼ੂਅਲਾਈਜ਼ੇਸ਼ਨ ਸਬੰਧੀ ਸਿਖਾਇਆ। ਉਨ੍ਹਾਂ ਵਿਦਿਆਰਥੀਆਂ ਨੂੰ ਡਾਟਾ ਵਿਸ਼ਲੇਸ਼ਣ ਨੂੰ ਮਸ਼ੀਨ ਲਰਨਿੰਗ ਨਾਲ ਜੋੜਨ, ਪ੍ਰੋਯਗਿਕ ਏ. ਆਈ. ਐਪਲੀਕੇਸ਼ਨ ਤੇ ਕੋਡਿੰਗ ਸਬੰਧੀ ਜਾਣੂ ਕਰਵਾਇਆ।

ਇਸ ਵਰਕਸ਼ਾਪ ਦੀ ਸਮਾਪਤੀ ਮੌਕੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਪ੍ਰਿੰ: ਡਾ. ਰੰਧਾਵਾ ਨੇ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਸਰਟੀਫ਼ਿਕੇਟ ਵੰਡੇ। ਡਾ. ਰੰਧਾਵਾ ਨੇ ਟ੍ਰੇਨਿੰਗ ਅਤੇ ਪਲੇਸਮੈਂਟ ਸੈੱਲ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਮੇਂ-ਸਮੇਂ 'ਤੇ ਅਜਿਹੀਆਂ ਵਰਕਸ਼ਾਪਾਂ ਦਾ ਆਯੋਜਨ ਕਰਕੇ ਵਿਦਿਆਰਥੀਆਂ ਨੂੰ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਕੰਪਨੀਆਂ 'ਚ ਨੌਕਰੀ ਲੈਣ ਲਈ ਤਿਆਰ ਕੀਤਾ ਜਾਂਦਾ ਹੈ। ਇਸ ਮੌਕੇ ਡਾ. ਹਰਭਜਨ ਰੰਧਾਵਾ ਨੇ ਵਿਦਿਆਰਥੀਆਂ ਨੂੰ ਵਿਸ਼ਵਾਸ਼ ਦਿਵਾਉਂਦਿਆਂ ਕਿਹਾ ਕਿ ਭਵਿੱਖ 'ਚ ਅਜਿਹੇ ਹੋਰ ਪ੍ਰੋਗਰਾਮ ਕਰਵਾਏ ਜਾਣਗੇ ਤਾਂ ਜੋ ਵਿਦਿਆਰਥੀਆਂ ਦੇ ਭਵਿੱਖ ਨੂੰ ਸੰਵਾਰਨ ਲਈ ਕੋਈ ਕਸਰ ਬਾਕੀ ਨਾ ਛੱਡੀ ਜਾਵੇ। ਇਸ ਮੌਕੇ ਡਾ. ਅਨੂਰੀਤ ਕੌਰ ਨੇ ਵਿਦਿਆਰਥੀਆਂ ਦੇ ਹੁਨਰ ਨੂੰ ਨਿਖਾਰਣ ਅਤੇ ਉਨ੍ਹਾਂ ਦੀ ਤਿਆਰੀ ਨੂੰ ਹੋਰ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ। ਇਸ ਮੌਕੇ ਪਲੇਸਮੈਂਟ ਕੋਆਰਡੀਨੇਟਰ ਪ੍ਰੋ. ਹਰਿਆਲੀ ਢਿੱਲੋਂ, ਪ੍ਰੋ: ਰੋਹਿਤ ਕਾਕੜੀਆ, ਪ੍ਰੋ:. ਅਪਨੀਤ ਕੌਰ, ਪ੍ਰੋ: ਵਿਸ਼ਾਲ ਸ਼ਰਮਾ ਨੇ ਵਰਕਸ਼ਾਪ ਦੇ ਆਯੋਜਨ 'ਚ ਸਹਿਯੋਗ ਦਿੱਤਾ।

## ਖ਼ਾਲਸਾ ਕਾਲਜ ਵੈਟਰਨਰੀ ਦੀ ਟੀਮ ਨੇ ਪਸ਼ੂ ਪਾਲਣ ਮੇਲੇ ਦੌਰਾਨ ਕਿਸਾਨਾਂ ਨਾਲ ਵਿਚਾਰ ਕੀਤੇ ਸਾਂਝੇ



ਅੰਮ੍ਰਿਤਸਰ, 6 ਅਕਤੂਬਰ (ਬਬਲੂ ਮਹਾਜਨ): ਖਾਲਸਾ ਕਾਲਜ ਆਫ਼ ਵੈਟਰਨਰੀ ਐਂਡ ਐਨੀਮਲ ਸਾਇੰਸਜ਼ ਦੀ ਟੀਮ ਨੇ ਗੁਰੂ ਅੰਗਦ ਦੇਵ ਵੈਟਰਨਰੀ ਐਂਡ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਵਿਖੇ ਆਯੋਜਿਤ ਪਸ਼ੂ ਪਾਲਣ ਮੇਲੇ 'ਚ ਵੈਟਰਨਰੀ ਨਵੀਨਤਾ, ਕਿਸਾਨ ਪਹੁੰਚ ਤੇ ਅਨੁਭਵੀ ਸਿੱਖਿਆ ਪ੍ਰਤੀ ਆਪਣੀ ਵਚਨਬੱਧਤਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ। ਕਾਲਜ ਪ੍ਰਿੰਸੀਪਲ ਡਾ. ਹਰੀਸ਼ ਕੁਮਾਰ ਵਰਮਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਉਕਤ ਟੀਮ ਨੇ ਮੇਲੇ ਦੌਰਾਨ ਡਾਇਗਨੌਸਟਿਕ ਕੇਸ, ਕਿਸਾਨ-ਅਨੁਕੂਲ ਵਿੱਦਿਅਕ ਸਮੱਗਰੀ, ਜਾਨਵਰਾਂ ਦੀ ਸਿਹਤ ਤੇ ਪੋਸ਼ਣ 'ਤੇ ਇੰਟਰਐਕਟਿਵ ਡਿਸਪਲੇ ਵਾਲਾ ਗਤੀਸ਼ੀਲ ਸਟਾਲ ਲਗਾਇਆ। ਇਸ ਸਬੰਧੀ ਪ੍ਰਿੰ: ਡਾ. ਵਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੇਲੇ ਦੌਰਾਨ ਫੈਕਲਟੀ ਮੈਂਬਰਾਂ ਨੇ ਉਭਰ ਰਹੇ ਡਾਇਗਨੌਸਟਿਕ ਪਲੇਟਫਾਰਮਾਂ ਤੇ ਖੇਤਰੀ ਚੁਣੌਤੀਆਂ ਲਈ ਕਿਸਾਨਾਂ, ਵਿਦਿਆਰਥੀਆਂ ਤੇ ਸਾਥੀ ਪੇਸ਼ੇਵਰਾਂ ਨਾਲ ਵਿਹਾਰਕ ਹੱਲਾਂ ਸਬੰਧੀ ਆਪਣੇ ਵਿਚਾਰ ਸਾਂਝੇ ਕੀਤੇ।

ਉਨ੍ਹਾਂ ਕਿਹਾ ਕਿ ਉਕਤ ਸਮਾਗਮ ਨੇ ਕਾਲਜ ਦੇ ਵਿਸਥਾਰ ਪਹਿਲਕਦਮੀਆਂ ਤੇ ਸਹਿਯੋਗੀ ਭਾਵਨਾ ਨੂੰ ਉਜਾਗਰ ਕਰਨ ਲਈ ਇਕ ਪਲੇਟਫਾਰਮ ਮੁਹੱਈਆ ਕੀਤਾ, ਜਿਸ ਨਾਲ ਵੈਟਰਨਰੀ ਸਿੱਖਿਆ ਤੇ ਪੇਂਡੂ ਸਸ਼ਕਤੀਕਰਨ 'ਚ ਇਕ ਆਗੂ ਵਜੋਂ ਇਸਦੀ ਭੂਮਿਕਾ ਨੂੰ ਮਜ਼ਬੂਤੀ ਮਿਲੀ। ਉਨ੍ਹਾਂ ਕਿਹਾ ਕਿ ਉਕਤ ਟੀਮ 'ਚ ਡਾ. ਐੱਸ.ਕੇ. ਕਾਂਸਲ, ਬੀ.ਐਸ.ਸੰਧੂ, ਸਿਮਰਨਜੀਤ ਉੱਤਮ, ਮਨਰਾਜਦੀਪ ਸਿੰਘ, ਪ੍ਰਿੰਸ ਚੌਹਾਨ, ਮਨਬੀਰ ਸਿੰਘ, ਸੰਦੀਪ ਸ਼ਰਮਾ, ਅਜੈਪਾਲ ਸਿੰਘ ਆਦਿ ਸ਼ਾਮਿਲ ਸਨ।

# ਭਗਵਾਨ ਵਾਲਮੀਕ ਦੇ ਜਨਮ ਦਿਵਸ ਨੂੰ ਸਮਰਪਿਤ ਸਮਾਗਮ ਅੰਦਰ ਸੰਗਤ ਹੋਈ ਨਤਮਸਤਕ



ਜਗਰਾਉਂ 6 ਅਕਤੂਬਰ (ਦਵਿੰਦਰ ਜੈਨ) : ਜਗਰਾਉਂ ਨਵੀਂ ਦਾਣਾ ਮੰਡੀ ਵਿਖੇ ਭਗਵਾਨ ਵਾਲਮੀਕ ਜੀ ਦਾ ਪ੍ਰਕਾਸ਼ ਪੁਰਬ ਸੂਬਾ ਪੱਧਰੀ ਤੌਰ ਤੇ ਧਾਰਮਿਕ ਜਾਗਰੂਕਤਾ ਸਮਾਗਮ ਵਜੋਂ ਮਨਾਇਆ ਗਿਆ। ਇਸ ਸਮਾਗਮ ਵਿੱਚ ਹਜ਼ਾਰਾਂ ਦੀ ਗਿਣਤੀ ਅੰਦਰ ਸੰਗਤਾਂ ਨੇ ਹਾਜ਼ਰੀ ਭਰੀ। ਮੌਸਮ ਖਰਾਬ ਹੋਣ ਦੇ ਬਾਵਜੂਦ ਵੀ ਸੰਗਤਾਂ ਦੇ ਮਨਾਂ ਅੰਦਰ ਉਤਸ਼ਾਹ ਤੇ ਸ਼ਰਧਾ ਭਾਵਨਾ ਬਰਕਰਾਰ ਸੀ। ਇਹ ਸਮਾਗਮ ਸੈਂਟਰਲ ਵਾਲਮੀਕੀ ਸਭਾ ਇੰਡੀਆ ਸਭ ਆਫਿਸ ਜਗਰਾਉਂ ਵੱਲੋਂ ਸ਼ਹਿਰ ਤੇ ਹਲਕਾ ਨਿਵਾਸੀਆਂ ਦੇ ਸਹਿਯੋਗ ਨਾਲ ਮਨਾਇਆ ਗਿਆ। ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਰਾਜਨੀਤਿਕ ਆਗੂਆਂ ਰਣਨੀਤ ਸਿੰਘ ਬਿੱਟੂ ਕੇਂਦਰੀ ਰੇਲ ਮੰਤਰੀ ਅਤੇ ਫੂਡ ਪ੍ਰੋਸੈਸਿੰਗ ਅਸ਼ਵਨੀ ਸ਼ਰਮਾ ਕਾਰਜ ਕਰਨੀ ਪ੍ਰਧਾਨ ਭਾਰਤੀ ਜਨਤਾ ਪਾਰਟੀ ਪੰਜਾਬ, ਕਿਸ਼ਨ ਕੁਮਾਰ ਬੇਦੀ ਕੈਬਨਟ ਮੰਤਰੀ ਹਰਿਆਣਾ ਸਰਕਾਰ ਮਨਜੋਗ ਸ਼ਰਮਾ ਮੰਤਰੀ ਹਰਿਆਣਾ ਦੀ ਤਰਫੋਂ ਪਹੁੰਚੇ। ਸਮਾਗਮ ਅੰਦਰ ਇੰਟਰਨੈਸ਼ਨਲ ਕਲਾਕਾਰਾਂ ਨੇ ਭਗਵਾਨ ਵਾਲਮੀਕ ਜੀ ਦੇ ਭਜਨ ਗਾ ਕੇ ਲੋਕਾਂ ਨੂੰ ਮੰਤਰ ਮੁਗਧ ਕੀਤਾ। ਸਮਾਗਮ ਵਿੱਚ ਇੰਟਰਨੈਸ਼ਨਲ ਕਲਾਕਾਰ ਕਮਲ ਖਾਨ ਦੇਵ ਦਿਲਦਾਰ ਮਹਿਕ ਕਾਂਗੜਾ ਜੰਗੀ ਅਤੇ ਲੱਕੀ ਚੌਲੀ ਵੱਲੋਂ ਆਪਣੀ ਹਾਜ਼ਰੀ ਲਵਾਈ ਗਈ। ਪਹੁੰਚੀਆਂ ਹੋਈਆਂ ਸੰਗਤਾਂ ਦੇ ਲਈ ਵਧੀਆ ਪ੍ਰਬੰਧ ਕੀਤੇ ਗਏ ਅਤੇ ਲੰਗਰ ਦਾ ਖਾਸ ਪ੍ਰਬੰਧ ਕੀਤਾ ਗਿਆ। ਰਾਜਨੀਤਿਕ ਆਗੂਆਂ ਵੱਲੋਂ ਵਾਲਮੀਕ ਸਮਾਜ ਨੂੰ ਇੱਕਜੁੱਟ ਹੋਣ ਲਈ ਪ੍ਰੇਰਿਤ ਕੀਤਾ ਗਿਆ ਤਾਂ ਜੋ ਨਵੇਂ ਸਮਾਜ ਦੀ ਸਿਰਜਣਾ ਹੋ ਸਕੇ। ਸਮਾਗਮ ਵਿੱਚ ਵੱਖ-ਵੱਖ ਸਟੇਟਾਂ ਤੋਂ ਸੈਂਟਰਲ ਵਾਲਮੀਕ ਸਭਾ ਦੇ ਅਹੁਦੇਦਾਰ ਵਿਸ਼ੇਸ਼ ਤੌਰ ਤੇ ਪਹੁੰਚੇ। ਸਮਾਗਮ ਵਿੱਚ ਪਰਮਜੀਤ ਸਿੰਘ ਰਿਪੀ ਲੱਧੜ, ਅਮਿਤ ਕਲਿਆਣ, ਅਰੁਣ ਗਿੱਲ, ਪ੍ਰਦੀਪ ਕੁਮਾਰ ਸੈਂਟਰਲ ਵਾਲਮੀਕ ਸਭਾ ਵੱਲੋਂ ਸਮੁੱਚੀ ਪ੍ਰੈਸ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕਰਦੇ ਹੋਏ ਸਨਮਾਨ ਕੀਤਾ ਗਿਆ।

# 'ਆਪ' ਮਹਿਲਾ ਵਿੰਗ ਦੀ ਮੀਟਿੰਗ



ਲੁਧਿਆਣਾ, 6 ਅਕਤੂਬਰ (ਵਿਸ਼ਾਲ ਸ਼ਰਮਾ): ਵਿਧਾਨ ਸਭਾ ਹਲਕਾ ਦੱਖਣੀ ਵਿੱਚ ਹਲਕਾ ਇੰਚਾਰਜ ਬਲਜਿੰਦਰ ਕੌਰ ਵੱਲੋਂ ਆਮ ਆਦਮੀ ਪਾਰਟੀ ਮਹਿਲਾ ਵਿੰਗ ਦੀ ਪੰਜਾਬ ਪ੍ਰਧਾਨ ਡਾ. ਅਮਨਦੀਪ ਕੌਰ ਅਰੋੜਾ ਅਤੇ ਪੰਜਾਬ ਇੰਚਾਰਜ ਗਾਇਤਰੀ ਵਿਸ਼ਨੋਈ ਦੀ ਅਗਵਾਈ ਹੇਠ ਇੱਕ ਮਹੱਤਵਪੂਰਨ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਸ ਮੀਟਿੰਗ ਦੀ ਪ੍ਰਧਾਨਗੀ ਲੁਧਿਆਣਾ ਸ਼ਹਿਰੀ ਮਹਿਲਾ ਵਿੰਗ ਦੀ ਜ਼ਿਲ੍ਹਾ ਪ੍ਰਧਾਨ ਮਨੀਸ਼ਾ ਕਪੂਰ ਨੇ ਕੀਤੀ। ਹਲਕਾ ਵਿਧਾਇਕ ਰਜਿੰਦਰ ਪਾਲ ਕੌਰ ਛੀਨਾ ਵੀ ਮੀਟਿੰਗ ਵਿੱਚ ਮੁੱਖ ਤੌਰ 'ਤੇ ਹਾਜ਼ਰ ਰਹੇ। ਮੀਟਿੰਗ ਦਾ ਮੁੱਖ ਉਦੇਸ਼ ਬਲਾਕ ਪ੍ਰਧਾਨਾਂ ਅਤੇ ਵਾਰਡ ਪ੍ਰਧਾਨਾਂ ਦੀਆਂ ਨਿਯੁਕਤੀਆਂ 'ਤੇ ਚਰਚਾ ਕਰਨਾ ਤੇ ਸੰਗਠਨ ਨੂੰ ਹੋਰ ਮਜ਼ਬੂਤ ਕਰਨਾ ਸੀ। ਮੀਟਿੰਗ ਵਿੱਚ ਮਾਲਵਾ ਜ਼ੋਨ ਦੀ ਇੰਚਾਰਜ ਅਜਿੰਦਰ ਕੌਰ ਵੀ ਸ਼ਾਮਲ ਹੋਈਆਂ। ਇਸ ਮੌਕੇ 2027 ਵਿਧਾਨ ਸਭਾ ਚੋਣਾਂ ਨੂੰ ਮੱਦੇਨਜ਼ਰ ਰੱਖਦਿਆਂ ਮਹਿਲਾ ਵਿੰਗ ਨੂੰ ਮਜ਼ਬੂਤ ਕਰਨ ਅਤੇ ਸੰਗਠਨਾਤਮਕ ਰਣਨੀਤੀਆਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ। ਪ੍ਰੋਗਰਾਮ ਕੋਆਰਡੀਨੇਟਰ ਬਲਜਿੰਦਰ ਕੌਰ ਨੇ ਦੱਸਿਆ ਕਿ ਵਾਰਡ ਪ੍ਰਧਾਨਾਂ ਦੀ ਸੂਚੀ ਅਤੇ ਭਵਿੱਖੀ ਕਾਰਜ ਯੋਜਨਾ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ ਅਤੇ ਇਹ ਜਲਦੀ ਹੀ ਪੇਸ਼ ਕੀਤੀ ਜਾਵੇਗੀ। ਪ੍ਰਮੁੱਖ ਸ਼ਖਸੀਅਤਾਂ ਵਿੱਚੋਂ ਮੌਕੇ ਤੇ ਮੌਜੂਦ ਸ਼ੈਲੀ ਠੱਕਰ, ਚਰਨਜੀਤ ਕੌਰ, ਰਾਜਵਿੰਦਰ ਕੌਰ ਅਤੇ ਹੋਰ ਵੀ ਮੀਟਿੰਗ ਵਿੱਚ ਭਾਗ ਲਿਆ ਤੇ ਚਰਚਾ ਕੀਤੀ।

# ਮੰਤਰੀ ਅਰੋੜਾ ਨੇ ਉਦਯੋਗ ਵਿਭਾਗ ਦੇ ਅਧਿਕਾਰੀਆਂ ਨਾਲ ਕੀਤੀ ਮੀਟਿੰਗ



ਲੁਧਿਆਣਾ, 6 ਅਕਤੂਬਰ (ਵਿਸ਼ਾਲ ਸ਼ਰਮਾ): ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਜ਼ਿਲ੍ਹੇ ਵਿੱਚ ਵੱਖ-ਵੱਖ ਉਦਯੋਗਿਕ ਪਹਿਲਕਦਮੀਆਂ ਦੇ ਕੰਮਕਾਜ ਅਤੇ ਪ੍ਰਗਤੀ ਦੀ ਮੁਲਾਂਕਣ ਕਰਨ ਲਈ ਉਦਯੋਗ ਵਿਭਾਗ, ਲੁਧਿਆਣਾ ਦੇ ਸਟਾਫ ਮੈਂਬਰਾਂ ਦੀ ਇੱਕ ਸਮੀਖਿਆ ਮੀਟਿੰਗ ਬੁਲਾਈ। ਇਹ ਮੀਟਿੰਗ ਪੰਜਾਬ ਦਰਮਿਆਨੇ ਉਦਯੋਗ ਵਿਕਾਸ ਬੋਰਡ ਦੇ ਸੀਨੀਅਰ ਵਾਈਸ ਚੇਅਰਮੈਨ, ਸ਼ਰਨਪਾਲ ਸਿੰਘ ਮੱਕੜ ਦੀ ਮੌਜੂਦਗੀ ਵਿੱਚ ਹੋਈ। ਪ੍ਰਮੁੱਖ ਹਾਜ਼ਰੀਨ ਵਿੱਚ ਵਿਧਾਇਕ ਕੁਲਵੰਤ ਸਿੰਘ ਸਿੱਧੂ ਅਤੇ ਜਗਤਾਰ ਸਿੰਘ ਦਿਆਲ ਪੁਰਾ, ਆਬਕਾਰੀ ਅਤੇ ਤਕਨੀਕੀ ਮੈਂਬਰ ਰਾਜ ਕੁਮਾਰ ਅਗਰਵਾਲ, ਜ਼ਿਲ੍ਹਾ ਉਦਯੋਗ ਕੇਂਦਰ ਦੇ ਜਨਰਲ ਮੈਨੇਜਰ ਅੰਗਦ ਸੋਈ, ਅਤੇ ਡੀਆਈਸੀ ਮੈਨੇਜਰ ਬਲਵਿੰਦਰ ਸਿੰਘ ਸਿੱਧੂ ਸ਼ਾਮਲ ਸਨ। ਅਰੋੜਾ ਜੀ ਨੇ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਕਿ ਕਿਸੇ ਵੀ ਉਦਯੋਗਪਤੀ ਨੂੰ ਕੋਈ ਅਸੁਵਿਧਾ ਨਾ ਹੋਵੇ ਅਤੇ ਸਾਰੇ ਮੁੱਦਿਆਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇ। ਉਨ੍ਹਾਂ ਨੇ ਪਾਰਦਰਸ਼ਤਾ, ਜਵਾਬਦੇਹੀ ਅਤੇ ਸ਼ਿਕਾਇਤਾਂ ਦੇ ਸਮੇਂ ਸਿਰ ਨਿਪਟਾਰੇ ਤੇ ਜ਼ੋਰ ਦਿੱਤਾ, ਚੇਤਾਵਨੀ ਦਿੱਤੀ ਕਿ ਲਾਪਰਵਾਹੀ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਮੀਟਿੰਗ ਦੌਰਾਨ, ਸ਼ਰਨਪਾਲ ਸਿੰਘ ਮੱਕੜ ਨੇ ਸੀਨੀਅਰ ਵਾਈਸ ਚੇਅਰਮੈਨ ਦਾ ਅਹੁਦਾ ਸੰਭਾਲਣ ਤੋਂ ਬਾਅਦ ਆਪਣੀ ਪਹਿਲੀ ਅਧਿਕਾਰਤ ਗੱਲਬਾਤ ਵਿੱਚ ਮੰਤਰੀ ਦਾ ਧੰਨਵਾਦ ਕੀਤਾ ਅਤੇ ਲੁਧਿਆਣਾ ਵਿੱਚ ਉਦਯੋਗਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਆਪਣੀ ਪੂਰੀ ਵਚਨਬੱਧਤਾ ਦਾ ਭਰੋਸਾ ਦਿੱਤਾ। ਉਨ੍ਹਾਂ ਨੇ ਪੰਜਾਬ ਦੇ ਆਰਥਿਕ ਵਿਕਾਸ ਨੂੰ ਮਜ਼ਬੂਤ ਕਰਨ ਲਈ ਟੀਮ ਵਰਕ, ਸਰਗਰਮ ਸੇਵਾ ਅਤੇ ਸਰਕਾਰ ਅਤੇ ਉਦਯੋਗ ਵਿਚਕਾਰ ਸਹਿਯੋਗ ਦੀ ਮਹੱਤਤਾ 'ਤੇ ਚਾਨਣਾ ਪਾਇਆ।

# ਸਨਮਤੀ ਸਕੂਲ ਵਿਖੇ 'ਉੱਦਮਤਾ' ਵਿਸ਼ੇ 'ਤੇ ਲਗਾਇਆ ਦੋ ਰੋਜ਼ਾ ਸੈਮੀਨਾਰ ਸਮਾਪਤ



ਜਗਰਾਉਂ, 6 ਅਕਤੂਬਰ (ਦਵਿੰਦਰ ਜੈਨ) : ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਦੁਆਰਾ ਗਿਆਰ੍ਹਵੀਂ ਜਮਾਤ ਵਿਚ ਨਵੇਂ ਲਾਗੂ ਕੀਤੇ ਉੱਦਮਤਾ ਵਿਸ਼ੇ ਸੰਬੰਧੀ ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜਗਰਾਉਂ ਵਿਖੇ ਅਧਿਆਪਕਾਂ ਨੂੰ ਸਿਖਲਾਈ ਲਈ ਦੋ ਰੋਜ਼ਾ ਸੈਮੀਨਾਰ ਦਾ ਆਯੋਜਨ ਕੀਤਾ। ਇਸ ਮੌਕੇ ਵੱਖ-ਵੱਖ ਐਫੀਲਟਿਡ, ਐਸੋਏਟਿਡ ਅਤੇ ਆਦਰਸ਼ ਸਕੂਲਾਂ ਦੇ ਪ੍ਰਿੰਸੀਪਲ ਅਤੇ ਅਧਿਆਪਕਾਂ ਨੂੰ ਲਾਜ਼ਮੀ ਵਿਸ਼ੇ ਉੱਦਮਤਾ ਨੂੰ ਲਾਗੂ ਕਰਨ ਅਤੇ ਪੜ੍ਹਾਉਣ ਸੰਬੰਧੀ ਸਿਖਲਾਈ ਦਿੱਤੀ ਗਈ। ਸੈਮੀਨਾਰ ਦੇ ਦੂਜੇ ਦਿਨ ਲੁਧਿਆਣਾ ਪੱਛਮੀ ਦੀ ਪ੍ਰਿੰਸੀਪਲ ਅਤੇ ਅਧਿਆਪਕ ਮੌਜੂਦ ਰਹੇ। ਇਸ ਮੌਕੇ ਸਨਮਤੀ ਸਕੂਲ ਦੇ ਪ੍ਰਿੰਸੀਪਲ ਸੁਪ੍ਰਿਆ ਖੁਰਾਨਾ ਨੇ ਸੈਮੀਨਾਰ 'ਚ ਪਹੁੰਚੇ ਪ੍ਰਿੰਸੀਪਲਾਂ ਅਤੇ ਅਧਿਆਪਕਾਂ ਦਾ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਉੱਦਮਤਾ ਵਿਸ਼ਾ ਵਿਦਿਆਰਥੀਆਂ ਦੇ ਆਪਣੇ ਰੁਜ਼ਗਾਰ ਅਤੇ ਚੰਗੇ ਭਵਿੱਖ ਲਈ ਸਹਾਈ ਹੋਵੇਗਾ। ਇਸ ਮੌਕੇ ਟ੍ਰੇਨਰ ਸੁਮਨਪ੍ਰੀਤ ਕੌਰ, ਗੁਰਜਿੰਦਰ ਸਿੰਘ, ਗੁਰਪ੍ਰੀਤ ਸਿੰਘ, ਪ੍ਰਭਜੋਤ ਸਿੰਘ ਸੋਹੀ ਅਤੇ ਅਮਨਦੀਪ ਕੌਰ ਨੇ ਅਧਿਆਪਕਾਂ ਨੂੰ ਨਵੇਂ ਵਿਸ਼ੇ ਸੰਬੰਧੀ ਮਹੱਤਵਪੂਰਨ ਜਾਣਕਾਰੀ ਦਿੰਦਿਆਂ ਕਿਹਾ ਕਿ ਇਹ ਵਿਸ਼ਾ ਵਿਦਿਆਰਥੀਆਂ ਨੂੰ ਕਿੱਤਾ ਮੁਖੀ ਬਣਾਉਣ ਲਈ ਵੱਖ-ਵੱਖ ਕਿੱਤਿਆਂ ਦੀ ਜਾਣਕਾਰੀ ਪ੍ਰਦਾਨ ਕਰੇਗਾ, ਉੱਥੇ ਵਿਦਿਆਰਥੀਆਂ ਨੂੰ ਆਪਣਾ ਰੋਜ਼ਗਾਰ ਸ਼ੁਰੂ ਕਰਕੇ ਸਵੈ ਨਿਰਭਰ ਬਣਾਉਣ ਲਈ ਸਹਾਇਤਾ ਕਰੇਗਾ। ਇਸ ਮੌਕੇ ਕਾਮਰਸ ਲੈਕਚਰਾਰ ਸਨੀ ਧਾਸੀ, ਸਰਬਜੀਤ ਸਿੰਘ ਧਾਲੀਵਾਲ, ਬੇਅੰਤ ਸਿੰਘ, ਮੁਨੀਸ਼ ਕੁਮਾਰ, ਅੰਕਿਤਾ ਗੁਪਤਾ, ਰਿਸ਼ੂ ਬਾਂਸਲ, ਸ਼ੈਲੀ ਅਰੋੜਾ, ਰਮਨੀਕ ਕੌਰ, ਨਵਜੋਤ ਕੌਰ, ਨੇਹਾ ਰਾਣੀ, ਮੀਨਾਕਸ਼ੀ ਪਰਾਸ਼ਰ,ਮਹਿਕ ਜਗੋਤਾ, ਰਜਨੀ ਵਰਮਾ ਆਦਿ ਹਾਜ਼ਰ ਸਨ।

# 4 ਭਰਾਵਾਂ ਸਮੇਤ 6 ਵਿਅਕਤੀਆਂ 'ਤੇ ਧੋਖਾਧੜੀ ਦਾ ਕੇਸ ਦਰਜ

ਮੁੱਲਾਂਪੁਰ ਦਾਖਾ, 6 ਅਕਤੂਬਰ (ਦਵਿੰਦਰ ਸਿੰਘ ਲੰਮੇ) : ਥਾਣਾ ਦਾਖਾ ਦੀ ਪੁਲਿਸ ਨੇ ਜ਼ਮੀਨ ਦੇ ਜਾਅਲੀ ਕਾਗਜ਼ਾਤ ਤਿਆਰ ਕਰਕੇ ਜ਼ਮੀਨ ਆਪਣੇ ਨਾਮ ਕਰਵਾਉਣ ਵਾਲੇ 4 ਭਰਾਵਾਂ, ਰਿਟਾਇਰਡ ਪਟਵਾਰੀ ਅਤੇ ਇੱਕ ਕੰਪਨੀ ਦੇ ਡਾਇਰੈਕਟਰ ਸਮੇਤ 6 ਵਿਅਕਤੀਆਂ ਖਿਲਾਫ ਵੱਖ- ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ। ਮਾਮਲੇ ਦੀ ਜਾਣਕਾਰੀ ਦਿੰਦਿਆਂ ਡੀ.ਐਸ.ਪੀ ਵਰਿੰਦਰ ਸਿੰਘ ਖੋਸਾ ਨੇ ਦੱਸਿਆ ਕਿ ਪੁਲਿਸ ਕੋਲ ਦਿੱਤੀ ਸ਼ਿਕਾਇਤਵਿੱਚ ਜਤਿਨ ਜੈਨ ਪੁੱਤਰ ਰਾਜਿੰਦਰ ਜੈਨ ਵਾਸੀ ਗੁਰੂ ਨਾਨਕ ਕਲੋਨੀ ਸੰਗਰੂਰ ਨੇ ਦੱਸਿਆ ਕਿ ਮੁਖਤਿਆਰ ਸਿੰਘ, ਗੁਰਦੇਵ ਸਿੰਘ, ਬੇਤ ਸਿੰਘ, ਸੰਤ ਸਿੰਘ ਪੁੱਤਰਾਨ ਦਿਆਲ ਸਿੰਘ ਵਾਸੀਆਨ ਪਿੰਡ ਦੇਤਵਾਲ ਅਤੇ ਇੰਦਰਜੀਤ ਸਿੰਘ ਪੁੱਤਰ ਅਤਰ ਸਿੰਘ ਡਾਇਰੈਕਟਰ ਡਰੀਮਲੈਂਡ ਪ੍ਰੋਜੈਕਟਸਬੀਰਮੀ ਨੇ ਰਿਟਾਇਰਡ ਪਟਵਾਰੀ ਸਤਿੰਦਰਪਾਲ ਸਿੰਘ ਨਾਲ ਮਿਲੀ ਭੁਗਤ ਕਰਕੇ ਜਾਅਲੀ ਫਰਦ ਤਿਆਰ ਕਰਨ ਉਪਰੰਤ ਇੰਤਕਾਲ ਰਾਹੀਂ ਜ਼ਮੀਨ ਆਪਣੇ ਨਾਮ ਕਰਵਾ ਲਈ ਅਤੇ ਇੱਕ ਰਜਿਸਟਰੀ ਇਹਨਾਂ ਪਾਸੋਂ ਸਤਿੰਦਰਪਾਲ ਸਿੰਘ ਨੇ ਆਪਣੇ ਹੱਕ ਵਿੱਚ ਵੀ ਕਰਵਾ ਲਈ। ਉਨ੍ਹਾਂ ਦੱਸਿਆ ਕਿ ਇਸ ਤਰ੍ਹਾਂ ਉਪਰੋਕਤ ਵਿਅਕਤੀਆਂ ਨੇ ਜਾਅਲੀ ਕਾਗਜ਼ਾਤ ਤਿਆਰ ਕਰਕੇ ਸ਼ਿਕਾਇਤ ਕਰਤਾ ਨਾਲ ਧੋਖਾਧੜੀ ਕੀਤੀ ਹੈ।

# ਕਰੀਬ 3 ਕਰੋੜ ਦੀ ਲਾਗਤ ਨਾਲ ਪਿੰਡ ਖਾਸੀ ਕਲਾਂ ਤੋਂ ਮੱਤੇਵਾੜਾ-ਰਤਨਗੜ੍ਹ ਲਿੰਕ ਰੋਡ ਦੀ ਹੋਵੇਗੀ ਮੁਰੰਮਤ : ਮੁੰਡੀਆਂ



ਡੇਹਲੋਂ/ਆਲਮਗੀਰ, 6 ਅਕਤੂਬਰ (ਅਮਰਜੀਤ ਸਿੰਘ ਸੰਧੂ): ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਨੂੰ ਮਿਆਰੀ ਸਿੱਖਿਆ, ਸਿਹਤ ਸੇਵਾਵਾਂ ਅਤੇ ਬੁਨਿਆਦੀ ਸਹੂਲਤਾਂ ਪਹਿਲ ਦੇ ਆਧਾਰ 'ਤੇ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ ਅਤੇ ਚੋਣਾਂ ਦੌਰਾਨ ਪੰਜਾਬੀਆਂ ਨਾਲ ਕੀਤਾ ਹਰ ਇੱਕ ਵਾਅਦਾ ਪੂਰਾ ਕੀਤਾ ਜਾ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ, ਪੰਜਾਬ ਦੇ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਮੁੰਡੀਆਂ ਵੱਲੋਂ ਵਿਧਾਨ ਸਭਾ ਹਲਕਾ ਸਾਹਨੇਵਾਲ ਅਧੀਨ ਪਿੰਡ ਖਾਸੀ ਕਲਾਂ ਤੋਂ ਮੱਤੇਵਾੜਾ-ਰਤਨਗੜ੍ਹ ਲਿੰਕ ਰੋਡ ਦੀ ਸਪੈਸ਼ਲ ਮੁਰੰਮਤ ਕਾਰਜ਼ਾਂ ਦਾ ਨੀਂਹ ਪੱਥਰ ਰੱਖਦਿਆਂ ਕੀਤਾ। ਕੈਬਨਿਟ ਮੰਤਰੀ ਮੁੰਡੀਆ ਨੇ ਦੱਸਿਆ ਕਿ ਇਸ ਪ੍ਰੋਜੈਕਟ ਤਹਿਤ ਕਰੀਬ 3 ਕਰੋੜ ਰੁਪਏ ਖਰਚ ਕੀਤੇ ਜਾਣਗੇ। ਕੈਬਨਿਟ ਮੰਤਰੀ ਮੁੰਡੀਆਂ ਨੇ ਕਿਹਾ ਕਿ ਇਸ ਵਾਰ ਭਾਰੀ ਬਰਸਾਤ ਪੈਣ ਨਾਲ ਸੜਕਾਂ ਦੀ ਹਾਲਤ ਬੇਹੱਦ ਖਸਤਾ ਬਣੀ ਹੋਈ ਸੀ ਅਤੇ ਰਾਹਗੀਰਾਂ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਦੱਸਿਆ ਕਿ ਸਥਾਨਕ ਲੋਕਾਂ ਵੱਲੋਂ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਸੜਕਾਂ 'ਤੇ ਪਏ ਡੂੰਘੇ ਖੱਡੇ ਅਕਸਰ ਹਾਦਸਿਆਂ ਦਾ ਕਾਰਨ ਬਣਦੇ ਹਨ, ਜਿਸ ਕਾਰਨ ਸੜਕਾਂ ਦੀ ਫੌਰੀ ਮੁਰੰਮਤ ਕਰਵਾਉਣੀ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਲਾਕਾ ਨਿਵਾਸੀਆਂ ਦੀ ਪੁਰਜ਼ੋਰ ਮੰਗ 'ਤੇ ਲੋਕਾਂ ਦੇ ਸਹਿਯੋਗ ਨਾਲ ਸੜਕ ਦੇ ਮੁਰੰਮਤ ਕਾਰਜਾਂ ਨੂੰ ਹਰੀ ਝੰਡੀ ਦਿੱਤੀ ਗਈ ਹੈ ਜਿਸਨੂੰ ਤੈਅ ਸਮੇਂ ਵਿੱਚ ਮੁਕੰਮਲ ਕਰ ਲਿਆ ਜਾਵੇਗਾ। ਵਿਕਾਸ ਕਾਰਜਾਂ ਦੇ ਉਦਘਾਟਨ ਮੌਕੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਦੇ ਨਾਲ ਸਰਪੰਚ ਕਰਮਜੀਤ ਸਿੰਘ ਗਰੇਵਾਲ, ਸਮੁੱਚੀ ਗ੍ਰਾਮ ਪੰਚਾਇਤ, ਤਜਿੰਦਰ ਸਿੰਘ ਮਿੱਠੂ ਤੇ ਵੱਖ-ਵੱਖ ਪਿੰਡਾਂ ਦੇ ਵਸਨੀਕ ਵੀ ਮੌਜੂਦ ਸਨ ਜਿਨ੍ਹਾਂ ਇਸ ਪ੍ਰੋਜੈਕਟ ਦੇ ਆਗਾਜ਼ ਲਈ ਆਪਣੇ ਹਰਮਨ ਪਿਆਰੇ ਨੇਤਾ ਦਾ ਧੰਨਵਾਦ ਕਰਦਿਆਂ ਵਿਸ਼ੇਸ਼ ਸਨਮਾਨ ਵੀ ਕੀਤਾ।

# ਸਾਰਸ ਮੇਲਾ 2025 : ਲੁਧਿਆਣਾ 'ਚ ਹੋਇਆ ਸਭ ਤੋਂ ਸੋਹਣੀ ਦਸਤਾਰ (ਪੱਗ) ਬੰਨ੍ਹਣ ਦਾ ਮੁਕਾਬਲਾ



ਲੁਧਿਆਣਾ, 6 ਅਕਤੂਬਰ (ਵਿਸ਼ਾਲ ਸ਼ਰਮਾ) : ਲੁਧਿਆਣਾ ਦੇ ਸਾਰਸ ਮੇਲਾ 2025 ਵਿੱਚ ਸਭ ਤੋਂ ਸੋਹਣੀ ਦਸਤਾਰ (ਪੱਗ) ਬੰਨ੍ਹਣ ਦਾ ਮੁਕਾਬਲਾ ਜ਼ਿਲ੍ਹਾ ਪ੍ਰਸ਼ਾਸਨ ਲੁਧਿਆਣਾ ਵੱਲੋਂ ਸਰਦਾਰੀਆਂ ਟਰੱਸਟ, ਪੰਜਾਬ ਦੇ ਸਹਿਯੋਗ ਨਾਲ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ) ਲੁਧਿਆਣਾ ਦੇ ਓਪਨ ਏਅਰ ਥੀਏਟਰ ਵਿੱਚ ਹੋਇਆ। ਇਸ ਮੁਕਾਬਲੇ ਵਿੱਚ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੇ ਸ਼ਮੂਲੀਅਤ ਕੀਤੀ। ਸਭ ਤੋਂ ਸੋਹਣੀ ਦਸਤਾਰ (ਪੱਗ) ਬੰਨ੍ਹਣ ਦੇ ਮੁਕਾਬਲੇ ਵਿੱਚ ਵੱਖ-ਵੱਖ ਉਮਰ ਦੇ ਨੌਜਵਾਨਾਂ ਨੇ ਭਾਗ ਲਿਆ। ਜਿਹਨਾਂ ਨੂੰ ਦੋ ਗਰੁੱਪਾਂ 14 ਸਾਲ ਤੋਂ ਘੱਟ ਉਮਰ ਵਾਲਿਆਂ ਨੂੰ (ਜੂਨੀਅਰ) ਅਤੇ 14 ਸਾਲ ਤੋਂ ਵੱਧ ਉਮਰ ਵਾਲਿਆਂ ਨੂੰ (ਸੀਨੀਅਰ) ਵਿੱਚ ਵੰਡਿਆ ਗਿਆ। ਸੋਹਣੀ ਦਸਤਾਰ (ਪੱਗ) ਬੰਨ੍ਹਣ ਦੇ ਜੱਜ ਦੀ ਭੂਮਿਕਾ ਗੁਰਪ੍ਰੀਤ ਸਿੰਘ ਸਿੱਧੂ, ਹੀਰਾ ਸਿੰਘ ਅਤੇ ਸਰਬਜੀਤ ਸਿੰਘ ਗਗਨ ਨੇ ਨਿਭਾਈ। ਜੂਨੀਅਰ ਵਿੱਚ ਸਭ ਤੋਂ ਸੋਹਣੀ ਦਸਤਾਰ (ਪੱਗ) ਸਜਾਉਣ ਵਿੱਚ ਪਹਿਲੇ ਸਥਾਨ 'ਤੇ ਸਹਿਜਪ੍ਰੀਤ ਸਿੰਘ, ਦੂਜੇ ਸਥਾਨ 'ਤੇ ਹਰਕੀਰਤ ਸਿੰਘ ਪੁੱਤਰ ਗੁਰਪ੍ਰੀਤ ਸਿੰਘ ਅਤੇ ਤੀਜੇ ਸਥਾਨ ਹਰਕੀਰਤ ਸਿੰਘ ਨੇ ਹਾਸਲ ਕੀਤਾ। ਇਸੇ ਤਰ੍ਹਾਂ ਸੀਨੀਅਰ ਵਿੱਚ ਸਭ ਤੋਂ ਸੋਹਣੀ ਦਸਤਾਰ (ਪੱਗ) ਸਜਾਉਣ ਵਿੱਚ ਪਹਿਲੇ ਸਥਾਨ 'ਤੇ ਅਰਸ਼ਦੀਪ ਸਿੰਘ, ਦੂਜੇ ਸਥਾਨ 'ਤੇ ਗੁਰਟੇਕ ਸਿੰਘ ਅਤੇ ਤੀਜੇ ਸਥਾਨ 'ਤੇ ਸੁਖਮਨਵੀਰ ਸਿੰਘ ਨੌਜਵਾਨ ਰਹੇ। ਪਹਿਲੇ, ਦੂਜੇ ਅਤੇ ਤੀਜੇ ਸਥਾਨ ਰਹਿਣ ਵਾਲੇ ਨੌਜਵਾਨਾਂ ਨੂੰ ਜ਼ਿਲ੍ਹਾ ਸਿੱਖਿਆ ਅਫ਼ਸਰ ਡਿੰਪਲ ਮਦਾਨ ਨੇ ਇਨਾਮਾਂ ਦੀ ਵੰਡ ਕੀਤੀ। ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਦੱਸਿਆ ਕਿ ਰੋਜ਼ਾਨਾ ਸ਼ਾਮ 3:00 ਵਜੇ ਤੋਂ ਸ਼ਾਮ 6:00 ਵਜੇ ਤੱਕ, ਸਾਰਸ ਮੇਲਾ 2025 ਰਚਨਾਤਮਕਤਾ ਅਤੇ ਪਰੰਪਰਾ ਦਾ ਜਸ਼ਨ ਮਨਾਉਣ ਵਾਲੀਆਂ ਦਿਲਚਸਪ ਵਰਕਸ਼ਾਪਾਂ ਅਤੇ ਮੁਕਾਬਲਿਆਂ ਦੀ ਮੇਜ਼ਬਾਨੀ ਕਰ ਰਿਹਾ ਹੈ। ਜਿਸ ਵਿੱਚ ਸੋਮਵਾਰ ਨੂੰ ਨੌਜਵਾਨਾਂ ਨੇ ਸ਼ਮੂਲੀਅਤ ਕਰਕੇ ਸਭ ਤੋਂ ਸੋਹਣੀ ਦਸਤਾਰ (ਪੱਗ) ਬੰਨ੍ਹਣ ਦੇ ਮੁਕਾਬਲਿਆਂ ਵਿੱਚ ਭਾਗ ਲਿਆ ਹੈ।

# ਹਿਊਮਨ ਰਾਈਟ ਕਾਉਂਸਲ ਦੇ ਨਵ ਨਿਯੁਕਤ ਸੂਬਾ ਮੀਤ ਪ੍ਰਧਾਨ ਸਤਵਿੰਦਰ ਮਠਾੜੂ ਨੂੰ ਨਿਯੁਕਤੀ ਪੱਤਰ ਦਿੱਤਾ



ਲੁਧਿਆਣਾ, 6 ਅਕਤੂਬਰ (ਰਵਿੰਦਰ ਸਿੰਘ ਨਿੱਝਰ):ਹਿਊਮਨ ਰਾਈਟ ਕਾਉਂਸਲ ਦੀ ਇੱਕ ਮੀਟਿੰਗ ਕੌਂਸਲ ਦੇ ਕੌਮੀ ਪ੍ਰਧਾਨ ਭਾਰਤੀ ਰਾਜਪੂਤ ਦੀ ਦੇਖ ਰੇਖ ਹੇਠ ਹੋਈ । ਮੀਟਿੰਗ ਦੌਰਾਨ, ਰਾਸ਼ਟਰੀ ਨਿਰਦੇਸ਼ਕ ਅਸ਼ਵਨੀ ਕੁਮਾਰ, ਆਰਟੀਆਈ ਸੈੱਲ ਦੇ ਰਾਸ਼ਟਰੀ ਪ੍ਰਧਾਨ ਐਡਵੋਕੇਟ ਸੁਖਵੀਰ ਗਿੱਲ ਅਤੇ ਸਪੋਰਟਸ ਸੈੱਲ ਪੰਜਾਬ ਦੇ ਉਪ ਪ੍ਰਧਾਨ ਗੁਰਜੀਤ ਸੈਣੀ ਦੀ ਮੌਜੂਦਗੀ ਵਿੱਚ, ਪੰਜਾਬ ਪ੍ਰਧਾਨ ਸੁਖਵੰਤ ਸਿੰਘ ਪੱਡਾ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਸਤਵਿੰਦਰ ਸਿੰਘ ਮਠਾੜੂ ਨੂੰ ਪੰਜਾਬ ਦਾ ਉਪ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਮੀਟਿੰਗ ਦੌਰਾਨ, ਰਾਸ਼ਟਰੀ ਪ੍ਰਧਾਨ ਆਰਤੀ ਰਾਜਪੂਤ ਨੇ ਕਿਹਾ ਕਿ ਉਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ ਸਤਵਿੰਦਰ ਸਿੰਘ ਮਠਾੜੂ ਉਨ੍ਹਾਂ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਨੂੰ ਪੂਰਾ ਕਰਨਗੇ ਅਤੇ ਸੰਗਠਨ ਨੂੰ ਮਜ਼ਬੂਤ ਕਰਨਗੇ। ਇਸ ਮੌਕੇ ਸ੍ਰ. ਮਠਾੜੂ ਨੇ ਕਿਹਾ ਕਿ ਸੰਗਠਨ ਵੱਲੋਂ ਉਨ੍ਹਾਂ ਨੂੰ ਪੰਜਾਬ ਦੇ ਉਪ ਪ੍ਰਧਾਨ ਵਜੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਰਕੇਸ਼ ਗੋਇਲ ਅਤੇ ਹੋਰ ਵੀ ਮੌਜੂਦ ਸਨ।

# ਸਾਂਝਾ ਸਕੂਲ ਸਿਸਟਮ ਲਾਗੂ ਕਰਨ ਦੀ ਲੋੜ 'ਤੇ ਜ਼ੋਰ

ਲੁਧਿਆਣਾ, 6 ਅਕਤੂਬਰ (ਰਵਿੰਦਰ ਸਿੰਘ ਨਿੱਝਰ): : ਪੰਜਾਬ ਵਿੱਚ ਸਕੂਲਾਂ ਦੇ ਸਰਕਾਰੀਕਰਨ ਦੀ 68ਵੀਂ ਵਰ੍ਹੇ ਗੰਢ ਨੂੰ ਸਮਰਪਿਤ ਅਤੇ ਸਿੱਖਿਆ ਦੇ ਪ੍ਰਾਈਵੇਟਕਰਨ-ਵਪਾਰੀਕਰਨ ਦੇ ਵਿਰੋਧ ਵਿੱਚ ਅੱਜ ਸਥਾਨਕ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਵੱਲੋਂ ਸੂਬਾਈ ਕਨਵੈਨਸ਼ਨ ਜਥੇਬੰਦੀ ਦੇ ਸੂਬਾਈ ਸਰਪ੍ਰਸਤ ਚਰਨ ਸਿੰਘ ਸਰਾਭਾ, ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ,ਕਾਰਜਕਾਰੀ ਜਨਰਲ ਸਕੱਤਰ ਪਰਵੀਨ ਕੁਮਾਰ ਲੁਧਿਆਣਾ ਤੇ ਜਿੰਦਰ ਪਾਇਲਟ, ਵਿੱਤ ਸਕੱਤਰ ਨਵੀਨ ਸੱਚਦੇਵਾ ਅਤੇ ਸੂਬਾ ਸਲਾਹਕਾਰ ਪ੍ਰੇਮ ਚਾਵਲਾ ਦੇ ਆਧਾਰਤ ਪ੍ਰਧਾਨਗੀ ਮੰਡਲ ਵੱਲੋਂ ਕੀਤੀ ਗਈ। ਇਸ ਮੌਕੇ 'ਤੇ ਸੰਬੋਧਨ ਕਰਦੇ ਹੋਏ ਸੂਬਾਈ ਸਰਪ੍ਰਸਤ ਸਾਥੀ ਚਰਨ ਸਿੰਘ ਸਰਾਭਾ ਨੇ 1 ਅਕਤੂਬਰ 1957 ਤੋਂ ਪਹਿਲਾਂ ਜਥੇਬੰਦੀ ਦੇ ਆਗੂ ਬਾਬਾ ਮਹਿੰਦਰ ਸਿੰਘ ਤੂਰ ਦੀ ਅਗਵਾਈ ਹੇਠ ਲੜੇ ਗਏ ਸੰਘਰਸ਼ ਤੇ ਰੌਸ਼ਨੀ ਪਾਈ ਅਤੇ ਲੰਬੇ ਸੰਘਰਸ਼ਾਂ ਤੋਂ ਬਾਅਦ ਸਕੂਲਾਂ ਦੇ ਸਰਕਾਰੀਕਰਨ ਨੂੰ ਇਤਿਹਾਸਕ ਫੈਸਲਾ ਕਰਾਰ ਦਿੱਤਾ।ਅਧਿਆਪਕਾਂ ਨੂੰ ਸਰਕਾਰੀ ਮੁਲਾਜਮ ਹੋਣ ਦਾ ਰੁਤਬਾ ਪ੍ਰਦਾਨ ਕੀਤਾ ਅਤੇ ਪੰਜਾਬ ਦੇ ਸਾਰੇ ਵਿੱਦਿਆਰਥੀਆਂ ਨੂੰ ਇਕਸਾਰ ਅਤੇ ਗੁਣਾਤਮਕ ਚੰਗੇਰੀ ਸਿੱਖਿਆ ਪ੍ਰਾਪਤ ਕਰਨ ਦੇ ਸਮਾਨ ਅਵਸਰ ਪ੍ਰਾਪਤ ਹੋਏ। ਉਹਨਾਂ ਅਫ਼ਸੋਸ ਪ੍ਰਗਟ ਕੀਤਾ ਕਿ ਸਮੇਂ-ਸਮੇਂ ਦੀਆਂ ਹਕੂਮਤਾਂ ਨੇ ਵੱਖ-ਵੱਖ ਲੋਕ ਵਿਰੋਧੀ ਨੀਤੀਆਂ ਲਾਗੂ ਕਰਕੇ ਸਕੂਲਾਂ ਵਿੱਚ ਨਵੀਆਂ ਵੰਡੀਆਂ ਪਾਈਆਂ ਗਈਆਂ ਹਨ, ਜਿਸ ਕਾਰਨ ਅਧਿਆਪਕਾਂ/ਮੁਲਾਜ਼ਮਾਂ ਦੀਆਂ ਸੇਵਾਵਾਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਈਆਂ ਹਨ।

ਵੱਖ-ਵੱਖ ਆਗੂਆਂ ਨੇ ਆਪਣੇ ਸੰਬੋਧਨ ਦੌਰਾਨ ਪੰਜਾਬ ਸਰਕਾਰ ਤੋਂ ਵੱਖ-ਵੱਖ ਤਰ੍ਹਾਂ ਦੇ ਸਕੂਲਾਂ ਨੂੰ ਸਟਾਫ ਸਮੇਤ ਸਿੱਖਿਆ ਵਿਭਾਗ ਵਿੱਚ ਮਰਜ ਕਰਨ, ਅਧਿਆਪਕਾਂ ਦੀ ਸਾਰੀਆਂ ਖਾਲੀ ਪਈਆਂ ਅਸਾਮੀਆਂ 'ਤੇ ਰੈਗੂਲਰ ਭਰਤੀ ਕਰਨ, ਸਾਰੇ ਵਰਗਾਂ ਦੀਆਂ ਬਣਦੀਆਂ ਤਰੱਕੀਆਂ ਕਰਨ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, ਕੰਪਿਊਟਰ ਅਧਿਆਪਕਾਂ, NSQF ਦੇ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਪੰਜਾਬ ਵਿੱਚ ਮਰਜ ਕਰਨ, ਅਧਿਆਪਕਾਂ ਤੋਂ ਗੈਰ ਵਿੱਦਿਅਕ ਕੰਮ ਨਾ ਲੈਣ ਦੀ ਜੋਰਦਾਰ ਸ਼ਬਦਾਂ ਵਿੱਚ ਮੰਗ ਕੀਤੀ ਅਤੇ ਤੁਰੰਤ ਪੰਜਾਬ ਦੇ ਮੁਲਾਜ਼ਮਾਂ ਵਾਸਤੇ ਸੱਤਵਾਂ ਤਨਖਾਹ ਕਮਿਸ਼ਨ ਸਥਾਪਤ ਕਰਨ ਦੀ ਮੰਗ ਕੀਤੀ।

# ਕੇ.ਆਈ.ਐਮ.ਟੀ. ਲੁਧਿਆਣਾ ਵਿੱਚ ਆਗਾਜ਼ ਅਤੇ ਆਗਮਨ 2025 ਮੌਕੇ ਵਿਦਿਆਰਥੀਆਂ ਦਾ ਨਿੱਘਾ ਸਵਾਗਤ



ਲੁਧਿਆਣਾ, 6 ਅਕਤੂਬਰ (ਕਰਨੈਲ ਸਿੰਘ ਐੱਮ.ਏ.): ਖਾਲਸਾ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ ਫਾਰ ਵੂਮੈਨ, ਸਿਵਲ ਲਾਈਨਜ਼ ਲੁਧਿਆਣਾ ਨੇ ਨਵੇਂ ਦਾਖਲ ਹੋਏ ਵਿਦਿਆਰਥੀਆਂ ਦਾ ਨਿੱਘਾ ਸਵਾਗਤ ਕਰਨ ਲਈ ਇੱਕ ਸ਼ਾਨਦਾਰ ਫਰੈਸ਼ਰ ਪਾਰਟੀ ਆਗਾਜ਼-ਐਂਡ ਆਗਮਨ 2025 ਦੀ ਮੇਜ਼ਬਾਨੀ ਕੀਤੀ। ਡਾਇਰੈਕਟਰ, ਡਾ: ਹਰਪ੍ਰੀਤ ਕੌਰ, ਫੈਕਲਟੀ ਮੈਂਬਰ, ਸੀਨੀਅਰ ਵਿਦਿਆਰਥੀ ਅਤੇ ਸੰਸਥਾ ਦੇ ਪ੍ਰਬੰਧਨ ਨੇ ਨਵੇਂ ਆਏ ਵਿਦਿਆਰਥੀਆਂ ਦਾ ਸਵਾਗਤ ਕੀਤਾ। ਇਹ ਸਮਾਗਮ ਉਤਸ਼ਾਹ, ਊਰਜਾ ਅਤੇ ਜੀਵੰਤ ਪ੍ਰਦਰਸ਼ਨਾਂ ਨਾਲ ਭਰਿਆ ਹੋਇਆ ਸੀ, ਜਿਸ ਨੇ ਅਕਾਦਮਿਕ ਯਾਤਰਾ ਦੀ ਇੱਕ ਦਿਲਚਸਪ ਸ਼ੁਰੂਆਤ ਲਈ ਮੰਚ ਤਿਆਰ ਕੀਤਾ। ਸ਼੍ਰੀਮਤੀ ਸ਼ੈਲੀ ਅਗਰਵਾਲ, ਡਾਇਰੈਕਟਰ ਅਤੇ ਸਹਿ-ਸੰਸਥਾਪਕ PIFT, ਲੁਧਿਆਣਾ ਅਤੇ ਸ਼੍ਰੀਮਤੀ ਰਿਤਿਕਾ ਸ਼ਰਮਾ, ਪੇਸ਼ੇਵਰ ਕਥਕ ਡਾਂਸਰ ਅਤੇ ਕੋਰੀਓਗ੍ਰਾਫਰ, ਪੁਲਿਸ ਡੀ.ਏ.ਵੀ. ਸਕੂਲ ਨੂੰ ਜੱਜਮੈਂਟ ਲਈ ਸੱਦਾ ਦਿੱਤਾ ਗਿਆ ਸੀ। ਪਹਿਲੇ ਸਾਲ ਦੇ ਵਿਦਿਆਰਥੀਆਂ ਨੇ ਰੈਂਪ ਵਾਕ ਵਿੱਚ ਪੂਰੇ ਦਿਲ ਨਾਲ ਹਿੱਸਾ ਲਿਆ ਅਤੇ ਆਪਣੇ ਆਤਮਵਿਸ਼ਵਾਸ, ਰਚਨਾਤਮਕਤਾ ਅਤੇ ਸੂਹਜ ਦਾ ਪ੍ਰਦਰਸ਼ਨ ਕੀਤਾ । ਇਸ ਮੌਕੇ ਤੇ ਸਮੂਹ ਡਾਂਸ ਅਤੇ ਸੋਲੋ ਡਾਂਸ ਮੁਕਾਬਲੇ ਵੀ ਕਰਵਾਏ ਗਏ। ਡਾਇਰੈਕਟਰ ਡਾ. ਹਰਪ੍ਰੀਤ ਕੌਰ ਨੇ ਜੇਤੂਆਂ ਨੂੰ ਉਨ੍ਹਾਂ ਦੀ ਸਰਗਰਮ ਭਾਗੀਦਾਰੀ ਅਤੇ ਜਿੱਤਣ ਵਾਲੇ ਖਿਤਾਬਾਂ ਲਈ ਵਧਾਈ ਦਿੱਤੀ ।

# ਰਾਜ ਸਭਾ ਲਈ ਇੱਕ ਵੀ ਆਮ ਘਰਾਂ ਦਾ ਨੌਜਵਾਨ ਨਹੀਂ ਮਿਲਿਆ : ਸਲੂਜਾ



ਲੁਧਿਆਣਾ, 6 ਅਕਤੂਬਰ (ਵਿਸ਼ਾਲ ਸ਼ਰਮਾ): ਬਦਲਾਓ ਦਾ ਨਾਅਰਾ ਤੇ ਆਮ ਘਰਾਂ ਦੇ ਨੌਜਵਾਨਾਂ ਨੂੰ ਅਹੁਦੇ ਦੇਣ ਦੇ ਵਾਅਦੇ ਕਰਕੇ ਆਈ ਆਮ ਆਦਮੀ ਪਾਰਟੀ ਨੇ ਇਕ ਵੱਡੇ ਵਪਾਰੀ ਰਜਿੰਦਰ ਗੁਪਤਾ ਨੂੰ ਰਾਜ ਸਭਾ ਦੀ ਸੀਟ ਦੇ ਕੇ ਦੱਸ ਦਿੱਤਾ ਕਿ ਪੰਜਾਬ ਦੇ ਤਿੰਨ ਕਰੋੜ ਪੰਜਾਬੀਆਂ ਵਿੱਚੋਂ ਕੋਈ ਵੀ ਹੋਰ ਪੰਜਾਬੀ ਜਾਂ ਪਾਰਟੀ ਵਰਕਰ ਇਸ ਅਹੁਦੇ ਦੇ ਯੋਗ ਨਹੀਂ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬੀ ਵਿਕਾਸ ਮੰਚ ਦੇ ਪ੍ਰਧਾਨ ਜਤਿੰਦਰ ਪਾਲ ਸਿੰਘ ਸਲੂਜਾ ਨੇ ਕੀਤਾ ਸਲੂਜਾ ਨੇ ਕਿਹਾ ਕਿ ਮੁੱਖ ਮੰਤਰੀ ਨਿਤ ਦਿਨ ਸਟੇਜ਼ਾਂ ਤੇ ਭਾਸ਼ਣ ਦਿੰਦੇ ਹਨ ਕਿ ਅਸੀਂ ਆਮ ਘਰਾਂ ਦੇ ਨੌਜਵਾਨਾਂ ਨੂੰ ਆਹੁਦੇ 'ਤੇ ਨੌਕਰੀਆਂ ਦੇਵਾਂਗੇ ਪਰ ਅਫਸੋਸ ਜਦੋਂ ਸਮਾਂ ਆਉਂਦਾ ਹੈ ਤਾਂ ਕੋਈ ਨਾ ਕੋਈ ਵੱਡੀ ਹਸਤੀ ਜਾ ਸਰਮਾਏਦਾਰ ਟਿਕਟਾਂ ਲੈ ਜਾਂਦੇ ਹਨ ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਟਕਸਾਲੀ ਵਰਕਰ ਜਿਹਨਾਂ ਨੇ ਖ਼ੂਨ ਪਸੀਨੇ ਨਾਲ਼ ਪਾਰਟੀ ਖੜੀ ਕੀਤੀ ਅੱਜ ਅਪਣੇ ਆਪ ਨੂੰ ਠੱਗਿਆ ਮਹਿਸੂਸ ਕਰ ਰਹੇ ਹਨ ਕਿ ਸਾਨੂੰ ਤਾਂ ਸ਼ਾਇਦ ਪਾਰਟੀ ਨੇ ਕੇਵਲ ਰੈਲੀਆਂ ਵਿਚ ਇਕੱਠ ਕਰਕੇ ਨਾਹਰੇ ਲਾਉਣ ਤੇ ਦਰੀਆਂ ਵਿਛਾਉਣ ਲਈ ਹੀ ਰਖਿਆ ਹੈ।

# ਪ੍ਰੋਫ਼ੈਸਰ ਬਾਵਾ 'ਕਾਸਮਿਕ ਰਿਵਰ ਔਕਲਟ' ਪੁਰਸਕਾਰ ਨਾਲ ਸਨਮਾਨਿਤ




ਲੁਧਿਆਣਾ, 6 ਅਕਤੂਬਰ (ਰਵਿੰਦਰ ਸਿੰਘ ਨਿੱਝਰ): ਢਕੋਲੀ ਰੋਡ ਤੇ ਡ੍ਰੀਮਜ਼ ਇਨ ਐਂਡ ਸੂਟਸ ਵਿਖੇ ਕੌਸਮਿਕ ਰਿਵਰ ਔਕਲਟ ਅਵਾਰਡ ਇੱਕ ਸ਼ਾਨਦਾਰ ਸਮਾਗਮ ਸੀ। ਦੇਸ਼ ਭਰ ਦੇ 200 ਤੋਂ ਵੱਧ ਪ੍ਰਸਿੱਧ ਜੋਤਸ਼ੀ, ਅੰਕ ਵਿਗਿਆਨੀ ਅਤੇ ਅਧਿਆਤਮਿਕ ਮਾਹਿਰਾਂ ਨੇ ਹਿੱਸਾ ਲਿਆ। ਇਸ ਮੌਕੇ ਤੇ, ਵਿਸ਼ਵ ਪ੍ਰਸਿੱਧ ਵੈਦਿਕ ਜੋਤਸ਼ੀ, ਲਾਲ ਕਿਤਾਬ ਅਤੇ ਵਾਸਤੂ ਮਾਹਰ ਪ੍ਰੋਫੈਸਰ ਬਖਸ਼ੀਸ਼ ਸਿੰਘ ਬਾਵਾ ਨੂੰ ਉਨ੍ਹਾਂ ਦੇ ਵਿਲੱਖਣ ਯੋਗਦਾਨ ਲਈ ਕੌਸਮਿਕ ਰਿਵਰ ਔਕਲਟ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਬਾਵਾ ਨੇ ਕਿਹਾ ਕਿ ਜੋਤਿਸ਼ ਸਿਰਫ਼ ਭਵਿੱਖਬਾਣੀ ਦਾ ਵਿਗਿਆਨ ਨਹੀਂ ਹੈ, ਸਗੋਂ ਸਵੈ-ਗਿਆਨ ਅਤੇ ਊਰਜਾ ਸੰਤੁਲਨ ਦਾ ਇੱਕ ਮਾਧਿਅਮ ਹੈ। ਉਨ੍ਹਾਂ ਲੋਕਾਂ ਨੂੰ ਸਕਾਰਾਤਮਕ ਸੋਚ ਅਤੇ ਗ੍ਰਹਿਆਂ ਦੇ ਅਨੁਸਾਰ ਜੀਵਨ ਸ਼ੈਲੀ ਅਪਣਾਉਣ ਲਈ ਉਤਸ਼ਾਹਿਤ ਕੀਤਾ। ਇਸ ਸਮਾਗਮ ਦੇ ਪ੍ਰਬੰਧਕ ਜੈਸਮੀਨ ਜੈਜ਼ ਨੇ ਦੱਸਿਆ ਕਿ ਇਸ ਸਮਾਗਮ ਦਾ ਉਦੇਸ਼ ਵਿਦਵਾਨਾਂ ਅਤੇ ਗੁਪਤ ਵਿਗਿਆਨ ਦੇ ਅਭਿਆਸੀਆਂ ਨੂੰ ਆਪਣੇ ਤਜ਼ਰਬੇ ਸਾਂਝੇ ਕਰਨ ਅਤੇ ਸਮਾਜ ਵਿੱਚ ਅਧਿਆਤਮਿਕ ਜਾਗਰੂਕਤਾ ਫੈਲਾਉਣ ਲਈ ਇੱਕ ਸਾਂਝਾ ਪਲੇਟਫਾਰਮ ਪ੍ਰਦਾਨ ਕਰਨਾ ਸੀ।ਇਸ ਸਮਾਗਮ ਦੇ ਮੁੱਖ ਮਹਿਮਾਨ ਡਾ. ਐਚ.ਐਸ. ਰਾਵਤ ਅਤੇ ਮਾਨਵੇਂਦਰ ਰਾਵਤ ਸਨ। ਮੰਚ ਦੀ ਮੇਜ਼ਬਾਨੀ ਆਸ਼ੂ ਮਲਹੋਤਰਾ ਨੇ ਕੀਤੀ।ਵਿਪਿਨ ਵਸ਼ਿਸ਼ਟ (ਸੋਨੀਪਤ), ਵਿਪਿਨ ਸ਼ਰਮਾ (ਹਿਮਾਚਲ ਪ੍ਰਦੇਸ਼), ਪੂਨਮ ਸ਼ਰਮਾ (ਚੰਡੀਗੜ੍ਹ), ਅਤੇ ਸੋਨੀ (ਦਿੱਲੀ) ਵਰਗੀਆਂ ਪ੍ਰਮੁੱਖ ਸ਼ਖਸੀਅਤਾਂ ਦੀ ਮੌਜੂਦਗੀ ਨੇ ਸਮਾਗਮ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾ ਦਿੱਤਾ।

# ਰੋਟਰੀ ਕਲੱਬ ਨੇ ਇੰਸਟਾਲੇਸ਼ਨ ਸੈਰਾਮਨੀ ਕਰਵਾਈ



ਲੁਧਿਆਣਾ, 6 ਅਕਤੂਬਰ (ਰਵਿੰਦਰ ਸਿੰਘ ਨਿੱਝਰ): ਇਨਸਾਨੀ ਕਦਰਾਂ ਕੀਮਤਾਂ 'ਤੇ ਪਹਿਰਾ ਦੇਣਾ ਅਤੇ ਆਪਣੀ ਉਸਾਰੂ ਸੋਚ ਨੂੰ ਸਮਾਜ ਭਲਾਈ ਦੇ ਕਾਰਜਾਂ ਵਿੱਚ ਲਗਾਉਣਾ ਹੀ ਅਸਲ ਮਨੁੱਖੀ ਸੇਵਾ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਰੋਟਰੀਅਨ ਸ੍ਰੀ ਰੋਹਿਤ ਉਬਰਾਏ ਡਿਸਟ੍ਰਿਕ ਗਵਰਨਰ- 3070 ਨੇ ਬੀਤੀ ਸ਼ਾਮ ਸਥਾਨਕ ਰਿਸ਼ੀ ਨਗਰ ਲੁਧਿਆਣਾ ਵਿਖੇ ਰੋਟਰੀ ਕਲੱਬ ਆਫ਼ ਲੁਧਿਆਣਾ ਸਿਟੀ ਦੀ ਇੰਸਟਾਲੇਸ਼ਨ ਸੈਰੇਮਨੀ ਮੌਕੇ ਕੀਤਾ।ਇਸ ਮੌਕੇ ਰੋਟਰੀਅਨ ਸ੍ਰੀ ਰੋਹਿਤ ਉਬਰਾਏ ਡਿਸਟ੍ਰਿਕ ਗਵਰਨਰ 3070 ਨੇ ਰੋਟਰੀ ਕਲੱਬ ਆਫ਼ ਲੁਧਿਆਣਾ ਸਿਟੀ ਦੇ ਨਵ ਨਿਯੁਕਤ ਪ੍ਰਧਾਨ ਰੋਟਰੀਅਨ ਡਾ. ਰਣਜੀਤ ਸਿੰਘ ਤੇ ਉਨ੍ਹਾਂ ਦੀ ਸਮੁੱਚੀ ਟੀਮ ਵੱਲੋਂ ਪਿਛਲੇ ਸਮੇਂ ਦੌਰਾਨ ਵਿੱਦਿਆ, ਸਿਹਤ ਅਤੇ ਚੌਗਿਰਦੇ ਦੀ ਸੰਭਾਲ ਪ੍ਰਤੀ ਕੀਤੇ ਗਏ ਸਮੂਹ ਸੇਵਾ ਕਾਰਜਾਂ ਦੀ ਸ਼ਲਾਘਾ ਕੀਤੀ। ਇਸ ਦੌਰਾਨ ਰੋਟਰੀ ਕਲੱਬ ਦੇ ਪਾਸਟ ਪ੍ਰਧਾਨ ਰੋਟਰੀਅਨ ਸ. ਸੁਰਿੰਦਰ ਸਿੰਘ ਕਟਾਰੀਆ ਨੇ ਕਲੱਬ ਦੀ ਰਿਪੋਰਟ ਪੇਸ਼ ਕੀਤੀ।

ਇਸ ਦੌਰਾਨ ਰੋਟਰੀਅਨ ਸ੍ਰੀ ਰੋਹਿਤ ਉਬਰਾਏ ਡਿਸਟ੍ਰਿਕ ਗਵਰਨਰ 3070 ਨੇ ਰੋਟਰੀ ਕਲੱਬ ਲੁਧਿਆਣਾ ਸਿਟੀ ਦੇ ਨਵ ਨਿਯੁਕਤ ਪ੍ਰਧਾਨ ਰੋਟਰੀਅਨ ਡਾ. ਰਣਜੀਤ ਸਿੰਘ ਤੇ ਸੈਕਟਰੀ ਰੋਟਰੀਅਨ, ਸ. ਅਜੈਬ ਸਿੰਘ ਮੱਕੜ ਨੂੰ ਯਾਦਗਾਰੀ ਰੋਟਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਵੀ ਕੀਤਾ।ਸਮਾਗਮ ਦੌਰਾਨ ਰੋਟਰੀ ਕਲੱਬ ਲੁਧਿਆਣਾ ਸਿਟੀ ਦੇ ਨਵ ਨਿਯੁਕਤ ਪ੍ਰਧਾਨ ਰੋਟਰੀਅਨ ਡਾ. ਰਣਜੀਤ ਸਿੰਘ ਦੀ ਅਗਵਾਈ ਹੇਠ ਕਲੱਬ ਦੇ ਸਮੂਹ ਅਹੁਦੇਦਾਰਾਂ ਵੱਲੋਂ ਰੋਟਰੀਅਨ ਸ੍ਰੀ ਰੋਹਿਤ ਉਬਰਾਏ ਡਿਸਟ੍ਰਿਕ ਗਵਰਨਰ 3070 ਨੂੰ ਵਿਸੇਸ਼ ਤੌਰ 'ਤੇ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਿਤ ਵੀ ਕੀਤਾ ਗਿਆ।

ਇਸ ਮੌਕੇ ਹਰਮਿੰਦਰ ਸਿੰਘ ਯੋਗੀ, ਸੁਰਿੰਦਰ ਸਿੰਘ ਕਟਾਰੀਆਂ, ਡਾ. ਹਰਵਿੰਦਰ ਸਿੰਘ,ਰੋਟਰੀਅਨ ਡਾ. ਅਜੈਪਾਲ ਸਿੰਘ, ਡਾ ਬਲਬੀਰ ਸਿੰਘ, ਦਲਜੀਤ ਸਿੰਘ,, ਅਸ਼ਵਨੀ ਸੂਦ, . ਸੰਨਦੀਪ ਕੌਰ, ਡਾ. ਰੈਨੂੰ ਛਤਵਾਲ ਵੀ ਹਾਜ਼ਰ ਸਨ।

# ਸੰਜੇ ਗੋਇਲ 'ਡਿਜ਼ਾਈਨ ਬੈਥਕੀ' ਵਿੱਚ ਪੈਨਲਿਸਟ ਵਜੋਂ ਸ਼ਾਮਲ ਹੋਏ




ਲੁਧਿਆਣਾ, 6 ਅਕਤੂਬਰ (ਵਿਸ਼ਾਲ ਸ਼ਰਮਾ): ਲੁਧਿਆਣਾ ਸਮਾਰਟ ਸਿਟੀ ਲਿਮਟਿਡ ਦੇ ਸਾਬਕਾ ਡਾਇਰੈਕਟਰ ਅਤੇ ਉੱਘੇ ਆਰਕੀਟੈਕਟ ਸੰਜੇ ਗੋਇਲ ਨੇ ਅੰਮ੍ਰਿਤਸਰ ਵਿਖੇ ਆਯੋਜਿਤ ਡਿਜ਼ਾਈਨ ਅਨਫਿਲਟਰਡ ਦੌਰਾਨ ਡਿਜ਼ਾਈਨ ਬੈਠਕ ਵਿੱਚ ਪੈਨਲਿਸਟਾਂ ਵਿੱਚੋਂ ਇੱਕ ਵਜੋਂ ਸ਼ਿਰਕਤ ਕੀਤੀ। ਹੋਰ ਪੈਨਲਿਸਟ ਆਰ ਸ਼ੁਭਮ ਪੱਪਲੀ, ਆਰ ਸੋਨਾਲੀ ਮਹਾਜਨ, ਆਰ ਹਰਸ਼ ਪਰਮਾਰ ਸਨ ਅਤੇ ਸੈਸ਼ਨ ਦਾ ਸੰਚਾਲਨ ਆਰਕੀਟੈਕਚਰ ਵਿਭਾਗ ਦੇ ਮੁਖੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੁਆਰਾ ਕੀਤਾ ਗਿਆ। ਪੈਨਲ ਚਰਚਾ ਦਾ ਵਿਸ਼ਾ ਲਗਜ਼ਰੀ ਰਿਹਾਇਸ਼ਾਂ ਸਥਿਰਤਾ ਅਤੇ ਪ੍ਰੀਮੀਅਮ ਡਿਜ਼ਾਈਨ ਸੰਵੇਦਨਸ਼ੀਲਤਾਵਾਂ ਦੋਵਾਂ ਨੂੰ ਕਿਵੇਂ ਅਪਣਾ ਸਕਦੀਆਂ ਹਨ ਸੀ। ਇੱਥੇ ਵਾਪਸ ਆਉਣ 'ਤੇ, ਆਰ ਸੰਜੇ ਗੋਇਲ ਨੇ ਕਿਹਾ ਕਿ ਉਨ੍ਹਾਂ ਨੇ ਕਨਕਲੇਵ ਦੌਰਾਨ ਇਸ ਵਿਸ਼ੇ ਦੇ ਸੰਬੰਧ ਵਿੱਚ ਆਪਣਾ ਵਿਸ਼ਾਲ ਤਜਰਬਾ ਸਾਂਝਾ ਕੀਤਾ ਅਤੇ ਆਉਣ ਵਾਲੀਆਂ ਇਮਾਰਤਾਂ, ਖਾਸ ਕਰਕੇ ਰਿਹਾਇਸ਼ਾਂ ਵਿੱਚ ਸਥਿਰਤਾ ਬਾਰੇ ਇਕੱਠ ਨੂੰ ਦੱਸਿਆ। ਉਨ੍ਹਾਂ ਨੇ ਲੁਧਿਆਣਾ ਸਮਾਰਟ ਸਿਟੀ ਲਿਮਟਿਡ ਵਿੱਚ ਤਕਨੀਕੀ ਮਾਹਰ ਵਜੋਂ ਆਉਣ ਵਾਲੇ ਸ਼ਹਿਰਾਂ ਵਿੱਚ ਸਥਿਰਤਾ, ਊਰਜਾ ਸੰਭਾਲ, ਹੋਰ ਹਰਿਆਲੀ ਆਦਿ ਬਾਰੇ ਵੀ ਜਵਾਬ ਦਿੱਤਾ। ਉਨ੍ਹਾਂ ਨੇ ਸੰਤੁਸ਼ਟੀ ਪ੍ਰਗਟ ਕੀਤੀ ਕਿ ਵੱਧ ਤੋਂ ਵੱਧ ਲੋਕ ਊਰਜਾ ਦੀ ਬਚਤ ਕਰ ਰਹੇ ਹਨ ਅਤੇ ਆਪਣੀਆਂ ਇਮਾਰਤਾਂ ਵਿੱਚ ਬਹੁਤ ਸਾਰੀ ਬਿਜਲੀ ਅਤੇ ਪਾਣੀ ਦੀ ਬਚਤ ਕਰ ਰਹੇ ਹਨ। ਮੁੱਖ ਬੁਲਾਰੇ ਹਿਤੇਨ ਪਟੇਲ ਆਰਕੀਟੈਕਟਸ, ਅਹਿਮਦਾਬਾਦ ਦੇ ਮੁੱਖ ਕਾਰਜਕਾਰੀ ਅਧਿਕਾਰੀ ਆਰ ਮਨੋਜ ਜੋਸ਼ੀ ਸਨ, ਜਿਨ੍ਹਾਂ ਨੇ ਟਿਕਾਊ ਆਰਕੀਟੈਕਚਰ ਵਿੱਚ ਆਪਣੀ ਫਰਮ ਦੀ ਸੰਖੇਪ ਯਾਤਰਾ ਸਾਂਝੀ ਕੀਤੀ। ਅੰਮ੍ਰਿਤਸਰ ਦੇ ਮਾਸਟਰ ਆਰਕੀਟੈਕਟਸ ਪੁਰਸਕਾਰ ਮੁੱਖ ਮਹਿਮਾਨ ਆਰ ਪ੍ਰਿਤਪਾਲ ਸਿੰਘ ਆਹਲੂਵਾਲੀਆ ਦੁਆਰਾ ਆਰ ਮਹਿੰਦਰਜੀਤ ਸਿੰਘ ਅਤੇ ਡਾ. ਐਸ.ਐਸ. ਬਹਿਲ - ਸਾਬਕਾ ਐਚਓਡੀ ਅਤੇ ਡੀਨ ਜੀ.ਐਨ.ਡੀ.ਯੂ., ਅੰਮ੍ਰਿਤਸਰ ਨੂੰ ਦਿੱਤੇ ਗਏ। ਕਨਕਲੇਵ ਵਿੱਚ ਪੰਜਾਬ ਭਰ ਤੋਂ ਸੈਂਕੜੇ ਆਰਕੀਟੈਕਟਾਂ ਨੇ ਸ਼ਿਰਕਤ ਕੀਤੀ। ਡਿਜ਼ਾਈਨ ਅਨਫਿਲਟਰਡ ਕਨਕਲੇਵ ਦਾ ਆਯੋਜਨ ਕੋਮਲ ਝਾਅ ਅਤੇ ਉਸਦੀ ਟੀਮ ਦੁਆਰਾ ਕੀਤਾ ਗਿਆ ਸੀ। ਕਨਕਲੇਵ ਇੱਕ ਬਹੁਤ ਵੱਡੀ ਸਫਲਤਾ ਸੀ ਅਤੇ ਸਾਰਿਆਂ ਨੇ ਇੱਕ ਦੂਜੇ ਤੋਂ ਹੋਰ ਸਿੱਖਿਆ।

## ਵੈਟਰਨਰੀ ਵਿਦਿਆਰਥੀ ਯੂਨੀਅਨ ਦੀ ਹੜਤਾਲ 12ਵੇਂ ਦਿਨ 'ਚ ਦਾਖ਼ਲ

ਲੁਧਿਆਣਾ, 6 ਅਕਤੂਬਰ (ਵਿਸ਼ਾਲ ਸ਼ਰਮਾ) : ਲੁਧਿਆਣਾ ਵੈਟਰਨਰੀ ਯੂਨੀਵਰਸਿਟੀ ਦੀ ਵੈਟਰਨਰੀ ਵਿਦਿਆਰਥੀ ਯੂਨੀਅਨ ਵੱਲੋਂ ਚਲ ਰਹੀ ਅਨਿਸ਼ਚਿਤ ਹੜਤਾਲ ਸੋਮਵਾਰ ਨੂੰ 12ਵੇਂ ਦਿਨ 'ਚ ਦਾਖਲ ਹੋ ਗਈ। ਇੰਟਰਨ ਡਾਕਟਰਾਂ ਵੱਲੋਂ ਯੂਨੀਵਰਸਿਟੀ ਦੇ ਵੈਟਰਨਰੀ ਹਸਪਤਾਲ ਵਿਖੇ ਸ਼ਾਂਤੀਪੂਰਨ ਢੰਗ ਨਾਲ ਰੋਸ ਜਾਰੀ ਰੱਖਿਆ ਗਿਆ। ਅੱਜ ਓਪੀਡੀ ਸੇਵਾਵਾਂ ਬੰਦ ਨਹੀਂ ਕੀਤੀਆਂ ਗਈਆਂ, ਜਦੋਂ ਕਿ ਯੂਨੀਅਨ ਵੱਲੋਂ ਮਰੀਜ਼ਾਂ ਦੀ ਸੰਭਾਲ ਨੂੰ ਪ੍ਰਭਾਵਿਤ ਕੀਤੇ ਬਿਨਾਂ ਆਪਣਾ ਆਦੋਲਨ ਜਾਰੀ ਰੱਖਿਆ ਗਿਆ।

# ਸ਼੍ਰੋਮਣੀ ਲਿਖਾਰੀ ਬੋਰਡ ਵੱਲੋਂ ਪ੍ਰਭਕਿਰਨ ਦੀ ਪ੍ਰਧਾਨਗੀ ਹੇਠ ਮਹੀਨਾਵਾਰ ਸਾਹਿਤਕ ਮਿਲਣੀ ਕਰਵਾਈ



ਲੁਧਿਆਣਾ, 6 ਅਕਤੂਬਰ (ਰਵਿੰਦਰ ਸਿੰਘ ਨਿੱਝਰ): : ਸ਼੍ਰੋਮਣੀ ਲਿਖਾਰੀ ਬੋਰਡ ਪੰਜਾਬ ਰਜਿ. ਦੀ ਮਹੀਨਾਵਾਰ ਸਾਹਿਤਕ ਮਿਲਣੀ ਕਲ੍ਹ ਦੇਰ ਸ਼ਾਮ ਸਥਾਨਕ ਗਿਲ ਰੋਡ ਸਥਿਤ ਕਰੀਅਰ ਕਾਲਜ ਦੇ ਦਫਤਰ ਵਿਖੇ ਬੋਰਡ ਦੇ ਪ੍ਰਧਾਨ ਪ੍ਰਭ ਕਿਰਨ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਗੀਤਕਾਰਾਂ, ਕਵੀਆਂ ਅਤੇ ਕਹਾਣੀਕਾਰਾਂ ਨੇ ਆਪਣੀਆਂ ਰਚਨਾਵਾਂ ਰਾਹੀਂ ਖ਼ੂਬ ਰੌਣਕ ਲਾਈ । ਪ੍ਰਧਾਨ ਪ੍ਰਭ ਕਿਰਨ ਸਿੰਘ ਨੇ ਸਭ ਨੂੰ ਜੀ ਆਇਆਂ ਕਹਿੰਦੇ ਹੋਏ ਇਸ ਸਾਹਿਤਕ ਮਿਲਣੀ ਸ਼ੁਰੂਆਤ ਕੀਤੀ । ਆਪਣੀਆਂ ਮਿੰਨੀ ਕਹਾਣੀਆਂ ਰਾਹੀਂ ਉੱਘੇ ਲੇਖਕ ਕੇ. ਸਾਧੂ ਸਿੰਘ ਨੇ ਕੁੱਤੇ ਰਾਹੀਂ ਨੰਨ੍ਹੀ ਬੱਚੀਆਂ ਦੇ ਹੋ ਰਹੇ ਸ਼ਰੀਰਕ ਸ਼ੋਸ਼ਣ ਅਤੇ ਪੰਮੀ ਹਬੀਬ ਨੇ ਝੋਲੀ ਫਲ ਰਾਹੀਂ ਪਖੰਡੀ ਸਾਧਾਂ ਤੇ ਖੂਬ ਤਨੰਜ਼ ਕੱਸਿਆ। ਬੋਰਡ ਦੇ ਜ. ਸਕੱਤਰ ਅਤੇ ਸਾਹਿਤਕ ਮਿਲਣੀ ਦੇ ਸੰਚਾਲਕ ਤੇ ਗੀਤਕਾਰ ਪ੍ਰਮਿੰਦਰ ਸਿੰਘ ਅਲਬੇਲਾ ਨੇ ਧੀਆਂ ਅਤੇ ਮਾਵਾਂ ਨੂੰ ਸਮਰਪਿਤ ਸੰਗੀਤਬੱਧ ਕੀਤੇ ਹੋਏ ਜਜ਼ਬਾਤੀ ਗੀਤ ਗਾ ਕੇ ਅਤੇ ਇੰਦਰਜੀਤ ਕੌਰ ਲੋਟੇ ਨੇ ਆਜਾ ਤੇਰ੍ਹ ਦੀ ਛਾਂ ਦੇ ਹੇਠਾਂ ਲਿਖ ਲੈਨੇ ਆਂ ਕੁੱਝ ਬਹਿ ਕੇ ਕਵਿਤਾ ਨਾਲ ਮਾਹੌਲ ਨੂੰ ਗ਼ਮਗੀਨ ਬਣਾ ਦਿੱਤਾ ਜਦਕਿ ਪੰਜਾਬੀ ਗਾਇਕ ਜਗਪਾਲ ਸਿੰਘ ਜੱਗਾ ਨੇ ਚੜ੍ਹਦੀਕਲਾ ਵਾਲੇ ਅੰਦਾਜ਼ ਵਿਚ ਨਸ਼ਾਬੰਦੀ ਦਾ ਜ਼ੋਰਦਾਰ ਹੋਕਾ ਦਿੰਦਿਆਂ ਅਤੇ ਗੀਤਕਾਰ ਸੰਧੇ ਸੁਖਬੀਰ ਐਵੇਂ ਨੀ ਦੂਨੀਆਂ ਗੀਤ ਰਾਹੀਂ ਰੰਗ ਜਮਾ ਦਿੱਤਾ ।ਸੰਗੀਤਕਾਰ ਤੇ ਗਾਇਕ ਮੀਤ ਪਾਨੀਪਤ ਨੇ ਉਰਦੂ ਪੰਜਾਬੀ ਦੇ ਅਦਬੀ ਲਫ਼ਜ਼ਾਂ ਨਾਲ ਲਬਰੇਜ਼ ਗ਼ਜ਼ਲ ਪੜ੍ਹੀ । ਗ਼ਜ਼ਲ-ਗੋ ਜ਼ੋਰਾਵਰ ਸਿੰਘ ਪੰਛੀ ਨੇ ਤਰੰਨੁਮ ਵਿਚ ਨਵੇਕਲੀ ਗ਼ਜ਼ਲ ਨਾ ਮਨ ਸੰਭਾਲ਼ ਹੋਵੇ ਨਾ ਤਨ ਸੰਭਾਲ਼ ਹੁੰਦਾ ਰਾਹੀਂ ਖ਼ੂਬ ਦਾਦ ਲਈ । ਪ੍ਰਸਿੱਧ ਕਵੀਆਂ ਮਲਕੀਤ ਸਿੰਘ ਮਾਲੜਾ ਨੇ ਮਹੀਨਾ ਅੱਸੂ ਦਾ ਅਤੇ ਸੁਰਜੀਤ ਸਿੰਘ ਜੀਤ ਨੇ ਮਾਪੇ ਹੋਣ ਕੁਮਾਪੇ ਨਾ ਆਪਣੇ ਆਪਣੇ ਅੰਦਾਜ਼ ਵਿਚ ਕਵਿਤਾਵਾਂ ਬੋਲ ਕੇ ਸਮਾਂ ਬੰਨ੍ਹੀ ਰੱਖਿਆ । ਇਸ ਸਾਹਿਤਕ ਮਿਲਣੀ ਦੇ ਅੰਤ ਵਿਚ ਆਪਣਾ ਲਿਖਿਆ ਇਕ ਸ਼ਿਅਰ ਪੜ੍ਹਨ ਉਪਰੰਤ ਬੋਰਡ ਦੇ ਪ੍ਰਧਾਨ ਪ੍ਰਭ ਕਿਰਨ ਸਿੰਘ ਨੇ ਆਪਣੀ ਸੁਰ. ਮਾਤਾ ਸ੍ਰੀਮਤੀ ਨਿਰਅੰਜਨ ਅਵਤਾਰ ਕੌਰ ਦੀ ਲਿਖੀ ਗ਼ਜ਼ਲ ਚਰਚੇ ਉਨ੍ਹਾਂ ਦੇ ਹੋ ਰਹੇ ਗਾਉਂਦਿਆਂ ਹਾਜ਼ਰ ਸਾਹਿਤਕਾਰਾਂ ਦਾ ਧੰਨਵਾਦ ਕੀਤਾ । ਤੂਫ਼ਾਨ ਸਾਹਿਬ ਮੈਮੋਰੀਅਲ ਐਜੂਕੇਸ਼ਨਲ ਸੁਸਾਇਟੀ ਰਜਿ. ਵੱਲੋਂ ਚਾਹ ਪਾਣੀ ਦੀ ਸੇਵਾ ਦਾ ਇੰਤਜ਼ਾਮ ਸਹਾਇਕ ਵਿਜੇ ਕਲਿਆਣ ਨੇ ਕੀਤਾ।

# ਸੰਗਤਾਂ ਨੇ ਗੁਰਬਾਣੀ ਸ਼ਬਦ ਕੀਰਤਨ ਦਾ ਮਾਣਿਆ ਆਨੰਦ




ਲੁਧਿਆਣਾ, 6 ਅਕਤੂਬਰ (ਰਵਿੰਦਰ ਸਿੰਘ ਨਿੱਝਰ): ਸਿੱਖ ਸ਼ਹੀਦਾਂ ਦਾ ਯਾਦਗਾਰੀ ਅਸਥਾਨ ਗੁਰਦੁਆਰਾ ਸ਼ਹੀਦਾਂ ਫੇਰੂਮਾਨ ਢੋਲੇਵਾਲ ਚੌਂਕ ਵਿਖੇ ਹਫਤਾਵਾਰੀ ਵਿਸ਼ੇਸ਼ ਧਾਰਮਿਕ ਗੁਰਮਤਿ ਸਮਾਗਮ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵੱਲੋਂ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ। ਇਸ ਮੌਕੇ ਅੰਮ੍ਰਿਤ ਵੇਲੇ ਤੋਂ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਜੱਥਿਆਂ ਭਾਈ ਗੁਰਦੀਪ ਸਿੰਘ ਜੈਪੁਰ ਵਾਲੇ, ਭਾਈ ਗੁਰਸ਼ਰਨ ਸਿੰਘ, ਭਾਈ ਹਰਪ੍ਰੀਤ ਸਿੰਘ ਖਾਲਸਾ, ਭਾਈ ਪ੍ਰਮਵੀਰ ਸਿੰਘ ਅਤੇ ਭਾਈ ਤੇਜਿੰਦਰ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਸਾਹਿਬ ਵਾਲਿਆਂ ਉਨ੍ਹਾਂ ਦੇ ਜੱਥੇ ਵੱਲੋਂ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਿਆ ਗਿਆ। ਗੁਰਦੁਆਰਾ ਸਾਹਿਬ ਦੇ ਮੁੱਖ ਕਥਾ ਵਾਚਕ ਗਿਆਨੀ ਮਨਪ੍ਰੀਤ ਸਿੰਘ ਨੇ ਗੁਰੂ ਘਰ ਨਤਮਸਤਕ ਹੋਈਆਂ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਐਡਵੋਕੇਟ ਬਲਵਿੰਦਰ ਸਿੰਘ ਲਾਇਲਪੁਰੀ ਨੇ ਗੁਰੂ ਘਰ ਨਤਮਸਤਕ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ। ਸੰਗਤਾਂ ਵਿੱਚੋਂ ਸੰਗਤੀ ਰੂਪ 'ਚ ਬੀਬੀਆਂ ਵੱਲੋਂ ਰਾਗੀ ਜੱਥੇ ਭਾਈ ਤੇਜਿੰਦਰ ਸਿੰਘ ਨੂੰ ਸਿਰਪਾਓ ਭੇਟ ਕੀਤੇ। ਗੁਰੂ ਕੇ ਲੰਗਰ ਅਤੁੱਟ ਵਰਤਾਇਆ ਗਿਆ। ਗੁਰਦੁਆਰਾ ਸਾਹਿਬ ਦੇ ਜਨਰਲ ਸਕੱਤਰ ਤੇਜਿੰਦਰ ਸਿੰਘ ਡੰਗ, ਤਰਲੋਚਨ ਸਿੰਘ ਬੱਬਰ, ਇੰਦਰਜੀਤ ਸਿੰਘ ਗੋਲਾ, ਜਗਦੇਵ ਸਿੰਘ ਗੋਹਲਵੜੀਆ, ਸੋਹਣ ਸਿੰਘ ਗੋਗਾ, ਬਲਜੀਤ ਸਿੰਘ ਦੁਖੀਆ, ਜਤਿੰਦਰਪਾਲ ਸਿੰਘ ਸਲੂਜਾ, ਸੁਰਿੰਦਰਜੀਤ ਸਿੰਘ ਮੱਕੜ, ਮੋਹਨ ਸਿੰਘ ਚੌਹਾਨ, ਅਰਜਨ ਸਿੰਘ ਚੀਮਾ, ਇੰਦਰਜੀਤ ਸਿੰਘ ਮੱਕੜ, ਲਖਵਿੰਦਰ ਸਿੰਘ ਲੱਖਾ, ਅਵਤਾਰ ਸਿੰਘ ਪਨੇਸਰ, ਪ੍ਰੀਤਮ ਸਿੰਘ ਮਣਕੂ, ਸੁਰਿੰਦਰ ਸਿੰਘ ਨਾਰੰਗ, ਗੁਰਦੇਵ ਸਿੰਘ ਖੁੱਲਰ, ਤਨਵੀਰ ਕੌਰ, ਭੁਪਿੰਦਰ ਸਿੰਘ ਐਨ ਐਸ, ਪਰਮਿੰਦਰ ਸਿੰਘ, ਸੁਰਜੀਤ ਸਿੰਘ ਮਠਾੜੂ, ਸਵਰਨ ਸਿੰਘ ਮਹੌਲੀ, ਦਵਿੰਦਰ ਸਿੰਘ ਸਿੱਬਲ ਵੀ ਗੁਰੂ ਘਰ ਨਤਮਸਤਕ ਹੋਏ।

# ਅਮਰੀਕਾ 'ਚ ਹਮਲੇ ਦੇ ਦੋਸ਼ 'ਚ ਗ੍ਰਿਫ਼ਤਾਰ ਭਾਰਤੀ ਮੂਲ ਦੇ ਵਿਅਕਤੀ ਨੂੰ ਕੀਤਾ ਕੈਨੇਡਾ ਹਵਾਲੇ

ਓਨਟਾਰੀਓ (ਕੈਨੇਡਾ), 6 ਅਕਤੂਬਰ (ਚ.ਨ.ਸ.): ਸਥਾਨਕ ਮੀਡੀਆ ਨੇ ਰਿਪੋਰਟ ਦਿੱਤੀ ਕਿ ਟੈਕਸਾਸ, ਅਮਰੀਕਾ 'ਚ ਇੱਕ ਹਮਲੇ ਦੇ ਮਾਮਲੇ 'ਚ ਗ੍ਰਿਫ਼ਤਾਰ ਕੀਤੇ ਗਏ ਇੱਕ ਭਾਰਤੀ ਮੂਲ ਦੇ ਵਿਅਕਤੀ ਨੂੰ ਕੈਨੇਡਾ ਹਵਾਲੇ ਕਰ ਦਿੱਤਾ ਗਿਆ ਹੈ। ਇੱਕ ਨਿਊਜ਼ ਪੋਰਟਲ ਨੇ ਸ਼ੁੱਕਰਵਾਰ ਨੂੰ ਰਿਪੋਰਟ ਦਿੱਤੀ ਕਿ 25 ਸਾਲਾ ਸੁਖਪ੍ਰੀਤ ਸਿੰਘ 2021 'ਚ ਕੈਨੇਡਾ 'ਚ ਏਲਨਾਜ਼ ਹਸਤਾਮੀਰੀ ਨਾਮ ਦੀ ਇੱਕ ਔਰਤ 'ਤੇ ਹੋਏ ਹਮਲੇ ਦੇ ਸਬੰਧ 'ਚ ਲੋੜੀਂਦੇ ਕਈ ਸ਼ੱਕੀਆਂ 'ਚੋਂ ਇੱਕ ਹੈ। ਰਿਪੋਰਟ ਵਿੱਚ ਯੌਰਕ ਰੀਜਨਲ ਪੁਲਿਸ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਸਿੰਘ ਨੂੰ ਇਸ ਸਾਲ ਜੂਨ ਵਿੱਚ ਯੂਨਾਈਟਿਡ ਸਟੇਟਸ ਮਾਰਸ਼ਲ ਸਰਵਿਸ ਦੇ ਮੈਂਬਰਾਂ ਨੇ ਗ੍ਰਿਫ਼ਤਾਰ ਕੀਤਾ ਸੀ ਅਤੇ ਅਗਸਤ 'ਚ ਉਸ 'ਤੇ ਦੋਸ਼ ਲਗਾਏ ਗਏ ਸਨ। ਰਿਪੋਰਟ 'ਚ ਕਿਹਾ ਗਿਆ ਹੈ ਕਿ ਸਿੰਘ ਨੂੰ ਮੰਗਲਵਾਰ ਨੂੰ ਯੌਰਕ ਰੀਜਨ ਹਵਾਲੇ ਕੀਤਾ ਗਿਆ ਸੀ। ਉਸ 'ਤੇ ਗੰਭੀਰ ਹਮਲੇ ਦੇ ਅਪਰਾਧਿਕ ਅਪਰਾਧ ਕਰਨ ਦੀ ਸਾਜ਼ਿਸ਼ ਰਚਣ ਦੇ ਦੋਸ਼ ਹਨ। ਇਕ ਖ਼ਬਰ ਅਨੁਸਾਰ, ਸਿੰਘ ਦੀ ਪਛਾਣ ਰਿਚਮੰਡ ਹਿੱਲ ਵਿੱਚ ਇੱਕ ਭੂਮੀਗਤ ਪਾਰਕਿੰਗ ਗੈਰਾਜ ਵਿੱਚ ਹਸਤਾਮੀਰੀ ਨੂੰ ਇੱਕ ਹਿੰਸਕ ਹਮਲੇ ਦੇ ਸ਼ੱਕੀ ਵਜੋਂ ਕੀਤੀ ਗਈ ਸੀ, ਜਿਸ ਤੋਂ ਬਾਅਦ 2023 'ਚ ਉਸਦੀ ਗ੍ਰਿਫ਼ਤਾਰੀ ਲਈ ਵਾਰੰਟ ਜਾਰੀ ਕੀਤਾ ਗਿਆ ਸੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 2022 'ਚ, ਹਸਤਾਮੀਰੀ ਦੇ ਸਾਬਕਾ ਬੁਆਏਫ੍ਰੈਂਡ, ਮੁਹੰਮਦ ਲੀਲੋ ਸਮੇਤ ਚਾਰ ਸ਼ੱਕੀਆਂ 'ਤੇ ਹਮਲਾ, ਕਤਲ ਦੀ ਕੋਸ਼ਿਸ਼ ਅਤੇ ਅਗਵਾ ਕਰਨ ਦੇ ਦੋਸ਼ ਲਗਾਏ ਗਏ ਸਨ। ਇਸ ਮਾਮਲੇ ਦੇ ਸਬੰਧ ਵਿੱਚ 2023 ਵਿੱਚ ਤਿੰਨ ਹੋਰ ਸ਼ੱਕੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਸਿੰਘ ਦੀ ਗ੍ਰਿਫ਼ਤਾਰੀ ਨਾਲ ਹਸਤਾਮੀਰੀ ਦੇ ਮਾਮਲੇ ਵਿੱਚ ਦੋਸ਼ ਲਗਾਏ ਗਏ ਵਿਅਕਤੀਆਂ ਦੀ ਕੁੱਲ ਗਿਣਤੀ ਅੱਠ ਹੋ ਗਈ ਹੈ। ਹਸਤਾਮੀਰੀ ਨੂੰ ਰਿਚਮੰਡ ਹਿੱਲ ਵਿੱਚ ਉਸਦੇ ਘਰ ਤੋਂ ਕੁਝ ਹਫ਼ਤੇ ਬਾਅਦ, 12 ਜਨਵਰੀ, 2022 ਨੂੰ ਵਾਸਾਗਾ ਬੀਚ ਤੋਂ ਅਗਵਾ ਕੀਤਾ ਗਿਆ ਸੀ।ਯਾਰਕ ਖੇਤਰੀ ਪੁਲਿਸ ਅਤੇ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਅਜੇ ਵੀ ਹਸਤਾਮੀਰੀ ਦੀ ਭਾਲ ਕਰ ਰਹੀ ਹੈ ਤੇ ਉਸਦੇ ਠਿਕਾਣੇ ਬਾਰੇ ਜਾਣਕਾਰੀ ਦੇਣ ਵਾਲੇ ਲਈ 100,000 ਕੈਨੇਡੀਅਨ ਡਾਲਰ ਦਾ ਇਨਾਮ ਰੱਖਿਆ ਗਿਆ ਹੈ। ਇਕ ਖ਼ਬਰ ਅਨੁਸਾਰ, ਮਾਮਲੇ 'ਚ ਹੋਰ ਸ਼ੱਕੀਆਂ 'ਚ ਹਰਸ਼ਦੀਪ ਬਿੰਨਰ, ਰਿਆਸਤ ਸਿੰਘ, ਹਰਸ਼ਪ੍ਰੀਤ ਸੇਖੋਂ, ਆਕਾਸ਼ ਰਾਣਾ ਤੇ ਜਸਪ੍ਰੀਤ ਸਿੰਘ ਸ਼ਾਮਲ ਹਨ।

# ਅੰਮ੍ਰਿਤਸਰ ਤੋਂ ਬਰਮਿੰਘਮ ਜਾਂਦੀ ਫਲਾਈਟ 'ਚ ਆ ਗਈ ਖ਼ਰਾਬੀ, ਖੁੱਲ੍ਹ ਗਿਆ ਰੈਮ ਏਅਰ ਟਰਬਾਈਨ

ਬਰਮਿੰਘਮ, 6 ਅਕਤੂਬਰ (ਚ.ਨ.ਸ.): ਏਅਰ ਇੰਡੀਆ ਦੀ ਇਕ ਫਲਾਈਟ, ਜੋ ਕਿ ਅੰਮ੍ਰਿਤਸਰ ਤੋਂ




ਇੰਗਲੈਂਡ ਦੇ ਬਰਮਿੰਘਮ ਜਾ ਰਹੀ ਸੀ, 'ਚ ਅਚਾਨਕ ਤਕਨੀਕੀ ਖ਼ਰਾਬੀ ਆ ਗਈ।ਹਾਲਾਂਕਿ ਇਸ ਫਲਾਈਟ ਦੀ ਰੈਮ ਏਅਰ ਟਰਬਾਈਨ ਦੇ ਚਾਲੂ ਹੋ ਜਾਣ ਤੋਂ ਬਾਅਦ ਇਸ ਦੀ ਬਰਮਿੰਘਮ ਵਿਖੇ ਐਮਰਜੈਂਸੀ ਲੈਂਡਿੰਗ ਕਰਵਾ ਲਈ ਗਈ ਹੈ।ਜਾਣਕਾਰੀ ਅਨੁਸਾਰ 4 ਅਕਤੂਬਰ ਨੂੰ ਏਅਰ ਇੰਡੀਆ ਦੀ ਫਲਾਈਟ ਏਆਈ.117 ਅੰਮ੍ਰਿਤਸਰ ਤੋਂ ਬਰਮਿੰਘਮ ਜਾ ਰਹੀ ਸੀ। ਬਰਮਿੰਘਮ ਨੇੜੇ ਪਹੁੰਚ ਕੇ ਅਚਾਨਕ ਇਸ ਦੀ ਰੈਮ ਏਅਰ ਟਰਬਾਈਨ ਚਾਲੂ ਹੋ ਗਈ, ਜਿਸ ਕਾਰਨ ਇਸ ਨੂੰ ਐਮਰਜੈਂਸੀ ਲੈਂਡ ਕਰਵਾ ਲਿਆ ਗਿਆ ਹੈ। ਹਾਲਾਂਕਿ ਲੈਂਡਿੰਗ ਸੁਰੱਖਿਅਤ ਰਹੀ ਤੇ ਜਹਾਜ਼ ਸਵਾਰ ਸਾਰੇ ਯਾਤਰੀ ਵੀ ਸੁਰੱਖਿਅਤ ਹਨ।ਏਅਰ ਇੰਡੀਆ ਨੇ ਅੱਗੇ ਦੱਸਿਆ ਕਿ ਇਹ ਫਲਾਈਟ ਬਰਮਿੰਘਮ ਤੋਂ ਵਾਪਸ ਦਿੱਲੀ ਆਉਣ ਵਾਲੀ ਸ਼ੈਡਿਊਲਡ ਸੀ, ਪਰ ਇਸ ਖ਼ਰਾਬੀ ਕਾਰਨ ਇਸ ਨੂੰ ਰੱਦ ਕਰ ਦਿੱਤਾ ਗਿਆ ਹੈ ਤੇ ਇਸ ਦੀ ਜਾਂਚ ਕੀਤੀ ਜਾ ਰਹੀ ਹੈ।ਕੰਪਨੀ ਨੇ ਅੱਗੇ ਦੱਸਿਆ ਕਿ ਯਾਤਰੀਆਂ ਲਈ ਢੁੱਕਵੇਂ ਇੰਤਜ਼ਾਮ ਕੀਤੇ ਜਾ ਰਹੇ ਹਨ ਤੇ ਇਸ ਗੱਲ ਦੀ ਵੀ ਜਾਂਚ ਕੀਤੀ ਜਾ ਰਹੀ ਹੈ ਕਿ ਆਖ਼ਿਰ ਇਸ ਦੀ ਰੈਮ ਏਅਰ ਟਰਬਾਈਨ ਕਿਉਂ ਚਾਲੂ ਹੋਈ ਸੀ।

# ਟਰੰਪ ਨੇ ਚੋਟੀ ਦੀਆਂ ਯੂਨੀਵਰਸਿਟੀਆਂ ਮੂਹਰੇ ਰੱਖੀਆਂ ਸ਼ਰਤਾਂ, ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਕਰੋ ਸੀਮਿਤ

ਵਾਸ਼ਿੰਗਟਨ, 6 ਅਕਤੂਬਰ (ਚ.ਨ.ਸ): ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਮਰੀਕੀ ਯੂਨੀਵਰਸਿਟੀ ਨੀਤੀਆਂ 'ਚ ਬਦਲਾਅ ਦੀ ਮੰਗ ਕਰਦੇ ਹੋਏ 10-ਨੁਕਾਤੀ ਮੀਮੋ ਜਾਰੀ ਕੀਤਾ ਹੈ। ਇਸ ਵਿਚ ਸਪੱਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ ਜੇਕਰ ਯੂਨੀਵਰਸਿਟੀਆਂ ਸਰਕਾਰੀ ਫ਼ੰਡਿੰਗ ਚਾਹੁੰਦੀਆਂ ਹਨ ਤਾਂ ਉਨ੍ਹਾਂ ਨੂੰ ਸਰਕਾਰੀ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਮੀਮੋ ਵਿਦੇਸ਼ੀ ਵਿਦਿਆਰਥੀਆਂ ਦੇ ਦਾਖ਼ਲੇ, ਦਾਖ਼ਲਾ ਪ੍ਰਕਿਰਿਆਵਾਂ, ਟਿਊਸ਼ਨ ਫ਼ੀਸਾਂ ਅਤੇ ਵਿਚਾਰਧਾਰਾ ਨੂੰ ਨਿਸ਼ਾਨਾ ਬਣਾਉਂਦਾ ਹੈ।ਇਸ ਨਵੇਂ ਮੀਮੋ ਵਿਚ ਕੁੱਲ ਨੌਂ ਯੂਨੀਵਰਸਿਟੀਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਨ੍ਹਾਂ



ਯੂਨੀਵਰਸਿਟੀਆਂ ਵਿਚ ਮੈਸੇਚਿਉਸੇਟਸ ਇੰਸਟੀਚਿਊਟ ਆਫ਼ ਟੈਕਨਾਲੋਜੀ, ਡਾਰਟਮਾਊਥ, ਯੂਨੀਵਰਸਿਟੀ ਆਫ਼ ਪੈਨਸਿਲਵੇਨੀਆ, ਯੂਨੀਵਰਸਿਟੀ ਆਫ਼ ਸਾਊਦਰਨ ਕੈਲੀਫੋਰਨੀਆ, ਯੂਨੀਵਰਸਿਟੀ ਆਫ਼ ਟੈਕਸਾਸ, ਬ੍ਰਾਊਨ ਯੂਨੀਵਰਸਿਟੀ, ਵੈਂਡਰਬਿਲਟ ਯੂਨੀਵਰਸਿਟੀ, ਯੂਨੀਵਰਸਿਟੀ ਆਫ਼ ਐਰੀਜ਼ੋਨਾ ਤੇ ਯੂਨੀਵਰਸਿਟੀ ਆਫ਼ ਵਰਜੀਨੀਆ ਸ਼ਾਮਲ ਹਨ। ਸਰਕਾਰ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਜਿਹੜੇ ਵੀ ਯੂਨੀਵਰਸਿਟੀ ਨਿਯਮਾਂ ਦੀ ਪਾਲਣਾ ਨਹੀਂ ਕਰਦੀ ਹੈ ਤਾਂ ਉਸ ਨੂੰ ਸਰਕਾਰੀ ਫ਼ੰਡਿੰਗ ਅਤੇ ਗ੍ਰਾਂਟਾਂ ਨਹੀਂ ਮਿਲਣਗੀਆਂ। ਇਸ ਦੀ ਨਿਗਰਾਨੀ ਅਮਰੀਕੀ ਨਿਆਂ ਵਿਭਾਗ ਦੁਆਰਾ ਵੀ ਕੀਤੀ ਜਾਵੇਗੀ। ਉੱਪਰ ਦੱਸੀਆਂ ਗਈਆਂ ਯੂਨੀਵਰਸਿਟੀਆਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਅੰਡਰਗ੍ਰੈਜੂਏਟ ਕੋਰਸਾਂ ਦੀ ਪੜ੍ਹਾਈ ਕਰਨ ਵਾਲੇ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ 15 ਫ਼ੀ ਸਦੀ ਤੋਂ ਵੱਧ ਨਾ ਹੋਵੇ। ਇਸ ਦਾ ਉਦੇਸ਼ ਵਿਦੇਸ਼ੀ ਵਿਦਿਆਰਥੀਆਂ 'ਤੇ ਨਿਰਭਰਤਾ ਘਟਾਉਣਾ ਹੈ, ਜੋ ਉੱਚ ਟਿਊਸ਼ਨ ਫ਼ੀਸਾਂ ਵੀ ਦਿੰਦੇ ਹਨ। ਆਲੋਚਕਾਂ ਦਾ ਕਹਿਣਾ ਹੈ ਕਿ ਇਸ ਨਾਲ ਅਕਾਦਮਿਕ ਵਿਭਿੰਨਤਾ 'ਤੇ ਅਸਰ ਪਵੇਗਾ। ਮੀਮੋ ਵਿਚ ਕਿਹਾ ਗਿਆ ਹੈ ਕਿ ਕਿਸੇ ਵੀ ਇੱਕ ਦੇਸ਼ ਦੇ ਵਿਦਿਆਰਥੀਆਂ ਨੂੰ ਕਿਸੇ ਵੀ ਇਕ ਯੂਨੀਵਰਸਿਟੀ ਵਿਚ 5 ਫ਼ੀ ਸਦੀ ਤੋਂ ਵੱਧ ਨਹੀਂ ਹੋਣਾ ਚਾਹੀਦਾ। ਇਸ ਦਾ ਉਦੇਸ਼ ਯੂਨੀਵਰਸਿਟੀ ਦੇ ਅੰਦਰ ਵਿਭਿੰਨਤਾ ਵਧਾਉਣਾ ਤੇ ਕਿਸੇ ਵੀ ਇਕ ਦੇਸ਼ 'ਤੇ ਨਿਰਭਰਤਾ ਘਟਾਉਣਾ ਹੈ।

# ਟਰੰਪ ਦੀਆਂ ਮੁਸੀਬਤਾਂ ਲਗਾਤਾਰ ਜਾਰੀ, ਹੁਣ ਅਦਾਲਤ ਨੇ ਦਿੱਤਾ ਝਟਕਾ

ਪੋਰਟਲੈਂਡ, 6 ਅਕਤੂਬਰ (ਚ.ਨ.ਸ.): ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਕੋਰਟ ਤੋਂ ਇਕ ਹੋਰ ਝਟਕਾ ਲੱਗਾ ਹੈ। ਓਰੇਗਨ ਦੇ ਇਕ ਸੰਘੀ ਜੱਜ ਨੇ ਪ੍ਰਸ਼ਾਸਨ ਨੂੰ ਪੋਰਟਲੈਂਡ 'ਚ ਨੈਸ਼ਨਲ ਗਾਰਡ ਤਾਇਨਾਤ ਕਰਨ ਤੋਂ ਅਸਥਾਈ ਤੌਰ 'ਤੇ ਰੋਕ ਦਿੱਤਾ ਹੈ। ਅਮਰੀਕੀ ਜ਼ਿਲ੍ਹਾ ਜਸਟਿਸ ਕਰਿਨ ਇਮਰਗੁਟ ਨੇ ਮੁਕੱਦਮੇ 'ਚ ਅੱਗੇ ਦੀ ਬਹਿਸ ਲੰਬਿਤ ਰਹਿਣ ਤੱਕ ਇਹ ਹੁਕਮ ਜਾਰੀ ਕੀਤਾ ਹੈ। ਵਿਰੋਧੀ ਧਿਰ ਦਾ ਕਹਿਣਾ ਹੈ ਕਿ ਇਹ ਤਾਇਨਾਤੀ ਅਮਰੀਕੀ ਸੰਵਿਧਾਨ ਦੇ ਨਾਲ ਨਾਲ ਉਸ ਸੰਘੀ ਕਾਨੂੰਨ ਦੀ ਵੀ ਉਲੰਘਣਾ ਕਰੇਗੀ, ਜੋ ਆਮ ਤੌਰ 'ਤੇ ਘਰੇਲੂ ਕਾਨੂੰਨਾਂ ਨੂੰ ਲਾਗੂ ਕਰਨ ਲਈ ਫ਼ੌਜ ਦੀ ਵਰਤੋਂ 'ਤੇ ਰੋਕ ਲਗਾਉਂਦਾ ਹੈ। ਇਸ ਤੋਂ ਪਹਿਲਾਂ ਬੋਸਟਨ ਦੀ ਸੰਘੀ ਅਪੀਲ ਅਦਾਲਤ ਨੇ ਸ਼ੁੱਕਰਵਾਰ ਨੂੰ ਕਿਹਾ ਸੀ ਕਿ ਟਰੰਪ ਪ੍ਰਸ਼ਾਸਨ ਦੇਸ਼ 'ਚ ਨਾਜਾਇਜ਼ ਤੌਰ 'ਤੇ ਜਾਂ ਅਸਥਾਈ ਤੌਰ 'ਤੇ ਰਹਿ ਰਹੇ ਲੋਕਾਂ ਦੇ ਪੈਦਾ ਹੋਏ ਬੱਚਿਆਂ ਦਾ ਨਾਗਰਿਕਤਾ ਨਹੀਂ ਖੋਹ ਸਕਦੇ। **ਟਰੰਪ ਨੇ ਕੀਤਾ ਨਵਾਂ ਦਾਅਵਾ, 9/11 ਹਮਲਿਆਂ ਤੋਂ ਇੱਕ ਸਾਲ ਪਹਿਲਾਂ ਲਾਦੇਨ ਬਾਰੇ ਦਿੱਤੀ ਸੀ ਚਿਤਾਵਨੀ:** ਇਮਰਗੁਟ ਨੇ ਲਿਖਿਆ ਕਿ ਇਹ ਮਾਮਲਾ ਤਿੰਨ ਮੁੱਢਲੇ ਲੋਕਤੰਤਰਿਕ ਸਿਧਾਂਤਾਂ ਦੇ ਅੰਤਰਸਬੰਧ ਨਾਲ ਜੁੜਿਆ ਹੈ। ਸੰਘੀ ਸਰਕਾਰ ਤੇ ਸੂਬਿਆਂ ਦੇ ਵਿਚਾਲੇ ਸਬੰਧ, ਫ਼ੌਜ ਤੇ ਘਰੇਲੂ ਕਾਨੂੰਨ ਲਾਗੂ ਕਰਨ ਵਾਲਿਆਂ ਏਜੰਸੀਆਂ ਵਿਚਾਲੇ ਸਬੰਧ ਤੇ ਸਰਕਾਰ ਦੀ ਕਾਰਜਪਾਲਿਕਾ, ਵਿਧਾਨਕ ਤੇ ਨਿਆਂਇਕ ਸ਼ਾਖ਼ਾਵਾਂ ਵਿਚਾਲੇ ਤਾਕਤਾਂ ਦਾ ਸੰਤੁਲਨ, ਅਸੀਂ ਇਨ੍ਹਾਂ ਤਿੰਨ ਸਬੰਧਾਂ ਦੇ ਸਬੰਧ 'ਚ ਸੰਵਿਧਾਨ ਦੇ ਹੁਕਮਾਂ ਦੀ ਪਾਲਣਾ ਕਰਦੇ ਹਾਂ ਜਾਂ ਨਹੀਂ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਅਮਰੀਕਾ 'ਚ ਕਾਨੂੰਨ ਦੇ ਸ਼ਾਸਨ ਦੇ ਤਹਿਤ ਰਹਿਣ ਦਾ ਕੀ ਅਰਥ ਹੈ। ਆਮ ਤੌਰ 'ਤੇ ਰਾਸ਼ਟਰਪਤੀ ਨੂੰ ਉਨ੍ਹਾਂ ਹਾਲਾਤਾਂ 'ਚ ਨੈਸ਼ਨਲ ਗਾਰਡ ਤਾਇਨਾਤ ਕਰਨ ਦੀ ਤਾਕਤ ਹੈ, ਜਿਥੇ ਰੈਗੂਲਰ ਕਾਨੂੰਨ ਲਾਗੂ ਕਰਨ ਵਾਲੇ ਬਲ ਅਮਰੀਕਾ ਦੇ ਕਾਨੂੰਨਾਂ ਦੀ ਪਾਲਣਾ ਕਰਨ 'ਚ ਸਮਰੱਥ ਨਹੀਂ ਹੁੰਦੇ ਪਰ ਪੋਰਟਲੈਂਡ 'ਚ ਅਜਿਹਾ ਨਹੀਂ ਹੋਇਆ ਹੈ।

# ਬੁੱਧ ਧਰਮ 'ਚ ਦਿਲਚਸਪੀ ਲੈਣ ਵਾਲੇ ਚੀਨੀ ਲੋਕਾਂ ਦੀ ਗਿਣਤੀ ਵੱਧ ਰਹੀ ਹੈ: ਦਲਾਈ ਲਾਮਾ

ਧਰਮਸ਼ਾਲਾ, 6 ਅਕਤੂਬਰ (ਚ.ਨ.ਸ): ਤਿੱਬਤੀ ਅਧਿਆਤਮਿਕ ਆਗੂ 14ਵੇਂ ਦਲਾਈ ਲਾਮਾ ਨੇ ਸ਼ਨੀਵਾਰ ਨੂੰ ਧਰਮਸ਼ਾਲਾ ਦੇ ਮੈਕਲਿਓਡਗੰਜ ਵਿਖੇ ਮੁੱਖ ਤਿੱਬਤੀ ਮੰਦਰ, ਸੁਗਲਾਗਖਾਂਗ ਵਿਖੇ ਸਿੱਖਿਆ ਦਿੰਦੇ ਹੋਏ ਕਿਹਾ ਕਿ ਅਜਿਹਾ ਲਗਦਾ ਹੈ ਕਿ ਤਿੱਬਤੀ ਵਿੱਚ ਚੀਨੀ ਲੋਕ ਬੁੱਧ ਧਰਮ ਵਿੱਚ ਦਿਲਚਸਪੀ ਲੈ ਰਹੇ ਹਨ ਅਤੇ ਇਹ ਅਜੇ ਵੀ ਚੀਨ ਵਿੱਚ ਦੁਬਾਰਾ ਸਥਾਪਿਤ ਹੋ ਸਕਦਾ ਹੈ। 90 ਸਾਲਾ ਅਧਿਆਤਮਿਕ ਆਗੂ ਨੇ ਆਪਣੇ ਉਪਦੇਸ਼ ਦੌਰਾਨ ਸੰਗਤ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਭਾਵੇਂ ਚੀਨੀ ਕਮਿਊਨਿਸਟ ਤਿੱਬਤ ਵਿੱਚ ਰਾਜ ਕਰਦੇ ਰਹਿੰਦੇ ਹਨ ਪਰ ਚੀਨੀ ਲੋਕਾਂ ਦੀ ਗਿਣਤੀ ਵਧਦੀ ਗਿਣਤੀ ਵਿੱਚ ਬੁੱਧ ਧਰਮ ਅਤੇ ਨਾਲੰਦਾ ਪਰੰਪਰਾ ਵਿੱਚ ਦਿਲਚਸਪੀ ਲੈ ਰਹੀ ਹੈ। ਇਤਿਹਾਸਕ ਤੌਰ 'ਤੇ,ਚੀਨ ਇੱਕ ਬੋਧੀ ਧਰਤੀ ਸੀ, ਅਤੇ ਅਜਿਹਾ ਲਗਦਾ ਹੈ ਕਿ ਬੁੱਧ ਧਰਮ ਅਜੇ ਵੀ ਉੱਥੇ ਦੁਬਾਰਾ ਸਥਾਪਿਤ ਹੋ ਸਕਦਾ ਹੈ। ਮੈਂ ਇਸ ਸੰਭਾਵਨਾ ਨੂੰ ਉਤਸ਼ਾਹਿਤ ਕਰਨ ਲਈ ਜੋ ਕਰ ਸਕਦਾ ਸੀ ਉਹ ਕੀਤਾ ਹੈ ਤੇ ਆਪਣੀ ਬਾਕੀ ਦੀ ਜ਼ਿੰਦਗੀ ਲਈ ਅਜਿਹਾ ਕਰਦਾ ਰਹਾਂਗਾ। 14ਵੇਂ ਦਲਾਈ ਲਾਮਾ, ਜੋ ਕਿ 66 ਸਾਲਾਂ ਤੋਂ ਵੱਧ ਸਮੇਂ ਤੋਂ ਗੁਲਾਮੀ ਵਿੱਚ ਰਹਿ ਰਹੇ ਹਨ, ਨੇ ਕਿਹਾ ਕਿ ਅੱਜ, ਪੱਛਮ ਦੇ ਲੋਕ ਜਿਨ੍ਹਾਂ ਦਾ ਧਰਮ ਨਾਲ ਕੋਈ ਇਤਿਹਾਸਕ ਸਬੰਧ ਨਹੀਂ ਹੈ, ਸਾਡੀ ਪਰੰਪਰਾ ਵਿੱਚ ਦਿਲਚਸਪੀ ਲੈ ਰਹੇ ਹਨ। ਉਨ੍ਹਾਂ ਵਿੱਚ ਵਿਗਿਆਨੀ ਵੀ ਹਨ ਜੋ ਮਨ ਅਤੇ ਭਾਵਨਾਵਾਂ ਬਾਰੇ ਹੋਰ ਜਾਣਨ ਲਈ ਖਾਸ ਤੌਰ 'ਤੇ ਉਤਸੁਕ ਹਨ। ਅੱਜ ਅਸੀਂ ਸਾਰੇ ਇੱਥੇ ਬੁੱਧ ਅਤੇ ਉਨ੍ਹਾਂ ਦੇ 84,000 ਸਿੱਖਿਆਵਾਂ ਦੇ ਪੈਰੋਕਾਰ ਹਾਂ, ਜਿਸਨੂੰ ਮੈਂ ਖਜ਼ਾਨੇ ਵਾਂਗ ਸਮਝਦਾ ਹਾਂ। ਉਸ ਸਮੇਂ ਨੂੰ ਯਾਦ ਕਰਦੇ ਹੋਏ ਜਦੋਂ ਉਨ੍ਹਾਂ ਨੂੰ ਗੁਲਾਮੀ ਵਿੱਚ ਭੇਜਣ ਲਈ ਮਜਬੂਰ ਕੀਤਾ ਗਿਆ ਸੀ, 14ਵੇਂ ਦਲਾਈ ਲਾਮਾ ਨੇ ਕਿਹਾ, ਜਦੋਂ ਮੈਂ ਚੀਨੀ ਕਮਿਊਨਿਸਟ ਕੰਟਰੋਲ ਹੇਠ ਰਹਿ ਰਿਹਾ ਸੀ, ਤਾਂ ਅਕਸਰ ਅਜਿਹੀਆਂ ਸਥਿਤੀਆਂ ਆਉਂਦੀਆਂ ਸਨ ਜੋ ਮੈਨੂੰ ਗੁੱਸੇ ਕਰ ਸਕਦੀਆਂ ਸਨ, ਪਰ ਜਿਵੇਂ 1959 ਵਿੱਚ, ਮੈਂ ਤਿੱਬਤ ਤੋਂ ਭੱਜ ਗਿਆ। ਮੈਨੂੰ ਬੋਧੀ ਪਰੰਪਰਾ ਵਿੱਚ ਪੂਰਾ ਵਿਸ਼ਵਾਸ ਹੈ ਜੋ ਸਾਨੂੰ ਆਪਣੀਆਂ ਭਾਵਨਾਵਾਂ ਨੂੰ ਕਾਬੂ ਕਰਨ ਅਤੇ ਆਪਣੇ ਮਨਾਂ ਨੂੰ ਬਦਲਣ ਦੇ ਯੋਗ ਬਣਾਉਂਦੀ ਹੈ। ਜਦੋਂ ਮੈਂ ਬੀਜਿੰਗ ਵਿੱਚ ਸੀ, ਮੈਂ ਮਾਓ ਜ਼ੇ-ਤੁੰਗ ਨੂੰ ਕਈ ਵਾਰ ਮਿਲਿਆ ਅਤੇ ਇੱਕ ਮੌਕੇ 'ਤੇ ਉਸਨੇ ਮੈਨੂੰ ਪੂਰੀ ਗੰਭੀਰਤਾ ਨਾਲ ਕਿਹਾ ਕਿ ਧਰਮ ਜ਼ਹਿਰ ਹੈ। ਮੈਂ ਕੁਝ ਨਹੀਂ ਕਿਹਾ, ਪਰ ਮੈਨੂੰ ਉਸ ਲਈ ਤਰਸ ਆਇਆ ਕਿਉਂਕਿ ਉਸਨੂੰ ਇਹ ਨਹੀਂ ਪਤਾ ਸੀ ਕਿ ਅਧਿਆਤਮਕ ਅਭਿਆਸ ਕਿੰਨਾ ਲਾਭਦਾਇਕ ਹੋ ਸਕਦਾ ਹੈ।



# ਕੋਲਡਰਿਫ ਖੰਘ ਦੀ ਦਵਾਈ ਨਾਲ ਮਰਨ ਵਾਲਿਆਂ ਦੀ ਗਿਣਤੀ ਵਧੀ, ਡਾਕਟਰ ਗ੍ਰਿਫ਼ਤਾਰ, ਤਾਮਿਲਨਾਡੂ ਦੀ ਫਰਮ 'ਤੇ ਮਾਮਲਾ ਦਰਜ

ਭੋਪਾਲ/ਚੇਨਈ, 6 ਅਕਤੂਬਰ (ਚ.ਨ.ਸ): ਪਾਰਸੀਆ ਦੇ ਇੱਕ ਬਾਲ ਰੋਗ ਵਿਗਿਆਨੀ ਡਾ. ਪ੍ਰਵੀਨ ਸੋਨੀ, ਜੋ ਇੱਕ ਪ੍ਰਾਈਵੇਟ ਪ੍ਰੈਕਟਿਸ ਵੀ ਚਲਾਉਂਦੇ ਸਨ, ਨੂੰ ਸ਼ਨੀਵਾਰ ਦੇਰ ਰਾਤ ਕੋਲਡਰਿਫ ਲਿਖਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਮੱਧ ਪ੍ਰਦੇਸ਼ ਦੀ ਪੁਲਿਸ ਨੇ ਐਤਵਾਰ ਨੂੰ ਇੱਕ ਡਾਕਟਰ ਨੂੰ ਗ੍ਰਿਫ਼ਤਾਰ ਕੀਤਾ ਅਤੇ ਤਾਮਿਲਨਾਡੂ ਦੀ ਇੱਕ ਫਾਰਮਾਸਿਊਟੀਕਲ ਫਰਮ ਦੇ ਖਿਲਾਫ ਮਾਮਲਾ ਦਰਜ ਕੀਤਾ, ਕਿਉਂਕਿ ਕਈ ਬੱਚਿਆਂ ਦੀ ਮੌਤ ਇੱਕ ਜ਼ਹਿਰੀਲੇ ਖੰਘ ਦੀ ਦਵਾਈ ਨਾਲ ਜੁੜੀ ਹੋਈ ਸੀ। ਇਹ ਕਾਰਵਾਈ ਹੋਰ ਮੌਤਾਂ ਦੀਆਂ ਰਿਪੋਰਟਾਂ ਅਤੇ ਤਾਜ਼ਾ ਲੈਬ ਟੈਸਟਾਂ ਵਿੱਚ ਦਵਾਈ ਵਿੱਚ ਉਦਯੋਗਿਕ ਰਸਾਇਣਾਂ ਦੇ ਖਤਰਨਾਕ ਪੱਧਰ ਦੀ ਪੁਸ਼ਟੀ ਕਰਨ ਦੇ ਵਿਚਕਾਰ ਆਈ ਹੈ।ਪਰਸੀਆ ਦੇ ਸਿਵਲ ਹਸਪਤਾਲ ਵਿੱਚ ਤਾਇਨਾਤ ਇੱਕ ਬਾਲ ਰੋਗ ਵਿਗਿਆਨੀ ਡਾ. ਪ੍ਰਵੀਨ ਸੋਨੀ, ਜੋ ਇੱਕ ਪ੍ਰਾਈਵੇਟ ਪ੍ਰੈਕਟਿਸ ਵੀ ਚਲਾਉਂਦੇ ਸਨ, ਨੂੰ ਸ਼ਨੀਵਾਰ ਦੇਰ ਰਾਤ ਕੋਲਡਰਿਫ ਲਿਖਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ, ਜਿਸ ਨਾਲ ਮੱਧ ਪ੍ਰਦੇਸ਼ ਵਿੱਚ ਘੱਟੋ-ਘੱਟ 17 ਮੌਤਾਂ ਅਤੇ ਰਾਜਸਥਾਨ ਵਿੱਚ ਚਾਰ ਮੌਤਾਂ ਨਾਲ ਜੁੜੀ ਹੋਈ ਹੈ, ਅਧਿਕਾਰੀਆਂ ਨੇ ਦੱਸਿਆ।4 ਸਤੰਬਰ ਨੂੰ ਇੱਕ ਬੱਚੇ ਦੀ ਮੌਤ ਦੇ ਬਾਵਜੂਦ ਉਹ ਬੱਚਿਆਂ ਨੂੰ ਜਿਨ੍ਹਾਂ ਵਿੱਚ ਚਾਰ ਸਾਲ ਤੋਂ ਘੱਟ ਉਮਰ ਦੇ ਬੱਚੇ ਵੀ ਸ਼ਾਮਲ ਸਨ, ਜਿਨ੍ਹਾਂ ਲਈ ਸ਼ਰਬਤ ਦੀ ਮਨਾਹੀ ਸੀ, ਖਤਰਨਾਕ ਖੰਘ ਦਾ ਸ਼ਰਬਤ ਲਿਖਦਾ ਰਿਹਾ।ਬਲਾਕ ਮੈਡੀਕਲ ਅਫਸਰ ਡਾ. ਅੰਕਿਤ ਸਲਾਮ ਨੇ ਕਿਹਾ ਪੁਲਿਸ ਨੇ ਸੋਨੀ ਅਤੇ ਸ਼ਰਬਤ ਨਿਰਮਾਤਾ ਸ੍ਰੇਸਨ ਫਾਰਮਾਸਿਊਟੀਕਲਜ਼ ਵਿਰੁੱਧ ਭਾਰਤੀ ਨਿਆਂ ਸੰਹਿਤਾ (ਬੀਐਨਐਸ) ਦੀ ਧਾਰਾ 276 (ਨਸ਼ੀਲੇ ਪਦਾਰਥਾਂ ਦੀ ਮਿਲਾਵਟ) ਅਤੇ 105 (ਗੈਰ-ਇਰਾਦਤਨ ਕਤਲ ਜੋ ਕਤਲ ਦੇ ਬਰਾਬਰ ਨਹੀਂ ਹੈ) ਤਹਿਤ ਮਾਮਲਾ ਦਰਜ ਕੀਤਾ ਹੈ। ਛਿੰਦਵਾੜਾ ਦੇ ਪੁਲਿਸ ਸੁਪਰਡੈਂਟ ਅਜੇ ਪਾਂਡੇ ਨੇ ਕਿਹਾ, ਡਾਕਟਰ ਉੱਤੇ ਲਾਪਰਵਾਹੀ ਅਤੇ ਦਵਾਈ ਲਿਖਣ ਦਾ ਦੋਸ਼ ਲਗਾਇਆ ਗਿਆ ਹੈ, ਲਗਭਗ ਇੱਕ ਮਹੀਨੇ ਤੋਂ ਇਸਦੇ ਮਾੜੇ ਪ੍ਰਭਾਵਾਂ ਨੂੰ ਜਾਣਨ ਦੇ ਬਾਵਜੂਦ। ਨਿਰਮਾਤਾ ਉੱਤੇ ਦੂਸ਼ਿਤ ਸ਼ਰਬਤ ਸਪਲਾਈ ਕਰਨ ਦਾ ਦੋਸ਼ ਲਗਾਇਆ ਗਿਆ ਹੈ। ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਦਫ਼ਤਰ (ਸੀਐਮਓ) ਨੇ ਕਿਹਾ ਕਿ ਸੋਨੀ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਗਿਆ ਹੈ। ਉਨ੍ਹਾਂ ਨੂੰ ਬੱਚਿਆਂ ਦੇ ਇਲਾਜ ਵਿੱਚ ਲਾਪਰਵਾਹੀ ਲਈ ਮੁਅੱਤਲ ਕਰ ਦਿੱਤਾ ਗਿਆ ਹੈ,' ਅਧਿਕਾਰਤ ਬਿਆਨ ਵਿੱਚ ਕਿਹਾ ਗਿਆ ਹੈ। ਤਾਮਿਲਨਾਡੂ ਸਰਕਾਰ ਨੇ ਐਤਵਾਰ ਨੂੰ ਸ੍ਰੇਸਨ ਫਾਰਮਾਸਿਊਟੀਕਲਜ਼ ਨੂੰ ਇੱਕ ਨੋਟਿਸ ਜਾਰੀ ਕੀਤਾ।

# ਪੰਜਾਬ ਦੀ ਤਰੱਕੀ ਤੇ ਖੁਸ਼ਹਾਲੀ ਲਈ ਅਕਾਲੀ ਦਲ ਦੀ ਮਜ਼ਬੂਤੀ ਜ਼ਰੂਰੀ: ਕੰਵਲਜੀਤ ਗਿੱਲ, ਜਰਨੈਲ ਮਾਜਰੀ

## ☛ਅਕਾਲੀ ਦਲ ਦੀ ਪਿੰਡ ਬਦੀਨਪੁਰ ਵਿਖੇ ਹੋਈ ਭਰਵੀਂ ਮੀਟਿੰਗ



ਮੰਡੀ ਗੋਬਿੰਦਗੜ੍ਹ, 6 ਅਕਤੂਬਰ (ਸੂਦ): ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ, ਸੂਬੇ ਦੀ ਤਰੱਕੀ ਤੇ ਖੁਸ਼ਹਾਲੀ ਦਾ ਅਸਲ ਰਾਹ ਹੈ ਕਿਉਂਕਿ ਜਦੋਂ ਜਦੋਂ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣੀ, ਉਦੋਂ ਹੀ ਪੰਜਾਬ ਦਾ ਵਿਕਾਸ ਤੇ ਲੋੜਵੰਦਾਂ ਨੂੰ ਵਧੇਰੇ ਸਹੂਲਤਾਂ ਮਿਲੀਆਂ। ਇਸ ਗੱਲ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸਰਕਲ ਪ੍ਰਧਾਨ ਜਥੇਦਾਰ ਜਰਨੈਲ ਸਿੰਘ ਮਾਜਰੀ ਤੇ ਯੂਥ ਆਗੂ ਕੰਵਲਜੀਤ ਸਿੰਘ ਗਿੱਲ ਨੇ ਪਿੰਡ ਬਦੀਨਪੁਰ ਵਿੱਚ ਭਰਵੀਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਹਲਕਾ ਅਮਲੋਹ ਅੰਦਰ ਕੋਰ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਦੇ ਦਿਸ਼ਾ ਨਿਰਦੇਸ਼ਾਂ 'ਤੇ ਪਹਿਰਾ ਦਿੰਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਲਈ ਪਿੰਡ ਪੱਧਰ ਤੱਕ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਆਉਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਵਿੱਚ ਵੱਡੀਆਂ ਜਿੱਤਾਂ ਦਰਜ ਕੀਤੀਆਂ ਜਾ ਸਕਣ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਦੀ ਆਪ ਸਰਕਾਰ ਦਾ ਸਤਾਇਆ ਹਰ ਵਰਗ ਸੂਬੇ ਅੰਦਰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਦੇਖਣਾ ਚਾਹੁੰਦਾ ਹੈ ਕਿਉਂ ਕਿ ਆਪ ਸਰਕਾਰ ਦੇ ਝੂਠੇ ਵਾਅਦਿਆਂ ਤੋਂ ਹੁਣ ਪਰਦਾ ਉੱਠ ਚੁੱਕਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਸ੍ਰੀ ਕੇਜਰੀਵਾਲ ਅਤੇ ਭਗਵੰਤ ਮਾਨ ਵੱਲੋਂ ਪਾਰਟੀ ਦੇ ਪ੍ਰਚਾਰ ਲਈ ਬਾਹਰਲੇ ਸੂਬਿਆਂ ਵਿੱਚ ਪੰਜਾਬ ਦਾ ਖਜ਼ਾਨਾ ਦੋਹੀਂ ਹੱਥੀ ਲੁਟਾਇਆ ਜਾ ਰਿਹਾ ਹੈ ਜਦੋਂ ਕਿ ਪੰਜਾਬ ਵਿੱਚ ਆਏ ਹੜ੍ਹਾਂ ਕਾਰਨ ਹੋਈ ਤਬਾਹੀ ਲਈ ਕੁਝ ਵੀ ਨਹੀਂ ਕੀਤਾ ਜਾ ਰਿਹਾ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸਮੁੱਚਾ ਸ਼੍ਰੋਮਣੀ ਅਕਾਲੀ ਦਲ ਹੜ੍ਹ ਪੀੜਤਾਂ ਲਈ ਹਰ ਸੰਭਵ ਸਹਾਇਤਾ ਕਰ ਰਿਹਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸ਼੍ਰੋਮਣੀ ਅਕਾਲੀ ਦਲ ਨਾਲ ਜੁੜ ਕੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਹਲਕਾ ਅਮਲੋਹ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਦੇ ਹੱਥ ਮਜ਼ਬੂਤ ਕਰਨ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਲੋਕ ਹਿਤੈਸ਼ੀ ਸਰਕਾਰ ਦਾ ਗਠਨ ਹੋ ਸਕੇ। ਮੀਟਿੰਗ ਵਿੱਚ ਵਰਿੰਦਰ ਸਿੰਘ ਟਿੰਕੂ, ਨਾਹਰ ਸਿੰਘ ਸਰਪੰਚ, ਬੂਟਾ ਸਿੰਘ, ਸਿਮਰਨ ਸਿੰਘ ਬਦੀਨਪੁਰ, ਸਤਵਿੰਦਰ ਸਿੰਘ ਵਿਰਕ, ਬਲਕਾਰ ਸਿੰਘ, ਗੁਰਵਿੰਦਰ ਸਿੰਘ, ਸੱਤਪਾਲ ਸਿੰਘ, ਜਗਦੀਸ਼ ਸਿੰਘ, ਗੁਰਜੰਟ ਸਿੰਘ, ਹਰਵਿੰਦਰ ਸਿੰਘ, ਪਰਵਿੰਦਰ ਸਿੰਘ, ਸੁਖਜਿੰਦਰ ਸਿੰਘ ਤੇ ਕਰਨੈਲ ਸਿੰਘ ਮੌਜੂਦ ਸਨ।

# ਕੇਂਦਰੀ ਰੱਖਿਆ ਰਾਜ ਮੰਤਰੀ ਸੰਜੈ ਸੇਠ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਨਾਲ ਹੜ੍ਹ ਪ੍ਰਭਾਵਿਤ ਲੋਕਾਂ ਦੇ ਪੁਨਰਵਾਸ, ਰਾਹਤ ਕਾਰਜਾਂ ਤੇ ਬੁਨਿਆਦੀ ਢਾਂਚੇ ਦੀ ਮੁੜ ਉਸਾਰੀ ਸਬੰਧੀ ਮੀਟਿੰਗ

ਫ਼ਿਰੋਜ਼ਪੁਰ, 6 ਅਕਤੂਬਰ (ਤਿਵਾੜੀ): ਭਾਰਤ ਸਰਕਾਰ ਦੇ ਰੱਖਿਆ ਰਾਜ ਮੰਤਰੀ ਸੰਜੇ ਸੇਠ ਨੇ ਫਿਰੋਜ਼ਪੁਰ ਪਹੁੰਚ ਕੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਲੋਕਾਂ ਦੇ ਪੁਨਰਵਾਸ, ਰਾਹਤ ਕਾਰਜਾਂ ਤੇ ਬੁਨਿਆਦੀ ਢਾਂਚੇ ਦੀ ਮੁੜ ਉਸਾਰੀ ਸਬੰਧੀ ਮਹੱਤਵਪੂਰਨ ਮੀਟਿੰਗ ਕੀਤੀ। ਮੀਟਿੰਗ ਵਿੱਚ ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ, ਜ਼ਿਲ੍ਹਾ ਪੁਲਿਸ ਮੁਖੀ ਭੁਪਿੰਦਰ ਸਿੰਘ ਸਿੱਧੂ, ਸਾਬਕਾ ਕੈਬਨਿਟ ਮੰਤਰੀ ਪੰਜਾਬ ਗੁਰਮੀਤ ਸਿੰਘ ਰਾਣਾ ਸੋਢੀ ਵੀ ਹਾਜ਼ਰ ਸਨ ।ਮੀਟਿੰਗ ਦੌਰਾਨ ਕੇਂਦਰੀ ਰੱਖਿਆ ਰਾਜ ਮੰਤਰੀ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਤੋਂ ਜ਼ਿਲ੍ਹੇ ਵਿੱਚ ਹੜ੍ਹ ਨਾਲ ਪ੍ਰਭਾਵਿਤ ਇਲਾਕਿਆਂ ਦੀ ਵਿਸਥਾਰ ਨਾਲ ਜਾਣਕਾਰੀ ਹਾਸਲ ਕੀਤੀ ਤੇ ਰਾਹਤ, ਬਚਾਅ ਤੇ ਪੁਨਰਵਾਸ ਕਾਰਜਾਂ ਦੀ ਸਮੀਖਿਆ ਕੀਤੀ । ਉਨ੍ਹਾਂ ਨੇ ਹਦਾਇਤ ਦਿੱਤੀ ਕਿ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਹਰ ਸੰਭਵ ਸਹਾਇਤਾ ਤੁਰੰਤ ਮੁਹੱਈਆ ਕਰਵਾਈ ਜਾਵੇ । ਉਨ੍ਹਾਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਪੁਨਰਵਾਸ, ਰਾਹਤ ਕਾਰਜਾਂ, ਬੁਨਿਆਦੀ ਢਾਂਚੇ ਦੀ ਮੁੜ ਉਸਾਰੀ, ਹੜ੍ਹ ਪੀੜਤਾਂ ਨੂੰ ਨੁਕਸਾਨ ਦੇ ਮੁਆਵਜ਼ੇ ਦੇ ਕੰਮਾਂ ਵਿੱਚ ਤੇਜ਼ੀ ਲਿਆਉਣ ਦੀ ਲੋੜ 'ਤੇ ਜ਼ੋਰ ਦਿੱਤਾ ਤੇ ਜ਼ਰੂਰੀ ਦਿਸ਼ਾ ਨਿਰਦੇਸ਼ ਦਿੱਤੇ।ਸੰਜੈ ਸੇਠ ਨੇ ਇਹ ਵੀ ਭਰੋਸਾ ਦਿੱਤਾ ਕਿ ਭਾਰਤ ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਦੀ ਮਦਦ ਲਈ ਪੂਰਾ ਸਹਿਯੋਗ ਦਿੱਤਾ ਜਾਵੇਗਾ । ਇਸ ਮੌਕੇ ਉਨ੍ਹਾਂ ਨੇ ਫੌਜ, ਐਨ.ਡੀ.ਆਰ.ਐਫ. ਤੇ ਜ਼ਿਲ੍ਹਾ ਪ੍ਰਸ਼ਾਸਨ ਫਿਰੋਜ਼ਪੁਰ ਦੀ ਸਾਂਝੀ ਕਾਰਵਾਈ ਨੂੰ ਹੜ੍ਹ ਦੌਰਾਨ ਲੋਕਾਂ ਦੀ ਜ਼ਿੰਦਗੀਆਂ ਬਚਾਉਣ ਵਿੱਚ ਅਹਿਮ ਕਰਾਰ ਦਿੱਤਾ । ਉਨ੍ਹਾਂ ਕਿਹਾ ਕਿ ਪੰਜਾਬ ਦੇਸ਼ ਦਾ ਸਿਰਮੌਰ ਰਾਜ ਹੈ ਜੋ ਹਰੇਕ ਮੁਸ਼ਕਲ ਘੜੀ ਵਿੱਚ ਦੇਸ਼ ਨਾਲ ਖੜ੍ਹਾ ਹੁੰਦਾ ਹੈ ਤੇ ਅੱਜ ਪੰਜਾਬ ਵੱਡੀ ਕੁਦਰਤੀ ਮਾਰ ਹੇਠ ਆਇਆ ਹੈ ਤੇ ਪੰਜਾਬ ਵਿੱਚ ਬਣੀ ਇਸ ਮੁਸ਼ਕਲ ਦੀ ਸਥਿਤੀ ਵਿੱਚ ਪੂਰਾ ਦੇਸ਼ ਮਦਦ ਲਈ ਪੰਜਾਬ ਨਾਲ ਖੜ੍ਹਾ ਹੈ। ਉਨ੍ਹਾਂ ਕਿਹਾ ਕਿ ਵੱਖ-ਵੱਖ ਰਾਜਾਂ ਤੋਂ ਪੰਜਾਬ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਮਦਦ ਪਹੁੰਚਾਈ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕੇਂਦਰੀ ਮੰਤਰੀਆਂ ਵੱਲੋਂ ਪੰਜਾਬ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਨਿਰੰਤਰ ਦੌਰੇ ਕਰਕੇ ਸਥਿਤੀਆਂ ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਪੁਨਰਵਾਸ ਲਈ ਹਰ ਤਰ੍ਹਾਂ ਨਾਲ ਸਹਿਯੋਗ ਦਿੱਤਾ ਜਾਵੇਗਾ।ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਵਿ) ਨਿਧੀ ਕੁਮੁਦ ਬੰਬਾਹ, ਐਸ.ਡੀ.ਐਮ. ਹਰਬੰਸ ਸਿੰਘ, ਸਹਾਇਕ ਕਮਿਸ਼ਨਰ ਸਿਮਰਨਜੀਤ ਸਿੰਘ ਪੀਸੀਐਸ ਤੋਂ ਇਲਾਵਾ ਪੁਲਿਸ ਅਧਿਕਾਰੀ ਤੇ ਹੋਰ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।



# ਭੋਗਪੁਰ ਪੁਲਿਸ ਨੇ ਨਸ਼ੀਲੀਆਂ ਗੋਲੀਆਂ ਸਮੇਤ ਦੋ ਕੀਤੇ ਕਾਬੂ

ਭੋਗਪੁਰ, 6 ਅਕਤੂਬਰ (ਅਮਰਜੀਤ ਸਿੰਘ ਸੈਣੀ ਜੰਡੀਰ): ਹਰਵਿੰਦਰ ਸਿੰਘ ਵਿਰਕ ਪੀਪੀਐਸ ਸੀਨੀਅਰ ਪੁਲਿਸ ਕਪਤਾਨ ਜ਼ਿਲ੍ਹਾ ਜਲੰਧਰ ਦਿਹਾਤੀ ਵੱਲੋਂ ਦਿੱਤੇ ਗਏ ਦੇਸ਼ਾਂ ਨਿਰਦੇਸ਼ਾਂ ਅਨੁਸਾਰ ਯੁੱਧ ਨਸ਼ਿਆਂ ਵਿਰੁੱਧ ਚਲਾਈ ਗਈ ਮੁਹਿੰਮ ਤਹਿਤ ਸਰਬਜੀਤ ਰਾਏ ਪੀਪੀਐਸ ਉਪ ਪੁਲਿਸ ਕਪਤਾਨ ਡੈਕੇਟਿਵ ਕੰਮ ਸਬ ਡਵੀਜ਼ਨ ਆਦਮਪੁਰ ਦੀ ਨਿਗਰਾਨੀ ਹੇਠ ਇੰਸਪੈਕਟਰ ਰਜੇਸ਼ ਕੁਮਾਰ ਐਸਐਚਓ ਥਾਣਾ ਭੋਗਪੁਰ ਦੀ ਟੀਮ ਵੱਲੋਂ 02 ਨਸ਼ਾ ਤਸਕਰਾਂ ਪਾਸੋਂ 100 ਨਸ਼ੀਲੀਆਂ ਗੋਲੀਆਂ ਬਰਾਮਦ ਕਰਕੇ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।ਜਾਣਕਾਰੀ ਦਿੰਦੇ ਹੋਏ ਪੀਪੀਐਸ ਕੁਲਵੰਤ ਸਿੰਘ ਨੇ ਦੱਸਿਆ ਕਿ 4 ਅਕਤੂਬਰ ਨੂੰ ਏਐਸਆਈ ਸਲਵਿੰਦਰ ਸਿੰਘ ਪੁਲਿਸ ਪਾਰਟੀ ਨਾਲ ਪਿੰਡ ਲੜੋਆ ਜੋ ਕਿ ਬੰਨ ਦੇ ਨਾਲ ਮੌਜੂਦ ਸਨ ਤੇ ਸਾਹਮਣੇ ਤੋਂ ਦੋ ਨੌਜਵਾਨ ਪੈਦਲ ਆ ਰਹੇ ਸਨ ਤੇ ਪੁਲਿਸ ਨੂੰ ਦੇਖ ਕੇ ਕੋਲ



ਲਿਫਾਫਾ ਸੀ, ਨੂੰ ਘਾਹ ਫੂਸ ਵਿੱਚ ਸੁੱਟ ਦਿੱਤਾ ਤੇ ਪਿੱਛੇ ਨੂੰ ਭੱਜਣ ਲੱਗੇ। ਇੰਦਰਜੀਤ ਸਿੰਘ ਪੁੱਤਰ ਤਰਸੇਮ ਸਿੰਘ ਪਾਸੋਂ 50 ਨਸ਼ੀਲੀਆਂ ਗੋਲੀਆਂ ਕੁੱਲ 100 ਗੋਲੀਆਂ ਬਰਾਮਦ ਕਰਕੇ ਮੁਕੱਦਮਾ ਨੰਬਰ 144 ਤੇ 4 ਅਕਤੂਬਰ ਨੂੰ ਅ.ਧ 22.6/85 ਐਨਡੀਪੀਐਸ ਐਕਟ ਥਾਣਾ ਭੋਗਪੁਰ ਦਰਜ ਰਜਿ ਕਰਕੇ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਦੱਸਿਆ ਕਿ ਦੋਸ਼ੀਆਂ ਨੂੰ ਅਦਾਲਤ ਪੇਸ਼ ਕੀਤਾ ਜਾ ਰਿਹਾ ਹੈ ਤੇ ਪੁਲਿਸ ਰਿਮਾਂਡ ਹਾਸਲ ਕਰਕੇ ਹੋਰ ਵੀ ਪੁੱਛਗਿਛ ਕੀਤੀ ਜਾਵੇਗੀ।

# ਡੀ.ਸੀ. ਨੇ ਕਿਸਾਨਾਂ ਨੂੰ ਝੋਨੇ ਦੀ ਕਟਾਈ ਉਪਰੰਤ ਪਰਾਲੀ ਪ੍ਰਬੰਧਨ ਨਾਲ ਕਣਕ ਦੀ ਬਿਜਾਈ ਕਰਨ ਦੀ ਕੀਤੀ ਅਪੀਲ

ਫਿਰੋਜ਼ਪੁਰ, 6 ਅਕਤੂਬਰ (ਤਿਵਾੜੀ): ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਨੇ ਦੱਸਿਆ ਕਿ ਝੋਨੇ ਦੀ ਕਟਾਈ ਉਪਰੰਤ ਪਰਾਲੀ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਨੂੰ ਜ਼ੀਰੋ ਪੱਧਰ 'ਤੇ ਲਿਆਉਣ ਲਈ ਅਤੇ ਪਰਾਲੀ ਦੀ ਸਾਂਭ ਸੰਭਾਲ ਤੇ ਨਿਪਟਾਰੇ ਸਬੰਧੀ ਜ਼ਿਲ੍ਹੇ ਦੇ ਕਿਸਾਨਾਂ ਨੂੰ ਪ੍ਰੇਰਿਤ ਕਰਨ ਲਈ ਜ਼ਿਲ੍ਹੇ ਵਿੱਚ ਬਲਾਕ ਅਤੇ ਪਿੰਡ ਪੱਧਰੀ ਕਿਸਾਨ ਜਾਗਰੂਕਤਾ ਕੈਂਪ ਆਯੋਜਿਤ ਕੀਤੇ ਜਾ ਰਹੇ ਹਨ ਇਸ ਤੋਂ ਇਲਾਵਾ ਸਕੂਲਾਂ ਵਿੱਚ ਵੀ ਬੱਚਿਆਂ ਨੂੰ ਵੀ ਵਾਤਾਵਰਨ ਦੀ ਸੰਭਾਲ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹੁਣ ਜ਼ਿਲ੍ਹੇ ਵਿੱਚ ਪਿੰਡ ਪੱਧਰ 'ਤੇ 148 ਅਤੇ ਬਲਾਕ ਪੱਧਰ 'ਤੇ 07 ਜਾਗਰੂਕਤਾ ਕੈਂਪ ਆਯੋਜਿਤ ਕਰਕੇ 302 ਪਿੰਡਾਂ ਵਿੱਚ ਕਿਸਾਨਾਂ ਨੂੰ ਝੋਨੇ ਦੀ ਵਾਢੀ ਉਪਰੰਤ ਬਾਕੀ ਰਹਿੰਦ ਖੂੰਹਦ ਤੇ ਪਰਾਲੀ ਨੂੰ ਅੱਗ ਨਾ ਲਾਉਣ ਬਾਰੇ ਪ੍ਰੇਰਿਤ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਇਸ ਤੋਂ ਇਲਾਵਾ ਹੁਣ ਤੱਕ 6 ਸਕੂਲਾਂ ਵਿੱਚ ਵੀ ਕੈਂਪ ਲਗਾ ਕੇ ਬੱਚਿਆਂ ਨੂੰ ਵਾਤਾਵਰਨ ਦੀ ਸ਼ੁੱਧਤਾ ਲਈ ਅਤੇ ਪਰਾਲੀ ਪ੍ਰਬੰਧਨ ਬਾਰੇ ਜਾਗਰੂਕਤਾ ਸੈਮੀਨਾਰ ਆਯੋਜਿਤ ਕੀਤੇ ਗਏ ਹਨ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਹੈਪੀ ਸੀਡਰ, ਸੁਪਰ ਸੀਡਰ, ਮਲਚਰ ਆਰ ਐਮ.ਬੀ. ਪਲੌਅ ਆਦਿ ਖੇਤੀ ਸੰਦਾਂ ਦੀ ਵਰਤੋਂ ਕਰਕੇ ਆਪਣੀ ਪਰਾਲੀ ਨੂੰ ਜ਼ਮੀਨ ਵਿੱਚ ਦਬਾਉਣ ਅਤੇ ਕਣਕ ਦੀ ਸਿੱਧੀ ਬਿਜਾਈ ਕਰਨ । ਉਨ੍ਹਾਂ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣ ਦੇ ਵਾਤਾਵਰਨ ਅਤੇ ਜ਼ਮੀਨ ਉਤੇ ਬਹੁਤ ਮਾੜੇ ਪ੍ਰਭਾਵ ਪੈਂਦੇ ਹਨ। ਉਨ੍ਹਾਂ ਕਿਸਾਨਾਂ ਨੂੰ ਝੋਨੇ ਦੀ ਕਟਾਈ ਸੁਪਰ ਐਸਐਮਐਸ ਮਸ਼ੀਨ ਨਾਲ ਹੀ ਕਰਨ ਦੀ ਅਪੀਲ ਕੀਤੀ।ਉਨ੍ਹਾਂ ਦੱਸਿਆ ਕਿ ਪਰਾਲੀ ਪ੍ਰਬੰਧਨ ਸਬੰਧੀ ਜ਼ਿਲ੍ਹੇ ਵਿੱਚ ਤਾਇਨਾਤ ਨੋਡਲ ਅਫਸਰ, ਕਲੱਸਟਰ ਅਫਸਰ ਸਹਾਇਕ ਕਲੱਸਟਰ ਅਫਸਰ, ਆਸ਼ਾ ਵਰਕਰਾਂ ਵੱਲੋਂ ਪਿੰਡਾਂ ਦੇ ਕਿਸਾਨਾਂ, ਸਰਪੰਚਾਂ ਅਤੇ ਨੰਬਰਦਾਰਾਂ ਨਾਲ ਲਗਾਤਾਰ ਮੀਟਿੰਗਾਂ ਦਾ ਸਿਲਸਿਲਾ ਜਾਰੀ ਹੈ ਅਤੇ ਅੱਗੇ ਵੀ ਇਹ ਇਸੇ ਤਰ੍ਹਾਂ ਜਾਰੀ ਰਹੇਗਾ ਤਾਂ ਜੋ ਮਾਨਯੋਗ ਸੁਪਰੀਮ ਕੋਰਟ ਤੇ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਜ਼ੀਰੋ ਪੱਧਰ 'ਤੇ ਲਿਆਂਦਾ ਜਾ ਸਕੇ ਤੇ ਵੱਧ ਤੋਂ ਵੱਧ ਲੋਕਾਂ ਨੂੰ ਪਰਾਲੀ ਨਾ ਸਾੜਨ ਸਬੰਧੀ ਜਾਗਰੂਕ ਕੀਤਾ ਜਾ ਸਕੇ।



# ਅਮਰਿੰਦਰ ਲਿਬੜਾ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤੀ) ਦੀ ਵਰਕਿੰਗ ਕਮੇਟੀ ਦੇ ਮੈਂਬਰ ਨਿਯੁਕਤ

ਫਤਹਿਗੜ੍ਹ ਸਾਹਿਬ, 6 ਅਕਤੂਬਰ (ਨਰਿੰਦਰ ਸਿੰਘ): ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤੀ) ਦੇ ਪ੍ਰਧਾਨ ਤੇ ਸਾਬਕਾ ਜਥੇਦਾਰ ਸ਼੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਬਣਾਈ 31 ਮੈਂਬਰੀ ਵਰਕਿੰਗ ਕਮੇਟੀ ਵਿੱਚ ਹਲਕਾ ਫਤਿਹਗੜ੍ਹ ਸਾਹਿਬ ਤੋਂ ਸੀਨੀਅਰ ਅਕਾਲੀ ਆਗੂ ਅਮਰਿੰਦਰ ਸਿੰਘ ਲਿਬੜਾ ਨੂੰ ਸ਼ਾਮਲ ਕੀਤਾ ਗਿਆ ਹੈ। ਜ਼ਿਕਰਯੋਗ ਹੈ ਲਿਬੜਾ ਨੇ ਪਿਛਲੇ ਲੰਮੇ ਸਮੇਂ ਤੋਂ ਅਕਾਲੀ ਦਲ ਬਾਦਲ ਧੜੇ ਤੋਂ ਦੂਰੀ ਬਣਾ ਕੇ ਰੱਖੀ ਹੋਈ ਸੀ ਤੇ ਸੁਧਾਰ ਲਹਿਰ ਨਾਲ ਜੁੜ ਕੇ ਅਕਾਲੀ ਵਰਕਰਾਂ ਨਾਲ ਰਾਬਤਾ ਕਾਇਮ ਕਰਕੇ ਸਰਗਰਮੀਆਂ ਕਰ ਰਹੇ ਸਨ।ਉਨ੍ਹਾਂ ਦੀ ਇਸ ਨਿਯੁਕਤੀ ਨਾਲ ਅਕਾਲੀ ਵਰਕਰਾਂ ਤੇ ਨੌਜਵਾਨਾਂ ਵਿਚ ਕਾਫ਼ੀ ਖੁਸ਼ੀ ਦੀ ਲਹਿਰ ਹੈ । ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤੀ) ਗਿਆਨੀ ਹਰਪ੍ਰੀਤ ਸਿੰਘ ਤੇ ਬੀਬੀ ਸਤਵੰਤ ਕੌਰ ਸਮੇਤ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਿਭਾਉਣਗੇ ।ਲਿਬੜਾ ਨੇ ਕਿਹਾ ਕਿ ਉਨ੍ਹਾਂ ਵੱਲੋਂ ਪਿੰਡਾਂ ਪਿੰਡਾਂ ਵਿੱਚ ਜਾ ਕੇ ਘਰਾਂ ਵਿੱਚ ਬੈਠੇ ਅਕਾਲੀ ਵਰਕਰਾਂ ਨੂੰ ਲਾਮਬੰਦ ਕਰ ਕੇ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤੀ) ਨਾਲ ਜੋੜਨਗੇ ਤੇ ਜਥੇਬੰਦੀ ਨੂੰ ਮਜ਼ਬੂਤ ਕਰਨਗੇ।



# ਏਐਸ ਰਹਿਲ ਦੀ ਨਾਟਕ ਤੇ ਇਕਾਂਗੀਆਂ ਦੀ ਪਲੇਠੀ ਕਿਤਾਬ ਜਾਰੀ



ਅਮਲੋਹ, 6 ਅਕਤੂਬਰ (ਜਸਵੰਤ ਸਿੰਘ): ਏਐਸ ਰਹਿਲ ਦੀ ਨਾਟਕ ਤੇ ਇਕਾਂਗੀਆਂ ਦੀ ਪਲੇਠੀ ਕਿਤਾਬ 'ਮੋਮ ਦਾ ਬੁੱਤ' ਸਰਕਾਰੀ ਹਾਈ ਸਕੂਲ ਵੜੈਚ ਵਿਖੇ ਲੋਕ ਅਰਪਣ ਕੀਤੀ ਗਈ। ਇਸ ਮੌਕੇ ਨਾਮਵਰ ਗੀਤਕਾਰ ਥੀਏਟਰ ਆਰਟਿਸਟਾਂ ਨੇ ਕਿਤਾਬ ਦੀਆਂ ਇਕਾਂਗੀਆਂ ਬਾਰੇ ਖੁੱਲ੍ਹ ਕੇ ਚਰਚਾ ਕੀਤੀ। ਇਸ ਮੌਕੇ ਅਮਲੋਹ ਬਲਾਕ ਦੀ ਬੀਐਨਓ ਤੇ ਲੇਖਕਾ ਰਵਿੰਦਰ ਕੌਰ, ਗੀਤਕਾਰ ਹਰਵਿੰਦਰ ਤਤਲਾ, ਸੁਰਜੀਤ ਸੀਤ, ਬਲਬੀਰ ਸਿੰਘ, ਥੀਏਟਰ ਆਰਟਿਸਟ ਮੇਹਰ ਸਿੰਘ, ਲੈਕਚਰਾਰ ਕਰਨੈਲ ਸਿੰਘ ਤੇ ਸੰਦੀਪ ਸਿੰਘ ਲਾਡਪੁਰ ਨੇ ਕਿਤਾਬ ਬਾਰੇ ਖੁੱਲ੍ਹ ਕੇ ਚਰਚਾ ਕੀਤੀ। 'ਮੋਮ ਦਾ ਬੁੱਤ' ਇੱਕ ਖਿਡਾਰੀ ਦੀ ਸੰਘਰਸ਼ਮਈ ਜ਼ਿੰਦਗੀ ਤੇ ਖੇਡ ਪ੍ਰਬੰਧ ਸਮਰਾਏਦਾਰਾਂ ਦੇ ਹੱਥ 'ਚ ਜਾਣ ਦੀ ਸਮੱਸਿਆ 'ਤੇ ਅਧਾਰਿਤ ਹੈ। 'ਲੱਕੀ ਨੰਬਰ' ਇੱਕ ਜਾਸੂਸ ਦੀ ਚਲਾਕੀ ਭਰੀ ਖੇਡ ਦੇ ਦੁਆਲੇ ਘੁੰਮਦੀ ਹੈ। 'ਨਾਚ ਇਸਤਰੀ' ਦੇ ਸੰਘਰਸ਼ ਦੀ ਅਜਿਹੀ ਕਹਾਣੀ ਹੈ ਜੋ ਇੱਕ ਨੱਚਣ ਵਾਲੀ ਕੁੜੀ ਬਾਰੇ ਸਮਾਜ ਦਾ ਨਜ਼ਰੀਆ ਪੇਸ਼ ਕਰਦੀ ਹੈ। 'ਚੱਕਰਵਿਊ' ਵਿਦੇਸ਼ ਵਿੱਚ ਕੁੜੀਆਂ ਦੇ ਮਾੜੇ ਅਨਸਰਾਂ ਦੇ ਜਾਲ ਵਿੱਚ ਫਸਣ ਦੀ ਕੌੜੀ ਸਚਾਈ ਨੂੰ ਪੇਸ਼ ਕਰਦੀ ਇਕਾਂਗੀ ਹੈ। 'ਰਾਜਨਿਤਿਕ ਦਲਦਲ' ਦੇਸ਼ ਦੇ ਅਖੌਤੀ ਲੀਡਰਾਂ ਦੇ ਪਾਜ਼ ਨੂੰ ਉਧੇੜ ਕੇ ਰੱਖਦੀ ਹੈ। ਕਿਤਾਬ ਵਿੱਚ ਅਜਿਹਾ ਕੋਈ ਵਿਸ਼ਾ ਨਹੀਂ ਜੋ ਲੇਖਕ ਵੱਲੋਂ ਛੂਹਿਆ ਨਹੀਂ ਗਿਆ। ਬੁਲਾਰਿਆਂ ਨੇ ਕਿਹਾ ਕਿ ਲੇਖਕਾ ਵੱਲੋਂ ਆਪਣੀ ਗੱਲ ਅਖਵਾਉਣ ਅਤੇ ਚੰਗਾ ਸੁਨੇਹਾ ਦੇਣ ਵਿੱਚ ਸਫਲ ਰਹੀ। ਇਸ ਮੌਕੇ ਸਕੂਲ ਕਮੇਟੀ ਦੇ ਚੇਅਰਮੈਨ ਤੇ ਸਟਾਫ਼ ਮੈਂਬਰ ਹਾਜ਼ਰ ਸਨ।

# ਪਿਮਟ ਦੇ ਵਿਦਿਆਰਥੀਆਂ ਨੇ ਸਿਹਤ ਜਾਗਰੂਕਤਾ ਪ੍ਰੋਗਰਾਮ ਅਧੀਨ ਲੈਕਚਰ ਕਰਵਾਇਆ

ਮੰਡੀ ਗੋਬਿੰਦਗੜ੍ਹ, 6 ਅਕਤੂਬਰ (ਸੂਦ): ਪੰਜਾਬ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ ਅਲੌੜ ਖੰਨਾ ਦੇ ਵਿਦਿਆਰਥੀਆਂ ਵਿੱਚ ਸਿਹਤ ਤੇ ਤੰਦਰੁਸਤੀ ਬਾਰੇ ਜਾਗਰੂਕਤਾ ਫੈਲਾਉਣ ਦੇ ਉਦੇਸ਼ ਨਾਲ ਐਨਐਸਐਸ ਕੋਆਰਡੀਨੇਟਰ ਰਾਜੇਸ਼ ਵਰਮਾ ਦੀ ਨਿਗਰਾਨੀ ਹੇਠ ਸਿਹਤ ਜਾਗਰੂਕਤਾ ਪ੍ਰੋਗਰਾਮ 'ਤੇ ਗੈਸਟ ਲੈਕਚਰ ਕਰਵਾਇਆ ਗਿਆ, ਜਿਸ ਵਿਚ ਪਹਿਲੇ ਤੇ ਦੂਜੇ ਸਾਲ ਦੇ ਬੀਬੀਏ ਤੇ ਬੀਐਸਸੀ ਫੂਡ ਟੈਕਨਾਲੋਜੀ ਦੇ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ। ਗੈਸਟ ਲੈਕਚਰ ਦੌਰਾਨ ਡਾ. ਨਿਕਿਤਾ ਮਹਾਜਨ ਨਿਊਰੋਲੋਜਿਸਟ ਲਿਵਾਸਾ ਹਸਪਤਾਲ ਖੰਨਾ ਨੇ ਸਿਹਤਮੰਦ ਜੀਵਨ ਸ਼ੈਲੀ, ਨਸਾਂ ਦੀ ਸਿਹਤ, ਤਣਾਅ ਪ੍ਰਬੰਧਨ ਤੇ ਸਿਹਤ ਸਮੱਸਿਆਵਾਂ ਦੇ ਸ਼ੁਰੂਆਤੀ ਨਿਦਾਨ ਦੀ ਮਹੱਤਤਾ ਬਾਰੇ ਜਾਣੂੰ ਕਰਵਾਇਆ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਹੀ ਰੋਜ਼ਾਨਾ ਰੁਟੀਨ, ਇੱਕ ਸੰਤੁਲਿਤ ਖੁਰਾਕ, ਕਸਰਤ ਤੇ ਮਾਨਸਿਕ ਸਿਹਤ ਅਭਿਆਸ ਅਕਾਦਮਿਕ ਤੇ ਨਿੱਜੀ ਜੀਵਨ ਦੋਵਾਂ ਵਿੱਚ ਸਫਲਤਾ ਪ੍ਰਾਪਤ ਕਰਨ ਲਈ ਜ਼ਰੂਰੀ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਸਿਹਤ ਸਬੰਧੀ ਪੇਚੀਦਗੀਆਂ ਤੋਂ ਬਚਣ ਲਈ ਛੋਟੀ ਉਮਰ ਵਿੱਚ ਹੀ ਸਿਹਤਮੰਦ ਆਦਤਾਂ ਅਪਣਾਉਣ 'ਤੇ ਜ਼ੋਰ ਦਿੱਤਾ। ਸੈਸ਼ਨ ਬਹੁਤ ਹੀ ਇੰਟਰਐਕਟਿਵ ਸੀ ਕਿਉਂਕਿ ਵਿਦਿਆਰਥੀਆਂ ਨੇ ਪੜ੍ਹਾਈ ਦੌਰਾਨ ਤਣਾਅ, ਜੀਵਨ ਸ਼ੈਲੀ ਦੀਆਂ ਚੁਣੌਤੀਆਂ 'ਤੇ ਰੋਕਥਾਮ ਵਾਲੇ ਸਿਹਤ ਉਪਾਵਾਂ ਬਾਰੇ ਸਵਾਲ ਪੁੱਛੇ, ਜਿਨ੍ਹਾਂ ਦਾ ਡਾ. ਨਿਕਿਤਾ ਮਹਾਜਨ ਨੇ ਜਵਾਬ ਅਸਲ-ਜੀਵਨ ਦੀਆਂ ਉਦਾਹਰਣਾਂ ਸਮੇਤ ਦਿੱਤਾ। ਸੰਸਥਾ ਦੀ ਡਾਇਰੈਕਟਰ ਡਾ. ਨਿਸ਼ੀ ਬਾਲਾ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮ ਵਿਦਿਆਰਥੀਆਂ ਦੇ ਸੰਪੂਰਨ ਵਿਕਾਸ ਨੂੰ ਯਕੀਨੀ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਡਾ. ਨਿਕਿਤਾ ਮਹਾਜਨ ਦਾ ਵਿਸੇਸ਼ ਤੌਰ 'ਤੇ ਧੰਨਵਾਦ ਵੀ ਕੀਤਾ।



# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਨੇ ਬਲੱਡ ਡੋਨੇਸ਼ਨ ਡੇਅ ਮਨਾਇਆ



ਫਤਹਿਗੜ੍ਹ ਸਾਹਿਬ, 6 ਅਕਤੂਬਰ (ਹਰਪ੍ਰੀਤ ਕੌਰ ਟਿਵਾਣਾ): ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਹਿਗੜ੍ਹ ਸਾਹਿਬ ਦੇ ਸਮਾਜ ਵਿਗਿਆਨ ਵਿਭਾਗ ਵੱਲੋਂ ਰਾਸ਼ਟਰੀ ਸਵੈਇੱਛੁਕ ਰਕਤ ਦਾਨ ਦਿਵਸ ਦੇ ਮੌਕੇ 'ਤੇ ਰਕਤ ਦਾਨ ਵਿਸ਼ੇ ਉੱਤੇ ਇਕ ਸਲੋਗਨ ਲਿਖਣ ਦੀ ਪ੍ਰਤੀਯੋਗਿਤਾ ਦਾ ਆਯੋਜਨ ਕੀਤਾ ਗਿਆ । ਇਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਰਕਤ ਦਾਨ ਦੀ ਸਮਾਜਿਕ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨਾ ਤੇ ਉਨ੍ਹਾਂ ਨੂੰ ਇਸ ਮਨੁੱਖਤਾ ਭਰੇ ਕਾਰਜ ਨੂੰ ਪ੍ਰੋਤਸ਼ਾਹਿਤ ਕਰਨ ਲਈ ਆਪਣੀ ਰਚਨਾਤਮਕਤਾ ਪ੍ਰਗਟ ਕਰਨ ਲਈ ਉਤਸ਼ਾਹਿਤ ਕਰਨਾ ਸੀ ।ਇਸ ਪ੍ਰਤੀਯੋਗਿਤਾ ਦਾ ਆਯੋਜਨ ਸਮਾਜ ਵਿਗਿਆਨ ਵਿਭਾਗ ਦੇ ਸਹਾਇਕ ਪ੍ਰੋਫੈਸਰ ਲਵਪ੍ਰੀਤ ਸਿੰਘ ਵੱਲੋਂ ਵਿਭਾਗ ਦੇ ਮੁਖੀ ਡਾ. ਨਵ ਸ਼ਗਨ ਦੀਪ ਕੌਰ ਦੀ ਅਗਵਾਈ ਹੇਠ ਕੀਤਾ ਗਿਆ । ਡਾ. ਕੌਰ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਸਭ ਵਿਦਿਆਰਥੀਆਂ ਦੀ ਉਤਸ਼ਾਹਪੂਰਣ ਭਾਗੀਦਾਰੀ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਰਕਤ ਦਾਨ ਸਿਰਫ਼ ਦਇਆ ਦਾ ਪ੍ਰਤੀਕ ਨਹੀਂ, ਸਗੋਂ ਮਨੁੱਖਤਾ ਪ੍ਰਤੀ ਇਕ ਮਹੱਤਵਪੂਰਨ ਜ਼ਿੰਮੇਵਾਰੀ ਹੈ।ਉਨ੍ਹਾਂ ਨੇ ਇਹ ਵੀ ਕਿਹਾ ਕਿ ਇਸ ਸਮਾਰੋਹ ਦਾ ਮਕਸਦ ਨੌਜਵਾਨਾਂ ਵਿੱਚ ਸਵੈਇੱਛੁਕ ਰਕਤ ਦਾਨ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨਾ ਤੇ ਉਨ੍ਹਾਂ ਨੂੰ ਇਸ ਤਰ੍ਹਾਂ ਦੇ ਉੱਚ ਆਦਰਸ਼ਕ ਕਾਰਜਾਂ ਵਿੱਚ ਭਾਗੀਦਾਰੀ ਲਈ ਪ੍ਰੇਰਿਤ ਕਰਨਾ ਸੀ । ਵਿਭਾਗ ਦੇ ਅਧਿਆਪਕ ਬੀਬਾ ਏਕਰੂਪ ਕੌਰ, ਪਰਮਦੀਪ ਸਿੰਘ ਤੇ ਡਾ. ਹਰਮਨਪ੍ਰੀਤ ਕੌਰ ਨੇ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨੂੰ ਮਾਰਗ ਦਰਸ਼ਨ ਪ੍ਰਦਾਨ ਕੀਤਾ। ਵਿਦਿਆਰਥਣ ਅਮਨਦੀਪ ਕੌਰ ਨੇ ਪਹਿਲਾ ਇਨਾਮ ਹਾਸਲ ਕੀਤਾ, ਜਦਕਿ ਸਨੀ ਸਿੰਘ ਨੂੰ ਉਨ੍ਹਾਂ ਦੇ ਸ਼ਲਾਘਾਯੋਗ ਯੋਗਦਾਨ ਲਈ ਦੂਜਾ ਇਨਾਮ ਦਿੱਤਾ ਗਿਆ। ਪ੍ਰੋਗਰਾਮ ਦਾ ਸਮਾਪਨ ਸਾਰੇ ਭਾਗੀਦਾਰਾਂ ਲਈ ਧੰਨਵਾਦ ਪ੍ਰਗਟਾਵੇ ਨਾਲ ਕੀਤਾ ਗਿਆ।

# ਐਸ.ਪੀ.ਐਨ. ਕਾਲਜੀਏਟ ਸਕੂਲ ਵਿਖੇ ਸਾਲਾਨਾ ਸਮਾਰੋਹ 'ਚ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੂੰ ਕੀਤਾ ਸਨਮਾਨਤ

ਮੁਕੇਰੀਆਂ, 6 ਅਕਤੂਬਰ (ਧਰਮ ਚੰਦ): ਸਵਾਮੀ ਪ੍ਰੇਮਾਨੰਦ ਮਹਾਂਵਿਦਿਆਲਾ ਮੁਕੇਰੀਆ ਦੇ ਐਸ.ਪੀ. ਐਨ. ਕਾਲਜੀਏਟ ਸਕੂਲ ਵਿਖੇ, ਸੈਸ਼ਨ 2025-26 ਦੇ ਸਾਲਾਨਾ ਸਮਾਰੋਹ ਦਾ ਆਯੋਜਨ ਬਹੁਤ ਧੂਮ ਧਾਮ ਨਾਲ ਕੀਤਾ ਗਿਆ।ਇਸ ਪ੍ਰੋਗਰਾਮ ਵਿੱਚ ਪਿਛਲੇ ਸੈਸ਼ਨ 11ਵੀਂ ਤੇ 12ਵੀਂ ਜਮਾਤ ਦੀਆਂ ਸਾਰੀਆਂ ਇਕਾਈਆਂ (ਸਾਇੰਸ, ਕਾਮਰਸ, ਆਰਟਸ) ਦੇ ਹੋਣਹਾਰ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸ਼ਾਨਦਾਰ ਅਕਾਦਮਿਕ ਪ੍ਰਦਰਸ਼ਨ ਲਈ ਸਨਮਾਨਤ ਕੀਤਾ ਗਿਆ ।ਸਮਾਗਮ ਦੇ ਮੁੱਖ ਮਹਿਮਾਨ ਕਾਲਜੀਏਟ ਸਕੂਲ ਦੇ ਡਾਇਰੈਕਟਰ ਡਾ. ਸਮੀਰ ਸ਼ਰਮਾ ਨੇ ਵਿਦਿਆਰਥੀਆਂ ਨੂੰ ਪੁਰਸਕਾਰ ਪ੍ਰਦਾਨ ਕੀਤੇ ਤੇ ਉਨ੍ਹਾਂ ਦੇ ਚੰਗੇ ਭਵਿੱਖ ਲਈ ਸ਼ੁੱਭਕਾਮਨਾਵਾਂ ਵੀ ਦਿੱਤੀਆਂ ।ਉਨ੍ਹਾਂ ਕਿਹਾ ਕਿ ਇਸ ਕਿਸਮ ਦੇ ਸਮਾਰੋਹ ਵਿਦਿਆਰਥੀਆਂ ਨੂੰ ਸ਼ਾਨਦਾਰ ਤਰੀਕੇ ਨਾਲ ਸਿੱਖਣ ਲਈ ਪ੍ਰੇਰਿਤ ਕਰਦੇ ਤੇ ਉਨ੍ਹਾਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਉਤਸ਼ਾਹਿਤ ਕਰਦੇ ਹਨ ।ਪ੍ਰੋਗਰਾਮ ਵਿੱਚ ਵਿਦਿਆਰਥੀਆਂ ਨੇ ਰੰਗਾਰੰਗ ਤੇ ਸੱਭਿਆਚਾਰਕ ਪੇਸ਼ਕਾਰੀਆਂ-ਗੀਤ, ਨਾਚ ਤੇ ਸਮੂਹ ਗਾਨ ਰਾਹੀਂ ਪ੍ਰੋਗਰਾਮ ਨੂੰ ਚਾਰ ਚੰਨ ਲਗਾ ਦਿੱਤੇ। ਮੰਚ ਸੰਚਾਲਨ ਦਾ ਕਾਰਜਭਾਰ ਕਾਲਜੀਏਟ ਸਕੂਲ ਦੇ ਵਿਦਿਆਰਥੀਆਂ ਵੱਲੋਂ ਬਾਖੂਬੀ ਨਿਭਾਇਆ ਗਿਆ। ਇਸ ਮੌਕੇ ਕਾਲਜੀਏਟ ਸਕੂਲ ਦੇ ਇੰਚਾਰਜ ਪ੍ਰੋ. ਮਨਦੀਪ ਕੌਰ ਨੇ ਸਮੂਹ ਅਧਿਆਪਕਾਂ, ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਦਾ ਧੰਨਵਾਦ ਕਰਦਿਆਂ ਕਿਹਾ ਵਿਦਿਆਰਥੀਆਂ ਦੀ ਇਹ ਸਫਲਤਾ ਅਧਿਆਪਕਾਂ ਦੇ ਯੋਗ ਮਾਰਗਦਰਸ਼ਨ ਤੇ ਸਖ਼ਤ ਮਿਹਨਤ ਦਾ ਨਤੀਜਾ ਹੈ।ਉਨ੍ਹਾਂ ਕਾਲਜ ਪ੍ਰਬੰਧਕ ਕਮੇਟੀ ਤੇ ਕਾਲਜੀਏਟ ਸਕੂਲ ਦੇ ਡਾਇਰੈਕਟਰ ਡਾ. ਸਮੀਰ ਸ਼ਰਮਾ ਦਾ ਸਮੇਂ ਸਮੇਂ ਸਿਰ ਦਿੱਤੇ ਵਿਸ਼ੇਸ ਸਹਿਯੋਗ ਲਈ ਧੰਨਵਾਦ ਕੀਤਾ। ਸਮੁੱਚਾ ਪ੍ਰੋਗਰਾਮ ਬਹੁਤ ਹੀ ਉਤਸ਼ਾਹ ਨਾਲ ਸੰਪੰਨ ਹੋਇਆ।ਇਸ ਦੌਰਾਨ ਮਹਿਮਾਨਾਂ ਤੇ ਵਿਦਿਆਰਥੀਆਂ ਲਈ ਖਾਣ ਪੀਣ ਦੀ ਵਿਸ਼ੇਸ਼ ਵਿਵਸਥਾ ਕੀਤੀ ਗਈ ਸੀ। ਪ੍ਰੋਗਰਾਮ ਦੌਰਾਨ ਕਾਲਜ ਦੇ ਸਮੂਹ ਅਧਿਆਪਕ, ਵਿਦਿਆਰਥੀ ਤੇ ਉਨ੍ਹਾਂ ਦੇ ਮਾਤਾ ਪਿਤਾ ਵੱਡੀ ਗਿਣਤੀ ਵਿੱਚ ਮੌਜੂਦ ਹਨ।



# ਪਾਕਿਸਤਾਨੀ ਨਾਗਰਿਕਾਂ ਲਈ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੀ ਯਾਤਰਾ ਦੇ ਬਦਲੇ ਨਿਯਮ

**☛ਹੁਣ ਨਾਰੋਵਾਲ ਦੇ ਵਸਨੀਕਾਂ ਤੋਂ ਵਸੂਲਿਆ ਜਾਵੇਗਾ ਅੱਧਾ ਯਾਤਰਾ ਖ਼ਰਚ**

**☛ਸਿਰਫ਼ ਸੀ.ਐਨ.ਆਈ.ਸੀ. ਕਾਰਡ ਰਾਹੀਂ ਹੋਵੇਗਾ ਦਾਖ਼ਲਾ**

ਅੰਮ੍ਰਿਤਸਰ, 6 ਅਕਤੂਬਰ (ਗੁਰਦਿਆਲ ਸਿੰਘ): ਪਾਕਿਸਤਾਨ ਵੱਲੋਂ ਕਰਤਾਰਪੁਰ ਲਾਂਘੇ ਦੇ ਰੱਖ-ਰਖਾਅ ਲਈ ਕਾਇਮ ਕੀਤੇ ਗਏ ਪ੍ਰੋਜੈਕਟ ਮੈਨੇਜਮੈਂਟ ਯੂਨਿਟ (ਪੀ.ਐਮ.ਯੂ.) ਵੱਲੋਂ ਜ਼ਿਲ੍ਹਾ ਨਾਰੋਵਾਲ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਪਾਕਿਸਤਾਨ ਦੇ ਵਿਜ਼ਟਰ ਦੇ ਦਾਖ਼ਲੇ ਨੂੰ ਲੈ ਕੇ ਕੁਝ ਬਦਲਾਅ ਕੀਤੇ ਗਏ ਹਨ, ਜਿਸ ਦੇ ਚੱਲਦਿਆਂ ਹੁਣ 18 ਸਾਲ ਜਾਂ ਇਸ ਤੋਂ ਵੱਧ ਦੀ ਉਮਰ ਵਾਲੇ ਨਾਗਰਿਕ ਅਸਲੀ ਸੀ.ਐਨ.ਆਈ. ਸੀ (ਕੰਪਿਊਟਰਾਈਜ਼ਡ ਨੈਸ਼ਨਲ ਸ਼ਨਾਖ਼ਤੀ ਕਾਰਡ) ਨਾਲ ਹੀ ਯਾਤਰਾ ਕਰ ਸਕਣਗੇ, ਜਦਕਿ ਇਸ ਤੋਂ ਛੋਟੀ ਉਮਰ ਵਾਲਿਆਂ ਲਈ ਬੀ-ਫਾਰਮ ਲੈ ਕੇ ਆਉਣਾ ਲਾਜ਼ਮੀ ਕੀਤਾ ਗਿਆ ਹੈ। ਪਾਕਿ ਦੇ ਹੋਰਨਾਂ ਸ਼ਹਿਰਾਂ ਰਾਹੀਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਪਹੁੰਚਣ ਵਾਲੇ ਵਿਦੇਸ਼ੀਆਂ ਲਈ ਆਪਣੇ ਕੋਲ ਪਾਸਪੋਰਟ ਰੱਖਣਾ ਜ਼ਰੂਰੀ ਹੋਵੇਗਾ।ਵਿਦੇਸ਼ ਤੋਂ ਪਹੁੰਚੇ ਹਿੰਦੂ ਸਿੱਖ ਯਾਤਰੂਆਂ ਤੋਂ ਇਲਾਵਾ ਬਾਕੀਆਂ ਪਾਸੋਂ 5 ਡਾਲਰ (ਲਗਭਗ 1500 ਪਾਕਿਸਤਾਨੀ ਰੁਪਏ) ਦਾਖਲਾ ਫ਼ੀਸ ਵਸੂਲੀ ਜਾਵੇਗੀ।ਪੀ.ਐਮ.ਯੂ. ਵੱਲੋਂ ਯਾਤਰਾ ਨਿਯਮਾਂ 'ਚ ਕੀਤੇ ਤਾਜ਼ਾ ਬਦਲਾਅ ਤੋਂ ਬਾਅਦ ਹੁਣ ਜ਼ਿਲ੍ਹਾ ਨਾਰੋਵਾਲ ਦੇ ਨਾਗਰਿਕਾਂ ਤੋਂ ਗੁਰਦੁਆਰਾ ਸਾਹਿਬ 'ਚ ਦਾਖ਼ਲੇ ਲਈ 200 ਰੁਪਏ, ਜਦਕਿ ਬਾਕੀ ਸ਼ਹਿਰਾਂ 'ਚ ਰਹਿੰਦੇ ਪਾਕਿਸਤਾਨੀਆਂ ਪਾਸੋਂ 400 ਪਾਕਿਸਤਾਨੀ ਰੁਪਏ ਵਸੂਲੇ ਜਾਣਗੇ। ਲਾਂਘੇ ਰਾਹੀਂ ਪਾਕਿ ਜਾਣ ਵਾਲੇ ਭਾਰਤੀ ਯਾਤਰੂਆਂ ਪਾਸੋਂ ਪਹਿਲਾਂ ਦੀ ਤਰ੍ਹਾਂ ਯਾਤਰਾ ਖ਼ਰਚ ਦੇ 20 ਡਾਲਰ ਹੀ ਵਸੂਲੇ ਜਾਣਗੇ ਤੇ ਇਸ ਫ਼ੀਸ 'ਚ ਭਾਰਤ ਤੇ ਪਾਕਿਸਤਾਨ ਦੇ ਅਧਿਕਾਰੀਆਂ ਵਿਚਾਲੇ 24 ਅਕਤੂਬਰ 2029 ਨੂੰ ਹੋਣ ਵਾਲੇ ਦੁਵੱਲੇ ਸਮਝੌਤੇ ਦੇ ਨਵੀਨੀਕਰਣ ਤੱਕ ਕਿਸੇ ਤਰ੍ਹਾਂ ਦਾ ਬਦਲਾਅ ਸੰਭਵ ਨਹੀਂ ਹੈ। ਨਵੇਂ ਯਾਤਰਾ ਨਿਯਮਾਂ/ਪ੍ਰਬੰਧਕ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਰਾਤ ਠਹਿਰਨ ਦੀ ਮਨਜ਼ੂਰੀ ਸਿਰਫ ਸਿੱਖਾਂ, ਹਿੰਦੂਆਂ ਤੇ ਗੁਰੂ ਨਾਨਕ ਨਾਮ ਲੇਵਾ ਸੰਗਤ ਨੂੰ ਦਿੱਤੀ ਗਈ ਹੈ।

# ਮਸਕਟ ਤੋਂ ਵਾਪਸ ਜਲੰਧਰ ਪਰਤੀ ਪੰਜਾਬਣ ਨੇ ਸੁਣਾਈ 'ਆਪ ਬੀਤੀ'

ਸੁਲਤਾਨਪੁਰ ਲੋਧੀ, 6 ਅਕਤੂਬਰ (ਚ.ਨ.ਸ): ਘਰ ਦੀ ਮਾੜੀ ਹਾਲਤ ਬਦਲਣ ਦੇ ਸੁਪਨੇ ਸਜਾ ਕੇ ਆਪਣੀ ਸਹੇਲੀ ਦੇ ਕਹਿਣ 'ਤੇ ਓਮਾਨ ਗਈ ਜਲੰਧਰ ਜ਼ਿਲ੍ਹੇ ਦੀ ਇੱਕ ਕੁੜੀ ਲਈ ਵਿਦੇਸ਼ ਜਾਣਾ ਜ਼ਿੰਦਗੀ ਦਾ ਸਭ ਤੋਂ ਵੱਡਾ ਦੁਖਦਾਈ ਅਨੁਭਵ ਸਾਬਤ ਹੋਇਆ।ਮਸਕਟ (ਓਮਾਨ) ਵਿਚੋਂ ਮੁਸ਼ਕਿਲ ਨਾਲ ਵਾਪਸ ਪਰਤੀ ਇਸ ਪੀੜਤ ਕੁੜੀ ਨੇ ਕਿਹਾ ਕਿ ਸੰਤ ਬਲਬੀਰ ਸਿੰਘ ਸੀਚੇਵਾਲ ਦੀ ਮਦਦ ਨਾਲ ਉਸ ਨੂੰ ਦੂਜਾ ਜਨਮ ਮਿਲਿਆ ਹੈ। ਪੀੜਤਾ ਨੇ ਦੱਸਿਆ ਕਿ ਉਹ 15 ਜੂਨ ਨੂੰ ਅੰਮ੍ਰਿਤਸਰ ਤੋਂ ਮੁੰਬਈ ਰਾਹੀਂ ਮਸਕਟ ਪਹੁੰਚੀ ਸੀ।ਉਥੇ ਪਹੁੰਚਦਿਆਂ ਹੀ ਉਸ ਨੂੰ ਅਹਿਸਾਸ ਹੋ ਗਿਆ ਕਿ ਉਹ ਕਿਸੇ ਜਾਲ 'ਚ ਫਸ ਗਈ ਹੈ। ਦਫ਼ਤਰ ਵਰਗੇ ਇੱਕ ਸਥਾਨ 'ਚ ਉਸ ਨੂੰ ਰੱਖਿਆ ਗਿਆ ਜਿੱਥੇ 10 ਤੋਂ ਵੱਧ ਹੋਰ ਭਾਰਤੀ ਕੁੜੀਆਂ ਵੀ ਕੈਦ ਵਰਗੇ ਹਾਲਤ ਵਿੱਚ ਸੀ।ਹਰ-ਰੋਜ਼ 12 ਘੰਟੇ ਤੱਕ ਬਿਨਾਂ ਰੁਕਾਵਟ ਕੰਮ ਕਰਵਾਇਆ ਜਾਂਦਾ ਤੇ ਥੋੜ੍ਹੀ ਜਿਹੀ ਗਲਤੀ 'ਤੇ ਬੇਰਹਿਮੀ ਨਾਲ ਕੁੱਟਮਾਰ ਕੀਤੀ ਜਾਂਦੀ ਸੀ।ਖਾਣ ਲਈ ਢੰਗ ਦਾ



ਭੋਜਨ ਵੀ ਨਹੀਂ ਮਿਲਦਾ ਸੀ।ਉਸ ਨੇ ਦੱਸਿਆ ਕਿ 1 ਮਹੀਨੇ ਤੱਕ ਸਿਰਫ ਉਸ ਨੂੰ ਪਾਣੀ ਪੀ ਕੇ ਗੁਜ਼ਾਰਾ ਕੀਤਾ ਸੀ।5 ਮਹੀਨੇ ਨਰਕ ਵਰਗੀ ਜ਼ਿੰਦਗੀ ਭੁਗਤਣ ਤੋਂ ਬਾਅਦ ਉਹ ਵਾਪਸ ਆਈ ਪੀੜਤਾ ਨੇ ਓਮਾਨ 'ਚ ਚੱਲ ਰਹੀ ਮਨੁੱਖੀ ਤਸਕਰੀ ਦੀ ਪੋਲ ਖੋਲ੍ਹੀ।ਉਸ ਨੇ ਦੱਸਿਆ ਕਿ ਲੜਕੀਆਂ ਨੂੰ ਪਹਿਲਾਂ ਵੱਡੇ ਸੁਪਨੇ ਦਿਖਾ ਕੇ ਉੱਥੇ ਬੁਲਾਇਆ ਜਾਂਦਾ ਹੈ, ਪਰ ਵੀਜ਼ਾ ਖ਼ਤਮ ਹੋਣ 'ਤੇ ਅਸਲੀਅਤ ਸਾਹਮਣੇ ਆਉਂਦੀ ਹੈ।ਏਜੰਟ ਉਨ੍ਹਾਂ ਨੂੰ ਜਬਰ ਨਾਲ ਗਲਤ ਕੰਮ ਲਈ ਮਜਬੂਰ ਕਰਦੇ ਹਨ ਜਾਂ ਹੋਰ ਲੜਕੀਆਂ ਲਿਆਉਣ ਦੀ ਸ਼ਰਤ ਰੱਖਦੇ ਹਨ ਜਾਂ ਫਿਰ ਲੱਖਾਂ ਵਿੱਚ ਪੈਸਿਆਂ ਦੀ ਮੰਗ ਕਰਦੇ ਹਨ।ਇਸ ਤਰ੍ਹਾਂ ਹੀ ਉਹ ਵੀ ਆਪਣੀ ਸਹੇਲੀ ਰਾਹੀਂ ਇਸ ਜਾਲ 'ਚ ਫਸ ਗਈ ਸੀ।ਉਸਨੇ ਦੱਸਿਆ ਕਿ ਕੁਝ ਕੁੜੀਆਂ ਤੋਂ ਗਲਤ ਕੰਮ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਸੀ ਤੇ ਇਨਕਾਰ ਕਰਨ 'ਤੇ ਉਨ੍ਹਾਂ ਨੂੰ ਬੇਹੱਦ ਤਸ਼ੱਦਦ ਦਾ ਸ਼ਿਕਾਰ ਬਣਾਇਆ ਜਾਂਦਾ ਸੀ।ਕਈ ਵਾਰ ਤਾਂ ਕੁੱਟਮਾਰ ਕਰਕੇ ਅੱਧਮੋਈ ਹਾਲਤ ਵਿੱਚ ਸੁੱਟ ਦਿੱਤਾ ਜਾਂਦਾ ਸੀ।ਉਸ ਦੀ ਮਾਤਾ ਵੱਲੋਂ ਬਲਬੀਰ ਸਿੰਘ ਸੀਚੇਵਾਲ ਨਾਲ ਸੰਪਰਕ ਕੀਤਾ ਗਿਆ, ਜਿਨ੍ਹਾਂ ਨੇ ਵਿਦੇਸ਼ ਮੰਤਰਾਲੇ ਨੂੰ ਪੱਤਰ ਲਿਖ ਕੇ ਇਸ ਮਾਮਲੇ ਨੂੰ ਉਥੇ ਪਹੁੰਚਾਇਆ।ਉਨ੍ਹਾਂ ਦੇ ਯਤਨਾਂ ਤੇ ਵਿਦੇਸ਼ ਮੰਤਰਾਲੇ ਨਾਲ ਓਮਾਨ ਵਿੱਚ ਭਾਰਤੀ ਦੂਤਘਰ ਦੇ ਸਹਿਯੋਗ ਨਾਲ ਉਹ ਸੁਰੱਖਿਅਤ ਵਾਪਸ ਆ ਸਕੀ।

# ਨੂਹ ਤੋਂ 26 ਸਾਲਾ ਨੌਜਵਾਨ ਨੂੰ ਡਿਜੀਟਲ ਜ਼ਬਰਦਸਤੀ ਲਈ ਗ੍ਰਿਫ਼ਤਾਰ ਕੀਤਾ

ਨਵੀਂ ਦਿੱਲੀ, 6 ਅਕਤੂਬਰ (ਚ.ਨ.ਸ): ਇੱਕ 26 ਸਾਲਾ ਵਿਅਕਤੀ ਨੂੰ ਐਤਵਾਰ ਨੂੰ ਇੱਕ ਔਰਤ ਤੋਂ ਬਾਅਦ ਵਿੱਚ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਵਜੋਂ ਪੇਸ਼ ਕਰਕੇ ਲੋਕਾਂ ਨਾਲ ਧੋਖਾਧੜੀ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ।ਪੁਲਿਸ ਨੇ ਕਿਹਾ ਕਿ ਇਹ ਵਿਅਕਤੀ ਪਹਿਲਾਂ ਸੋਸ਼ਲ ਮੀਡੀਆ 'ਤੇ ਅਮੀਰ ਆਦਮੀਆਂ ਨੂੰ ਨਿਸ਼ਾਨਾ ਬਣਾਉਂਦਾ ਸੀ, ਉਨ੍ਹਾਂ ਨੂੰ ਵੀਡੀਓ ਕਾਲਾਂ ਵਿੱਚ ਲੁਭਾਉਂਦਾ ਸੀ, ਤੇ ਬਾਅਦ ਵਿੱਚ ਉਨ੍ਹਾਂ ਨੂੰ ਪੈਸੇ ਵਸੂਲਣ ਲਈ ਅਧਿਕਾਰੀ ਵਜੋਂ ਬੁਲਾਉਂਦਾ ਸੀ।ਪੁਲਿਸ ਨੇ ਕਿਹਾ ਕਿ ਦੋਸ਼ੀ ਮੁਹੰਮਦ ਨਸੀਮ ਨੂੰ ਅਜਿਹੇ ਚਾਰ ਮਾਮਲਿਆਂ ਵਿੱਚ ਨਾਮਜ਼ਦ ਕੀਤਾ ਗਿਆ ਹੈ।ਇਹ ਮਾਮਲਾ ਇਸ ਸਾਲ ਜੂਨ ਵਿੱਚ ਉਦੋਂ ਸਾਹਮਣੇ ਆਇਆ ਜਦੋਂ ਨਰੇਲਾ ਦੇ ਇੱਕ ਵਪਾਰੀ ਨੇ ਪੁਲਿਸ ਨੂੰ ਸ਼ਿਕਾਇਤ ਕੀਤੀ ਕਿ ਉਸ ਨਾਲ 40,000 ਦੀ ਠੱਗੀ ਮਾਰੀ ਗਈ ਹੈ। ਸ਼ਿਕਾਇਤ ਦੇ ਅਨੁਸਾਰ ਆਦਮੀ ਨੇ ਕਿਹਾ ਕਿ ਉਸਨੂੰ ਸੋਸ਼ਲ ਮੀਡੀਆ 'ਤੇ ਇੱਕ ਅਣਜਾਣ ਔਰਤ ਦੀ ਦੋਸਤੀ ਦੀ ਬੇਨਤੀ ਮਿਲੀ, ਜਿੱਥੇ ਉਸਨੇ ਉਸ ਨਾਲ ਸੁਨੇਹੇ ਦੇ ਨਾਲ-ਨਾਲ ਵੀਡੀਓ ਕਾਲ 'ਤੇ ਗੱਲ ਕੀਤੀ।ਕਾਲ ਕਰਨ ਵਾਲੀ ਇੱਕ ਔਰਤ ਸੀ। ਕੁਝ ਸਮੇਂ ਬਾਅਦ ਕਾਲ ਕੱਟ ਦਿੱਤੀ ਗਈ। ਡਰ ਦੇ ਮਾਰੇ ਕਾਰੋਬਾਰੀ ਨੇ ਪੈਸੇ ਦਾ ਭੁਗਤਾਨ ਕੀਤਾ ਤੇ ਬਾਅਦ ਵਿੱਚ ਅਹਿਸਾਸ ਹੋਇਆ ਕਿ ਉਸਨੂੰ ਧੋਖਾ ਦਿੱਤਾ ਗਿਆ ਹੈ। ਬੈਂਕ ਖਾਤਿਆਂ ਵਿੱਚ ਦਰਜ ਮੋਬਾਈਲ ਨੰਬਰਾਂ ਤੇ ਮੋਬਾਈਲ ਨੰਬਰਾਂ ਦੇ ਕਾਲ ਵੇਰਵੇ ਪ੍ਰਾਪਤ ਕੀਤੇ ਗਏ ਤੇ ਪੈਸੇ ਦਾ ਪਤਾ ਲਗਾਇਆ ਗਿਆ। ਤਕਨੀਕੀ ਨਿਗਰਾਨੀ ਦੇ ਆਧਾਰ 'ਤੇ, ਹਰਿਆਣਾ ਦੇ ਨੂਹ ਦੇ ਇੱਕ ਪਿੰਡ ਵਿੱਚ ਛਾਪਾ ਮਾਰਿਆ ਗਿਆ ਤੇ ਦੋਸ਼ੀ ਨੂੰ ਐਤਵਾਰ ਨੂੰ ਗ੍ਰਿਫ਼ਤਾਰ ਕੀਤਾ ਗਿਆ।

# ਬਾਰਿਸ਼ ਤੇ ਬਰਫ਼ਬਾਰੀ ਮਗਰੋਂ ਹੋਵੇਗੀ ਗੁਲਾਬੀ ਠੰਡ ਦੀ ਸ਼ੁਰੂਆਤ

**☛ਅੱਜ ਤੋਂ ਤਾਪਮਾਨ 'ਚ ਆਵੇਗੀ ਗਿਰਾਵਟ**

ਨਵੀਂ ਦਿੱਲੀ, 6 ਅਕਤੂਬਰ (ਚ.ਨ.ਸ): ਉਤਰੀ ਭਾਰਤ ਵਿੱਚ ਮੌਨਸੂਨ



ਦੀ ਵਿਦਾਈ ਦੇ ਨਾਲ ਹੀ ਮੌਸਮ ਕਰਵਟ ਲੈਣ ਵਾਲਾ ਹੈ।ਐਨਸੀਆਰ, ਪੰਜਾਬ, ਹਰਿਆਣਾ, ਹਿਮਾਚਲ ਤੇ ਉਤਰਾਖੰਡ ਸਣੇ ਮੈਦਾਨੀ ਇਲਾਕਿਆਂ ਵਿੱਚ ਤਿੰਨ-ਚਾਰ ਦਿਨਾਂ ਅੰਦਰ ਗਰਮੀ ਤੇ ਹੁੰਮਸ ਤੋਂ ਰਾਹਤ ਮਿਲਣ ਦੀ ਉਮੀਦ ਹੈ ਕਿਉਂਕਿ ਪੱਛਮੀ ਗੜਬੜੀ ਦੇ ਪ੍ਰਭਾਵ ਨਾਲ ਕਈ ਇਲਾਕਿਆਂ ਵਿੱਚ ਤੇਜ਼ ਹਵਾ ਨਾਲ ਬਾਰਿਸ਼ ਦਾ ਦੌਰ ਸ਼ੁਰੂ ਹੋ ਚੁੱਕਾ ਹੈ।ਮੌਸਮ ਵਿਭਾਗ (ਆਈਐਮਡੀ) ਦਾ ਅਨੁਮਾਨ ਹੈ ਕਿ ਉਤਰੀ ਭਾਰਤ ਦੇ ਮੌਸਮ ਵਿੱਚ ਕਾਫ਼ੀ ਬਦਲਾਅ ਦੇਖਣ ਨੂੰ ਮਿਲੇਗਾ ਤੇ ਅੱਠ ਅਕਤੂਬਰ ਤੋਂ ਤਾਪਮਾਨ ਵਿੱਚ 4 ਤੋਂ 5 ਡਿਗਰੀ ਸੈਲਸੀਅਸ ਦੀ ਗਿਰਾਵਟ ਦਰਜ ਕੀਤੀ ਜਾ ਸਕਦੀ ਹੈ।

# ਭਾਰੀ ਮੀਂਹ ਕਾਰਨ ਝੋਨੇ ਦੀ ਕਟਾਈ 'ਚ ਹੋ ਸਕਦੀ ਹੈ ਦੇਰੀ, ਕਿਸਾਨਾਂ 'ਚ ਚਿੰਤਾ

ਬਠਿੰਡਾ, 6 ਅਕਤੂਬਰ (ਚ.ਨ.ਸ): ਪੰਜਾਬ ਵਿੱਚ ਪਿਛਲੇ ਦਿਨਾਂ ਵਿੱਚ ਹੋਈ ਭਾਰੀ ਬਾਰਿਸ਼ ਨੇ ਝੋਨੇ ਤੇ ਨਰਮੇ ਦੀ ਫ਼ਸਲ ਦੀ ਕਟਾਈ ਵਿੱਚ ਰੁਕਾਵਟ ਪਾ ਦਿੱਤੀ ਹੈ।ਇਸ ਨਾਲ ਕਿਸਾਨਾਂ ਵਿੱਚ ਚਿੰਤਾ ਵੱਧ ਗਈ ਹੈ, ਕਿਉਂਕਿ ਫ਼ਸਲ ਵਿੱਚ ਨਮੀ ਦੀ ਮਾਤਰਾ ਵੱਧ ਰਹੀ ਹੈ।ਬਠਿੰਡਾ ਵਿੱਚ ਮੰਗਲਵਾਰ ਸਵੇਰ ਤੱਕ ਭਾਰੀ ਤੋਂ ਬਹੁਤ ਭਾਰੀ ਮੀਂਹ ਪੈਣ ਦੀ ਭਵਿੱਖਬਾਣੀ ਕੀਤੀ ਗਈ ਹੈ। ਐਤਵਾਰ ਸਵੇਰ ਤੱਕ 24 ਘੰਟਿਆਂ ਵਿੱਚ ਪੰਜਾਬ ਵਿੱਚ ਆਮ ਨਾਲੋਂ 743% ਵੱਧ ਮੀਂਹ ਦਰਜ ਕੀਤਾ ਗਿਆ। ਇਸ ਦੌਰਾਨ ਆਮ 0.6 ਮਿਲੀਮੀਟਰ ਦੇ ਮੁਕਾਬਲੇ 5.1 ਮਿਲੀਮੀਟਰ ਬਾਰਿਸ਼ ਹੋਈ।

**ਕਟਾਈ ਵਿੱਚ ਦੇਰੀ:** ਕਿਸਾਨਾਂ ਦਾ ਕਹਿਣਾ ਹੈ ਕਿ ਹੁਣ ਉਨ੍ਹਾਂ ਨੂੰ ਫ਼ਸਲ ਨੂੰ ਸੁੱਕਣ ਲਈ ਉਡੀਕ ਕਰਨੀ ਪਵੇਗੀ ਤੇ ਝੋਨੇ ਵਿੱਚ ਨਮੀ ਦੀ ਮਾਤਰਾ ਨੂੰ 17% ਤੱਕ ਘੱਟ ਕਰਨ ਲਈ ਇੰਤਜ਼ਾਰ ਕਰਨਾ ਪਵੇਗਾ।ਕਿਸਾਨ ਕੁਲਵਿੰਦਰ ਸਿੰਘ ਤੇ ਹਰਜਿੰਦਰ ਸਿੰਘ ਨੇ ਦੱਸਿਆ ਕਿ ਜਲਦੀ ਬੀਜੀ ਗਈ ਫ਼ਸਲ ਕਟਾਈ ਲਈ ਤਿਆਰ ਹੈ, ਪਰ ਮੀਂਹ ਕਾਰਨ ਕਟਾਈ ਦਾ ਕੰਮ ਦੇਰੀ ਨਾਲ ਸ਼ੁਰੂ ਹੋਵੇਗਾ।ਮਾਹਿਰਾਂ ਅਨੁਸਾਰ ਇਸ ਸਮੇਂ ਭਾਰੀ ਮੀਂਹ ਅਸਧਾਰਨ ਹੈ ਤੇ ਕਟਾਈ ਦੇ ਸੀਜ਼ਨ ਨੂੰ ਪ੍ਰਭਾਵਿਤ ਕਰੇਗਾ।ਜੇਕਰ ਫ਼ਸਲ ਤੇਜ਼ ਹਵਾਵਾਂ ਜਾਂ ਗੜ੍ਹੇਮਾਰੀ ਨਾਲ ਪ੍ਰਭਾਵਿਤ ਹੁੰਦੀ ਹੈ ਤਾਂ ਇਹ ਪ੍ਰਕਿਰਿਆ ਨੂੰ ਹੋਰ ਵੀ ਲਮਕਾ ਸਕਦੀ ਹੈ।

**ਪਰਾਲੀ ਸਾੜਨ ਦੀਆਂ ਘਟਨਾਵਾਂ ਵਿੱਚ ਕਮੀ:** ਇਸ ਦੌਰਾਨ ਪੰਜਾਬ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਦੀ ਗਿਣਤੀ ਸਿਰਫ 95 'ਤੇ ਸਥਿਰ ਰਹੀ, ਜੋ ਪਿਛਲੇ ਸਾਲ ਦੀ ਇਸੇ ਮਿਆਦ ਵਿੱਚ 150 ਤੋਂ ਘੱਟ ਹੈ। ਹਾਲਾਂਕਿ, ਨਾਸਾ ਦੇ ਫਰਮਜ਼ ਅੰਕੜਿਆਂ ਨੂੰ ਰੀਅਲ-ਟਾਈਮ ਵਿੱਚ ਰਿਕਾਰਡ ਕਰਨ ਲਈ ਵਰਤੀ ਜਾਂਦੀ ਵੈੱਬਸਾਈਟ ਪਿਛਲੇ ਛੇ ਦਿਨਾਂ ਤੋਂ ਡਾਊਨ ਹੈ।ਪਿਛਲੇ ਸਾਲ ਪਰਾਲੀ ਸਾੜਨ ਦੀਆਂ 223 ਘਟਨਾਵਾਂ ਦਰਜ ਕੀਤੀਆਂ ਗਈਆਂ ਸਨ।ਸਰਕਾਰ ਨੇ 2.10 ਲੱਖ ਰੁਪਏ ਦਾ ਵਾਤਾਵਰਨ ਜੁਰਮਾਨਾ ਲਗਾਇਆ ਸੀ, ਜਿਸ ਵਿੱਚੋਂ 2.55 ਲੱਖ ਰੁਪਏ ਵਸੂਲੇ ਜਾ ਚੁੱਕੇ ਹਨ।

# ਸਾਬਕਾ ਸਰਪੰਚ ਦੇ ਕਤਲ 'ਤੇ ਭੜਕੀ ਸਿਆਸਤ

**☛ਚੰਨੀ, ਮੂਸੇਵਾਲਾ ਦੇ ਪਿਤਾ ਸਮੇਤ ਕਈ ਆਗੂਆਂ ਨੇ ਬਰਨਾਲਾ 'ਚ ਦਿੱਤਾ ਧਰਨਾ**

ਬਠਿੰਡਾ, 6 ਅਕਤੂਬਰ (ਚ.ਨ.ਸ): ਸਾਬਕਾ ਸਰਪੰਚ ਮਲਕੀਤ ਕੌਰ ਦੀ ਨੂੰਹ, ਸੁਖਵਿੰਦਰ ਕੌਰ ਕਲਕੱਤਾ ਦੇ ਕਤਲ ਦੀ ਘਟਨਾ ਦੀ ਵਿਆਪਕ ਨਿੰਦਾ ਹੋ ਰਹੀ ਹੈ, ਜਿਸ ਨੂੰ ਕਈ ਲੋਕ ਸਿਆਸੀ ਕਤਲ ਕਰਾਰ ਦੇ ਰਹੇ ਹਨ।ਸੁਖਵਿੰਦਰ ਕੌਰ ਦਾ ਕਤਲ ਸ਼ਨੀਵਾਰ ਨੂੰ ਬਰਨਾਲਾ ਦੇ ਸੇਹਨਾ ਪਿੰਡ ਦੇ ਮੁੱਖ ਬਾਜ਼ਾਰ ਵਿੱਚ ਹੋਇਆ ਸੀ। ਐਤਵਾਰ ਨੂੰ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਨੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਸੰਸਦ ਮੈਂਬਰ ਕੁਲਦੀਪ ਸਿੰਘ ਢਿੱਲੋਂ, ਸਾਬਕਾ ਮੰਤਰੀ ਵਿਜੇ ਇੰਦਰ ਸਿੰਗਲਾ, ਸਾਬਕਾ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ, ਸਵਰਗੀ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਮੇਤ ਕਈ ਸਿਆਸੀ ਤੇ ਸਮਾਜਿਕ ਕਾਰਕੁੰਨਾਂ ਨਾਲ ਮਿਲ ਕੇ ਧਰਨਾ ਦਿੱਤਾ।'ਆਪ' ਸਰਕਾਰ ਦੀ ਆਲੋਚਨਾ: ਧਰਨੇ ਦੌਰਾਨ ਆਗੂਆਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਸੂਬੇ ਵਿੱਚ ਸੁਰੱਖਿਅਤ ਮਾਹੌਲ ਬਣਾਉਣ ਵਿੱਚ ਅਸਫ਼ਲ ਰਹਿਣ ਦਾ ਦੋਸ਼ ਲਗਾਇਆ।ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਸੁਖਵਿੰਦਰ ਸਿੰਘ 'ਆਪ' ਸਰਕਾਰ ਦੇ ਸਖ਼ਤ ਆਲੋਚਕ ਸਨ, ਜਿਸ ਨੂੰ ਉਹ ਕਤਲ ਦਾ ਕਾਰਨ ਦੱਸ ਰਹੇ ਹਨ। 3 ਗ੍ਰਿਫ਼ਤਾਰ: ਪੈਸੇ ਦਾ ਵਿਵਾਦ ਕਾਰਨ ਹੋਇਆ ਜੁਰਮ: ਪਟਿਆਲਾ ਰੇਂਜ ਦੇ ਡੀ.ਆਈ.ਜੀ. ਕੁਲਦੀਪ ਸਿੰਘ ਚਾਹਲ ਤੇ ਐਸ.ਐਸ.ਪੀ. ਬਰਨਾਲਾ ਸਰਫਰਾਜ਼ ਆਲਮ ਨੇ ਮੀਡੀਆ ਨੂੰ ਦੱਸਿਆ ਕਿ ਸੁਖਵਿੰਦਰ ਕੌਰ ਦੇ ਕਤਲ ਦੇ ਸਬੰਧ ਵਿੱਚ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।ਦੋਸ਼ੀਆਂ ਦੀ ਪਛਾਣ ਹਰਜਿੰਦਰ ਸਿੰਘ, ਜਿੰਦਰ, ਗੁਰਦੀਪ ਸਿੰਘ ਤੇ ਜਗਵਿੰਦਰ ਸਿੰਘ ਵਜੋਂ ਹੋਈ ਹੈ।ਪੁਲਿਸ ਅਨੁਸਾਰ ਗੁਰਦੀਪ ਸਿੰਘ ਦੀ ਪਤਨੀ ਨੇ 2018 ਵਿੱਚ ਸਾਬਕਾ ਸਰਪੰਚ ਮਲਕੀਤ ਕੌਰ (ਸੁਖਵਿੰਦਰ ਕੌਰ ਦੀ ਸੱਸ) ਦੇ ਵਿਰੁੱਧ ਸਰਪੰਚੀ ਦੀ ਚੋਣ ਲੜੀ ਸੀ।ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਸੁਖਵਿੰਦਰ ਸਿੰਘ ਦਾ ਜਿੰਦਰ ਨਾਲ ਪੈਸੇ ਦਾ ਵਿਵਾਦ ਸੀ, ਜੋ ਕਿ ਇਸ ਜੁਰਮ ਦਾ ਕਾਰਨ ਹੋ ਸਕਦਾ ਹੈ।

# ਐਮਬੀਬੀਐਸ ਵਿਦਿਆਰਥਣ ਨਾਲ ਬਲਾਤਕਾਰ, ਇੱਕ ਮਹੀਨੇ ਤੱਕ ਬਲੈਕਮੇਲ ਕੀਤਾ, ਦੋਸ਼ੀ ਫਰਾਰ

ਨਵੀਂ ਦਿੱਲੀ, 6 ਅਕਤੂਬਰ (ਚ.ਨ.ਸ): ਪੁਲਿਸ ਨੇ ਐਤਵਾਰ ਨੂੰ ਕਿਹਾ ਕਿ 18 ਸਾਲਾ ਐਮਬੀਬੀਐਸ ਪਹਿਲੇ ਸਾਲ ਦੀ ਇੱਕ ਵਿਦਿਆਰਥਣ ਨੇ ਦੋਸ਼ ਲਗਾਇਆ ਹੈ ਕਿ ਉਤਰ-ਪੱਛਮੀ ਦਿੱਲੀ ਦੇ ਆਦਰਸ਼ ਨਗਰ ਖੇਤਰ ਦੇ ਇੱਕ ਹੋਟਲ ਵਿੱਚ ਇੱਕ 20 ਸਾਲਾ ਵਿਅਕਤੀ ਦੁਆਰਾ ਉਸ ਨਾਲ ਵਾਰ-ਵਾਰ ਬਲਾਤਕਾਰ ਕੀਤਾ ਗਿਆ ਤੇ ਉਸਦੇ ਦੋ ਦੋਸਤਾਂ ਨੇ ਉਸ ਦਾ ਜਿਨਸੀ ਸ਼ੋਸ਼ਣ ਕੀਤਾ, ਇਹ ਵੀ ਕਿਹਾ ਕਿ ਦੋਸ਼ੀ ਨੇ ਹਮਲੇ ਦੀ ਵੀਡੀਓ ਬਣਾਈ ਤੇ ਲਗਭਗ ਇੱਕ ਮਹੀਨੇ ਤੱਕ ਉਸਨੂੰ ਹੋਰ ਜਿਨਸੀ ਸਬੰਧਾਂ ਲਈ ਬਲੈਕਮੇਲ ਕੀਤਾ।ਡਿਪਟੀ ਕਮਿਸ਼ਨਰ ਆਫ਼ ਪੁਲਿਸ (ਉਤਰ ਪੱਛਮ) ਭੀਸ਼ਮ ਸਿੰਘ ਨੇ ਕਿਹਾ ਕਿ ਪੁਲਿਸ ਨੇ ਸ਼ੁੱਕਰਵਾਰ ਨੂੰ ਇੱਕ ਮਾਮਲਾ ਦਰਜ ਕੀਤਾ ਹੈ ਤੇ ਸ਼ੱਕੀਆਂ ਦੀ ਭਾਲ ਕਰ ਰਹੀ ਹੈ, ਜੋ ਸਾਰੇ ਇਸ ਸਮੇਂ ਫਰਾਰ ਹਨ।ਮਾਮਲੇ ਦੇ ਵੇਰਵਿਆਂ ਤੋਂ ਜਾਣੂੰ ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਪੀੜਤਾ, ਜੋ ਕਿ ਮੂਲ ਰੂਪ ਵਿੱਚ ਹਰਿਆਣਾ ਦੇ ਜੀਂਦ ਦੀ ਰਹਿਣ ਵਾਲੀ ਹੈ ਤੇ ਇਸ ਸਮੇਂ ਦਿੱਲੀ ਦੇ ਇੱਕ ਹੋਸਟਲ ਵਿੱਚ ਰਹਿ ਰਹੀ ਹੈ, ਨੇ ਵੀਰਵਾਰ ਨੂੰ ਅਧਿਕਾਰੀਆਂ ਨਾਲ ਸੰਪਰਕ ਕੀਤਾ। ਉਸਨੇ ਆਪਣੀ ਸ਼ਿਕਾਇਤ ਵਿੱਚ ਕਿਹਾ ਕਿ ਦੋਸ਼ੀ, ਜੋ ਕਿ ਜੀਂਦ ਦਾ ਰਹਿਣ ਵਾਲਾ ਹੈ ਤੇ ਉਤਰੀ ਦਿੱਲੀ ਵਿੱਚ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰ ਰਿਹਾ ਸੀ, ਨੇ ਉਸਨੂੰ 9 ਸਤੰਬਰ ਨੂੰ ਦੋ ਦੋਸਤਾਂ ਨਾਲ ਇੱਕ ਹੋਟਲ ਰੂਮ ਪਾਰਟੀ ਵਿੱਚ ਸੱਦਾ ਦਿੱਤਾ ਸੀ।ਮਾਮਲੇ ਦੇ ਵੇਰਵਿਆਂ ਤੋਂ ਜਾਣੂ ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਕਿਹਾ ਕਿ ਔਰਤ ਨੇ ਦੋਸ਼ ਲਗਾਇਆ ਕਿ ਸਮੂਹ ਨੇ ਹੋਟਲ ਵਿੱਚ ਉਸਦੀ ਸ਼ਰਾਬ ਵਿੱਚ ਸਪਾਈਕ ਕੀਤਾ। ਜਦੋਂ ਉਹ ਅਸਮਰੱਥ ਹੋ ਗਈ ਤਾਂ ਮੁੱਖ ਦੋਸ਼ੀ ਨੇ ਉਸ ਨਾਲ ਬਲਾਤਕਾਰ ਕੀਤਾ ਤੇ ਉਸਦੇ ਦੋ ਦੋਸਤਾਂ ਨੇ ਉਸ ਨਾਲ ਜਿਨਸੀ ਸ਼ੋਸ਼ਣ ਕੀਤਾ।ਜਦੋਂ ਪੀੜਤਾ ਨੇ ਅਪਰਾਧ ਦੀ ਰਿਪੋਰਟ ਕਰਨ ਦੀ ਧਮਕੀ ਦਿੱਤੀ ਤਾਂ ਸ਼ੱਕੀ ਨੇ ਕਥਿਤ ਤੌਰ 'ਤੇ ਉਸ ਨੂੰ ਬਲੈਕਮੇਲ ਕਰਨ ਲਈ ਵੀਡੀਓ ਦੀ ਵਰਤੋਂ ਕੀਤੀ। ਉਸਨੇ ਸਾਨੂੰ ਦੱਸਿਆ ਕਿ ਸਤੰਬਰ ਦੀ ਘਟਨਾ ਤੋਂ ਬਾਅਦ ਉਸਨੇ ਸਤੰਬਰ ਦੌਰਾਨ ਉਸ ਨੂੰ ਕਈ ਵਾਰ ਹਮਲਿਆਂ ਵਿੱਚ ਬਲੈਕਮੇਲ ਕਰਨ ਲਈ ਵੀਡੀਓ ਦੀ ਵਰਤੋਂ ਕੀਤੀ, ਜੇਕਰ ਉਸਨੇ ਇਨਕਾਰ ਕੀਤਾ ਤਾਂ ਫੁਟੇਜ ਸੋਸ਼ਲ ਮੀਡੀਆ 'ਤੇ ਸਾਂਝੀ ਕਰਨ ਦੀ ਧਮਕੀ ਦਿੱਤੀ।

# ਰਮਨ ਬਹਿਲ ਨੇ ਪਿੰਡ ਗੋਹਤ ਪੋਖਰ ਵਿਖੇ ਨਵੇਂ ਬਣਨ ਵਾਲੇ ਹੈਲਥ ਐਂਡ ਵੈਲਨੈਸ ਸੈਂਟਰ ਤੇ ਪੰਚਾਇਤ ਘਰ ਦਾ ਨੀਂਹ ਪੱਥਰ ਰੱਖਿਆ



ਕਾਹਨੂੰਵਾਨ, 6 ਅਕਤੂਬਰ (ਕੁਲਜੀਤ ਸਿੰਘ ਖੋਖਰ): ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਹਲਕਾ ਗੁਰਦਾਸਪੁਰ ਦੇ ਵਿਧਾਇਕ ਰਮਨ ਬਹਿਲ ਵੱਲੋਂ ਬੀਤੀ ਸ਼ਾਮ ਹਲਕੇ ਦੇ ਪਿੰਡ ਗੋਹਤ ਪੋਖਰ ਵਿਖੇ ਨਵੇਂ ਬਣਨ ਵਾਲੇ ਹੈਲਥ ਐਂਡ ਵੈਲਨੈਸ ਸੈਂਟਰ ਤੇ ਪੰਚਾਇਤ ਘਰ ਦਾ ਨੀਂਹ ਪੱਥਰ ਰੱਖਿਆ ਗਿਆ। ਪੰਜਾਬ ਸਰਕਾਰ ਵੱਲੋਂ ਇਸ ਹੈਲਥ ਐਂਡ ਵੈਲਨੈਸ ਸੈਂਟਰ ਉੱਪਰ 35 ਲੱਖ ਰੁਪਏ ਤੇ ਪੰਚਾਇਤ ਘਰ ਉਪਰ 25 ਲੱਖ ਰੁਪਏ ਖਰਚ ਕੀਤੇ ਜਾਣਗੇ। ਇਸ ਮੌਕੇ ਪਿੰਡ ਵਿੱਚ ਇੱਕ ਭਰਵੇਂ ਜਨਤਕ ਇਕੱਠ ਨੂੰ ਸੰਬੋਧਨ ਕਰਦਿਆਂ ਰਮਨ ਬਹਿਲ ਨੇ ਕਿਹਾ ਕਿ ਅੱਜ ਦਾ ਦਿਨ ਪਿੰਡ ਗੋਹਤ ਪੋਖਰ ਦੇ ਵਾਸੀਆਂ ਲਈ ਬੜਾ ਸੁਭਾਗਾ ਦਿਨ ਹੈ ਕਿਉਂਕਿ ਅੱਜ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਦੇ ਪਿੰਡ ਵਿੱਚ ਨਵਾਂ ਹੈਲਥ ਐਂਡ ਵੈਲਨੈਸ ਸੈਂਟਰ ਤੇ ਪੰਚਾਇਤ ਘਰ ਬਣਾਉਣ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਹੈਲਥ ਐਂਡ ਵੈਲਨੈਸ ਸੈਂਟਰ ਬਣਨ ਨਾਲ ਪਿੰਡ ਵਾਸੀਆਂ ਨੂੰ ਮਿਆਰੀ ਸਿਹਤ ਸੇਵਾਵਾਂ ਮਿਲਣਗੀਆਂ।ਉਨ੍ਹਾਂ ਕਿਹਾ ਕਿ ਇਸ ਪਿੰਡ ਵਿੱਚ ਪੰਚਾਇਤ ਘਰ ਦੀ ਵੀ ਵੱਡੀ ਘਾਟ ਸੀ ਜਿਸ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੂਰਾ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਪੰਚਾਇਤ ਘਰ ਬਣਨ ਨਾਲ ਪਿੰਡ ਦੀ ਪੰਚਾਇਤ ਇੱਥੇ ਬੈਠ ਕੇ ਪਿੰਡ ਦੇ ਵਿਕਾਸ ਸਬੰਧੀ ਵਿਚਾਰ-ਵਟਾਂਦਰਾ ਕਰਿਆ ਕਰੇਗੀ ਦੇ ਨਾਲ ਹੀ ਇਹ ਪੰਚਾਇਤ ਘਰ ਕਾਮਨ ਸਰਵਿਸ ਸੈਂਟਰ ਵਜੋਂ ਵੀ ਆਪਣੀਆਂ ਸੇਵਾਵਾਂ ਦੇਵੇਗਾ।ਰਮਨ ਬਹਿਲ ਨੇ ਕਿਹਾ ਕਿ ਉਨ੍ਹਾਂ ਵੱਲੋਂ ਇਹ ਕੋਸ਼ਿਸ਼ ਲਗਾਤਾਰ ਜਾਰੀ ਹੈ ਕਿ ਵਿਧਾਨ ਸਭਾ ਹਲਕਾ ਗੁਰਦਾਸਪੁਰ ਵਿਕਾਸ ਪੱਖੋਂ ਕਿਸੇ ਵੀ ਸੂਰਤ ਵਿੱਚ ਪਿੱਛੇ ਨਾ ਰਹੇ।ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਵਿਕਾਸ ਕਾਰਜਾਂ ਦੀ ਗਤੀ ਨੂੰ ਹੋਰ ਵੀ ਤੇਜ਼ ਕੀਤਾ ਜਾਵੇਗਾ ਤਾਂ ਜੋ ਹਲਕੇ ਦਾ ਸਰਬਪੱਖੀ ਵਿਕਾਸ ਯਕੀਨੀ ਬਣਾਇਆ ਜਾ ਸਕੇ।ਇਸ ਮੌਕੇ ਪਿੰਡ ਵਾਸੀਆਂ ਨੇ ਨਵਾਂ ਪੰਚਾਇਤ ਘਰ ਤੇ ਹੈਲਥ ਐਂਡ ਵੈਲਨੈਸ ਸੈਂਟਰ ਬਣਾਉਣ ਲਈ ਸਰਕਾਰ ਦਾ ਧੰਨਵਾਦ ਕੀਤਾ।

# ਰਾਹਤ ਫਾਊਂਡੇਸ਼ਨ ਨੇ ਅੰਤਰਰਾਸ਼ਟਰੀ ਅਧਿਆਪਕ ਸਨਮਾਨ ਸਮਾਰੋਹ ਮਨਾਇਆ



ਕਾਦੀਆਂ, 6 ਅਕਤੂਬਰ (ਸਲਾਮ ਤਾਰੀ/ਸਿਕੰਦਰ ਸੰਧੂ): ਰਾਹਤ ਫਾਊਂਡੇਸ਼ਨ ਕਾਦੀਆਂ ਵੱਲੋਂ ਨੈਸ਼ਨਲ ਕਾਲਜ ਕਾਦੀਆਂ ਦੇ ਆਡੀਟੋਰੀਅਮ ਵਿੱਚ ਅੰਤਰਰਾਸ਼ਟਰੀ ਅਧਿਆਪਕ ਦਿਵਸ ਤੇ ਸਨਮਾਨ ਸਮਾਰੋਹ ਪ੍ਰਧਾਨ ਰਾਮ ਲਾਲ ਦੀ ਪ੍ਰਧਾਨਗੀ ਹੇਠ ਸਰਪ੍ਰਸਤ ਜਗਦੇਵ ਸਿੰਘ ਬਾਜਵਾ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਮਨਾਇਆ ਗਿਆ।ਇਸ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਡੀਐਸਪੀ ਕਸਤੂਰੀ ਲਾਲ ਸਲੋਤਰਾ, ਸਾਬਕਾ ਜ਼ਿਲ੍ਹਾ ਸਿੱਖਿਆ ਅਫਸਰ ਅਮਰਜੀਤ ਸਿੰਘ ਭਾਟੀਆ, ਸਾਬਕਾ ਉਪ ਜ਼ਿਲ੍ਹਾ ਸਿੱਖਿਆ ਅਫਸਰ ਲਖਵਿੰਦਰ ਸਿੰਘ, ਪ੍ਰੋ. ਵੀ.ਕੇ. ਗੁਪਤਾ, ਮਾਸਟਰ ਗੁਰਬਖਸ਼ ਸਿੰਘ ਬਾਜਵਾ, ਸਾਬਕਾ ਪ੍ਰਿੰਸੀਪਲ ਕੁਲਵੰਤ ਸਿੰਘ ਹਾਜ਼ਰ ਹੋਏ।ਇਸ ਵਿੱਚ ਵਿਦਿਅਕ ਖੇਤਰ ਵਿੱਚ ਵਧੀਆ ਕਾਰਜਕਾਰੀ ਵਾਲੇ ਅਧਿਆਪਕਾਂ, ਸੀਨੀਅਰ ਅਧਿਆਪਕਾਂ ਤੇ ਵੱਖ-ਵੱਖ ਖੇਤਰਾਂ ਵਿੱਚ ਵਧੀਆ ਕਾਰਗੁਜ਼ਾਰੀ ਲਈ ਸਿੱਖਿਆ ਸ਼ਾਸਤਰੀਆਂ ਨੂੰ ਸੰਸਥਾ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਲੈਕਚਰਾਰ ਕੇਵਲ ਸਿੰਘ ਭਰਥ, ਤਜਿੰਦਰ ਸਿੰਘ ਹੈਡ ਟੀਚਰ, ਲੈਕਚਰਾਰ ਯੂਨੀਅਨ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਬਲਰਾਜ ਸਿੰਘ ਬਾਜਵਾ, ਲੈਕ. ਵਰਿੰਦਰ ਸਿੰਘ ਵਡਾਲਾ, ਲੈਕ.ਪ੍ਰਦੀਪ ਸਹਿਗਲ, ਮਾਸਟਰ ਬਚਿੱਤਰ ਸਿੰਘ, ਮਾਸਟਰ ਅਮਰਜੀਤ ਸਿੰਘ, ਮਾਸਟਰ ਪਵਨ ਕੁਮਾਰ, ਲੈਕ. ਬਲਰਾਜ ਸਿੰਘ ਪੱਡਾ ਸ੍ਰੀ ਹਰਗੋਬਿੰਦਪੁਰ, ਲੈਕ. ਅਮਰਿੰਦਰ ਸਿੰਘ, ਗੁਰਨਾਮ ਸਿੰਘ ਮੰਡ, ਪ੍ਰਿੰਸੀਪਲ ਜਸਬੀਰ ਕੌਰ, ਪ੍ਰਬੋਧ ਕੁਮਾਰ ਸੁਪਰਡੰਟ ਜ਼ਿਲ੍ਹਾ ਸਿੱਖਿਆ ਅਫਸਰ, ਸਾਰੇ ਬੀਐਨਓ, ਬੀਆਰਪੀ ਸਮੇਤ ਜ਼ਿਲ੍ਹੇ ਦੇ ਲਗਭਗ 100 ਅਧਿਆਪਕ ਤੇ ਵਿਸੇਸ਼ ਸ਼ਖਸੀਅਤਾਂ ਨੂੰ ਸਨਮਾਨਤ ਕੀਤਾ ਗਿਆ।ਸਕੱਤਰ ਦੇ ਫਰਜ਼ ਰਿਟਾਇਰਡ ਡੀਆਰਪੀ ਦਿਲਬਾਗ ਸਿੰਘ ਬਸਰਾਵਾਂ ਨੇ ਬਾਖ਼ੂਬੀ ਨਿਭਾਏ। ਪ੍ਰੋਗਰਾਮ ਦੇ ਅੰਤ ਵਿੱਚ ਸਿੱਖ ਨੈਸ਼ਨਲ ਕਾਲਜ ਕਾਦੀਆਂ ਦੇ ਪ੍ਰਿੰਸੀਪਲ ਹਰਪ੍ਰੀਤ ਸਿੰਘ ਹੁੰਦਲ ਨੇ ਆਈਆਂ ਹੋਈਆਂ ਸ਼ਖਸੀਅਤਾਂ ਦਾ ਧੰਨਵਾਦ ਕੀਤਾ।

# ਇਮਾਨਦਾਰੀ ਅਜੇ ਵੀ ਜ਼ਿੰਦਾ: ਮੈਨੇਜਰ ਸੰਜੇ ਕੁਮਾਰ

ਫਤਿਹਗੜ੍ਹ ਚੂੜੀਆਂ, 6 ਅਕਤੂਬਰ (ਰਾਜਨ ਸ਼ਰਮਾ): ਫਤਿਹਗੜ੍ਹ ਚੂੜੀਆਂ ਦੇ ਨਜ਼ਦੀਕ ਪਿੰਡ ਤਲਵੰਡੀ



ਭਰਥ ਵਿਖੇ ਪਿਛਲੇ ਦਿਨੀਂ ਪਿੰਡ ਭਰਥਵਾਲ ਦੇ ਰਹਿਣ ਵਾਲੇ ਪੂਨਮਦੀਪ ਕੌਰ ਜੋ ਆਪਣੇ ਖਾਤੇ ਦੌਰਾਨ ਬੈਂਕ ਵਿਖੇ ਆਏ ਸਨ। ਉਨ੍ਹਾਂ ਦਾ ਕੀਮਤੀ ਸੋਨੇ ਦਾ ਟੋਪਸ ਪੰਜਾਬ ਨੈਸ਼ਨਲ ਬੈਂਕ ਤਲਵੰਡੀ ਭਰਥ ਵਿਖੇ ਡਿੱਗ ਗਿਆ ਸੀ। ਜੋ ਕਿ ਟੋਪਸ ਡਿੱਗਣ ਉਪਰ ਪੰਜਾਬ ਨੈਸ਼ਨਲ ਬੈਂਕ ਤਲਵੰਡੀ ਭਰਥ ਦੇ ਮੈਨੇਜਰ ਸੰਜੇ ਕੁਮਾਰ ਨੂੰ ਬੇਨਤੀ ਪੱਤਰ ਦਿੱਤਾ ਗਿਆ ਸੀ, ਜਿਸ ਦੇ ਚੱਲਦਿਆਂ ਬੈਂਕ ਦੇ ਮੁਲਾਜ਼ਮ ਵੱਲੋਂ ਟੋਪਸ ਲੱਭ ਕੇ ਟੋਪਸ ਦੀ ਮਾਲਕ ਪੂਨਮਦੀਪ ਕੌਰ ਨੂੰ ਵਾਪਸ ਸੌਂਪਿਆ ਗਿਆ।ਜਿਸ ਦੌਰਾਨ ਪੰਜਾਬ ਨੈਸ਼ਨਲ ਬੈਂਕ ਤਲਵੰਡੀ ਭਰਥ ਦੇ ਮੈਨੇਜਰ ਸੰਜੇ ਕੁਮਾਰ ਵੱਲੋਂ ਸਾਰੇ ਹੀ ਮੁਲਾਜ਼ਮਾਂ ਦੇ ਨਾਲ ਮਿਲ ਕੇ ਟੋਪਸ ਪੂਨਮਦੀਪ ਕੌਰ ਨੂੰ ਵਾਪਸ ਕੀਤਾ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੈਨੇਜਰ ਸੰਜੇ ਕੁਮਾਰ ਨੇ ਕਿਹਾ ਕਿ ਇਮਾਨਦਾਰੀ ਅਜੇ ਵੀ ਜ਼ਿੰਦਾ ਹੈ। ਸੋਨੇ ਦਾ ਟੋਪਸ ਵਾਪਸ ਮਿਲਣ ਉਪਰ ਪੂਨਮਦੀਪ ਕੌਰ ਵੱਲੋਂ ਬੈਂਕ ਮੈਨੇਜਰ ਸੰਜੇ ਕੁਮਾਰ ਤੇ ਸਾਰੇ ਹੀ ਸਟਾਫ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਇਮਾਨਦਾਰੀ ਦੀ ਇਸ ਮਿਸਾਲ ਨੂੰ ਜ਼ਿੰਦਾ ਰੱਖਣ ਲਈ ਸ਼ਲਾਘਾ ਕੀਤੀ।ਇਸ ਮੌਕੇ ਸੰਜੇ ਕੁਮਾਰ ਮੈਨੇਜਰ ਤਲਵੰਡੀ ਭਰਥ, ਗੁਰਪ੍ਰੀਤ ਸਿੰਘ, ਮੰਗਲ ਦਾਸ, ਕੁਲਦੀਪਕ, ਜੋਬਨ ਪ੍ਰੀਤ ਸਿੰਘ, ਅਜਮੇਰ ਸਿੰਘ ਤੇ ਪੂਨਮਦੀਪ ਕੌਰ ਦੇ ਪਰਿਵਾਰਕ ਮੈਂਬਰ ਹਾਜ਼ਰ ਸਨ।

# ਪਟਾਕੇ ਸਟੋਰ ਕਰਨ ਤੇ ਵੇਚਣ ਲਈ ਆਰਜ਼ੀ ਲਾਇਸੈਂਸ 7 ਤੋਂ 11 ਤੱਕ ਪ੍ਰਾਪਤ ਕੀਤੇ ਜਾ ਸਕਣਗੇ

ਗੁਰਦਾਸਪੁਰ, 6 ਅਕਤੂਬਰ (ਜਗੀਰ ਸਿੰਘ ਮੰਡ/ਐਮ.ਨਾਹਰ): ਮਾਣਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਤੇ ਪੰਜਾਬ ਸਰਕਾਰ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਗੁਰਦਾਸਪੁਰ ਵਿੱਚ ਦੀਵਾਲੀ ਦੇ ਤਿਉਹਾਰ ਦੇ ਮੌਕੇ 'ਤੇ ਪਟਾਕੇ ਸਟੋਰ ਕਰਨ ਤੇ ਵੇਚਣ ਦੇ ਆਰਜ਼ੀ ਲਾਇਸੈਂਸਾਂ ਤਹਿਸੀਲ ਵਾਈਜ਼ ਲੱਕੀ ਡਰਾਅ ਰਾਹੀਂ ਜਾਰੀ ਕੀਤੇ ਜਾਣੇ ਹਨ।ਇਨ੍ਹਾਂ ਆਰਜ਼ੀ ਲਾਇਸੈਂਸਾਂ ਸਬੰਧੀ ਅਰਜ਼ੀਆਂ ਨਾਲ ਸਕਿਉਰਿਟੀ ਵੱਜੋਂ 35,000/- ਰੁਪਏ ਦਾ ਬੈਂਕ ਡਰਾਫਟ (ਵਾਪਸ ਦੇਣ ਯੋਗ) ਜ਼ਿਲ੍ਹਾ ਮੈਜਿਸਟਰੇਟ ਦੇ ਨਾਂ 'ਤੇ ਮਿਤੀ 7 ਤੋਂ 11 ਅਕਤੂਬਰ ਸ਼ਾਮ 05.00 ਵਜੇ ਤੱਕ ਜ਼ਿਲ੍ਹੇ ਦੇ ਸਮੂਹ ਸੇਵਾ ਕੇਂਦਰ ਰਾਹੀਂ ਪ੍ਰਾਪਤ ਕੀਤੀਆਂ ਜਾਣਗੀਆਂ ਤੇ ਪ੍ਰਾਪਤ ਹੋਈਆਂ ਅਰਜ਼ੀਆਂ ਵਿੱਚੋਂ ਤਹਿਸੀਲ ਵਾਈਜ਼ 13 ਨੂੰ ਸ਼ਾਮ 4.00 ਵਜੇ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਬੀ ਬਲਾਕ, ਮਾਣਯੋਗ ਜ਼ਿਲ੍ਹਾ ਮੈਜਿਸਟਰੇਟ, ਦੀ ਪ੍ਰਧਾਨਗੀ ਹੇਠ ਲੱਕੀ ਡਰਾਅ ਕੱਢੇ ਜਾਣਗੇ ਤੇ ਇਨ੍ਹਾਂ ਆਰਜ਼ੀ ਲਾਇਸੈਂਸਾਂ ਸਬੰਧੀ ਨਿਯਮ ਤੇ ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ।

# ਕਾਂਗਰਸ ਪਾਰਟੀ ਦੀ ਆਬਜ਼ਰਵਰ ਮਮਤਾ ਦੱਤਾ ਨੇ ਕੀਤੀ ਕਾਂਗਰਸੀ ਆਗੂਆਂ ਨਾਲ ਮੀਟਿੰਗ

ਬਟਾਲਾ, 6 ਅਕਤੂਬਰ (ਬਲਵਿੰਦਰ ਸਿੰਘ ਪੰਜਗਰਾਈਂ): ਆਲ ਇੰਡੀਆ ਕਾਂਗਰਸ ਕਮੇਟੀ ਮੈਂਬਰ ਤੇ ਕਾਂਗਰਸ



ਪਾਰਟੀ ਦੀ ਆਬਜ਼ਰਵਰ ਮਮਤਾ ਦੱਤਾ ਨੇ ਕਾਂਗਰਸੀ ਆਗੂਆਂ ਨਾਲ ਮੁਲਾਕਾਤ ਕੀਤੀ ਤੇ ਪਾਰਟੀ ਦੀ ਬੇਹਤਰੀ ਵਾਸਤੇ ਵਿਚਾਰ-ਵਟਾਂਦਰਾ ਕੀਤਾ।ਪੱਤਰਕਾਰਾਂ ਨਾਲ ਜਾਣਕਾਰੀ ਸਾਂਝੀ ਕਰਦਿਆਂ ਹੋਇਆਂ ਕਾਂਗਰਸ ਪਾਰਟੀ ਦੇ ਸੀਨੀਅਰ ਵਰਕਰ ਯੁੱਧਵੀਰ ਸਿੰਘ ਮਾਲਟੂ ਨੇ ਦੱਸਿਆ ਕਿ ਬਟਾਲਾ ਹਲਕੇ ਤੋਂ ਕਾਂਗਰਸ ਪਾਰਟੀ ਦੀ ਆਬਜ਼ਰਵਰ ਤੇ ਸਾਡੇ ਬਹੁਤ ਹੀ ਸਤਿਕਾਰਯੋਗ ਸ਼ਖਸੀਅਤ ਮਮਤਾ ਦੱਤਾ ਦੇ ਸਵਾਗਤ ਲਈ ਤੇ ਉਨ੍ਹਾਂ ਨਾਲ ਮੁਲਾਕਾਤ ਲਈ ਬਟਾਲਾ ਕਲੱਬ ਵਿਖੇ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ।ਉਨ੍ਹਾਂ ਦੱਸਿਆ ਕਿ ਮਮਤਾ ਦੱਤਾ, ਮੈਂਬਰ ਆਲ ਇੰਡੀਆ ਕਾਂਗਰਸ ਕਮੇਟੀ ਪੰਜਾਬ, ਕਾਂਗਰਸ ਦੇ ਮਹਿਲਾ ਵਿੰਗ ਦੇ ਸਾਬਕਾ ਪ੍ਰਧਾਨ ਤੇ ਪੰਜਾਬ ਖਾਦੀ ਤੇ ਪੇਂਡੂ ਉਦਯੋਗ ਬੋਰਡ ਦੇ ਸਾਬਕਾ ਚੇਅਰ ਪਰਸਨ ਵੀ ਰਹਿ ਚੁੱਕੇ ਹਨ।ਸ੍ਰ. ਮਾਲਟੂ ਨੇ ਦੱਸਿਆ ਕਿ ਅੱਜ ਦੀ ਮੀਟਿੰਗ ਵਿੱਚ ਵੋਟ ਚੋਰੀ ਮੁਹਿੰਮ, ਪਾਰਟੀ ਦੇ ਸੰਗਠਨਾਤਮਕ ਢਾਂਚੇ ਦੀ ਮਜ਼ਬੂਤੀ ਤੇ ਵਰਕਰਾਂ ਦੇ ਮਾਣ ਸਨਮਾਨ ਦੀ ਬਹਾਲੀ ਲਈ ਗੰਭੀਰ ਵਿਚਾਰਾਂ ਹੋਈਆਂ।ਅੱਜ ਦੀ ਇਹ ਮੀਟਿੰਗ ਮੇਰੇ ਵੱਡੇ ਵੀਰ ਤੇ ਕਾਂਗਰਸ ਪਾਰਟੀ ਦੇ ਹਲਕਾ ਬਟਾਲਾ ਤੋਂ ਸੀਨੀਅਰ ਆਗੂ ਮਨਜੀਤ ਸਿੰਘ ਹੰਸਪਾਲ ਵਾਈਸ ਚੇਅਰਮੈਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਉਪਰਾਲੇ ਸਦਕਾ ਸਫ਼ਲਤਾਪੂਰਵਕ ਨੇਪਰੇ ਚੜ੍ਹੀ। ਇਸ ਮੌਕੇ ਯੁਧਵੀਰ ਮਾਲਟੂ ਤੋਂ ਇਲਾਵਾ ਬਟਾਲਾ ਤੇ ਆਸ-ਪਾਸ ਦੇ ਬਹੁਤ ਸਾਰੇ ਸੀਨੀਅਰ ਕਾਂਗਰਸ ਆਗੂ ਹਾਜ਼ਰ ਸਨ।

# ਮਿੱਟੀ ਨਾਲ ਭਰੇ ਟਰੱਕਾਂ ਕਾਰਨ ਰੋਜ਼ਾਨਾ ਹੋ ਰਹੇ ਨੇ ਹਾਦਸੇ

**☛ਹਰਚੋਵਾਲ 'ਚ ਐਕਸਪ੍ਰੈਸ ਹਾਈਵੇ 'ਤੇ ਮਿੱਟੀ ਲੈ ਕੇ ਜਾ ਰਹੇ ਟਰੱਕ ਮਿੱਟੀ 'ਤੇ ਨਹੀਂ ਪਾਉਂਦੇ ਤਰਪਾਲਾਂ**



ਘੁਮਾਣ ਸ੍ਰੀ ਹਰਗੋਬਿੰਦਪੁਰ ਸਾਹਿਬ, 6 ਅਕਤੂਬਰ (ਡਾ. ਨਰਿੰਦਰ ਸਿੰਘ ਘੁਮਾਣ ਜਗੀਰ ਸਿੰਘ ਮੰਡ): ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਅਧੀਨ ਆਉਂਦੇ ਪਿੰਡ ਹਰਚੋਵਾਲ 'ਚ ਐਕਸਪ੍ਰੈਸ ਹਾਈਵੇ 'ਤੇ ਮਿੱਟੀ ਪਾਉਣ ਦਾ ਕੰਮ ਚੱਲ ਰਿਹਾ ਹੈ।ਜਿਸ ਵਿੱਚ ਵੱਡੀ ਗਿਣਤੀ ਵਿੱਚ ਟਰੱਕ ਮਿੱਟੀ ਪਾਉਣ ਦਾ ਕੰਮ ਕਰ ਰਹੇ ਹਨ, ਜਿਨ੍ਹਾਂ ਵੱਲੋਂ ਟਰੱਕ ਵਿੱਚ ਮਿੱਟੀ ਨੂੰ ਢੱਕਿਆ ਨਹੀਂ ਜਾ ਰਿਹਾ ਹੈ।ਜਿਸ ਕਾਰਨ ਮਿੱਟੀ ਉੱਡਣ ਕਾਰਨ ਲੋਕਾਂ ਦੀਆਂ ਅੱਖਾਂ ਵਿੱਚ ਪੈ ਕੇ ਹਰ ਰੋਜ਼ ਕੋਈ ਨਾ ਕੋਈ ਹਾਦਸਾ ਵਾਪਰਦਾ ਰਹਿੰਦਾ ਹੈ। ਹਰਚੋਵਾਲ ਦੇ ਦੁਕਾਨਦਾਰਾਂ ਤੇ ਰਾਹਗੀਰਾਂ ਨੇ ਏ.ਡੀ.ਸੀ. ਗੁਰਦਾਸਪੁਰ ਤੇ ਐਸ.ਡੀ.ਐਮ. ਬਟਾਲਾ ਨੂੰ ਬੇਨਤੀ ਕੀਤੀ ਹੈ ਕਿ ਇਨ੍ਹਾਂ ਟਰੱਕਾਂ 'ਤੇ ਕਾਰਵਾਈ ਕੀਤੀ ਜਾਵੇ ਤੇ ਉਨ੍ਹਾਂ ਨੇ ਇਹ ਵੀ ਕਿਹਾ ਕਿ ਇਨ੍ਹਾਂ ਦਾ ਸਮਾਂ ਤੇ ਸਪੀਡ ਨਿਸ਼ਚਿਤ ਕੀਤੀ ਜਾਵੇ ਤਾਂ ਜੋ ਆਮ ਲੋਕਾਂ ਦੀ ਜ਼ਿੰਦਗੀ ਨਾਲ ਖਿਲਵਾੜ ਨਾ ਹੋ ਸਕੇ।ਇਸ ਮੌਕੇ ਦੁਕਾਨਦਾਰਾਂ ਨੇ ਇਹ ਵੀ ਕਿਹਾ ਕਿ ਇਨ੍ਹਾਂ ਟਰੱਕਾਂ ਕਰਕੇ ਸਾਰਾ ਦਿਨ ਚੌਕ ਵਿੱਚ ਜਾਮ ਲੱਗਾ ਰਹਿੰਦਾ ਹੈ।ਉਨ੍ਹਾਂ ਕਿਹਾ ਕਿ ਇਨ੍ਹਾਂ ਟਰੱਕਾਂ ਦਾ ਸਮਾਂ ਨਿਰਧਾਰਿਤ ਕੀਤਾ ਜਾਵੇ ਤਾਂ ਜੋ ਦੁਕਾਨਦਾਰਾਂ ਦਾ ਹੋ ਰਿਹਾ ਨੁਕਸਾਨ ਬੰਦ ਹੋ ਸਕੇ।ਇਸ ਮੌਕੇ ਦਰਸ਼ਨ ਸਿੰਘ, ਸੁਖਵਿੰਦਰ ਸਿੰਘ, ਜੋਗਿੰਦਰ ਸਿੰਘ ਜੱਸਾ, ਅਭਿਸ਼ੇਕ, ਤਰਲੋਕ ਸਿੰਘ, ਲਖਵਿੰਦਰ ਸਿੰਘ, ਨੇ ਕਿਹਾ ਕਿ ਇਨ੍ਹਾਂ ਟਰੱਕਾਂ 'ਤੇ ਬਣਦੀ ਕਾਰਵਾਈ ਕੀਤੀ ਜਾਵੇ ਤੇ ਇਨ੍ਹਾਂ ਨੂੰ ਹਦਾਇਤਾਂ ਦਿੱਤੀਆਂ ਜਾਣ।ਜੇਕਰ ਇਨ੍ਹਾਂ ਟਰੱਕਾਂ ਦਾ ਕੋਈ ਹੱਲ ਨਾ ਕੀਤਾ ਗਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਇਨ੍ਹਾਂ ਦੇ ਖ਼ਿਲਾਫ਼ ਧਰਨਾ ਪ੍ਰਦਰਸ਼ਨ ਵੀ ਕੀਤਾ ਜਾਵੇਗਾ।ਜਿਸ ਦੀ ਜ਼ਿੰਮੇਵਾਰੀ ਜ਼ਿਲ੍ਹਾ ਪ੍ਰਸ਼ਾਸਨ ਦੀ ਹੋਵੇਗੀ।

# ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਰੋਜ਼ਗਾਰ ਕੈਂਪ ਭਲਕੇ

ਗੁਰਦਾਸਪੁਰ, 6 ਅਕਤੂਬਰ (ਜਗੀਰ ਸਿੰਘ ਮੰਡ/ਸੁਰਿੰਦਰ ਸਿੰਘ ਬਸਰਾ): ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਮਾਣਯੋਗ ਵਧੀਕ ਡਿਪਟੀ ਕਮਿਸ਼ਨਰ (ਜ), ਗੁਰਦਾਸਪੁਰ ਦੀ ਯੋਗ ਅਗਵਾਈ ਹੇਠ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ, ਗੁਰਦਾਸਪੁਰ ਵੱਲੋਂ 8 ਅਕਤੂਬਰ (ਬੁੱਧਵਾਰ) ਨੂੰ ਇੱਕ ਵਿਸ਼ੇਸ਼ ਰੋਜ਼ਗਾਰ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ।ਇਹ ਕੈਂਪ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ, ਡੀ.ਸੀ. ਦਫਤਰ ਕੰਪਲੈਕਸ ਗੁਰਦਾਸਪੁਰ ਦੇ ਕਮਰਾ ਨੰ. 217 ਬਲਾਕ-ਬੀ ਵਿੱਚ ਸਵੇਰੇ 10 ਵਜੇ ਤੋਂ ਲੈ ਕੇ ਦੁਪਹਿਰ ਦੇ 2 ਵਜੇ ਤੱਕ ਲੱਗੇਗਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਸ਼ੋਤਮ ਸਿੰਘ ਜ਼ਿਲ੍ਹਾ ਰੋਜ਼ਗਾਰ ਅਫਸਰ ਨੇ ਦੱਸਿਆ ਕਿ ਇਸ ਕੈਂਪ ਵਿੱਚ ਮੋਹਾਲੀ ਦੀ ਕੰਪਨੀ DR ITM PVT. LTD, ਜੋ ਕਿ ਪੰਜਾਬ ਸਰਕਾਰ ਦੇ ਕਈ ਬੀਪੀਓ ਪ੍ਰੋਜੈਕਟਾਂ 'ਤੇ ਕੰਮ ਕਰ ਰਹੀ ਹੈ, ਵੱਲੋਂ ਭਰਤੀਆਂ ਕੀਤੀਆਂ ਜਾਣਗੀਆਂ।ਇਸ ਇੰਟਰਵਿਊ ਵਿੱਚ ਉਮੀਦਵਾਰ ਦੀ ਯੋਗਤਾ ਘੱਟੋ-ਘੱਟ 12ਵੀਂ ਪਾਸ ਤੇ ਗ੍ਰੈਜੂਏਸ਼ਨ ਹੈ। ਉਮੀਦਵਾਰਾਂ ਨੂੰ ਪੰਜਾਬੀ ਬੋਲੀ ਦੀ ਸਮਝ ਤੇ ਬੋਲਚਾਲ ਆਉਂਦੀ ਹੋਣੀ ਚਾਹੀਦੀ ਹੈ।ਨਿਯੁਕਤ ਉਮੀਦਵਾਰਾਂ ਨੂੰ ਰੁ. 15,000 ਮਹੀਨਾਵਾਰੀ ਤਨਖ਼ਾਹ ਦਿੱਤੀ ਜਾਵੇਗੀ। ਇਸ ਦੇ ਨਾਲ-ਨਾਲ ਵਿਸ਼ਾਲ ਮੇਗਾ ਮਾਰਟ ਗੁਰਦਾਸਪੁਰ ਵੱਲੋਂ ਵੀ ਇਸ ਕੈਂਪ ਵਿੱਚ ਭਾਗ ਲਿਆ ਜਾਵੇਗਾ, ਜੋ ਕਿ ਗੁਰਦਾਸਪੁਰ ਸਥਿਤ ਆਪਣੇ ਆਊਟਲੈਟ ਲਈ ਸੇਲਜ਼ਮੈਨ ਦੀ ਭਰਤੀ ਕਰੇਗੀ।ਇਸ ਸਬੰਧੀ ਜ਼ਿਲ੍ਹਾ ਰੋਜ਼ਗਾਰ ਅਫਸਰ ਗੁਰਦਾਸਪੁਰ ਵੱਲੋਂ ਨੌਜਵਾਨਾਂ ਨੂੰ ਅਪੀਲ ਕੀਤੀ ਗਈ ਕਿ ਵੱਧ ਚੜ੍ਹ ਕੇ ਰੋਜ਼ਗਾਰ ਕੈਂਪ ਵਿੱਚ ਹਿੱਸਾ ਲੈਣ ਤੇ ਆਪਣਾ ਰੋਜ਼ਗਾਰ ਸੁਨਿਸ਼ਚਿਤ ਕਰਨ ਲਈ ਆਪਣੇ ਸਾਰੇ ਅਸਲੀ ਦਸਤਾਵੇਜ਼ (ਸਰਟੀਫਿਕੇਟ, ਆਧਾਰ ਕਾਰਡ, ਰੈਜ਼ਿਊਮ ਆਦਿ) ਨਾਲ ਸਮੇਂ ਸਿਰ ਪਹੁੰਚਣ।



# ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਦੇ ਪਰਿਵਾਰ 'ਚ ਹੋਇਆ ਵਾਧਾ, ਨਵੇਂ ਜ਼ੋਨ ਡੇਰਾ ਬਾਬਾ ਨਾਨਕ ਸਾਹਿਬ ਦਾ ਹੋਇਆ ਗਠਨ: ਮਾਸਟਰ ਬੱਲੜਵਾਲ

ਡੇਰਾ ਬਾਬਾ ਨਾਨਕ, 6 ਅਕਤੂਬਰ (ਹੈਪੀ ਕੋਟਲੀ): ਸੂਬਾ ਆਗੂ ਸੁਵਿੰਦਰ ਸਿੰਘ ਚੁਤਾਲਾ ਤੇ ਹਰਵਿੰਦਰ ਸਿੰਘ ਮਸਾਨੀਆਂ ਦੀ ਅਗਵਾਈ ਵਿੱਚ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਦੇ ਕਸਬਾ ਡੇਰਾ ਬਾਬਾ ਨਾਨਕ ਵਿੱਚ ਇੱਕ ਨਵੇਂ ਜ਼ੋਨ ਦਾ ਗਠਨ ਕੀਤਾ ਗਿਆ, ਜਿਸ ਦਾ ਨਾਮ ਵੀ ਜ਼ੋਨ ਡੇਰਾ ਬਾਬਾ ਨਾਨਕ ਸਾਹਿਬ ਹੀ ਰੱਖਿਆ ਗਿਆ।ਅੱਜ ਦੇ ਇਸ ਜ਼ੋਨ ਗਠਨ ਸਬੰਧੀ ਜਾਣਕਾਰੀ ਦਿੰਦਿਆਂ ਮਾਸਟਰ ਗੁਰਜੀਤ ਸਿੰਘ ਬੱਲੜਵਾਲ ਨੇ ਦੱਸਿਆ ਕਿ ਅੱਜ ਦੇ ਇਸ ਪ੍ਰੋਗਰਾਮ ਵਿੱਚ 17 ਪਿੰਡਾਂ ਦੇ ਲਗਭਗ 400 ਕਿਸਾਨ ਵੀਰਾਂ ਤੇ ਕਿਸਾਨ ਬੀਬੀਆਂ ਨੇ ਹਿੱਸਾ ਲਿਆ। ਲੋਕਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਸੂਬਾ ਆਗੂ ਸਵਿੰਦਰ ਸਿੰਘ ਚੁਤਾਲਾ ਨੇ ਕਿਹਾ ਕਿ ਸਰਕਾਰ ਇਸ ਔਖੇ ਵੇਲੇ ਲੋਕਾਂ ਦੀ ਸਾਰ ਲੈਣ ਦੀ ਬਜਾਏ ਕੇਂਦਰ ਸਰਕਾਰ ਬਨਾਮ ਪੰਜਾਬ ਸਰਕਾਰ ਖੇਡ ਕੇ ਲੋਕਾਂ ਨੂੰ ਸਿਰਫ ਬਿਆਨਬਾਜ਼ੀ ਨਾਲ ਗੁੰਮਰਾਹ



ਕਰ ਰਹੀ ਹੈ।ਉਨ੍ਹਾਂ ਇਹ ਵੀ ਕਿਹਾ ਕਿ ਇਨ੍ਹਾਂ ਹੜ੍ਹਾਂ ਨੂੰ ਸਿਰਫ ਕੁਦਰਤੀ ਕਰੋਪੀ ਨਾ ਮੰਨਿਆ ਜਾਵੇ, ਸਗੋਂ ਇਹ ਪੰਜਾਬ ਦੇ ਕਿਸਾਨਾਂ ਨੂੰ ਜਾਗਰੂਕ ਹੋਣ ਦੀ ਸਜ਼ਾ ਦੋਵਾਂ ਸਰਕਾਰਾਂ ਵੱਲੋਂ ਦਿੱਤੀ ਗਈ ਹੈ।ਜਦੋਂ ਸਰਕਾਰ ਨੂੰ ਪਤਾ ਹੈ ਕਿ ਡੈਮਾਂ ਵਿੱਚ ਪਾਣੀ ਰੋਕਣ ਦੀ ਸਮਰੱਥਾ ਨਹੀਂ ਹੈ ਤਾਂ ਸਮਾਂ ਰਹਿੰਦਿਆਂ ਪਾਣੀ ਥੋੜ੍ਹਾ-ਥੋੜ੍ਹਾ ਕਰਕੇ ਛੱਡਿਆ ਜਾ ਸਕਦਾ ਸੀ।ਪਰ ਇੱਕ ਕੁਟਲ ਨੀਤੀ ਦੇ ਤਹਿਤ ਪੰਜਾਬ ਨੂੰ ਇੱਕ ਵੱਡੇ ਸੰਕਟ ਵਿੱਚ ਧੱਕ ਦਿੱਤਾ ਗਿਆ ਹੈ। ਸੂਬਾ ਸੀਨੀਅਰ ਮੀਤ ਪ੍ਰਧਾਨ ਹਰਵਿੰਦਰ ਸਿੰਘ ਮਸਾਨੀਆਂ ਤੇ ਜ਼ਿਲ੍ਹਾ ਪ੍ਰਧਾਨ ਹਰਦੀਪ ਸਿੰਘ ਤਲਵਾੜਾ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰ ਨੂੰ ਇਸ ਵੱਡੀ ਗਲਤੀ ਲਈ ਮੁਆਫ ਨਾ ਕੀਤਾ ਜਾਵੇ। ਸਗੋਂ ਲੋਕਾਂ ਨੂੰ ਲਾਮਬੰਦ ਕਰਦਿਆਂ ਸਰਕਾਰ ਕੋਲੋਂ ਇਨ੍ਹਾਂ ਹੜ੍ਹਾਂ ਸਬੰਧੀ ਸਵਾਲ ਪੁੱਛੇ ਜਾਣ ਤੇ ਜਾਂਚ ਦੀ ਮੰਗ ਕੀਤੀ ਜਾਵੇ।ਇਸ ਜ਼ੋਨ ਦੇ ਗਠਨ ਲਈ ਹੋਰਨਾਂ ਆਗੂਆਂ ਤੋਂ ਇਲਾਵਾ ਹਰਭਜਨ ਸਿੰਘ ਵੈਰੋ ਨੰਗਲ ਤੇ ਡਾ. ਹਰਦੀਪ ਸਿੰਘ ਮਹਿਤਾ ਨੇ ਉਘਾ ਯੋਗਦਾਨ ਪਾਇਆ। ਉਪਰੋਕਤ ਆਗੂਆਂ ਤੋਂ ਇਲਾਵਾ ਮਾਸਟਰ ਗੁਰਜੀਤ ਸਿੰਘ ਬੱਲੜਵਾਲ, ਹਰਭਜਨ ਸਿੰਘ ਵੈਰੋ ਨੰਗਲ, ਨਿਸ਼ਾਨ ਸਿੰਘ ਮੇਹੜੇ, ਬਜ਼ੁਰਗ ਆਗੂ ਰਣਬੀਰ ਸਿੰਘ ਡੁਗਰੀ, ਬੀਬੀ ਹਰਜੀਤ ਕੌਰ, ਬਾਬਾ ਸੁਖਦੇਵ ਸਿੰਘ ਨੱਤ, ਬੀਬੀ ਮਨਜੀਤ ਕੌਰ, ਬੀਬੀ ਸੁਖਦੇਵ ਕੌਰ ਨੇ ਸੰਬੋਧਨ ਕੀਤਾ।ਇਨ੍ਹਾਂ ਬੁਲਾਰਿਆਂ ਤੋਂ ਇਲਾਵਾ ਹਰਚਰਨ ਸਿੰਘ ਚੀਮਾ, ਗੁਰਮੁਖ ਸਿੰਘ ਖਾਨ ਮਲੱਕ, ਸੋਹਣ ਸਿੰਘ ਕਾਲਾ ਨੰਗਲ, ਡਾ. ਦਿਲਜੀਤ ਸਿੰਘ, ਸੁਰਜੀਤ ਸਿੰਘ ਨੱਤ, ਲਖਵਿੰਦਰ ਸਿੰਘ ਕਾਲਾ ਬਾਲਾ, ਸਤਨਾਮ ਸਿੰਘ ਖਾਣ ਮਲਕ, ਜਸਵੰਤ ਸਿੰਘ ਬਾਘੇ, ਜਤਿੰਦਰ ਸਿੰਘ ਵਰਿਆਂ ਆਦਿ ਤੇ ਵੱਡੀ ਗਿਣਤੀ ਵਿੱਚ ਬੀਬੀਆਂ-ਭੈਣਾਂ ਹਾਜ਼ਰ ਸਨ।ਇੱਥੇ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਪਿਛਲੇ 46 ਦਿਨਾਂ ਤੋਂ ਹੜ੍ਹ ਰਾਹਤ ਕੈਂਪ ਵੀ ਲਗਾਤਾਰ ਚਲਾਇਆ ਜਾ ਰਿਹਾ ਹੈ।

# ਸਰਕਾਰੀ ਸਕੂਲ ਘੁਮਾਣ ਦੇ ਬੱਚਿਆਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਕੀਤਾ ਜਾਗਰੂਕ

ਘੁਮਾਣ/ਸ੍ਰੀ ਹਰਗੋਬਿੰਦਪੁਰ ਸਾਹਿਬ, 6 ਅਕਤੂਬਰ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਡਿਪਟੀ ਕਮਿਸ਼ਨਰ ਦਲਵਿੰਦਰਜੀਤ



ਸਿੰਘ ਦੀਆਂ ਹਦਾਇਤਾਂ ਤੇ ਉਪ-ਮੰਡਲ ਮੈਜਿਸਟਰੇਟ ਬਟਾਲਾ ਵਿਕਰਮਜੀਤ ਸਿੰਘ ਦੇ ਹੁਕਮਾਂ ਤਹਿਤ ਤੇ ਡਿਪਟੀ ਡਾਇਰੈਕਟਰ ਡਾ. ਸ਼ਾਹਬਾਜ਼ ਸਿੰਘ ਚੀਮਾ ਦੀ ਰਹਿਨੁਮਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਘੁਮਾਣ (ਕੁੜੀਆਂ) ਵਿਖੇ ਬੱਚਿਆਂ ਨੂੰ ਸਟੱਬਲ ਬਰਨਿੰਗ ਸਬੰਧੀ ਜਾਗਰੂਕ ਕਰਨ ਲਈ ਕੈਂਪ ਲਗਾਇਆ ਗਿਆ।ਕੈਂਪ ਵਿੱਚ ਰਜਿੰਦਰ ਕੁਮਾਰ ਖੇਤੀਬਾੜੀ ਵਿਸਥਾਰ ਅਫਸਰ ਘੁਮਾਣ ਨੇ ਬੱਚਿਆਂ ਨੂੰ ਪਰਾਲੀ ਨੂੰ ਅੱਗ ਲਗਾਉਣ ਨਾਲ ਹੋਣ ਵਾਲੇ ਨੁਕਸਾਨਾਂ ਦੀ ਵਿਸਥਾਰ ਪੂਰਵਕ ਜਾਣਕਾਰੀ ਦਿੰਦਿਆਂ ਕਿਹਾ ਕਿ ਪਰਾਲੀ ਨੂੰ ਖੇਤਾਂ ਵਿੱਚ ਅੱਗ ਨਹੀਂ ਲਗਾਉਣੀ ਚਾਹੀਦੀ, ਸਗੋਂ ਇਸ ਨੂੰ ਖੇਤਾਂ ਵਿੱਚ ਹੀ ਵਾਹ ਕੇ ਕਣਕ ਦੀ ਬਿਜਾਈ ਕਰਨੀ ਚਾਹੀਦੀ ਹੈ।ਜਿਸ ਨਾਲ ਸਾਡੇ ਖੇਤਾਂ ਦੀ ਉਪਜਾਊ ਸ਼ਕਤੀ ਵੱਧਦੀ ਹੈ।ਉਨ੍ਹਾਂ ਨੇ ਕਿਹਾ ਕਿ ਸਾਰੇ ਬੱਚੇ ਇਹ ਸੰਕਲਪ ਲੈਣ ਤੇ ਇਹ ਸੁਨੇਹਾ ਲੈ ਕੇ ਜਾਣ ਕਿ ਨਾ ਅਸੀਂ ਅੱਗ ਲਗਾਵਾਂਗੇ ਤੇ ਨਾ ਕਿਸੇ ਨੂੰ ਅੱਗ ਲਗਾਉਣ ਦੇਵਾਂਗੇ ਤੇ ਇਹ ਸੁਨੇਹਾ ਸਾਰੇ ਬੱਚੇ ਆਪਣੇ ਪਰਿਵਾਰ, ਰਿਸ਼ਤੇਦਾਰਾਂ ਤੇ ਆਂਢ-ਗੁਆਂਢ ਵਿੱਚ ਦੇਣ।ਕੈਂਪ ਦੌਰਾਨ ਸਕੂਲ ਵਿੱਚ ਅਲੱਗ-ਅਲੱਗ ਪ੍ਰਯੋਗੀਤਾਵਾਂ ਵਿੱਚ ਅੱਵਲ ਆਉਣ ਵਾਲੀਆਂ ਵਿਦਿਆਰਥਣਾਂ ਨੂੰ ਟਰਾਫੀਆਂ ਨਾਲ ਸਨਮਾਨਤ ਕੀਤਾ ਗਿਆ।ਕੈਂਪ ਵਿੱਚ ਏ.ਐਸ.ਆਈ. ਗੁਰਸੇਵਕ ਸਿੰਘ ਨੇ ਸਾਰੇ ਬੱਚਿਆਂ ਨੂੰ ਅਪੀਲ ਕੀਤੀ ਕਿ ਸਾਰੇ ਬੱਚੇ ਇਸ ਮੁਹਿੰਮ ਵਿੱਚ ਵੱਧ ਚੜ੍ਹ ਕੇ ਸਾਥ ਦੇਣ।ਇਸ ਮੌਕੇ ਪ੍ਰਿੰਸੀਪਲ ਨਿਰਮਲਜੀਤ ਸਿੰਘ, ਸਕੂਲ ਦੇ ਟੀਚਰ ਭੀਮ ਸਿੰਘ, ਰਜਿੰਦਰ ਸਿੰਘ, ਰਣਜੋਤ ਸਿੰਘ, ਰਸੀਦ ਮੁਹੰਮਦ ਤੇ ਸਰਬਜੀਤ ਸਿੰਘ ਹਾਜ਼ਰ ਸਨ।

# ਸਿਲੇਖਵਾਰ ਇਸ਼ਤਿਹਾਰ/Classified Advertisements

(U/o 5 Rule 20 CPC)
**In the Court of Sh. Baljinder Singh Maan Principal Judge, Family Court, Shaheed Bhagat Singh Nagar**
CNR No. PBSB01-003343-2023
Next Date: 23.10.2025
Paramjit Singh
Vs.
Maninder Kaur
**GW/76/2023**
Notice to: General Public.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 23.10.2025 at 10:00 A.M.
For details logon to https://highcourtchd.gov.in/?mod=district_notice&district=sbsnagar
Dated, this day of 26-08-2025
**Sd/-Principal Judge, Family Court, Shaheed Bhagat Singh Nagar.**

---

(U/o 5 Rule 20 CPC)
**(Under Guardian and Ward Act)**
**In the Court of Sh. Taranjeet Singh, Additional Civil Judge (Senior Division),**
CNR No. PBSMA0-000191-2025
Next Date: 23.10.2025
Jaswinder Kaur
Vs.
Ujjivan Small Finance Bank
Notice to: General Public: India.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 23.10.2025 at 10:00 A.M.
For details logon to https://highcourtchd.gov.in/?mod=district_notice&district=mogacourt.
Dated, this day of 08-09-2025
**Sd/- Addl. Civil Judge (Sr. Divn.), Muktsar***

---

(U/o 5 Rule 20 CPC)
**In the Court of Dr. Supreet Kaur Civil Judge (Junior Division), Gurdaspur.**
CNR No. PBGD02-002868-2024
Next Date: 24.10.2025
Parvez
Vs.
Samson Gulam Masih
Notice to: Samson Gulam Masih, Father: Gulam Masih, R/o 1021, 1st Floor, Tower-C, Madhuban Homes, VIP Road, Zirakpur, SAS Nagar, Mohali.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 24.10.2025 at 10:00 A.M.
For details logon to https://highcourtchd.gov.in/?mod=district_notice&district=Gurdaspur
Dated, this day of 24-09-2025
**Sd/- Civil Judge (Jr. Divn.), Gurdaspur.**

---

(U/o 5 Rule 20 CPC)
**In the Court of Ms. Palwinder Jit Kaur Additional District and Sessions Judge, Hoshiarpur**
CMA/69/2024
CNR No. PBHO01-004461-2024
Next Date: 23.10.2025
Sital Singh
Vs.
Sukhwinder Singh
Claim in appeal:- for setting aside the aforesaid order and for granting plaintiff with relief of exparte and ad-interim injunction restraining defendants from dispossessing plainitff forcibly and illegally, and from interfering in the peaceful possession of plaintiff during pendency of civil suit.
Notice to: 1. Sukhwinder Singh S/O Sital Singh, 2. Sonia Kumari W/o Sukhwinder Singh and D/o Gurdas Mal both Rs/o Gandhi Nagar Camp, Gali No 9, G.T. Road Batala, Tehsil and District Gurdaspur, Punjab
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 23.10.2025 at 10:00 A.M.
For details logon to https://highcourtchd.gov.in/?trs=district_notice&district=Hoshiarpur
Dated, this day of 16-09-2025
**Sd/- Additional District Judge, Hoshiarpur**

---

**In the Court of Sh. Harish Anand, Additional District Judge, Shaheed Bhagat Singh Nagar**
CNR No. PBSB0100-2913-2024
Next Date: 23.10.2025
Jarnail Singh ...Appellant
Vs.
Gurpreet Kaur & Ors. ...Respondents
**Grounds of Appeal: Appeal Against decree and judgement dated 16.07.2024 passed by Sh. Sukhwinder Singh, Addl. Civil Judge(SD), Balachaur in case titled as Gurpreet Kaur and ors vs Jarnail Singh bearing CS No.281 of 2021 vide which suit of the Plaintiffs/Respondents for recovery of Rs.1,00,000/- alongwith intrest @ 6% P.A was decreed with costs.**
Notice to: 1.Gurpreet Kaur W/o Late Sh. Paramjit Singh, 2.Jasmeen Kaur aged about 16 years D/o Late Sh. Paramjit Singh, 3. Jaskaran Singh aged about 9 years of Late Sh. Paramjit Singh, 4.Harman Singh aged about 4 years S/o Late Sh. Paramjit Singh, All residents of Village Mehandpur, Tehsil Balachaur, Distt SBS Nagar
In above titled case the respondent(s) could not be served. It is ordered that respondent(s) should appear in person or through counsel on 23.10.2025 at 10:00 A.M.
For details logon to https://highcourtchd.gov.in/?trs=district_notice&district=sbsnagar
**Sd/- Addl. Distt. & Sessions Judge, Shaheed Bhagat Singh Nagar.**

---

(U/o 5 Rule 20 CPC)
**In the Court of Sh. Sachin Yadav Addl. Civil Judge (Sr. Divn.), Chandigarh**
CNR No. CHCH02-000680-2024
Next Date: 21.11.2025
Canara Bank
Vs.
Priya Ranjan
Suit For Recovery
Notice to: 1. Priya Ranjan S/o Arvind Singh R/o HNo. 680 Top Floor Sector 6 Panchkula Haryana-134109 2nd Address -Flat no. 4259 First Floor GBP Camellia Village Aujla Hadbast No 181 Teh. Kharar Distt. Sas Nagar (Punjab) 2. M/s. Gupta Builders and Promoters Pvt. Ltd., Sco No. 196-197, Ground Floor, Sector-34-A, Chandigarh-160022.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 21.11.2025 at 10:00 A.M.
For details logon to https://highcourtchd.gov.in/?trs=district_notice&district=Chandigarh
Dated, this day of 23-09-2025
**Sd/- Addl. Civil Judge (Sr. Divn.), Chandigarh**

---

(U/o 5 Rule 20 CPC)
**In the Court of Sh. Sumit Bhalla, Additional Principal Judge, Family Court, Batala.**
CNR No. PBGDF2-000672-2024
Next Date: 24.10.2025
Himanshu Mahajan S/o Ramesh Mahajan Resident of H. No. 107, Mohalla Chittaurgrh, Near Gurudwara Kandh Sahib, Batala, Tehsil Batala, Dist Gurdaspur
Vs.
Shivalika Saini W/o Himanshi Mahajan and D/o Sushil Saini R/o Village Kalesar, Tehsil and Dist Pathankot
Notice to: Shivalika Saini W/o Himanshi Mahajan and D/o Sushil Saini R/o Village Kalesar, Tehsil and Dist Pathankot
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 24.10.2025 at 10:00 A.M.
For details logon to https://highcourtchd.gov.in/?mod=district_notice&district=Gurdaspur
Dated, this day of 24-09-2025
**Sd/- Addl. Principal Judge, Family Court, Batala.**

---

(U/o 5 Rule 20 CPC)
**In the Court of Sh. Mandeep Singh Kainth Civil Judge (Junior Divn.), Kharar**
CNR No. PBSAA0-001158-2022
Next Date: 23.10.2025
Usha Rani
Versus
Himanshu Uppal
Notice to: 5. Charanjit Kaur w/o Ravinder Singh R/o Flat No. HI 64,Phase-1, SAS Nagar, Mohali
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **23.**10.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 01-09.2025
**Sd/- Civil Judge (Junior Division) Kharar**

---

(U/o 5 Rule 20 CPC)
**(under Guardian and ward Act)**
**In the Court of Ms. Balvinder Kaur Dhaliwal Addl. Civil Judge (Senior Divn.), Jagraon**
CNR No. PBLDB0-001192-2025
Next Date: 24.10.2025
Nisha Rani
Versus
General Public
Notice to :General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **24.**10.2025 at 10:00 A.M.
For details logon to https://highcourtchd.gov.in/?mod=district_notice&district=Ludhianacourt
Dated, this day of 03-10-2025
**Sd/-Addl. Civil Judge (Senior Divn.), Jagraon**

---

(U/o 5 Rule 20 CPC)
**In the Court of Ms. Ranjeet Kaur Addl. Principal Judge Family Court, Garhshankar**
CNR No. PBHOF3-000348-2023
Next Date: 24.10.2025
Baljit Kaur w/o Tarsem Singh R/oVPO Binjon, PS Mahilpur, Distt. Hoshiarpur ...petitioner
Vs.
General Public & others ... Respondent
Petition u/s 7,10 and 25 of the Guardianship and ward Act of 1890 and under section 6 and 13 of Hindu Minority and Guardianship Act 1956 for appointment of Ravneet Kaur (DOB 15-02-2020) Years daughter of paramjit Singh R/o Pandori Rajputan, PS Sham Chaurassi, Distt. Hoshiarpur
Notice to:General public
In above titled case the respondent(s) could not be served. It is ordered that respondent(s) should appear in person or through counsel on **24.**10.2025 at 10:00 A.M.
For details logon to https://highcourtchd.gov.in/?mod=district_notice&district=Hoshiarpur
Dated, this day of 26-09-2025
**Sd/- Addl. Principal Judge Family Court, Garhshankar**

---

(U/o 5 Rule 20 CPC)
**In the Court of Sh. Anoop Singh Addl. Civil Judge Sr. Division Ferozepur**
CNR No. PBFZ02-000010-2023
Next Date: 24.10.2025
Canara Bank
Vs.
Harjit Singh
Notice to:Harjit Singh Father : Surat Singh 2. Gurpreet Singh S/o Surat Singh Both R/o Jallo Ke Road, Dhani Bhularian, Near Govt. High School Jallo Ke Vill. Mamdot Hithar, Ferozepur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **24.**10.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 19.09.2025
**Sd/-Addl. Civil Judge Sr. Division Ferozepur**

---

(U/o 5 Rule 20 CPC)
**In the Court of Sh. Kuldeep Singh Civil Judge Jr. Division, Chandigarh**
CNR No.CHCH02-003397-2023
Next Date: 14.10.2025
Punjab And Sind Bank
Versus
Maan Property and Consultant
Notice to:1. Maan Property and Consultant Show Room No. 03 Neasrshera Ground Balongi Sas Nagar Punjab 2. Balwinder Singh , H.No. 46 Adarsh Colony Balongi SAS Nagar Mohali 3. Jagtar Singh H.No. 532 Village Katherine Chandigarh
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on14.10.2025 at 10:00 A.M.
For details logon to https://highcourtchd.gov.in/?trs=district_notice&district=Chandigarh
Dated, this day of 25-08.2025
**Sd/- Civil Judge Jr. Division, Chandigarh**

---

**In the Court of Sh. Abhay Rajan Shukla Judicial Magistrate Ist Class-3**
CNR No. PBSA03-003543-2024
Next Date: 17.11.2025
NACT/372/2024
M/S Hella Infra Market Retail Pvt. Ltd. VS. M/S Mani Building Material
Notice to : 1) M/S Mani Building Material through its proprietor / owner Maninder Singh Shop No. 2,3, Nangla Khera Road, Nangla Colony /Vill. Nangal /Teh. Phagwara , Kapurthala ,Punjab (144401) 2. Maninder Singh, Proprietor/owner Mani Building Material Backside st Soldier School , Hariyabad, phagwara, Kapurthala 144409
In above titled case the accused could not be served. It is ordered that accused should appear in person or through counsel on **17.**11.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 26-09-2025
**Sd/-Judicial Magistrate Ist Class-3**

---

(U/o 5 Rule 20 CPC)
**In the Court of Ms. Neelam Arora Addl. District and Sessions Judge-1, Ferozepur**
CNR No. PBFZ01-003786-2025
Next Date: 24.10.2025
The Punjab wakf Board
Vs.
Natha Singh
Civil Suit for a decree of possession
Notice to:Sukhdev Singh S/o Teja Singh R/o Vill. Badhana,Teh. Zira Distt. Ferozepur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **24.**10.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 23-09-2025
**Sd/- Addl. District and Sessions Judge-1, Ferozepur**

---

(U/o 5 Rule 20 CPC)
**In the Court of Sh. Harpreet Singh, Civil Judge (Junior Division), Dhuri.**
CNR No. PBSGB0-000458-2025
Next Date: 10.10.2025
Premjit Singh
Vs.
Rajni
Notice to: 1. Rajni W/o Bikramjit Singh D/o Parkash Singh, R/o 646/1, Gali No. 1, Kaushal Vihar Colony, Patiala Gate, Nabha, District Patiala, 2. Sukhpreet Singh S/o Parkash Singh, R/o 646/1, Gali No. 1, Kaushal Vihar Colony, Patiala Gate, Nabha, District Patiala.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 10.10.2025 at 10:00 A.M.
For details logon to https://highcourtchd.gov.in/?mod=district_notice&district=Sangrur
Dated, this day of 06-10-2025
**Sd/- Civil Judge (Jr. Divn.), Dhuri.**

---

(U/o 5 Rule 20 CPC)
**In the Court of Ms. Shampy Chaudhary, Additional Civil Judge Senior Division-1, Faridkot.**
CNR No. PBFD02-000157-2025
Next Date: 23.10.2025
Jatinder Kumar
Vs.
General Public
**Suit for declaration to the effect that the minor namely Sanjana Rani aged abour 13 years is adopted daughter of the plaintiffs.**
Notice to: General Public :-faridkot
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 23.10.2025 at 10:00 A.M.
For details logon to https://highcourtchd.gov.in/?mod=district_notice5&district=mogacourt
Dated, this day of 22-08-2025
**Sd/- Additional Civil Judge Senior Division-1, Faridkot**

---

आम सूचना
राजस्थान सरकार
कार्यालय तहसीलदार गडरारोड
जिला बाड़मेर राज्य-राजस्थान
क्रमांक/राज/2025/1892
दिनांक: 04-10-2025
**आम व खास सूचना**
हर आम व खास को इस सूचना से सूचित किया जाता है कि ग्राम नोहड़ीवाला पटवार क्षेत्र खबड़ाला में स्थित खेत खसरा नंबर 2001/1334 रकबा 75 बीघा भूमि किस्म बा.चा. व ग्राम सेला पटवार क्षेत्र खलीफे की बावड़ी में स्थित खेत खसरा नंबर 75 कुल रकबा 166.04 बीघा किस्म बा.चा. की 1/3 हिस्सा की रकबा 55 बीघा 08 बिस्वा भूमि खातेदार राजपाल सिंह पुत्र अमर सिंह जाति सिख निवासी नई आबादी, इस्लामाबाद तहसील व जिला फाजिल्का, पंजाब के नाम राजस्व रेकर्ड में एकल व संयुक्त खातेदारी दर्ज है, खातेदार राजपाल सिंह द्वारा इन दोनों ग्रामों की एकल व संयुक्त खातेदारी भूमि का दिनांक 07.03.2017 को जसपाल पुत्र भूर सिंह जाति राजपुरोहित निवासी सफेद आकड़ा मार्ग, बाड़मेर गादान तहसील व जिला बाड़मेर के पक्ष में वसीयत की गयी है, उक्त वसीयतनामा रजिस्टर्ड नहीं है व नोटेरी पब्लिक से प्रमाणित है।
वसीयतकर्ता (खातेदार) राजपाल सिंह पुत्र अमर सिंह का स्वर्गवास दिनांक 24.03.2017 को हो गया है व प्रार्थी जसपाल सिंह पुत्र भूर सिंह द्वारा माफिक वसीयत में अंकित भूमि का अपने नाम राजस्व रेकर्ड में दर्ज करने हेतु आवेदन यहां इस कार्यालय को पेश किया गया है जो विचाराधीन है।
इस वसीयतनामा से अगर किसी आम खास व हितबद्ध को कोई आपत्ति/ऐतराज हो तो अपनी उजरदारी/आपत्ति अचलाना या वकालतनामा के इस आम-खास सूचना जारी होने की तिथि से 15 दिवस के भीतर-भीतर इस कार्यालय को प्रस्तुत करें। म्याद गुजरने के बाद कोई आपत्ति स्वीकार नहीं की जाएगी व नियमानुसार कार्यवाही कर दी जाएगी।
हस्ता/-तहसीलदार गडरारोड
जिला बाड़मेर राज्य-राजस्थान

## Change of Name

I Gopal S/o Hari Chand R/o H.No-B-23/675, Kali Kambli Wala, Hoshiarpur have changed my name from Gopal to Gopal Kumar. Concerned Note.

## PUBLIC NOTICE

I, Tarundeep Kaur w/o Jai Shankar Kumar D/o Kulwant Singh R/o # 19 Gali No. 27, Anand Nagar-B, patiala Declare that Tarandeep Kaur & Tarundeep both Names are Mine and Same person.

## ਨਾਮ ਦੀ ਬਦਲੀ

ਮੈਂ, ਬਿਰਸ਼ ਭਾਨ ਗਿੱਲ ਪੁੱਤਰ ਸੁਰਜੀਤ ਸਿੰਘ ਵਾਸੀ # 01, ਨੇੜੇ ਜੇ ਪੀ ਚੌਂਕ, ਲਤਾ ਗਰੀਨ ਇਨਕਲੇਵ , ਨੂਰ ਖੇੜੀਆਂ, ਡਾਕ. ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਆਪਣਾ ਨਾਮ ਬਦਲ ਕੇ ਬ੍ਰਿਸ਼ਭਾਨ ਰੱਖ ਲਿਆ ਹੈ।

## ਪਬਲਿਕ ਨੋਟਿਸ

ਇਸ ਨੋਟਿਸ ਰਾਹੀਂ ਪਬਲਿਕ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ਼ਿਵਮ ਹਸਪਤਾਲ ਪੀਰਖਾਨਾ ਰੋਡ ਖੰਨਾ 141401 ਜ਼ਿਲ੍ਹਾ ਲੁਧਿਆਣਾ ਦਾ ਰਿਕਾਰਡ ਮਿਤੀ 01.08.2014 ਤੋਂ 31.12.2023 ਤਕ ਦਾ ਸਾਰਾ ਰਿਕਾਰਡ ਨਸ਼ਟ ਕੀਤਾ ਜਾ ਰਿਹਾ ਹੈ। ਜੇਕਰ ਕਿਸੇ ਨੂੰ ਇਸ ਸਮੇਂ ਦੇ ਦੌਰਾਨ ਕੋਈ ਡਾਕੂਮੈਂਟ ਚਾਹੀਦਾ ਹੈ ਤਾਂ ਉਹ ਇਸ ਨੋਟਿਸ ਤੋਂ 15 ਦਿਨਾਂ ਦੇ ਵਿਚ ਲੈ ਸਕਦਾ ਹੈ, 15 ਦਿਨ ਬਾਅਦ ਸਾਰਾ ਰਿਕਾਰਡ ਨਸ਼ਟ ਕਰ ਦਿੱਤਾ ਜਾਵੇਗਾ। ਉਪਰੋਕਤ ਸਮੇਂ ਤੋਂ ਬਾਅਦ ਹਸਪਤਾਲ ਮੈਨੇਜਮੈਂਟ ਜ਼ਿੰਮੇਵਾਰ ਨਹੀਂ ਹੋਵੇਗਾ।

## ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।
–ਇਸ਼ਤਿਹਾਰ ਮੈਨੇਜਰ

# ਰਾਣਾ ਗੁਰਜੀਤ ਸਿੰਘ ਵੱਲੋਂ ਮੱਕੀ ਦੀ ਫ਼ਸਲ ਰੁ. 2400 ਪ੍ਰਤੀ ਕੁਇੰਟਲ ਐਮ.ਐਸ.ਪੀ. 'ਤੇ ਖ਼ਰੀਦਣ ਦਾ ਐਲਾਨ



ਚੰਡੀਗੜ੍ਹ 6 ਅਕਤੂਬਰ (ਹਰਦੀਪ ਕੌਰ): ਸੀਨੀਅਰ ਕਾਂਗਰਸ ਆਗੂ ਅਤੇ ਕਪੂਰਥਲਾ ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਕਿਸਾਨਾਂ ਪ੍ਰਤੀ ਆਪਣੀ ਵਚਨਬੱਧਤਾ ਬਾਰੇ ਜ਼ਿਕਰ ਕਰਦੇ ਹੋਏ ਇਲਾਕੇ ਵਿੱਚ ਮੱਕੀ ਦੀ ਖਰੀਦ ਸ਼ੁਰੂ ਕਰਨ ਦਾ ਐਲਾਨ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਮੱਕੀ ਦੀ ਖਰੀਦ ਉਸ ਵਾਅਦੇ ਅਨੁਸਾਰ ਸ਼ੁਰੂ ਕੀਤੀ ਜਾ ਰਹੀ ਹੈ ਜੋ ਉਨ੍ਹਾਂ ਨੇ ਸ਼ੁਰੂ ਵਿੱਚ ਮੱਕੀ ਦੀ ਬਿਜਾਈ ਸਮੇਂ ਕੀਤਾ ਗਿਆ ਸੀ, ਜਦੋਂ ਹਜ਼ਾਰਾਂ ਹੈਕਟੇਅਰ ਖੇਤਰ ਵਿੱਚ ਮੱਕੀ ਦੀ ਫਸਲ ਬੀਜੀ ਗਈ ਸੀ। ਉਨ੍ਹਾਂ ਨੇ ਕਿਹਾ, "ਮੈਂ ਕਿਸਾਨਾਂ ਨੂੰ ਭਰੋਸਾ ਦਿਵਾਇਆ ਸੀ ਕਿ ਮੱਕੀ ਦੀ ਖਰੀਦ ਕੱਟਾਈ ਸਮੇਂ ਯਕੀਨੀ ਬਣਾਈ ਜਾਵੇਗੀ। ਅੱਜ ਮੈਂ ਉਹ ਵਚਨ ਪੂਰਾ ਕਰਨ ਆਇਆ ਹਾਂ। ਉਨ੍ਹਾਂ ਕਿਹਾ ਕਿ ਅਸੀਂ ਕਿਸਾਨਾਂ ਵੱਲੋਂ ਬੀਜੀ ਹਰ ਇਕ ਦਾਣੇ ਦੀ ਖਰੀਦ ਕਰਾਂਗੇ ਤੇ ਇਹ ਖਰੀਦ ਪੰਜਾਬ ਸਰਕਾਰ ਵੱਲੋਂ ਨਿਰਧਾਰਤ ਘੱਟੋ-ਘੱਟ ਸਮਰਥਨ ਮੁੱਲ ਰੁ. 2400 ਪ੍ਰਤੀ ਕੁਇੰਟਲ 'ਤੇ ਕੀਤੀ ਜਾਵੇਗੀ। ਰਾਣਾ ਗੁਰਜੀਤ ਸਿੰਘ ਨੇ ਪੰਜਾਬ ਵਿੱਚ ਫਸਲ ਦੀ ਘੱਟਦੀ ਪੈਦਾਵਾਰ 'ਤੇ ਚਿੰਤਾ ਜ਼ਾਹਿਰ ਕੀਤੀ। ਉਨ੍ਹਾਂ ਨੇ ਕਿਹਾ, "ਇਸ ਸੀਜ਼ਨ ਵਿੱਚ ਘੱਟੋ-ਘੱਟ 25 ਪ੍ਰਤੀਸ਼ਤ ਝੋਨਾ ਹਲਦੀ ਰੋਗ ਬਿਮਾਰੀ ਨਾਲ ਪ੍ਰਭਾਵਿਤ ਹੋਇਆ ਹੈ, ਜਿਸ ਦਾ ਕਿਸਾਨਾਂ ਨੂੰ ਨੁਕਸਾਨ ਝੱਲਣਾ ਪਵੇਗਾ। ਉਨ੍ਹਾਂ ਕਿਹਾ ਕਿ "ਕੇਂਦਰੀ ਜ਼ਮੀਨੀ ਪਾਣੀ ਬੋਰਡ ਨੇ ਚੇਤਾਵਨੀ ਦਿੱਤੀ ਹੈ ਕਿ ਜੇ ਜ਼ਮੀਨੀ ਪਾਣੀ ਦਾ ਇਸਤੇਮਾਲ ਇਸੇ ਤਰ੍ਹਾਂ ਕੀਤਾ ਗਿਆ ਤਾਂ ਅਗਲੇ 25 ਸਾਲਾਂ ਵਿੱਚ ਪੰਜਾਬ ਰੇਗਿਸਤਾਨ ਬਣ ਸਕਦਾ ਹੈ, ਕੁਝ ਇਲਾਕਿਆਂ ਵਿੱਚ ਪਾਣੀ ਦੀ 500 ਫੁੱਟ ਤਕ ਹੇਠਾਂ ਜਾ ਚੁੱਕਾ ਹੈ। ਰਾਣਾ ਗੁਰਜੀਤ ਸਿੰਘ ਨੇ ਸੁਝਾਅ ਦਿੱਤਾ ਕਿ ਹਿਮਾਚਲ ਪ੍ਰਦੇਸ਼ ਅਤੇ ਜੰਮੂ ਦੇ ਕੈਚਮੈਂਟ ਇਲਾਕਿਆਂ ਤੋਂ ਆਉਣ ਵਾਲੇ ਵੱਧ ਪਾਣੀ ਨੂੰ ਜ਼ਮੀਨੀ ਪਾਣੀ ਰੀਚਾਰਜ ਲਈ ਵਰਤਿਆ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ, "ਹੜ੍ਹਾਂ ਦਾ ਪਾਣੀ ਇੱਕ ਕੀਮਤੀ ਸਾਧਨ ਵਜੋਂ ਵੇਖਿਆ ਜਾਣਾ ਚਾਹੀਦਾ ਹੈ। ਮਾਨਸੂਨ ਦੌਰਾਨ ਇਨ੍ਹਾਂ ਇਲਾਕਿਆਂ ਤੋਂ ਡੈਮਾਂ ਵਿੱਚ ਵਹਿਣ ਵਾਲੇ ਵਾਧੂ ਪਾਣੀ ਨੂੰ ਸਾਡੇ ਜ਼ਮੀਨੀ ਪਾਣੀ ਦੇ ਭੰਡਾਰਾਂ ਨੂੰ ਭਰਨ ਲਈ ਵਰਤਣਾ ਚਾਹੀਦਾ ਹੈ।" ਉਨ੍ਹਾਂ ਨੇ ਇਹ ਵੀ ਮੰਗ ਕੀਤੀ ਕਿ ਦੇਸ਼ ਅਤੇ ਵਿਦੇਸ਼ ਦੇ ਅਗੂ ਵਿਗਿਆਨੀਆਂ ਦੀ ਇੱਕ ਮਾਹਰ ਕਮੇਟੀ ਬਣਾਈ ਜਾਵੇ ਜੋ ਸੈਟੇਲਾਈਟ ਮੈਪਿੰਗ ਅਤੇ ਹੜ੍ਹਾਂ ਪੈਟਰਨ ਦਾ ਵਿਸ਼ਲੇਸ਼ਣ ਕਰੇ ਕਮੇਟੀ ਨੂੰ ਵਿਸਥਾਰਪੂਰਵਕ ਰਿਪੋਰਟ ਤਿਆਰ ਕਰਕੇ ਪੇਸ਼ ਕਰਨੀ ਚਾਹੀਦੀ ਹੈ ਤਾਂ ਜੋ ਅਸੀਂ ਸਹੀ ਸਮੇਂ 'ਤੇ ਸੁਧਾਰਾਤਮਕ ਕਦਮ ਚੁੱਕ ਸਕੀਏ। 2019, 2023 ਅਤੇ ਹੁਣ 2025 ਵਿੱਚ ਹੋਈਆਂ ਲਗਾਤਾਰ ਹੜ੍ਹਾਂ ਦਾ ਹਵਾਲਾ ਦਿੰਦਿਆਂ ਉਨ੍ਹਾਂ ਨੇ ਕਿਹਾ ਕਿ ਪੰਜਾਬ ਨੂੰ ਭਵਿੱਖ ਦੀਆਂ ਮੌਸਮੀ ਤਬਦੀਲੀਆਂ ਕਾਰਨ ਆਉਣ ਵਾਲੀਆਂ ਆਫ਼ਤਾਂ ਲਈ ਤਿਆਰ ਰਹਿਣਾ ਚਾਹੀਦਾ ਹੈ। ਕਪੂਰਥਲਾ ਦੇ ਵਿਧਾਇਕ ਨੇ ਦੁਹਰਾਇਆ ਕਿ ਪੰਜਾਬ ਦੀ ਖੇਤੀਬਾੜੀ ਅਤੇ ਵਾਤਾਵਰਣ ਦੀ ਸੁਰੱਖਿਆ ਲਈ ਇੱਕ ਸਰਗਰਮ ਅਤੇ ਵਿਗਿਆਨਕ ਪਹੁੰਚ ਬਹੁਤ ਜ਼ਰੂਰੀ ਹੈ। "ਇਹ ਸਾਡਾ ਕਰਤਵ ਹੈ-ਆਪਣੇ ਕਿਸਾਨਾਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਪ੍ਰਤੀ।

---





ਸ੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ [illegible] ਸਵ. ਸ੍ਰੀਮਤੀ ਅੰਮ੍ਰਿਤ ਕੌਰ [illegible] ਐਸ.ਸੀ.ਐਫ. ਨੰਬਰ 9, ਸੈਕਟਰ 20-ਸੀ, ਚੰਡੀਗੜ੍ਹ [illegible] 100.00% ਹਿੱਸੇ ਦੀ ਹੱਦ ਤੱਕ ਮਾਲਕੀ ਦਾ ਤਬਾਦਲਾ।
ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਅਨੁਸਾਰ ਸ੍ਰੀਮਤੀ ਅੰਮ੍ਰਿਤ ਕੌਰ ਵਪਾਰਕ ਐਸ.ਸੀ.ਐਫ. ਨੰਬਰ 9, ਸੈਕਟਰ 20-ਸੀ, ਚੰਡੀਗੜ੍ਹ ਦੀ 100.00% ਹਿੱਸੇ ਦੀ ਹੱਦ ਤੱਕ ਮਾਲਕ ਹਨ।
ਜੇ ਸਹਿਗਲ, ਲੈਫਟੀਨੈਂਟ ਜਨਰਲ ਸਰਬਜੋਤ ਸਿੰਘ ਸਹਿਗਲ, ਲੈਫਟੀਨੈਂਟ ਜਨਰਲ ਹਰਜੋਤ ਸਿੰਘ ਸਹਿਗਲ ਦੁਆਰਾ ਸੂਚਿਤ ਕੀਤਾ ਗਿਆ ਹੈ ਕਿ ਸ੍ਰੀਮਤੀ ਅੰਮ੍ਰਿਤ ਕੌਰ ਦੀ ਮੌਤ 11.09.2018 ਨੂੰ ਹੋ ਗਈ ਸੀ ਅਤੇ ਉਨ੍ਹਾਂ ਨੇ ਮ੍ਰਿਤਕ ਮਾਲਕ ਦੇ ਹੇਠ ਲਿਖੇ ਕਾਨੂੰਨੀ ਵਾਰਸਾਂ ਨੂੰ ਵੀ ਸੂਚਿਤ ਕੀਤਾ ਹੈ:- (1) **ਲੈਫਟੀਨੈਂਟ ਜਨਰਲ ਹਰਜੋਤ ਸਿੰਘ ਸਹਿਗਲ - ਪੁੱਤਰ,** (2) **ਲੈਫਟੀਨੈਂਟ ਜਨਰਲ ਸਰਬਜੋਤ ਸਿੰਘ ਸਹਿਗਲ - ਪੁੱਤਰ** (3) **ਜੇ ਸਹਿਗਲ-ਪੁੱਤਰ।**
ਹੁਣ, ਜੇ ਸਹਿਗਲ, ਲੈਫਟੀਨੈਂਟ ਜਨਰਲ ਸਰਬਜੋਤ ਸਿੰਘ ਸਹਿਗਲ, ਲੈਫਟੀਨੈਂਟ ਜਨਰਲ ਹਰਜੋਤ ਸਿੰਘ ਸਹਿਗਲ ਨੇ 06.02.2013 ਦੀ ਰਜਿਸਟਰਡ ਵਸੀਅਤ ਦੇ ਆਧਾਰ 'ਤੇ, ਸਵ. ਸ੍ਰੀਮਤੀ ਅੰਮ੍ਰਿਤ ਕੌਰ ਦੁਆਰਾ ਆਪਣੇ ਹੱਕ ਵਿੱਚ ਰੱਖੇ ਗਏ 100.00% ਹਿੱਸਾ ਦੀ ਹੱਦ ਤੱਕ ਵਪਾਰਕ ਐਸਸੀਐਫ ਨੰਬਰ 9, ਸੈਕਟਰ 20-ਸੀ, ਚੰਡੀਗੜ੍ਹ ਦੇ ਸੰਬੰਧ ਵਿੱਚ ਮਾਲਕੀ ਦੇ ਤਬਾਦਲੇ ਲਈ ਅਰਜ਼ੀ ਦਿੱਤੀ ਹੈ। ਜੇਕਰ ਕਿਸੇ ਕੋਲ ਉੱਪਰ ਦੱਸੇ ਗਏ ਤੋਂ ਇਲਾਵਾ ਮ੍ਰਿਤਕ ਦੇ ਕਿਸੇ ਹੋਰ ਕਾਨੂੰਨੀ ਵਾਰਸ (ਵਾਰਸਾਂ) ਬਾਰੇ ਕੋਈ ਜਾਣਕਾਰੀ ਹੈ, ਤਾਂ ਇਸਦੀ ਸੂਚਨਾ ਤੁਰੰਤ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਨੂੰ ਦਿੱਤੀ ਜਾ ਸਕਦੀ ਹੈ। ਜੇਕਰ ਕਿਸੇ ਨੂੰ ਉਪਰੋਕਤ ਨਾਮਜ਼ਦ ਬਿਨੈਕਾਰਾਂ ਦੇ ਹੱਕ ਵਿੱਚ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦੇ ਇੰਤਕਾਲ 'ਤੇ ਕੋਈ ਇਤਰਾਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਹੇਠ ਹਸਤਾਖਰ ਕਰਨ ਵਾਲੇ ਦੇ ਦਫ਼ਤਰ ਵਿੱਚ ਲਿਖਤੀ ਰੂਪ ਵਿੱਚ (ਮੈਜਿਸਟ੍ਰੇਟ/ਨੋਟਰੀ ਦੁਆਰਾ ਪ੍ਰਮਾਣਿਤ ਹਲਫ਼ਨਾਮੇ ਨਾਲ ਸਮਰਥਤ) ਇਸਨੂੰ ਜਮ੍ਹਾਂ ਕਰਵਾ ਸਕਦੇ ਹਨ, ਨਹੀਂ ਤਾਂ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਨੂੰ ਉਪਰੋਕਤ ਲਾਭਪਾਤਰੀਆਂ ਦੇ ਨਾਮ 'ਤੇ ਇੰਤਕਾਲ ਕਰ ਦਿੱਤਾ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।
ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫ਼ਸਰ, ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ

---

## ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-1)

ਦੂਜੀ ਮੰਜ਼ਿਲ, ਐਸ.ਸੀ.ਓ. 33-34-35, ਸੈਕਟਰ 17-ਏ, ਚੰਡੀਗੜ੍ਹ

ਮਾਮਲਾ ਨੰ. : ਓਏ/149/2025
ਕਰਜ਼ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂਵਲੀ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਧੀਨ ਸੰਮਨ
ਸਟੇਟ ਬੈਂਕ ਆਫ ਇੰਡੀਆ ਈਐਕਸਐਚ ਨੰ. 29502
ਬਨਾਮ
ਮੈਸ. ਅਰੋੜਾ ਟ੍ਰੇਡਰਜ਼

ਵੱਲ,
(1) **ਮੈਸਰਜ਼ ਅਰੋੜਾ ਟਰੇਡਰਜ਼** ਇੱਕਲੌਤਾ ਮਾਲੀਕ ਸਬੰਧ ਸਾਹਮਣੇ ਨਿਰੋਗ ਬਾਲ ਆਸ਼ਰਮ, ਮੁਕਤਸਰ ਰੋਡ, ਕੋਟਕਪੂਰਾ, ਜਿਲ੍ਹਾ ਫਰੀਦਕੋਟ, ਪੰਜਾਬ ਵਿਖੇ ਸਥਿਤ ਇਸਦੀ ਇਕੱਲੇ ਮਾਲਕ ਸ਼੍ਰੀਮਤੀ ਰੂਬੀ ਪਤਨੀ ਸ੍ਰੀ ਹੇਮ ਰਾਜ ਫਰੀਦਕੋਟ, ਪੰਜਾਬ।
(2) **ਸ਼੍ਰੀਮਤੀ ਰੂਬੀ** ਪਤਨੀ ਸ੍ਰੀ ਹੇਮ ਰਾਜ, ਵਾਸੀ ਮੁਹੱਲਾ ਪਟਵਾਰੀਆਂ ਵਾਲਾ, ਕੋਟਕਪੂਰਾ, ਜ਼ਿਲ੍ਹਾ ਫਰੀਦਕੋਟ, ਪੰਜਾਬ।

ਸੰਮਨ

**ਜਿਥੇ ਕਿ, ਓ. ਏ./149/2025, 28.07.2025 ਨੂੰ ਮਾਨਯੋਗ ਪ੍ਰਧਾਨਗੀ ਅਧਿਕਾਰੀ/ਰਜਿਸਟਰਾਰ ਕੋਲ ਸੂਚੀਬੱਧ ਸੀ।**
ਜਿਥੇ ਕਿ, ਇਸ ਮਾਨਯੋਗ ਟ੍ਰਿਬਿਊਨਲ ਵੱਲੋਂ ਰੁ. 31,07,708/- ਦੇ ਕਰਜ਼ਿਆਂ ਦੀ ਵਸੂਲੀ ਲਈ ਤੁਹਾਡੇ ਖਿਲਾਫ ਦਾਇਰ (ਓ. ਏ.) **ਕਾਨੂੰਨ ਦੀ ਧਾਰਾ 19** (4) ਦੇ ਅਧੀਨ ਦਰਸਾਈ ਅਰਜ਼ੀ 'ਤੇ ਸੰਮਨ/ਸੂਚਨਾ ਜਾਰੀ ਕੀਤੀ ਜਾ ਰਹੀ ਹੈ। **(ਦਸਤਾਵੇਜ਼ਾਂ ਆਦਿ ਦੇ ਉਤਾਰੇ ਸਮੇਤ ਅਰਜ਼ੀ ਨੱਥੀ)।**
ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੀ ਨਿਰੰਤਰਤਾ ਵਿਚ ਤੁਹਾਨੂੰ, ਡਿਫੈਂਡੈਂਟਸ ਨੂੰ ਨਿਮਨ ਅਨੁਸਾਰ ਨਿਰਦੇਸ਼ ਦਿੱਤਾ ਜਾਂਦਾ ਹੈ :-
(1) ਸੰਮਨ ਦੀ ਤਾਮੀਲ ਤੋਂ ਤੀਹ ਦਿਨਾਂ ਦੇ ਅੰਦਰ ਕਾਰਨ ਦੱਸਣਾ ਕਿ ਬਿਨੈ ਕੀਤੀ ਰਾਹਤ ਕਿਉਂ ਪ੍ਰਵਾਨ ਨਾ ਕੀਤੀ ਜਾਵੇ;
(2) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਸੰਪੱਤੀਆਂ ਅਤੇ ਅਸਾਸਿਆਂ ਨਾਲੋਂ ਹੋਰ ਸੰਪੱਤੀਆਂ ਜਾਂ ਅਸਾਸਿਆਂ ਦੇ ਵੇਰਵਿਆਂ ਦਾ ਖੁਲਾਸਾ ਕਰਨਾ;
(3) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਖੁਲਾਸਾ ਕੀਤੀਆਂ, ਲੰਬਿਤ ਸੁਣਵਾਈ ਵਾਲੀਆਂ ਸੁਰੱਖਿਅਤ ਸੰਪੱਤੀਆਂ ਜਾਂ ਅਜਿਹੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਸੌਦੇਬਾਜ਼ੀ ਜਾਂ ਨਿਪਟਾਰਾ ਕਰਨ ਅਤੇ ਸੰਪੱਤੀਆਂ ਨੂੰ ਜੋੜਨ ਲਈ ਅਰਜ਼ੀ ਦਾ ਨਿਪਟਾਰਾ ਕਰਨ ਤੋਂ ਰੋਕ ਲਗਾਈ ਜਾਂਦੀ ਹੈ;
(4) ਤੁਸੀਂ ਟ੍ਰਿਬਿਊਨਲ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਤਹਿਤ ਦਰਸਾਏ ਜਾਂ ਨਿਪਟਾਰਾ ਕੀਤੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਅਤੇ/ਜਾਂ ਅਸਾਸੇ ਜਿਨ੍ਹਾਂ ਉਪਰ ਸੁਰੱਖਿਆ ਵਿਆਜ ਦਾ ਨਿਰਮਾਣ ਕੀਤਾ ਗਿਆ ਹੈ, ਵਿਚੋਂ ਕਿਸੇ ਦਾ ਵੀ ਵਪਾਰ ਦੇ ਸਧਾਰਨ ਢੰਗ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।
(5) ਤੁਸੀਂ ਵਪਾਰ ਦੇ ਸਧਾਰਨ ਢੰਗ ਵਿਚ ਸੁਰੱਖਿਅਤ ਅਸਾਸਿਆਂ ਜਾਂ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਵਿਕਰੀ ਵਸੂਲੀ ਦੇ ਲਈ ਲੇਖਾ ਰੱਖਣ ਲਈ ਜੁਆਬਦੇਹ ਹੋ ਅਤੇ ਅਜਿਹੀ ਵਿਕਰੀ ਵਸੂਲੀ ਨੂੰ ਬੈਂਕ ਜਾਂ ਅਜਿਹੇ ਅਸਾਸਿਆਂ ਉਪਰ ਸੁਰੱਖਿਆ ਵਿਆਜ ਦੀਆਂ ਧਾਰਕ ਵਿੱਤੀ ਸੰਸਥਾਵਾਂ ਕੋਲ ਰੱਖੇ ਖਾਤੇ ਵਿਚ ਜਮ੍ਹਾਂ ਕਰਵਾਓਗੇ।
ਤੁਹਾਨੂੰ ਇਹ ਵੀ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਬਿਨੈਕਾਰ ਨੂੰ ਲਿਖਤੀ ਬਿਆਨ ਉਤਾਰੇ ਸਮੇਤ ਦਰਜ ਕਰਵਾਓ ਅਤੇ **29.10.2025 ਨੂੰ ਸਵੇਰੇ 10.30 ਵਜੇ ਰਜਿਸਟਰਾਰ** ਕੋਲ ਪੇਸ਼ ਹੋਵੋ, ਜਿਸ ਤੋਂ ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਅਤੇ ਫੈਸਲਾ ਤੁਹਾਡੀ ਗੈਰ ਹਾਜ਼ਰੀ ਵਿਚ ਲੈ ਲਿਆ ਜਾਵੇਗਾ।
ਪੇਪਰ ਬੁੱਕ ਲਈ ਹੇਠ ਲਿਖੀ ਯੂਆਰਐਲ ਦੀ ਪਾਲਣਾ ਕਰੋ: https://cis.drt.gov.in/drtlive/paperbook.php ? ri = 2025112000802
ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਮਿਤੀ 02.08.2025 ਨੂੰ ਜਾਰੀ।
ਸੰਮਨ ਜਾਰੀ ਕਰਨ ਲਈ ਅਧਿਕਾਰਤ ਅਧਿਕਾਰੀ ਦੇ ਹਸਤਾਖਰ
ਨੋਟ: ਜੋ ਵੀ ਲਾਗੂ ਨਾ ਹੋਵੇ ਉਸਨੂੰ ਕੱਟ ਦਿਓ

---

## ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ

ਰਜਿਸਟਰਡ ਆਫਿਸ: ਪੰ: ਰਾ: ਬਿ: ਬੋ: ਹੈਡ ਆਫਿਸ, ਦੀ ਮਾਲ ਪਟਿਆਲਾ-147001
ਕਾਰਪੋਰੇਸ਼ਨ ਆਇਡੈਂਟਿਟੀ ਨੰਬਰ:-U40109PB2010SGC033813 ਵੈਬ ਸਾਈਟ:-www.pspcl.in
(ਮੋਬਾਇਲ ਨੰ: 96461-10861) Xen-Civil-works-mkt1@pspcl.in

ਟੈਂਡਰ ਇਨਕੁਆਰੀ ਨੰ. 12 ਅਤੇ 13/CWD/MKS /2025-26 Date 06.10. 2025

ਸੀਨੀਅਰ ਕਾਰਜਕਾਰੀ ਇੰਜੀਨੀਅਰ/ਸਿਵਲ ਨਿਰਮਾਣ ਮੰਡਲ 132 ਕੇ. ਵੀ. ਗਰਿੱਡ ਕੰਪਲੈਕਸ, ਪੀ.ਐਸ.ਪੀ.ਸੀ.ਐਲ.ਸ੍ਰੀ ਮੁਕਤਸਰ ਸਾਹਿਬ 152026 ਦੇ ਦਫਤਰ ਵੱਲੋਂ 66 ਕੇ ਵੀ ਸ.ਸ. ਬੋਹਾ (ਅਧੀਨ ਵੰਡ ਹਲਕਾ ਬਠਿੰਡਾ) ਵਿਖੇ ਵਾਧੂ ਟ/ਫ ਪਲਿੰਥ ਅਤੇ ਸੰਬੰਧਤ ਸਿਵਲ ਵਰਕਸ ਦੇ ਉਸਾਰੀ ਦੇ ਬਕਾਇਆ ਕੰਮਾਂ ਅਤੇ 66 ਕੇ ਵੀ ਸ/ਸ ਰਾਣਾ (ਅਧੀਨ ਵੰਡ ਹਲਕਾ ਸ੍ਰੀ ਮੁਕਤਸਰ ਸਾਹਿਬ) ਵਿਖੇ 1 ਨੰ. ਸੋਲਰ ਬੇਅ ਫਾਰ ਮੈਸ. ਰੰਜਣਾ ਗਿਲਹੋਤਰਾ ਅਤੇ ਸੰਬੰਧਤ ਸਿਵਲ ਵਰਕਸ ਦੇ ਉਸਾਰੀ ਦੇ ਕੰਮਾਂ ਸੰਬੰਧੀ (ਡਿਪਾਜ਼ਿਟ ਵਰਕ) 2 ਨੰ.ਓਪਨ ਟੈਂਡਰ ਮੰਗੇ ਜਾਂਦੇ ਹਨ।
ਵਿਸਤ੍ਰਿਤ ਟੈਂਡਰ ਮੰਗ ਨੋਟਿਸ ਅਤੇ ਟੈਂਡਰ ਸਪੈਸੀਫਿਕੇਸ਼ਨਾਂ ਵੈਬਸਾਈਟ "https://www.pspcl.in" ਉਪਰ ਮਿਤੀ 07.10.2025 01.00 PM ਵਜੇ ਤੋਂ ਦੇਖੇ ਜਾ ਸਕਦੇ ਹਨ
ਨੋਟ: ਸੋਧ ਸੰਬੰਧੀ ਵੇਰਵੇ ਜੇਕਰ ਕੋਈ ਹੋਏ ਤਾਂ ਵੈਬਸਾਈਟ https://www.pspcl.in 'ਤੇ ਵੇਖੇ ਜਾਣ।
**C713/25**
**Ro No PR ADVT NO: 1079/12/2025-26/4002/ Dated CHD: 6/10/2025**

---

## ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ

**(Regd. Office: PSEB Head Office, The Mall, Patiala)**
**Corporate Identity Number U40109PP20SG033813 Website (www.pspcl.in)**
**Contact No. 9646113022**

**ਟੈਂਡਰ ਇੰਨਕੁਆਰੀ ਨੰ: 03/2025-26 /** (ਵਧੀਕ ਨਿਗਰਾਨ ਇੰਜੀ:, ਸ਼ਹਿਰੀ ਮੰਡਲ ਤਰਨ ਤਾਰਨ)

**ਦਫ਼ਤਰ :** ਉਪ ਮੰਡਲ ਸੁਰ ਸਿੰਘ ਅਧੀਨ ਵਧੀਕ ਨਿਗਰਾਨ ਇੰਜੀਨੀਅਰ ਸੰਚਾ: ਸ਼ਹਿਰੀ ਤਰਨ ਤਾਰਨ ਲਈ ਇੱਕ ਨੰਬਰ ਗੱਡੀ (ਮਹਿੰਦਰਾ ਜੀਨੀਅਸ/ਬਲੈਰੋ/ਟਾਟਾ 671207/408 ਜਾਂ ਇਸ ਦੇ ਬਰਾਬਰ ਕੀਮਤ ਦੀ) ਇਕ ਸਾਲ ਲਈ ਕਿਰਾਏ 'ਤੇ ਲੈਣ ਸਬੰਧੀ (ਗੱਡੀ 4 ਸਾਲ ਤੋਂ ਵੱਧ ਪੁਰਾਣੀ ਨਹੀਂ ਹੋਣੀ ਚਾਹੀਦੀ)।

| | | |
|---|---|---|
| ਟੈਂਡਰ ਵੇਚਣ ਦੀ ਆਖਰੀ ਮਿਤੀ | : | 13.10.2025 12:00 PM |
| ਟੈਂਡਰ ਜਮ੍ਹਾਂ ਕਰਵਾਉਣ ਦੀ ਮਿਤੀ | : | 15.10.2025 10:00 AM |
| ਟੈਂਡਰ ਖੋਲ੍ਹਣ ਦੀ ਮਿਤੀ | : | 15.10.2025 12:00 PM |
| ਟੈਂਡਰ ਦੀ ਕੀਮਤ | : | 1180/- ਰੁਪਏ |

**ਨੋਟ :- ਟੈਂਡਰ ਦੀਆਂ ਸਪੈਸੀਫਿਕੇਸ਼ਨ ਅਤੇ ਸ਼ਰਤਾਂ ਪੀ.ਐਸ.ਪੀ.ਸੀ.ਐਲ. ਦੀ ਵੈੱਬਸਾਈਟ (www.pspcl.in) ਤੋਂ ਡਾਊਨਲੋਡ ਕੀਤੀਆਂ ਜਾ ਸਕਦੀਆਂ ਹਨ। ਜੇਕਰ ਕੋਈ ਕੋਰੀਜ਼ੰਡਮ ਹੋਇਆ ਤਾਂ ਉਹ ਅਖ਼ਬਾਰ ਵਿੱਚ ਪ੍ਰਕਾਸ਼ਿਤ ਨਹੀਂ ਕੀਤਾ ਜਾਵੇਗਾ। ਕਿਸੇ ਵੀ ਤਰ੍ਹਾਂ ਦੀ ਅਪਡੇਟ ਲਈ ਪੀ.ਐਸ.ਪੀ.ਸੀ.ਐਲ. ਦੀ ਵੈੱਬਸਾਈਟ 'ਤੇ ਲਗਾਤਾਰ ਦੇਖਿਆ ਜਾਵੇ।**
**C 716/25**
**Ro No. PR-Advt. No. 1079 / 12 / 2025-26 / 4010 / Dated CHD : 06.10.2025**

---

## ਪੰਜਾਬ ਸਰਕਾਰ

**ਟੈਂਡਰ ਸੂਚਨਾ ਹਵਾਲਾ ਨੰਬਰ ਈ-ਟੈਂਡਰ/ਐਨਪੀ/ਦਿੜ੍ਹਬਾ : 2025-26/02**
**ਨਗਰ ਪੰਚਾਇਤ ਦਿੜ੍ਹਬਾ ਦੇ ਵਿਭਾਗ ਵੱਲੋਂ ਨਿਮਨ ਦੇ ਅਧੀਨ ਨਿਮਨਲਿਖਤ ਇਸ਼ਤਿਹਾਰੀ ਠੇਕੇ ਦੇ ਲਈ ਆਨਲਾਈਨ ਬੋਲੀਆਂ ਦੀ ਮੰਗ ਕੀਤੀ ਜਾਂਦੀ ਹੈ।**

| ਲ. ਨੰ. | ਮਦ | ਮਾਤਰਾ |
|---|---|---|
| 1. | ਨਗਰ ਪੰਚਾਇਤ ਦਿੜ੍ਹਬਾ ਵਿਖੇ 07 ਸਾਲਾਂ ਦੀ ਮਿਆਦ ਲਈ ਯੂਨੀਪੋਲਜ਼ ਰਾਹੀਂ ਇਸ਼ਤਿਹਾਰ ਲਈ ਥਾਵਾਂ ਦੀ ਅਲਾਟਮੈਂਟ ਲਈ ਆਊਟ ਡੋਰ ਮੀਡੀਆ ਏਜੰਸੀਆਂ ਤੋਂ ਈ-ਨਿਲਾਮੀ ਪਲੇਟਫਾਰਮ (1029600/- ਪ੍ਰਤੀ ਸਾਲ) | 1029600/- ਰੁਪਏ 1029600 ਲੱਖ |

**ਬੰਦ ਹੋਣ ਦੀ ਮਿਤੀ ਅਤੇ ਸਮਾਂ : 27.10.2025 ਨੂੰ ਰਾਤ 11.00 ਵਜੇ**
**ਪੂਰਵ-ਬੋਲੀ ਬੈਠਕ : 17.10.2025 ਨੂੰ ਸਵੇਰੇ 11.00 ਵਜੇ**
**ਵੇਰਵਿਆਂ ਲਈ ਲਾਗ ਆਨ ਕਰੋ : www.tenderwizard.com/DLGP**
**ਵੇਰਵਿਆਂ ਲਈ ਲਾਗ ਆਨ ਕਰੋ : eproc.punjabgovt.gov.in**
**ਨੋਟ : ਟੈਂਡਰ ਸੂਚਨਾ ਵਿਚ ਕੋਈ ਵੀ ਸੋਧ (†) ਕੇਵਲ ਉਕਤ ਵੈਬਸਾਈਟ 'ਤੇ ਹੀ ਪਾਈ ਜਾਵੇਗੀ।**
**ਸਹੀ/- ਪ੍ਰਧਾਨ, ਨਗਰ ਪੰਚਾਇਤ ਦਿੜ੍ਹਬਾ**
**ਸਹੀ/-ਕਾਰਜਕਾਰੀ ਅਧਿਕਾਰੀ, ਨਗਰ ਪੰਚਾਇਤ ਦਿੜ੍ਹਬਾ**
**RO No. PR-Advt.No. : 1228/12/2025-26/3991/Dated CHD : 06/10/2025**

---

## ਨੋਟਿਸ

ਭਾਈ ਸੁਖਵਿੰਦਰ ਸਿੰਘ ਸੇਵਾਦਾਰ ਸੁਰੱਖਿਆ ਦਸਤਾ (ਸਪੁੱਤਰ ਸ੍ਰ: ਕਸ਼ਮੀਰ ਸਿੰਘ) ਪਿੰਡ ਤੇ ਡਾਕਖ਼ਾਨਾ ਖਤਰਾਏ ਕਲਾਂ, ਤਹਿਸੀਲ ਅਜਨਾਲਾ, ਜਿਲ੍ਹਾ ਅੰਮ੍ਰਿਤਸਰ ਜੋ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦਾ ਮੁਲਾਜ਼ਮ ਹੈ, ਦੀ ਮਿਤੀ 31/08/2023 ਤੋਂ ਮਿਤੀ 11/07/2025 ਤੀਕ ਕੁੱਲ 682 ਦਿਨਾਂ ਦੀ ਵਿਦੇਸ਼ ਛੁੱਟੀ ਪ੍ਰਵਾਨ ਹੋਈ ਸੀ। ਇਸ ਵੱਲੋਂ ਮਿਤੀ 12/07/2025 ਨੂੰ ਹਾਜਰ ਡਿਊਟੀ ਹੋਣ ਦੀ ਬਜਾਏ ਵਿਦੇਸ਼ ਤੋਂ ਹੀ ਈ-ਮੇਲ ਰਾਹੀਂ ਮਿਤੀ 12/07/2025 ਤੋਂ ਮਿਤੀ 11/07/2026 ਤੀਕ ਇੱਕ ਸਾਲ ਦੀ ਹੋਰ ਵਿਦੇਸ਼ ਛੁੱਟੀ ਪ੍ਰਵਾਨ ਕਰਨ ਸਬੰਧੀ ਕੀਤੀ ਮੰਗ ਦੇ ਸਬੰਧ ਵਿੱਚ ਦਫ਼ਤਰੀ ਰਿਪੋਰਟਾਂ ਦੇ ਅਧਾਰ ਤੇ ਦਫ਼ਤਰ ਦੀ ਪੱਤ੍ਰਿਕਾ ਨੰਬਰ 3776 ਮਿਤੀ 10/07/2025 ਅਤੇ ਪੱਤ੍ਰਿਕਾ ਨੰਬਰ 5057 ਮਿਤੀ 18/08/2025 ਰਾਹੀਂ ਇਸ ਨੂੰ ਡਿਊਟੀ ਪੁਰ ਹਾਜ਼ਰ ਹੋਣ ਲਈ ਇਸ ਦੇ ਘਰ ਦੇ ਪਤੇ 'ਤੇ ਹਾਜ਼ਰ ਡਿਊਟੀ ਹੋਣ ਲਈ ਦੋ ਵਾਰ ਨੋਟਿਸ ਭੇਜੇ ਗਏ ਸਨ। ਮੈਨੇਜਰ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਪੱਤ੍ਰਿਕਾ ਨੰਬਰ 9451 ਮਿਤੀ 29/08/2025 ਰਾਹੀਂ ਸਬੰਧਤ ਅਜੇ ਤੀਕ ਡਿਊਟੀ ਪੁਰ ਹਾਜ਼ਰ ਨਾ ਹੋਇਆ ਹੋਣ ਸਬੰਧੀ ਪੁੱਜੀ ਜਾਣਕਾਰੀ ਦੇ ਸਬੰਧ ਵਿੱਚ ਐਲ.ਏ. ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਤੀ ਰਾਏ ਮਿਤੀ 12/09/2025 ਅਤੇ ਦਫ਼ਤਰੀ ਰਿਪੋਰਟਾਂ ਦੇ ਅਧਾਰਪੁਰ ਇਸ ਨੋਟਿਸ ਰਾਹੀਂ ਸਬੰਧਤ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਨੋਟਿਸ ਦੇ ਛਪਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਹਾਜਰ ਡਿਊਟੀ ਹੋਵੇ, ਹਾਜ਼ਰ ਡਿਊਟੀ ਨਾ ਹੋਣ ਦੀ ਸੂਰਤ ਵਿੱਚ ਗੈਰ ਹਾਜ਼ਰ ਰਹਿਣ ਦੇ ਦੋਸ਼ ਵਿੱਚ ਇਸ ਨੂੰ ਸਰਵਿਸ ਤੋਂ ਵਿਹਲਾ ਕਰ ਦਿੱਤਾ ਜਾਵੇਗਾ। ਬਾਅਦ ਵਿੱਚ ਕਿਸੇ ਕਿਸਮ ਦੀ ਕੋਈ ਅਪੀਲ/ਉਜ਼ਰ ਨਹੀਂ ਸੁਣੀ ਜਾਵੇਗੀ।
**ਮੁੱਖ ਸਕੱਤਰ,**
**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।**

---

## ਨੋਟਿਸ

ਸ੍ਰ: ਰਣਪ੍ਰੀਤ ਸਿੰਘ ਕਲਰਕ (ਸਪੁੱਤਰ ਸ੍ਰ: ਮੰਗਲ ਸਿੰਘ) ਪਿੰਡ ਚੰਬਲ, ਡਾਕਖ਼ਾਨਾ ਸੇਰੋਂ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ, ਜੋ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦਾ ਮੁਲਾਜ਼ਮ ਹੈ, ਦੀ ਮਿਤੀ 01/05/2023 ਤੋਂ ਮਿਤੀ 30/04/2025 ਤੀਕ ਕੁੱਲ 730 ਦਿਨਾਂ ਦੀ ਵਿਦੇਸ਼ ਛੁੱਟੀ ਪ੍ਰਵਾਨ ਹੋਈ ਸੀ। ਇਸ ਵੱਲੋਂ ਮਿਤੀ 01/05/2025 ਨੂੰ ਹਾਜਰ ਡਿਊਟੀ ਹੋਣ ਦੀ ਬਜਾਏ ਵਿਦੇਸ਼ ਤੋਂ ਹੀ ਈ-ਮੇਲ ਰਾਹੀਂ ਮਿਤੀ 01/05/2025 ਤੋਂ ਮਿਤੀ 30/10/2025 ਤੀਕ ਕੁੱਲ 183 ਦਿਨਾਂ ਦੀ ਵਿਦੇਸ਼ ਦੀ ਹੋਰ ਛੁੱਟੀ ਪ੍ਰਵਾਨ ਕਰਨ ਸਬੰਧੀ ਕੀਤੀ ਮੰਗ ਦੇ ਸਬੰਧ ਵਿੱਚ ਦਫ਼ਤਰੀ ਰਿਪੋਰਟਾਂ ਦੇ ਅਧਾਰ ਤੇ ਦਫ਼ਤਰ ਦੀ ਪੱਤ੍ਰਿਕਾ ਨੰਬਰ 3777 ਮਿਤੀ 10/07/2025 ਅਤੇ ਪੱਤ੍ਰਿਕਾ ਨੰਬਰ 5161 ਮਿਤੀ 19/08/2025 ਰਾਹੀਂ ਇਸ ਦੇ ਘਰ ਦੇ ਪਤੇ 'ਤੇ ਹਾਜਰ ਡਿਊਟੀ ਹੋਣ ਲਈ ਦੋ ਵਾਰ ਨੋਟਿਸ ਭੇਜੇ ਗਏ ਸਨ। ਮੈਨੇਜਰ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਪੱਤ੍ਰਿਕਾ ਨੰਬਰ 9843 ਮਿਤੀ 04/09/2025 ਰਾਹੀਂ ਸਬੰਧਤ ਮਿਤੀ 01/05/2025 ਤੋਂ ਹੀ ਲਗਾਤਾਰ ਗੈਰ ਹਾਜਰ ਚਲਿਆ ਆ ਰਿਹਾ ਹੋਣ ਸਬੰਧੀ ਪੁੱਜੀ ਜਾਣਕਾਰੀ ਦੇ ਸਬੰਧ ਵਿੱਚ ਐਲ.ਏ. ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਤੀ ਰਾਏ ਮਿਤੀ 20/09/2025 ਅਤੇ ਦਫ਼ਤਰੀ ਰਿਪੋਰਟਾਂ ਦੇ ਅਧਾਰਪੁਰ ਇਸ ਨੋਟਿਸ ਰਾਹੀਂ ਸਬੰਧਤ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਨੋਟਿਸ ਦੇ ਛਪਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਹਾਜ਼ਰ ਡਿਊਟੀ ਹੋਵੇ, ਹਾਜ਼ਰ ਡਿਊਟੀ ਨਾ ਹੋਣ ਦੀ ਸੂਰਤ ਵਿੱਚ ਗੈਰ ਹਾਜ਼ਰ ਰਹਿਣ ਦੇ ਦੋਸ਼ ਵਿੱਚ ਇਸ ਨੂੰ ਸਰਵਿਸ ਤੋਂ ਵਿਹਲਾ ਕਰ ਦਿੱਤਾ ਜਾਵੇਗਾ। ਬਾਅਦ ਵਿੱਚ ਕਿਸੇ ਕਿਸਮ ਦੀ ਕੋਈ ਅਪੀਲ/ਉਜ਼ਰ ਨਹੀਂ ਸੁਣੀ ਜਾਵੇਗੀ।
**ਮੁੱਖ ਸਕੱਤਰ,**
**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।**

---

ਬੈਂਕ ਆਫ਼ ਬੜੌਦਾ
Bank of Baroda
ਸ਼ਾਖਾ: ਆਰਓਐਸਏਆਰਬੀ ਐਸਸੀਓ 62-63, ਤੀਜੀ ਮੰਜ਼ਿਲ, ਬੈਂਕ ਸਕੁਏਅਰ, ਸੈਕਟਰ 17-ਬੀ, ਚੰਡੀਗੜ੍ਹ-160017, ਮੋਬਾਈਲ: 85588-46401

## ਰਿਡੈਂਪਸ਼ਨ ਨੋਟਿਸ (ਸਰਫਾਇਸੀ ਐਕਟ 2002 ਦੇ ਨਿਯਮ 6(2) ਅਤੇ/ਜਾਂ ਨਿਯਮ 8(6) ਦੇ ਤਹਿਤ)

ਜਦੋਂ ਕਿ ਸੁਰੱਖਿਅਤ ਕਰਜ਼ਾਦਾਤਾ ਬੈਂਕ ਹੋਣ ਦੇ ਨਾਤੇ ਬੈਂਕ ਆਫ਼ ਬੜੌਦਾ ਦੇ ਅਧਿਕਾਰਤ ਅਧਿਕਾਰੀ ਨੇ ਸਰਫਾਇਸੀ ਐਕਟ 2002 ਦੀ ਧਾਰਾ 13(2) (ਇਸ ਤੋਂ ਬਾਅਦ "ਐਕਟ" ਵਜੋਂ ਹਵਾਲਾ ਦਿੱਤਾ ਗਿਆ ਹੈ) ਦੇ ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 (ਇਸ ਤੋਂ ਬਾਅਦ "ਨਿਯਮ" ਵਜੋਂ ਹਵਾਲਾ ਦਿੱਤਾ ਗਿਆ ਹੈ) ਦੇ ਨਿਯਮ 3 ਦੇ ਨਾਲ ਪੜ੍ਹੇ ਗਏ ਮੰਗ ਨੋਟਿਸ ਜਾਰੀ ਕੀਤਾ ਹੈ, ਜਿਸ ਵਿੱਚ ਤੁਹਾਨੂੰ ਕਰਜ਼ਦਾਰ/ਗਿਰੀਵਕਾਰ/ਜ਼ਾਮਨ ਦੇਣ ਵਾਲੇ ਹੋਣ ਦੇ ਨਾਤੇ ਉਕਤ ਮੰਗ ਵਿੱਚ ਦੱਸੀ ਗਈ ਰਕਮ ਦੀ ਅਦਾਇਗੀ ਕਰਨ ਲਈ ਕਿਹਾ ਗਿਆ ਹੈ। ਉਕਤ ਨੋਟਿਸ ਪ੍ਰਾਪਤ ਹੋਣ ਤੋਂ 60 ਦਿਨਾਂ ਦੇ ਅੰਦਰ ਸੂਚਨਾ।
ਅਤੇ ਜਦੋਂ ਕਿ ਤੁਸੀਂ ਰਕਮ ਵਾਪਸ ਕਰਨ ਵਿੱਚ ਅਸਫਲ ਰਹੇ ਹੋ, ਇਸ ਲਈ ਹੇਠ ਹਸਤਾਖਰ ਕਰਨ ਵਾਲੇ ਨੇ ਉਕਤ ਐਕਟ ਦੀ ਧਾਰਾ 13(4) ਦੇ ਨਿਯਮ 4 ਅਤੇ/ਜਾਂ ਨਿਯਮਾਂ ਦੇ ਨਿਯਮ 8 ਦੇ ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਸੁਰੱਖਿਅਤ ਸੰਪਤੀਆਂ (ਇਸ ਤੋਂ ਬਾਅਦ ਉਕਤ ਸੰਪਤੀਆਂ ਵਜੋਂ ਜਾਣਿਆ ਜਾਂਦਾ ਹੈ) ਦਾ ਕਬਜ਼ਾ ਲੈ ਲਿਆ ਹੈ, ਖਾਸ ਤੌਰ 'ਤੇ ਹੇਠਾਂ ਦਿੱਤੇ ਅਨੁਸੂਚੀ ਵਿੱਚ ਵਰਣਨ ਕੀਤਾ ਗਿਆ ਹੈ। ਸੁਰੱਖਿਅਤ ਸੰਪਤੀ ਦਾ ਕਬਜ਼ਾ ਲੈਣ ਤੋਂ ਬਾਅਦ ਵੀ, ਤੁਸੀਂ ਉਪਰੋਕਤ ਕਬਜ਼ਾ ਨੋਟਿਸ ਵਿੱਚ ਦੱਸੇ ਅਨੁਸਾਰ ਬੈਂਕ ਨੂੰ ਬਕਾਇਆ ਰਕਮ ਦਾ ਭੁਗਤਾਨ ਨਹੀਂ ਕੀਤਾ ਹੈ। ਤੁਹਾਡਾ ਧਿਆਨ ਸਰਫਾਇਸੀ ਐਕਟ, 2002 ਦੀ ਧਾਰਾ 13 ਦੀ ਉਪ-ਧਾਰਾ (8) ਦੇ ਉਪਬੰਧਾਂ ਵੱਲ ਸੱਦਾ ਦਿੱਤਾ ਜਾਂਦਾ ਹੈ, ਸੁਰੱਖਿਅਤ ਸੰਪਤੀਆਂ ਨੂੰ ਛੁਡਾਉਣ ਲਈ ਉਪਲਬਧ ਸਮੇਂ ਦੇ ਸੰਬੰਧ ਵਿੱਚ।
ਤੁਹਾਨੂੰ ਸਾਰਿਆਂ ਨੂੰ ਇਸ ਨੋਟਿਸ ਪ੍ਰਾਪਤ ਹੋਣ ਤੋਂ 30 ਦਿਨਾਂ ਦੇ ਅੰਦਰ ਅੰਦਰ ਸੁਰੱਖਿਅਤ ਸੰਪਤੀਆਂ, ਜੋ ਕਿ ਸੁਰੱਖਿਅਤ ਲੈਣਦਾਰ ਦੇ ਕਬਜ਼ੇ ਵਿੱਚ ਹਨ, ਨੂੰ ਛੁਡਾਉਣ ਅਤੇ ਮੁੜ ਪ੍ਰਾਪਤ ਕਰਨ ਦਾ ਆਖਰੀ ਅਤੇ ਆਖਰੀ ਮੌਕਾ ਦਿੱਤਾ ਜਾਂਦਾ ਹੈ ਅਤੇ ਇਸ ਨੋਟਿਸ ਪ੍ਰਾਪਤ ਹੋਣ ਤੋਂ 30 ਦਿਨਾਂ ਦੇ ਅੰਦਰ ਕਬਜ਼ੇ ਨੋਟਿਸ ਵਿੱਚ ਦੱਸੇ ਗਏ ਬਕਾਏ ਲਾਗੂ ਵਿਆਜ, ਲਾਗਤ, ਖਰਚਿਆਂ ਅਤੇ ਖਰਚਿਆਂ ਦੇ ਨਾਲ ਵਾਪਸ ਕਰਨ ਅਤੇ ਹੇਠਾਂ ਦੱਸੇ ਅਨੁਸਾਰ ਸੁਰੱਖਿਅਤ ਸੰਪਤੀ ਨੂੰ ਛੁਡਾਉਣ ਦਾ ਆਖਰੀ ਅਤੇ ਆਖਰੀ ਮੌਕਾ ਦਿੱਤਾ ਜਾਂਦਾ ਹੈ। ਜੇਕਰ ਤੁਸੀਂ ਇਸ ਨੋਟਿਸ ਦੀ ਪ੍ਰਾਪਤੀ ਤੋਂ 30 ਦਿਨਾਂ ਦੇ ਅੰਦਰ ਉਪਰੋਕਤ ਬਕਾਏ ਦਾ ਭੁਗਤਾਨ ਕਰਨ ਅਤੇ ਸੁਰੱਖਿਅਤ ਸੰਪਤੀ ਨੂੰ ਵਾਪਸ ਕਰਨ ਵਿੱਚ ਅਸਫਲ ਰਹਿੰਦੇ ਹੋ, ਤਾਂ ਬੈਂਕ ਈ-ਨਿਲਾਮੀ ਵਿਕਰੀ ਨੋਟਿਸ ਪ੍ਰਕਾਸ਼ਿਤ ਕਰਕੇ ਜਨਤਕ ਈ-ਨਿਲਾਮੀ ਰਾਹੀਂ ਸੁਰੱਖਿਅਤ ਸੰਪਤੀ ਨੂੰ ਵੇਚਣ ਲਈ ਪਾਬੰਦ ਹੋਵੇਗਾ। ਈ-ਨਿਲਾਮੀ ਦੀ ਮਿਤੀ, ਸਮਾਂ ਅਤੇ ਜਾਇਦਾਦ ਦੀ ਰਿਜ਼ਰਵ ਕੀਮਤ ਤੁਹਾਨੂੰ ਵੱਖਰੇ ਤੌਰ 'ਤੇ ਸੂਚਿਤ ਕੀਤੀ ਜਾਵੇਗੀ।

| ਸ਼ਾਖਾ ਦਾ ਨਾਮ / ਖਾਤਾ ਕਰਜ਼ਦਾਰ ਅਤੇ ਜ਼ਾਮਨ | ਸੰਪਤੀ ਦਾ ਵੇਰਵਾ | ਕਬਜ਼ੇ ਦੀ ਮਿਤੀ ਅਤੇ ਕਬਜ਼ੇ ਦੀ ਕਿਸਮ | ਕਬਜ਼ਾ ਪ੍ਰਕਾਸ਼ਨ ਦੀ ਮਿਤੀ | ਮੰਗ ਨੋਟਿਸ ਦੀ ਮਿਤੀ / ਬਕਾਇਆ ਰਕਮ |
|---|---|---|---|---|
| ਸ਼ਾਖਾ ਸੈਕਟਰ 22 ਚੰਡੀਗੜ੍ਹ<br>ਕਰਜ਼ਦਾਰ: (1) ਅਨੀਤਾ ਸਟੀਲਜ਼ ਕਾਰਪੋਰੇਸ਼ਨ, ਪ੍ਰੋਪ ਗੌਰਵ ਕੁਮਾਰ ਗੋਇਲ, ਦੁਕਾਨ ਨੰਬਰ 211 ਸੈਕਟਰ 20ਏ, ਕ੍ਰਿਸ਼ਨਾ ਮਾਰਕੀਟ, ਮੋਤੀਆ ਖਾਨ, ਮੰਡੀ ਗੋਬਿੰਦਗੜ੍ਹ, ਜ਼ਿਲ੍ਹਾ ਫਤਿਹਗੜ੍ਹ ਸਾਹਿਬ, 147301 (ਪੰਜਾਬ) (2) ਸ਼੍ਰੀ ਗੌਰਵ ਕੁਮਾਰ ਗੋਇਲ ਪੁੱਤਰ ਪਵਨ ਕੁਮਾਰ ਗੋਇਲ, ਮਕਾਨ ਨੰ: 163, ਸੈਕਟਰ 20 ਡੀ, ਸੁਭਾਸ਼ ਨਗਰ, ਮੰਡੀ ਗੋਬਿੰਦਗੜ੍ਹ, ਜ਼ਿਲ੍ਹਾ ਫਤਿਹਗੜ੍ਹ ਸਾਹਿਬ-147301, ਪੰਜਾਬ, **ਜ਼ਾਮਨਾਂ** (1) **ਸ਼੍ਰੀ ਗੌਰਵ ਕੁਮਾਰ ਗੋਇਲ** ਪੁੱਤਰ ਪਵਨ ਕੁਮਾਰ ਗੋਇਲ, ਮਕਾਨ ਨੰ: 163, ਸੈਕਟਰ 20 ਡੀ, ਸੁਭਾਸ਼ ਨਗਰ, ਮੰਡੀ ਗੋਬਿੰਦਗੜ੍ਹ, ਜ਼ਿਲ੍ਹਾ ਫਤਹਿਗੜ੍ਹ ਸਾਹਿਬ, 147301 ਪੰਜਾਬ (2) **ਸ਼੍ਰੀ ਰਵੀ ਗੋਇਲ ਪੁੱਤਰ ਪਵਨ ਕੁਮਾਰ ਗੋਇਲ**, ਮਕਾਨ ਨੰ: 163, ਸੈਕਟਰ 20 ਡੀ, ਸੁਭਾਸ਼ ਨਗਰ, ਮੰਡੀਗੋਬਿੰਦਗੜ੍ਹ, ਜ਼ਿਲ੍ਹਾ ਫਤਿਹਗੜ੍ਹ ਸਾਹਿਬ, 147301 ਪੰਜਾਬ, (3) **ਸ਼੍ਰੀਮਤੀ ਪੁਸ਼ਪਾ ਰਾਣੀ** ਪਤਨੀ ਪਵਨ ਕੁਮਾਰ ਗੋਇਲ, ਮਕਾਨ ਨੰ: 163, ਸੈਕਟਰ 20 ਡੀ, ਸੁਭਾਸ਼ ਨਗਰ, ਮੰਡੀ ਗੋਬਿੰਦਗੜ੍ਹ, ਜ਼ਿਲ੍ਹਾ ਫਤਿਹਗੜ੍ਹ ਸਾਹਿਬ-147301, ਪੰਜਾਬ, **ਸ਼੍ਰੀਮਤੀ ਪੁਸ਼ਪਾ ਰਾਣੀ (ਹੁਣ ਮ੍ਰਿਤਕ)** ਦੇ **ਕਾਨੂੰਨੀ ਵਾਰਸ ਪਵਨ ਕੁਮਾਰ ਗੋਇਲ**: (1) **ਸ਼੍ਰੀਮਤੀ ਸੰਗੀਤਾ ਬਾਂਸਲ ਅਤੇ ਤਰਲੋਕ ਬਾਂਸਲ**, ਪਤਾ 1: ਬਸੰਤ ਵਿਹਾਰ ਦਾ ਸੱਜਾ ਪਾਸਾ, ਕਿਰਪਾਲ ਆਸ਼ਰਮ ਵਿਕਾਸ ਨਗਰ ਦੇ ਸਾਹਮਣੇ, ਮੰਡੀ ਗੋਬਿੰਦਗੜ੍ਹ, ਜ਼ਿਲ੍ਹਾ ਫਤਿਹਗੜ੍ਹ, ਪੰਜਾਬ ਅਤੇ ਦੂਜਾ ਪਤਾ: ਮਕਾਨ ਨੰਬਰ 45. ਸੈਕਟਰ 1ਬੀ, ਮੰਡੀ ਗੋਬਿੰਦਗੜ੍ਹ, ਜ਼ਿਲ੍ਹਾ ਫਤਿਹਗੜ੍ਹ ਸਾਹਿਬ-147301 ਪੰਜਾਬ, (2) **ਸ਼੍ਰੀ ਰਵੀ ਗੋਇਲ ਪੁੱਤਰ ਪਵਨ ਕੁਮਾਰ ਗੋਇਲ**, ਮਕਾਨ ਨੰਬਰ 163, ਸੈਕਟਰ 20 ਡੀ, ਸੁਭਾਸ਼ ਨਗਰ, ਮੰਡੀ ਗੋਬਿੰਦਗੜ੍ਹ, ਜ਼ਿਲ੍ਹਾ ਫਤਿਹਗੜ੍ਹ ਸਾਹਿਬ-147301 ਪੰਜਾਬ, (3) **ਗੌਰਵ ਕੁਮਾਰ ਪੁੱਤਰ ਸ਼੍ਰੀ ਪਵਨ ਕੁਮਾਰ ਗੋਇਲ**, ਮਕਾਨ ਨੰ: 163, ਸੈਕਟਰ 20 ਡੀ, ਸੁਭਾਸ਼ ਨਗਰ, ਮੰਡੀ ਗੋਬਿੰਦਗੜ੍ਹ, ਜ਼ਿਲ੍ਹਾ. ਫਤਿਹਗੜ੍ਹ ਸਾਹਿਬ, 147301 ਪੰਜਾਬ। | **ਜਾਇਦਾਦ-1:** ਵਿਕਰੀ ਡੀਡ ਨੰਬਰ 2371 ਮਿਤੀ 16.02.2005 (ਇੰਤਕਾਲ ਨੰਬਰ 11625) ਦੇ ਅਨੁਸਾਰ ਦੁਕਾਨ ਨੰਬਰ 211, ਕ੍ਰਿਸ਼ਨਾ ਮਾਰਕੀਟ, ਮੋਤੀਆ ਖਾਨ, ਮੰਡੀ ਗੋਬਿੰਦਗੜ੍ਹ ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਪੰਜਾਬ ਵਿਖੇ ਸਥਿਤ ਵਪਾਰਕ ਜਾਇਦਾਦ ਦਾ ਬਰਾਬਰ ਗਿਰਵੀਨਾਮਾ, ਜੋ ਕਿ ਸ਼੍ਰੀ ਗੌਰਵ ਕੁਮਾਰ ਗੋਇਲ ਦੇ ਨਾਮ 'ਤੇ ਹੈ, 0 ਬਿੱਘਾ 0 ਬਿਸਵਾ 5 ਅਤੇ 1/2 ਬਿਸਵਾਸੀ ਦਾ ਮਾਪ ਹੈ ਭਾਵ 9 ਬਿਸਵਾ 12 ਬਿਸਵਾਸੀ ਵਿੱਚੋਂ 11/384 ਹਿੱਸਾ ਜਿਸ ਵਿੱਚ ਖੇਵਟ ਨੰਬਰ 977/1461, ਖਸਰਾ ਨੰਬਰ 2111/436 (0-9-12) ਕਿੱਤੇ 1 ਸ਼ਾਮਲ ਹੈ, ਕੁੱਕੜਮਾਜਰਾ, ਹਦਬਸਤ ਨੰਬਰ 64, ਸਬ ਤਹਿਸੀਲ ਮੰਡੀ ਗੋਬਿੰਦਗੜ੍ਹ, ਤਹਿਸੀਲ ਅਮਲੋਹ, ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਪੰਜਾਬ ਦੀ ਮਾਲੀਆ ਜਾਇਦਾਦ ਵਿੱਚ ਸਥਿਤ ਹੈ, 2001-02 ਦੇ ਸਾਲ ਲਈ ਜਮ੍ਹਾਂਬੰਦੀ ਦੇ ਅਨੁਸਾਰ, ਅਤੇ ਹੇਠ ਲਿਖੇ ਅਨੁਸਾਰ ਹੱਦਬੰਦੀ : ਉੱਤਰ ਵੱਲ ਬਿਲਡ ਅੱਪ (10'-6'), ਦੱਖਣ ਵੱਲ: 15' ਚੌੜੀ ਸੜਕ (10'-6'), ਪੂਰਬ ਵੱਲ ਰਾਕੇਸ਼ ਦੀ ਦੁਕਾਨ (12'-0'), ਪੱਛਮ ਵੱਲ: ਰਤੀਆ ਸਟੀਲ ਦੀ ਦੁਕਾਨ (12'-0') ਦੁਆਰਾ (ਸ਼੍ਰੀ ਗੌਰਵ ਕੁਮਾਰ ਗੋਇਲ ਪੁੱਤਰ ਸ਼੍ਰੀ ਪਵਨ ਕੁਮਾਰ ਗੋਇਲ ਦੇ ਨਾਮ 'ਤੇ ਸਾਲ 2016-17 ਲਈ ਮੌਜੂਦਾ ਜਮ੍ਹਾਂਬੰਦੀ ਦੇ ਅਨੁਸਾਰ ਜਾਇਦਾਦ ਦਾ ਮਾਪ 5 ਅਤੇ 1/2 ਬਿਸਵਾਸੀ ਭਾਵ 9 ਬਿਸਵਾ 12 ਬਿਸਵਾਸੀ ਵਿੱਚੋਂ 11/384 ਹਿੱਸਾ ਜਿਸ ਵਿੱਚ ਖਾਤਾ ਨੰਬਰ 996/1487, ਖਸਰਾ ਨੰਬਰ 2111/436 (0-9-12) ਕਿਤਾ 1 ਸ਼ਾਮਲ ਹਨ, ਕੁੱਕੜਮਾਜਰਾ, ਹੱਦਬਸਤ ਨੰਬਰ 64, ਸਬ ਤਹਿਸੀਲ ਮੰਡੀ ਗੋਬਿੰਦਗੜ੍ਹ, ਤਹਿਸੀਲ ਅਮਲੋਹ, ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਪੰਜਾਬ ਦੀ ਮਾਲੀਆ ਜਾਇਦਾਦ ਵਿੱਚ ਸਥਿਤ ਹੈ।)<br>**ਜਾਇਦਾਦ-2:** ਜਾਇਦਾਦ ਦਾ ਬਰਾਬਰ ਗਿਰਵੀਨਾਮਾ (2 ਹਿੱਸਿਆਂ ਵਿੱਚ) ਸਨ ਸਿਟੀ ਦੇ ਨੇੜੇ, ਜਸੜਾਂ ਰੋਡ, ਸਾਹਮਣੇ ਗ੍ਰੀਨ ਐਵੇਨਿਊ, ਮੰਡੀ ਗੋਬਿੰਦਗੜ੍ਹ, ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਪੰਜਾਬ, ਸ਼੍ਰੀ ਰਵੀ ਗੋਇਲ ਪੁੱਤਰ ਪਵਨ ਕੁਮਾਰ ਗੋਇਲ ਅਤੇ ਪੁਸ਼ਪਾ ਰਾਣੀ ਪਤਨੀ ਪਵਨ ਕੁਮਾਰ ਗੋਇਲ ਦੇ ਨਾਮ 'ਤੇ ਕੁੱਲ 10 ਬਿਸਵਾ ਮਾਪ, **(ਏ)** ਵਿਕਰੀ ਡੀਡ ਨੰਬਰ 1609 ਮਿਤੀ 27.10.2004 (ਇੰਤਕਾਲ ਨੰਬਰ 17209) ਦੇ ਆਧਾਰ 'ਤੇ ਸ਼੍ਰੀ ਰਵੀ ਗੋਇਲ ਦੇ ਨਾਮ 'ਤੇਖੇਵਟ ਨੰਬਰ 375/869, ਖਸਰਾ ਨੰਬਰ 751 (8-5) ਕਿੱਤੇ 1 ਵਿੱਚ ਸ਼ਾਮਲ 8 ਵਿੱਘਾ 5 ਬਿਸਵਾ ਵਿੱਚੋਂ 1 ਬਿਸਵਾ 13 ਬਿਸਵਾ ਭਾਵ 200/19800 ਹਿੱਸੇ ਦਾ ਮਾਪਣਾ, ਜੋ ਕਿ ਜਸਰਾਂ, ਹਡਬਸਟ ਨੰਬਰ 02, ਸਬ ਤਹਿਸੀਲ ਮੰਡੀ ਗੋਬਿੰਦਗੜ੍ਹ, ਤਹਿਸੀਲ ਅਮਲੋਹ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੀ ਮਾਲੀਆ ਜਾਇਦਾਦ ਵਿੱਚ ਸਥਿਤ ਹੈ, ਸਾਲ 2000-01 ਲਈ ਜਮ੍ਹਾਂਬੰਦੀ ਅਨੁਸਾਰ (ਸਾਲ 2015-16 ਦੀ ਮੌਜੂਦਾ ਜਮਾਂਬੰਦੀ ਦੇ ਅਨੁਸਾਰ 1 ਬਿਸਵਾ 13 ਬਿਸਵਾਸੀ ਦੀ ਸੰਪਤੀ ਅਰਥਾਤ 8 ਬਿਸਵਾ 5 ਬਿਸਵਾ ਵਿਚੋਂ 1/100 ਹਿੱਸਾ ਜਿਸ ਵਿੱਚ ਖਾਤਾ ਨੰਬਰ 382/892, ਖਸਰਾ ਨੰਬਰ 751 (8-5) ਸ਼ਾਮਲ ਹੈ, ਜਿਸ ਵਿੱਚ 1 ਬਿਸਵਾ 13 ਬਿਸਵਾ ਸ਼ਾਮਲ ਹੈ। ਨੰਬਰ 02, ਸਬ ਤਹਿਸੀਲ ਮੰਡੀਗੋਬਿੰਦਗੜ੍ਹ, ਤਹਿਸੀਲ ਅਮਲੋਹ, ਜਿਲ੍ਹਾ ਫਤਿਹਗੜ੍ਹ ਸਾਹਿਬ, ਪੰਜਾਬ ਸ਼੍ਰੀ ਰਵੀ ਗੋਇਲ ਪੁੱਤਰ ਸ਼੍ਰੀ ਪਵਨ ਕੁਮਾਰ ਗੋਇਲ ਦੇ ਨਾਮ 'ਤੇ ਹੈ। **(ਬੀ)** ਵਿਕਰੀ ਡੀਡ ਨੰਬਰ 1608 ਮਿਤੀ 27.10.2004 (ਇੰਤਕਾਲ ਨੰਬਰ 17208) ਦੇ ਆਧਾਰ 'ਤੇ ਸ਼੍ਰੀਮਤੀ ਪੁਸ਼ਪਾ ਰਾਣੀ ਦੇ ਨਾਮ 'ਤੇ 8 ਬਿਸਵਾ 7 ਬਿਸਵਾਸੀ ਭਾਵ 1000/19800 ਬਿਗਾਵਾ ਕੰਪ 58 ਵਿੱਚ ਹਿੱਸਾ 375/869, ਖਸਰਾ ਨੰਬਰ 751 (8-5) ਕਿੱਤੇ 1, ਜਸਰਾਣ ਦੀ ਮਾਲ ਅਸਟੇਟ ਵਿੱਚ ਸਥਿਤ, ਹਦਬਸਤ ਨੰਬਰ 02, ਸਬ ਤਹਿਸੀਲ ਮੰਡੀਗੋਬਿੰਦਗੜ੍ਹ, ਤਹਿਸੀਲ ਅਮਲੋਹ, ਜ਼ਿਲ੍ਹਾ ਫਤਿਹਗੜ੍ਹ ਸਾਹਿਬ 2000-01 ਦੇ ਸਾਲ ਲਈ ਜਮ੍ਹਾਂਬੰਦੀ ਅਨੁਸਾਰ। (ਸਾਲ 2015-16 ਲਈ ਮੌਜੂਦਾ ਜਮ੍ਹਾਂਬੰਦੀ ਅਨੁਸਾਰ ਜਾਇਦਾਦ ਦਾ ਮਾਪ 8 ਬਿਸਵਾ 7 ਬਿਸਵਾ ਭਾਵ 167/3300 ਹਿੱਸਾ 8 ਬਿੱਘਾ 5 ਬਿਸਵਾ ਵਿੱਚੋਂ ਜਿਸ ਵਿੱਚ ਖੱਟਾ ਨੰਬਰ 382/892, ਖਸਰਾ ਨੰਬਰ 751 (8-5), ਕਿੱਤੇ 1 ਸ਼ਾਮਲ ਹੈ, ਜੋ ਕਿ ਜਸਰਾਂ, ਹਦਬਸਤ ਨੰਬਰ 2, ਸਬ ਤਹਿਸੀਲ ਮੰਡੀਗੋਬਿੰਦਗੜ੍ਹ, ਤਹਿਸੀਲ ਅਮਲੋਹ, ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਪੰਜਾਬ ਦੀ ਮਾਲੀਆ ਜਾਇਦਾਦ ਵਿੱਚ ਸਥਿਤ ਹੈ, ਸ਼੍ਰੀਮਤੀ ਪੁਸ਼ਪਾ ਰਾਣੀ ਪਤਨੀ ਸ਼੍ਰੀ ਪਵਨ ਕੁਮਾਰ ਗੋਇਲ ਦੇ ਨਾਮ 'ਤੇ ਹੈ) ਅਤੇ ਦੋਵੇਂ ਹਿੱਸਿਆਂ ਦੀ ਹੇਠ ਲਿਖੇ ਅਨੁਸਾਰ ਹੱਦਬੰਦੀ ਹਨ: ਉੱਤਰ ਵੱਲ: ਖੇਤੀਬਾੜੀ ਵਾਲੀ ਜ਼ਮੀਨ (75'-0'), ਦੱਖਣ ਵੱਲ: ਗਲੀ (75'-0'), ਪੂਰਬ ਵੱਲ: ਫਾਊਂਡਰੀ (60'-0'), ਪੱਛਮ ਵੱਲ: ਜਸਰਾਂ ਰੋਡ (60'-0')। | 16.04.2025 ਭੌਤਿਕ | 18.04.2025 | 18.09.23<br>Rs. 3,08,05,882.72/-<br>ਜਮ੍ਹਾਂ ਗੈਰ ਲਾਗੂ ਵਿਆਜ + ਗੈਰ ਤਾਮੀਲ ਵਿਆਜ+ ਕਾਨੂੰਨੀ/ਹੋਰ ਫੀਸਾਂ ਮਨਫੀ ਘੱਟ ਵਸੂਲੀ, ਜੇਕਰ ਕੋਈ ਹੋਵੇ, 10.09.2023 ਤੋਂ ਪ੍ਰਭਾਵੀ |
| ਕਰਜ਼ਦਾਰ: ਸਹਾਰਾ ਪੋਲਟਰੀ ਫਾਰਮ), ਪਿੰਡ ਭਰੇਲੀ, ਡਾਕਖਾਨਾ ਬਰਵਾਲਾ, ਜ਼ਿਲ੍ਹਾ ਪੰਚਕੂਲਾ, ਹਰਿਆਣਾ 134118 ਭਾਈਵਾਲ ਅਤੇ ਜ਼ਾਮਨ: (1) **ਸ਼੍ਰੀ ਅਰੁਣ ਕੁਮਾਰ ਅਗਰਵਾਲ** ਪੁੱਤਰ ਸ਼੍ਰੀ ਗਿਰਧਾਰੀ ਲਾਲ, ਪਤਾ 1: ਮਕਾਨ ਨੰ: 1517 ਐਸਪੀ, ਸੈਕਟਰ 21, ਪੰਚਕੂਲਾ-134109 (ਹਰਿਆਣਾ) ਮੋਬਾਈਲ 7696471767 ਪਤਾ 2. ਮਕਾਨ ਨੰ.1174-1175 ਮੋਰੀ ਗੇਟ, ਮਨੀ ਮਾਜਰਾ, ਚੰਡੀਗੜ੍ਹ-160101, ਮੋਬਾਈਲ-7696471767. (2) **ਸ਼੍ਰੀਮਤੀ ਗੀਤਾ ਗਰਗ** ਪਤਨੀ ਸ਼੍ਰੀ ਅਰੁਣ ਕੁਮਾਰ ਅਗਰਵਾਲ, ਰਿਹਾਇਸ਼ ਮਕਾਨ ਨੰਬਰ 1517 ਐਸਪੀ, ਸੈਕਟਰ 21, ਪੰਚਕੂਲਾ-134109 ਹਰਿਆਣਾ, (3) **ਯੋਗੇਸ਼ ਕੁਮਾਰ** ਗਰਗ ਪੁੱਤਰ ਸ਼੍ਰੀ ਅਰੁਣ ਕੁਮਾਰ ਅਗਰਵਾਲ, ਪਤਾ 1: ਮਕਾਨ ਨੰਬਰ 1517 ਐਸਪੀ, ਸੈਕਟਰ 21, ਪੰਚਕੂਲਾ-134109, ਹਰਿਆਣਾ, ਪਤਾ 2 ਫਲੈਟ ਨੰਬਰ 128ਏ, ਮੋਤੀਆ ਬਲੂ ਰਿਜ 2, ਪੀਰਮੁਸ਼ਾਲਾ ਜ਼ਿਲ੍ਹਾ ਐਸ.ਏ.ਐਸ. ਨਗਰ (ਮੁਹਾਲੀ)-140603, (4) **ਸ਼੍ਰੀ ਕੁਨਾਲ ਗੋਇਲ** ਪੁੱਤਰ ਸ਼੍ਰੀ ਸੰਜੀਵ ਗੋਇਲ, ਮੋਬਾਈਲ ਨੰਬਰ 9888886867, ਰਿਹਾਇਸ਼ ਮਕਾਨ ਨੰਬਰ 378, ਸੈਕਟਰ 30ਏ, ਚੰਡੀਗੜ੍ਹ-160030, (5) **ਸ਼੍ਰੀ ਪਿਯੂਸ਼ ਗੋਇਲ** ਪੁੱਤਰ ਸ਼੍ਰੀ ਵਿਜੇ ਕੁਮਾਰ ਗੋਇਲ, ਮੋਬਾਈਲ ਨੰਬਰ 9988563678, ਰਿਹਾਇਸ਼ ਮਕਾਨ ਨੰਬਰ 378, ਸੈਕਟਰ 30ਏ, ਚੰਡੀਗੜ੍ਹ - 160030 | ਰਿਹਾਇਸ਼ੀ ਪਲਾਟ ਦਾ ਬਰਾਬਰ ਗਿਰਵੀਨਾਮਾ (2 ਹਿੱਸਿਆਂ ਵਿੱਚ) ਗਲੀ ਨੰਬਰ 3, ਗੁਰੂ ਗੋਬਿੰਦ ਸਿੰਘ ਨਗਰ, ਨਿਊ ਕੋਰਟ ਰੋਡ, ਮਾਨਸਾ, ਜ਼ਿਲ੍ਹਾ ਮਾਨਸਾ, ਪੰਜਾਬ ਵਿਖੇ ਸਥਿਤ ਹੈ ਜਿਸਦੀ ਕੁੱਲ ਰਕਬਾ 3 ਕਨਾਲ 15.5 ਮਰਲੇ ਹੈ ਅਤੇ ਇਹਨਾਂ ਨਾਲ ਸਮਝੌਤਾ ਕੀਤਾ ਗਿਆ ਹੈ: (1) 3 ਕਨਾਲ 4.66 ਮਰਲੇ ਮੁਸਤਿਲ ਕਿਲ੍ਹਾ ਨੰਬਰ 112//16 ਮਿਨ (3-4.66) ਖੇਵਟ ਅਤੇ ਖਾਤਾ ਨੰਬਰ 751/2071 (2) 10.84 ਮਰਲੇ ਕਿਲ੍ਹਾ ਨੰਬਰ 112//26 ਮਿਨ (0-3.66) 15 ਮਿਨ (0-7.18) ਖੇਵਟ ਅਤੇ ਖਾਤਾ ਨੰਬਰ 751/2068 ਅਤੇ 2070 ਮਾਨਸਾ ਕਲਾਂ ਦੀ ਸਾਲ 2008-09 ਲਈ ਜਮ੍ਹਾਂਬੰਦੀ ਅਨੁਸਾਰ ਅਤੇ ਸ਼੍ਰੀ ਯੋਗੇਸ਼ ਕੁਮਾਰ ਗਰਗ ਦੇ ਨਾਮ 'ਤੇ ਵਿਕਰੀ ਡੀਡ ਨੰਬਰ 5604 ਮਿਤੀ 26.11.2010 ਦੇ ਦਫ਼ਤਰ ਵਿੱਚ ਰਜਿਸਟਰਡ ਅਨੁਸਾਰ ਸਬ-ਰਜਿਸਟਰਾਰ ਮਾਨਸਾ (ਇੰਤਕਾਲ ਨੰ. 40883) ਅਤੇ ਹੇਠ ਲਿਖੇ ਅਨੁਸਾਰ ਹੱਦਬੰਦੀ ਹੈ: *(ਭਾਗ 1)*: ਉੱਤਰ ਵੱਲ: ਸੜਕ ਦੀ ਚੌੜਾਈ 3 ਕਰਮ ਪਾਸੇ 31 ਫੁੱਟ 4 ਇੰਚ, ਦੱਖਣ ਵੱਲ: ਪਲਾਟ ਪਾਸੇ 31 ਫੁੱਟ 4 ਇੰਚ, ਪੂਰਬ ਵੱਲ: ਅਨੀਸ਼ ਮੁਨੀਸ਼ ਪਾਸੇ 102 ਫੁੱਟ, ਪੱਛਮ ਵੱਲ: ਸਤੀਸ਼ ਕੁਮਾਰ ਆਦਿ ਪਾਸੇ 102 ਫੁੱਟ, (ਭਾਗ 2): ਉੱਤਰ ਵੱਲ: ਪਾਸੇ 89 ਫੁੱਟ 7 ਇੰਚ, ਦੱਖਣ ਵੱਲ: ਅਣਜਾਣ ਪਾਸੇ 89 ਫੁੱਟ 7 ਇੰਚ, ਪੂਰਬ ਵੱਲ: ਹਰਪ੍ਰਸ਼ਾਦ ਮਿੱਤਲ ਪਾਸੇ 192 ਫੁੱਟ, ਪੱਛਮ ਵੱਲ: ਸ਼ਸ਼ੀਬਾਲਾ ਆਦਿ ਪਾਸੇ 192 ਫੁੱਟ, (ਨਵੀਨਤਮ ਖੇਵਟ ਅਤੇ ਖਾਤਾ ਨੰ. 886/2221 ਅਤੇ 2223 ਅਤੇ 2224 ਸਾਲ 2017-18 ਲਈ ਜਮ੍ਹਾਂਬੰਦੀ ਅਨੁਸਾਰ) | 01.08.2022 ਸੰਕੇਤਕ | 07.08.2022 | 21.05.2022<br>Rs. 7,02,86,696.71/-<br>ਜਮ੍ਹਾਂ ਗੈਰ ਲਾਗੂ ਵਿਆਜ + ਗੈਰ ਤਾਮੀਲ ਵਿਆਜ+ ਕਾਨੂੰਨੀ/ਹੋਰ ਫੀਸਾਂ ਮਨਫੀ ਘੱਟ ਵਸੂਲੀ, ਜੇਕਰ ਕੋਈ ਹੋਵੇ, 10.05.2022 ਤੋਂ ਪ੍ਰਭਾਵੀ |

ਮਿਤੀ : 06.10.2025 ਸਥਾਨ : ਚੰਡੀਗੜ੍ਹ ਅਧਿਕਾਰਤ ਅਧਿਕਾਰੀ

# ਖੇਤੀਬਾੜੀ

## ਕਣਕ ਦੇ ਚੰਗੇ ਝਾੜ ਲਈ ਨਦੀਨਾਂ ਨੂੰ ਕਾਬੂ ਕਰੋ

ਕਣਕ ਵਾਲੇ ਖੇਤਾਂ ਵਿੱਚ ਮੁੱਖ ਤੌਰ 'ਤੇ ਘਾਹ ਵਾਲੇ ਨਦੀਨ ਜਿਵੇਂ ਗੁੱਲੀ ਡੰਡਾ, ਜੰਗਲੀ ਜਵੀ, ਬੂੰਈ, ਲੂੰਬੜ ਘਾਹ ਅਤੇ ਚੌੜੇ ਪੱਤਿਆਂ ਵਾਲੇ ਨਦੀਨ ਜਿਵੇਂ ਜੰਗਲੀ ਪਾਲਕ, ਬਾਥੂ, ਮੈਣਾ/ਖੰਡੀ, ਜੰਗਲੀ ਹਾਲੋਂ, ਜੰਗਲੀ ਸੇਜੀ, ਕੰਡਿਆਲੀ ਪਾਲਕ, ਬਟਨ ਬੂਟੀ, ਭੰਬੋਲਾ, ਰਾਰੀ/ਰੇਵਾੜੀ, ਹਿਰਨਖੁਰੀ, ਲੇਹ ਆਦਿ ਪਾਏ ਜਾਂਦੇ ਹਨ। ਕਣਕ ਵਿੱਚ ਨਦੀਨ ਵੱਖ-ਵੱਖ ਸਮੇਂ 'ਤੇ ਕਈ ਲੌਆਂ ਵਿੱਚ ਉੱਗਦੇ ਹਨ। ਇਹ ਨਦੀਨ ਜਾਂ ਤਾਂ ਫ਼ਸਲ ਦੇ ਨਾਲ ਹੀ ਉੱਗ ਪੈਂਦੇ ਹਨ ਜਾਂ ਫਿਰ ਬਾਰਸ਼ ਹੋਣ ਕਰ ਕੇ ਪਹਿਲੇ ਪਾਣੀ ਤੋਂ ਪਹਿਲਾਂ ਜਾਂ ਪਹਿਲੇ ਅਤੇ ਦੂਜੇ ਪਾਣੀ ਤੋਂ ਬਾਅਦ ਉੱਗਦੇ ਹਨ। ਸ਼ੁਰੂਆਤ ਵਿੱਚ ਕਣਕ ਦੇ ਜੰਮ੍ਹ ਦੇ ਨਾਲ ਉੱਗਣ ਵਾਲੇ ਨਦੀਨ ਕਣਕ ਦੇ ਝਾੜ ਉੱਤੇ ਜ਼ਿਆਦਾ ਅਸਰ ਪਾਉਂਦੇ ਹਨ। ਆਮ ਤੌਰ 'ਤੇ ਕਿਸਾਨ ਕਣਕ ਵਿੱਚ ਰਸਾਇਣਕ ਤਰੀਕਿਆਂ ਨਾਲ ਨਦੀਨ ਪ੍ਰਬੰਧ, ਪਹਿਲੇ ਪਾਣੀ ਤੋਂ ਬਾਅਦ (ਬਿਜਾਈ ਤੋਂ 30 ਤੋਂ 40 ਦਿਨਾਂ ਬਾਅਦ) ਜਾਂ ਫਿਰ ਦੂਜੇ ਪਾਣੀ ਤੋਂ ਬਾਅਦ (ਬਿਜਾਈ ਤੋਂ 50 ਤੋਂ 60 ਦਿਨਾਂ ਬਾਅਦ) ਨਦੀਨ ਉੱਗਣ ਤੋਂ ਬਾਅਦ ਨਦੀਨਨਾਸ਼ਕਾਂ ਦੀ ਵਰਤੋਂ ਨਾਲ ਕਰਦੇ ਹਨ। ਇਹ ਦੇਖਿਆ ਗਿਆ ਹੈ ਕਿ ਦਸੰਬਰ ਮਹੀਨੇ ਦੇ ਅੰਤ ਵਿੱਚ ਛਿੜਕਾਅ ਕਰਨ ਸਮੇਂ ਧੁੰਦ ਅਤੇ ਬੱਦਲਵਾਈ ਰਹਿੰਦੀ ਹੈ ਜਿਸ ਕਾਰਨ ਪਹਿਲੇ ਪਾਣੀ ਤੋਂ ਬਾਅਦ ਕੀਤੇ ਜਾਣ ਵਾਲੇ ਨਦੀਨਨਾਸ਼ਕ ਕਰਨ ਵਿੱਚ ਦੇਰੀ ਹੋ ਜਾਂਦੀ ਹੈ ਅਤੇ ਜੇ ਖ਼ਰਾਬ ਮੌਸਮ ਵਿੱਚ ਛਿੜਕਾਅ ਕੀਤਾ ਜਾਵੇ ਤਾਂ ਕਈ ਵਾਰ ਕਣਕ ਉੱਤੇ ਇਸ ਦਾ ਮਾੜਾ ਪ੍ਰਭਾਵ ਵੀ ਦੇਖਿਆ ਗਿਆ ਹੈ। ਇਸ ਤੋਂ ਇਲਾਵਾ ਪਹਿਲੇ ਪਾਣੀ ਤੋਂ ਬਾਅਦ ਭਾਰੀਆਂ ਜ਼ਮੀਨਾਂ ਵਿੱਚ ਖੇਤ ਵੱਤਰ ਹਾਲਤਾਂ ਵਿੱਚ 10 ਤੋਂ 15 ਦਿਨਾਂ ਬਾਅਦ ਆਉਂਦਾ ਹੈ। ਖੇਤ ਦੇਰੀ ਨਾਲ ਵੱਤਰ ਵਿੱਚ ਆਉਣ ਕਰ ਕੇ ਨਦੀਨ ਵੱਡੇ ਹੋ ਜਾਂਦੇ ਹਨ ਅਤੇ ਕਣਕ ਵੀ ਜ਼ਿਆਦਾ ਫੁਟਾਰਾ ਕਰ ਜਾਂਦੀ ਹੈ। ਵੱਡੇ ਨਦੀਨ (5-6 ਪੱਤਿਆਂ ਵਾਲੇ) ਅਤੇ ਕਣਕ ਦਾ ਜ਼ਿਆਦਾ ਫੁਟਾਰਾ ਹੋਣ ਕਰ ਕੇ ਛੋਟੇ ਨਦੀਨ ਕਣਕ ਹੇਠਾਂ ਆ ਜਾਂਦੇ ਹਨ ਜਿਸ ਕਰ ਕੇ ਨਦੀਨਨਾਸ਼ਕਾਂ ਦੇ ਛਿੜਕਾਅ ਤੋਂ ਚੰਗੇ ਨਤੀਜੇ ਨਹੀ ਮਿਲਦੇ। ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਬਿਜਾਈ ਸਮੇਂ ਹੀ ਵੱਖ-ਵੱਖ ਢੰਗ ਤਰੀਕੇ ਅਪਣਾ ਕੇ ਨਦੀਨਾਂ ਨੂੰ ਉੱਗਣ ਤੋਂ ਰੋਕ ਸਕਦੇ ਹਨ।

ਇਸ ਲੇਖ ਵਿੱਚ ਕਣਕ ਦੀ ਬਿਜਾਈ ਸਮੇਂ ਵੱਖ-ਵੱਖ ਕਾਸ਼ਤਕਾਰੀ ਅਤੇ ਮਸ਼ੀਨੀ ਢੰਗਾਂ ਨੂੰ ਰਸਾਇਣਕ ਤਰੀਕਿਆਂ ਦੇ ਨਾਲ ਸੁਮੇਲ ਕਰ ਕੇ ਨਦੀਨਾਂ ਦੀ ਸਰਵਪੱਖੀ ਰੋਕਥਾਮ ਦੇ ਬਾਰੇ ਦੱਸਿਆ ਗਿਆ ਹੈ।



### ਕਾਸ਼ਤਕਾਰੀ ਅਤੇ ਮਸ਼ੀਨੀ ਢੰਗਾਂ ਦੀ ਵਰਤੋਂ-

**ਫ਼ਸਲਾਂ ਦਾ ਹੇਰ-ਫੇਰ:**

ਨਦੀਨਾਂ ਦੀ ਸਮੱਸਿਆ ਨੂੰ ਹੱਲ ਕਰਨ ਲਈ ਫ਼ਸਲਾਂ ਦਾ ਹੇਰ-ਫੇਰ ਬਹੁਤ ਹੀ ਕਾਰਗਰ ਤਰੀਕਾ ਹੈ। ਜਿਨ੍ਹਾਂ ਖੇਤਾਂ ਵਿੱਚ ਗੁੱਲੀ ਡੰਡੇ ਅਤੇ ਹੋਰ ਨਦੀਨਾਂ ਦੀ ਸਮੱਸਿਆ ਜ਼ਿਆਦਾ ਹੋਵੇ, ਉੱਥੇ ਜੇ ਸੰਭਵ ਹੋਵੇ ਤਾਂ ਕਣਕ ਦੀ ਥਾਂ ਬਰਸੀਮ, ਕਮਾਦ ਜਾਂ ਆਲੂ ਦੀ ਕਾਸ਼ਤ 1-2 ਸਾਲ ਕਰਨ ਨਾਲ, ਨਦੀਨਾਂ ਦੀ ਸਮੱਸਿਆ ਤੋਂ ਨਿਜਾਤ ਪਾਈ ਜਾ ਸਕਦੀ ਹੈ। ਜਿਵੇਂ ਕਿ ਬਰਸੀਮ ਵਿੱਚ ਕਈ ਵਾਰ ਕਟਾਈ ਹੋਣ ਕਰ ਕੇ ਨਦੀਨਾਂ ਦਾ ਨਵਾਂ ਬੀਜ ਨਹੀ ਬਣਦਾ ਅਤੇ ਵਾਰ-ਵਾਰ ਉੱਗਣ ਵਾਲੇ ਨਦੀਨਾਂ ਦੇ ਲੌਅ ਦੀ ਕਟਾਈ ਕਰ ਕੇ ਜ਼ਮੀਨ ਵਿਚਲੀ ਨਦੀਨਾਂ ਦੇ ਬੀਜਾਂ ਨੂੰ ਖ਼ਤਮ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਹੀ ਕਮਾਦ ਵਿੱਚ ਕਣਕ ਨਾਲੋਂ ਵੱਖਰੇ ਨਦੀਨਨਾਸ਼ਕਾਂ ਦੀ ਵਰਤੋਂ ਤੇ ਕਈ ਗੋਡੀਆਂ ਹੋਣ ਕਰ ਕੇ ਨਦੀਨਾਂ ਦੀ ਚੰਗੀ ਰੋਕਥਾਮ ਹੋ ਜਾਂਦੀ ਹੈ। ਆਲੂ 'ਚ ਵੱਖਰੇ ਨਦੀਨਨਾਸ਼ਕਾਂ ਦੀ ਵਰਤੋਂ ਤੇ ਪੁਟਾਈ ਜਲਦੀ ਹੋਣ ਕਰ ਕੇ ਨਦੀਨਾਂ ਨੂੰ ਬੀਜ ਪੈਣ ਤੋਂ ਪਹਿਲਾਂ ਨਸ਼ਟ ਕੀਤਾ ਜਾ ਸਕਦਾ ਹੈ।

**ਬਿਜਾਈ ਦਾ ਸਮਾਂ:**

ਨਦੀਨਾਂ ਦੇ ਬੀਜਾਂ ਨੂੰ ਉੱਗਣ ਲਈ ਇੱਕ ਵਿਸ਼ੇਸ਼ ਤਾਪਮਾਨ ਦੀ ਲੋੜ ਹੁੰਦੀ ਹੈ। ਇਸ ਲਈ ਕਣਕ ਦੀ ਬਿਜਾਈ ਦਾ ਸਮਾਂ ਅੱਗੇ-ਪਿੱਛੇ ਕਰ ਕੇ ਨਦੀਨਾਂ ਨੂੰ ਉੱਗਣ ਤੋਂ ਰੋਕਿਆ ਜਾ ਸਕਦਾ ਹੈ। ਜਿੰਨ੍ਹਾਂ ਖੇਤਾਂ ਵਿੱਚ ਪਿਛਲੇ ਸਾਲ ਗੁੱਲੀ ਡੰਡੇ ਦੀ ਸਮੱਸਿਆ ਜ਼ਿਆਦਾ ਆਈ ਹੋਵੇ, ਉਨ੍ਹਾਂ ਖੇਤਾਂ ਵਿੱਚ ਅਗੇਤੀ ਬਿਜਾਈ (25 ਅਕਤੂਬਰ ਤੋਂ ਨਵੰਬਰ ਦੇ ਪਹਿਲੇ ਹਫ਼ਤੇ) ਜੋ ਗੁੱਲੀ ਡੰਡੇ ਦੇ ਉੱਗਣ ਲਈ ਘੱਟ ਅਨੁਕੂਲ ਹੁੰਦਾ ਹੈ, ਵਿੱਚ ਕਰਨ ਨਾਲ ਕਣਕ ਦੀ ਫ਼ਸਲ ਗੁੱਲੀ ਡੰਡੇ ਦੇ ਪਹਿਲੇ ਲੌਅ ਤੋਂ ਬਚ ਜਾਂਦੀ ਹੈ ਜੋ ਫ਼ਸਲ ਦੇ ਸ਼ੁਰੂਆਤੀ ਵਾਧੇ 'ਤੇ ਬਹੁਤ ਅਸਰ ਪਾਉਂਦਾ ਹੈ। ਕਿਸੇ ਤਰ੍ਹਾਂ ਹੀ ਜੇ ਖੇਤ ਵਿੱਚ ਜੰਗਲੀ ਜਵੀ ਅਤੇ ਜੰਗਲੀ ਪਾਲਕ ਦੀ ਸਮੱਸਿਆ ਹੋਵੇ ਤਾਂ ਅਗੇਤੀ ਬਿਜਾਈ ਨਾ ਕਰੋ ਕਿਉਂਕਿ ਇਸ ਸਮੇਂ ਤਾਪਮਾਨ ਜੰਗਲੀ ਜਵੀ ਅਤੇ ਜੰਗਲੀ ਪਾਲਕ ਦੇ ਉੱਗਣ ਲਈ ਅਨੁਕੂਲ ਹੁੰਦਾ ਹੈ।

**ਖੇਤ ਦੀ ਉਪਰਲੀ ਪਰਤ ਸੁਕਾ ਕੇ ਬਿਜਾਈ:**

ਨਦੀਨਾਂ ਦੇ ਬੀਜ ਜੋ ਜ਼ਮੀਨ ਦੀ ਉੱਪਰਲੀ ਪਰਤ ਵਿੱਚ ਮੌਜੂਦ ਹੁੰਦੇ ਹਨ, ਨੂੰ ਉੱਗਣ ਲਈ ਜ਼ਿਆਦਾ ਸਿੱਲ੍ਹ ਦੀ ਲੋੜ ਹੁੰਦੀ ਹੈ। ਇਸ ਲਈ ਜੇ ਜ਼ਮੀਨ ਦੇ ਉੱਪਰਲੀ ਤਹਿ ਨੂੰ ਸੁਕਾ ਲਿਆ ਜਾਵੇ ਤਾਂ ਨਦੀਨਾਂ ਦੇ ਪਹਿਲੇ ਲੌਅ ਨੂੰ ਉੱਗਣ ਤੋਂ ਰੋਕਿਆ ਜਾ ਸਕਦਾ ਹੈ। ਸੁੱਕੀ ਹੋਈ ਨਰਮ ਮਹੀਨ ਮਿੱਟੀ ਇੱਕ ਮਲਚਿੰਗ ਦਾ ਕੰਮ ਕਰਦੀ ਹੈ ਅਤੇ ਨਦੀਨਾਂ ਦੇ ਬੀਜਾਂ ਨੂੰ ਉੱਗਣ ਨਹੀ ਦਿੰਦੀ। ਰੌਣੀ ਕਰਨ ਤੋਂ ਬਾਅਦ ਜਾਂ ਝੋਨੇ ਦੀ ਕਟਾਈ ਤੋਂ ਬਾਅਦ ਖੇਤ ਵਿੱਚ ਨਮੀ ਹੋਣ ਕਰ ਕੇ ਨਦੀਨ ਉੱਗ ਪੈਂਦੇ ਹਨ। ਇਨ੍ਹਾਂ ਨਦੀਨਾਂ ਨੂੰ ਬਿਜਾਈ ਤੋਂ ਪਹਿਲਾਂ ਹਲਕੀ ਵਹਾਈ ਕਰ ਕੇ ਨਸ਼ਟ ਕਰ ਦਿਉ ਅਤੇ ਉਸ ਤੋਂ ਬਾਅਦ ਉੱਪਰਲੀ ਤਹਿ ਸੁਕਾ ਕੇ ਕਣਕ ਦੀ ਬਿਜਾਈ ਕਰਨ ਨਾਲ ਨਦੀਨ ਘੱਟ ਉੱਗਦੇ ਹਨ।

**ਬਿਨਾਂ ਵਾਹੇ ਕਣਕ ਦੀ ਬਿਜਾਈ:**

ਕਣਕ ਬਿਨਾਂ ਵਹਾਈ ਜਾਂ ਘੱਟ ਤੋਂ ਘੱਟ ਵਾਹ ਕੇ ਵੀ ਬੀਜੀ ਜਾ ਸਕਦੀ ਹੈ। ਜ਼ੀਰੋ-ਟਿੱਲੇਜ/ਘੱਟ ਤੋਂ ਘੱਟ ਵਹਾਈ ਵਿੱਚ ਨਦੀਨਾਂ ਖ਼ਾਸ ਕਰ ਕੇ ਗੁੱਲੀ ਡੰਡੇ ਦੀ ਘੱਟ ਸਮੱਸਿਆ ਹੁੰਦੀ ਹੈ। ਇਸ ਤੋਂ ਇਲਾਵਾ ਹੈਪੀ ਸੀਡਰ, ਸਮਾਰਟ ਸੀਡਰ ਜਾਂ ਸਰਫੇਸ ਸੀਡਿੰਗ-ਕਮ-ਮਲਚਿੰਗ ਵਿਧੀ ਨਾਲ ਝੋਨੇ ਦੇ ਵੱਢ ਵਿੱਚ ਬਿਨਾਂ ਵਾਹੇ ਕਣਕ ਦੀ ਬਿਜਾਈ ਕਰਨ ਨਾਲ ਨਦੀਨ ਬਹੁਤ ਘੱਟ ਉੱਗਦੇ ਹਨ। ਖੇਤ ਵਿੱਚ ਇੱਕ ਸਾਰ ਵਿੱਛੀ ਹੋਈ ਪਰਾਲੀ ਦੀ ਤਿੰਨ ਤੋਂ ਚਾਰ ਇੰਚ ਮੋਟੀ ਤਹਿ ਇੱਕ ਮਲਚਿੰਗ ਦਾ ਕੰਮ ਕਰਦੀ ਹੈ ਜੋ ਗੁੱਲੀ ਡੰਡੇ ਵਰਗੇ ਨਦੀਨਾਂ ਨੂੰ ਜੰਮਣ ਤੋਂ ਰੋਕਦੀ ਹੈ। ਕਈ ਵਾਰ ਬਿਨਾਂ ਵਹਾਈ ਵਾਲੇ ਖੇਤ ਵਿੱਚ ਕਣਕ ਦੀ ਬਿਜਾਈ ਤੋਂ ਪਹਿਲਾਂ ਹੀ ਝੋਨੇ ਦੇ ਖੜ੍ਹੇ ਕਰਚਿਆਂ ਵਿੱਚ ਨਦੀਨ ਉੱਗ ਜਾਂਦੇ ਹਨ, ਉਨ੍ਹਾਂ ਹਾਲਤਾਂ ਵਿੱਚ 500 ਮਿਲੀਲਿਟਰ ਗ੍ਰਾਮੋਕਸੋਨ 24 ਐਸ ਐਲ (ਪੈਰਾਕੁਐਟ) ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਨ ਨਾਲ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ।

**ਬੈੱਡਾਂ 'ਤੇ ਬਿਜਾਈ:**

ਬੈੱਡਾਂ 'ਤੇ ਬੀਜੀ ਕਣਕ ਵਾਲੇ ਖੇਤਾਂ ਵਿੱਚ ਰਵਾਇਤੀ ਢੰਗ ਨਾਲ ਬੀਜੀ ਕਣਕ ਦੀ ਫ਼ਸਲ ਦੇ ਮੁਕਾਬਲੇ ਨਦੀਨ ਘੱਟ ਉੱਗਦਾ ਹੈ ਕਿਉਂਕਿ ਬੈੱਡਾਂ ਦੀ ਉਪਰਲੀ ਤਹਿ ਜਲਦੀ ਸੁੱਕ ਜਾਂਦੀ ਹੈ ਤੇ ਨਦੀਨ ਘੱਟ ਉਗਦਾ ਹੈ। ਇਸ ਦੇ ਨਾਲ ਹੀ ਪਾਣੀ ਦੀ ਬੱਚਤ ਅਤੇ ਝਾੜ ਵੀ ਰਵਾਇਤੀ ਢੰਗ ਨਾਲ ਬੀਜੀ ਫ਼ਸਲ ਤੋਂ ਜ਼ਿਆਦਾ ਮਿਲਦਾ ਹੈ।

## ਪਰਾਲ਼ੀ ਸਾੜ੍ਹੇ ਬਗ਼ੈਰ ਕਿਵੇਂ ਕਰੀਏ ਕਣਕ ਦੀ ਸੁਪਰ ਸੀਡਰ ਨਾਲ ਬਿਜਾਈ ?

ਪੰਜਾਬ ਵਿਚ ਝੋਨੇ ਦੀ ਕਾਸ਼ਤ ਕਣਕ ਤਕਰੀਬਨ 31.54 ਲੱਖ ਹੈਕਟੇਅਰ ਰਕਬੇ ਵਿਚ ਕੀਤੀ ਗਈ ਹੈ ਜਿਸ ਤੋਂ ਤਕਰੀਬਨ 19.5 ਲੱਖ ਟਨ ਪਰਾਲੀ ਪੈਦਾ ਹੋਣ ਦੀ ਸੰਭਾਵਨਾ ਹੈ। ਪਿਛਲੇ ਸਮੇਂ ਦੌਰਾਨ ਝੋਨੇ ਦੀ ਪਰਾਲੀ ਦੀ ਸੰਭਾਲ ਲਈ ਵੱਖ-ਵੱਖ ਤਰੀਕੇ ਅਪਣਾਏ ਜਾਂਦੇ ਰਹੇ ਹਨ । ਜਿਨ੍ਹਾਂ ਵਿਚ ਮੁੱਖ ਤੌਰ 'ਤੇ ਖੇਤ ਤੋਂ ਬਾਹਰ ਅਤੇ ਖੇਤ ਵਿਚ ਸੰਭਾਲ ਕਰਨੀ ਹੈ। ਇਕ ਏਕੜ ਦੀ ਪਰਾਲੀ ਨੂੰ ਖੇਤ ਵਿਚ ਰੱਖ ਕੇ ਕਣਕ ਦੀ ਬਿਜਾਈ ਕਰਨ ਨਾਲ ਮਿੱਟੀ ਨੂੰ 10 ਕੁਇੰਟਲ ਜੈਵਿਕ ਮਾਦਾ , 14 ਕਿਲੋ ਨਾਈਟ੍ਰੋਜਨ, 63 ਕਿਲੋ ਪੋਟਾਸ਼, 7 ਕਿਲੋ ਫਾਸਫੋਰਸ ਅਤੇ 3 ਕਿਲੋ ਸਲਫਰ ਮਿਲਦੀ ਹੈ, ਜਿਸ ਦੀ ਕੀਮਤ ਲਗਪਗ 6000/- ਰੁਪਏ ਬਣਦੀ ਹੈ।ਪ੍ਰਤੀ ਏਕੜ ਕਣਕ ਦੀ ਬਿਜਾਈ ਸੁਪਰ ਸੀਡਰ ਨਾਲ ਕਿਰਾਏ ਤੇ ਕਰਨ ਨਾਲ ਲਗਪਗ 2000/- ਤੋਂ 2500/- ਰੁਪਏ ਖ਼ਰਚ ਕੀਤੇ ਜਾਂਦੇ ਹਨ,ਇਸ ਤਰ੍ਹਾਂ 3500/- ਤੋਂ 4000/-ਪ੍ਰਤੀ ਏਕੜ ਮੁੱਲ ਦੇ ਪੌਸ਼ਟਿਕ ਤੱਤ ਅਤੇ ਜੈਵਿਕ ਕਾਰਬਨ ਮਿੱਟੀ ਨੂੰ ਪ੍ਰਾਪਤ ਹੋ ਜਾਂਦੇ ਹਨ ਜਦ ਕਿ ਖੇਤ ਪਰਾਲੀ ਨੂੰ ਸਾੜਨ ਨਾਲ ਮਿੱਟੀ ਨੂੰ ਇਹ ਲਾਭ ਨਹੀ ਮਿਲਦਾ । ਪੰਜਾਬ ਵਿਚ ਇਸ ਵਾਰ ਘੱਟ ਸਮੇਂ ਵਿਚ ਪੱਕਣ ਵਾਲੀਆਂ ਝੋਨੇ ਦੀਆਂ ਕਿਸਮਾਂ ਜਿਵੇਂ ਪੀ ਆਰ 126,ਪੀ ਆਰ 131 ਆਦਿ ਹੇਠ ਰਕਬਾ ਵਧੇਰੇ ਹੈ,ਇਨ੍ਹਾਂ ਕਿਸਮਾਂ ਦਾ ਪਰਾਲ ਘੱਟ ਹੁੰਦਾ ਹੈ ਅਤੇ ਛੇਤੀ ਪੱਕ ਜਾਂਦੀਆਂ ਹਨ। ਇਨ੍ਹਾਂ ਕਿਸਮਾਂ ਦਾ ਪਰਾਲ ਘੱਟ ਹੋਣ ਕਾਰਨ ਸੁਪਰ ਸੀਡਰ ਦੀ ਵਰਤੋਂ ਕਰਕੇ ਕਣਕ ਦੀ ਬਿਜਾਈ ਬਿਨਾਂ ਕਿਸੇ ਰੁਕਾਵਟ ਦੇ ਕੀਤੀ ਜਾ ਸਕਦੀ ਹੈ। ਝੋਨੇ ਦੀ ਕਟਾਈ ਕੰਬਾਈਨ ਨਾਲ ਕਰਨ ਉਪਰੰਤ ਝੋਨੇ ਦੇ ਵੱਢ ਵਿੱਚ ਕਣਕ ਦੀ ਸਿੱਧੀ ਬਿਜਾਈ ਕਰਨ ਲਈ ਕਿਸਾਨਾਂ ਵੱਲੋਂ ਸੁਪਰ,ਹੈਪੀ ,ਸਮਾਰਟ ਅਤੇ ਸਰਫੇਸ ਸੀਡਰ ਦੀ ਵਰਤੋਂ ਕੀਤੀ ਜਾਂਦੀ ਹੈ।ਪੰਜਾਬ ਵਿੱਚ 90-95 ਫੀਸਦੀ ਕਣਕ ਦੀ ਬਿਜਾਈ ਸੁਪਰ ਸੀਡਰ ਨਾਲ ਕੀਤੀ ਜਾਂਦੀ ਹੈ । ਪੰਜਾਬ ਸਰਕਾਰ ਵੱਲੋਂ ਪੰਜਾਬ ਵਿਚ ਕਿਸਾਨਾਂ ਨੂੰ 50 ਤੋਂ 80 ਫੀਸਦੀ ਸਬਸਿਡੀ ਤੇ ਤਕਰੀਬਨ 56 ਹਜ਼ਾਰ ਸੁਪਰ ਸੀਡਰ ਮਸ਼ੀਨਾਂ ਉਪਲਬਧ ਕਰਵਾਈ ਗਈਆਂ ਹਨ।ਜਿਸ ਦਾ ਮੁੱਖ ਮਕਸਦ ਝੋਨੇ ਦੀ ਪਰਾਲੀ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਰੋਕਣਾ ਹੈ।ਇਕ ਸੁਪਰ ਸੀਡਰ ਮਸ਼ੀਨ ਇਕ ਦਿਨ ਵਿੱਚ ਤਕਰੀਬਨ 5-7 ਏਕੜ ਕਣਕ ਦੀ ਬਿਜਾਈ ਕਰ ਦਿੰਦੀ ਹੈ।ਇਸ ਮਸ਼ੀਨ ਨਾਲ ਕਣਕ ਦੀ ਬਿਜਾਈ ਕਾਫ਼ੀ ਲਾਹੇਵੰਦ ਰਹਿੰਦੀ ਹੈ ਕਿਉਂਕਿ ਕਣਕ ਦੀ ਬਿਜਾਈ ਲਈ ਸਾਰੇ ਕਾਰਜ ਇੱਕੋ ਵੇਲੇ ਹੋ ਜਾਂਦੇ ਹਨ ।ਇਹ ਮਸ਼ੀਨ ਵੱਖ-ਵੱਖ ਸਾਈਜ਼ ਵਿਚ ਉਪਲਬਧ ਹੈ । ਸੁਪਰ ਸੀਡਰ ਨਾਲ ਬਿਜਾਈ ਕਰਨ ਲਈ 55-60 ਹਾਰਸ ਪਾਵਰ ਜਾਂ ਇਸ ਤੋਂ ਵੱਡੇ ਟ੍ਰੈਕਟਰ ਦੀ ਜ਼ਰੂਰਤ ਪੈਂਦੀ ਹੈ।ਇਕ ਏਕੜ ਕਣਕ ਦੀ ਬਿਜਾਈ ਕਰਨ ਲਈ 8-10 ਲਿਟਰ ਡੀਜ਼ਲ ਦੀ ਖ਼ਪਤ ਹੁੰਦੀ ਹੈ। ਸੁਪਰ ਸੀਡਰ ਨਾਲ ਕਣਕ ਦੀ ਬਿਜਾਈ ਪਹਿਲੇ ਲੋਅਰ ਗੇਅਰ ਵਿਚ ਕੀਤੀ ਜਾਂਦੀ ਹੈ ਜਿਸ ਕਾਰਨ ਇੱਕ ਦਿਨ ਵਿਚ 6-7 ਏਕੜ ਰਕਬੇ ਵਿਚ ਕਣਕ ਦੀ ਬਿਜਾਈ ਕਰਨ ਦਾ ਨਿਬੇੜਾ ਹੁੰਦਾ ਹੈ ਪ੍ਰੰਤੂ ਇਹ ਆਮ ਦੇਖਿਆ ਗਿਆ ਹੈ ਕਿ ਸੁਪਰ ਸੀਡਰ ਮਾਲਕਾਂ ਵੱਲੋਂ ਜਦ ਕਿਸੇ ਕਿਸਾਨ ਦੀ ਕਿਰਾਏ 'ਤੇ ਬਿਜਾਈ ਕਰਦੇ ਹਨ ਤਾਂ ਸਪੀਡ ਜ਼ਿਆਦਾ ਰੱਖ ਲੈਂਦੇ ਹਨ ਜਿਸ ਨਾਲ ਇੱਕ ਦਿਨ ਵਿਚ ਕਣਕ ਦੀ ਬਿਜਾਈ ਤਾਂ ਵੱਧ ਰਕਬੇ ਵਿਚ ਹੋ ਜਾਂਦੀ ਹੈ ਪਰ ਕਈ ਵਾਰ ਕੁਝ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਇਹ ਵੀ ਦੇਖਿਆ ਗਿਆ ਹੈ ਕਿ ਕਿਰਾਏ 'ਤੇ ਸੁਪਰ ਸੀਡਰ ਨਾਲ ਬਿਜਾਈ ਕਰਵਾਉਣ ਵਾਲੇ ਕਿਸਾਨ ਨੂੰ ਸੁਪਰ ਸੀਡਰ ਮਾਲਕ, ਕੰਬਾਈਨ ਨਾਲ ਕੱਟੇ ਝੋਨੇ ਦੀ ਰਹਿੰਦ ਖੂੰਹਦ ਦੀਆਂ ਲਾਈਨਾਂ ਨੂੰ ਅੱਗ ਲਗਵਾ ਦਿੰਦੇ ਹਨ ਤਾਂ ਜੋ ਡੀਜ਼ਲ ਦੀ ਬੱਚਤ ਹੋ ਸਕੇ।ਅਜਿਹਾ ਕਰਨ ਨਾਲ ਜਿਥੇ ਅੱਗ ਲੱਗਣ ਦੀਆਂ ਘਟਨਾਵਾਂ ਵਿਚ ਵਾਧਾ ਹੁੰਦਾ ਹੈ ਉਥੇ ਹਵਾ ਦਾ ਪ੍ਰਦੂਸ਼ਣ ਵੀ ਵੱਧਦਾ ਹੈ,ਇਸ ਲਈ ਸੁਪਰ ਸੀਡਰ ਨਾਲ ਕਣਕ ਦੀ ਬਿਜਾਈ ਨਿਰਧਾਰਤ ਸਪੀਡ 'ਤੇ ਹੀ ਕਰਨੀ ਚਾਹੀਦੀ ਹੈ।ਕਣਕ ਦੇ ਬੀਜ ਦੇ ਸਹੀ ਜੰਮ ਲਈ ਖੇਤ ਵਿਚ ਲੋੜੀਦਾ ਵੱਤਰ ਹੋਣਾ ਬਹੁਤ ਜ਼ਰੂਰੀ ਹੈ ਕਿਉਂਕਿ ਬਿਜਾਈ ਉਪਰੰਤ ਸੁਹਾਗਾ ਨਾ ਵੱਜਣ ਕਾਰਨ ਨਮੀ ਦੇ ਘਟਣ ਦਾ ਡਰ ਰਹਿੰਦਾ ਹੈ ਜਿਸ ਕਾਰਨ ਬੀਜ ਦੀ ਉੱਗਣ ਸ਼ਕਤੀ 'ਤੇ ਬੁਰਾ ਪ੍ਰਭਾਵ ਪੈਂਦਾ ਹੈ। ਸੁਪਰ ਸੀਡਰ ਨਾਲ ਕਣਕ ਦੀ ਬਿਜਾਈ ਸਫਲਤਾ ਪੂਰਵਕ ਕਰਨ ਲਈ ਜ਼ਰੂਰੀ ਹੈ ਕਿ ਝੋਨੇ ਦੀ ਕਟਾਈ ਸੁਪਰ ਸਟਰਾਅ ਮੈਨੇਜਮੈਂਟ ਸਿਸਟਮ( ਸੁਪਰ ਐਸ ਐਮ ਐਸ) ਲੱਗੀ ਕੰਬਾਈਨ ਨਾਲ ਕਰਵਾਈ ਜਾਵੇ ਤਾਂ ਜੋ ਕੰਬਾਈਨ ਦੇ ਮਗਰ ਡਿੱਗ ਰਹੀ ਰਹਿੰਦ -ਖੂੰਹਦ ਨੂੰ ਛੋਟੇ ਛੋਟੇ ਟੁਕੜਿਆਂ ਵਿਚ ਕੱਟ ਕੇ ਇਕਸਾਰ ਖਿਲਾਰਿਆ ਜਾ ਸਕੇ।ਸੁਪਰ ਐਸ ਐਮ ਐਸ ਦੀ ਵਰਤੋਂ ਪੰਜਾਬ ਸਰਕਾਰ ਵੱਲੋਂ ਲਾਜ਼ਮੀ ਕੀਤੀ ਗਈ ਹੈ। ਜੇਕਰ ਸੁਪਰ ਐਸ ਐਮ ਐਸ ਲੱਗੀ ਕੰਬਾਈਨ ਨਾਲ ਝੋਨੇ ਦੀ ਕਟਾਈ ਨਹੀ ਕੀਤੀ ਗਈ ਹੈ ਤਾਂ ਸੁਪਰ ਸੀਡਰ ਨਾਲ ਕਣਕ ਦੀ ਬਿਜਾਈ ਕਰਨ ਤੋਂ ਪਹਿਲਾਂ ਤਰੰਗਲੀਆਂ ਜਾਂ ਡੰਡਿਆਂ ਨਾਲ ਲਾਈਨਾਂ ਵਿਚ ਪਿਆ ਪਰਾਲ ਖਲਾਰ ਦੇਣਾ ਚਾਹੀਦਾ। ਲਾਈਨਾਂ ਵਿਚ ਪਏ ਪਰਾਲ ਨੂੰ ਰੀਪਰ/ ਛਲੇਦਾ/ਕਟਰ ਕਮ ਸਪਰੈਡਰ ਨਾਲ ਵੀ ਇਕਸਾਰ ਖਿਲਾਰਿਆ ਜਾ ਸਕਦਾ ਹੈ।ਇਸ ਮਕਸਦ ਲਈ ਰੀਪਰ ਨੂੰ ਟਰੈਕਟਰ ਦੀ ਲਿਫਟ ਨਾਲ ਚੁੱਕ ਕੇ ਕੰਬਾਈਨ ਨਾਲ ਕੱਟੇ ਹੋਏ ਝੋਨੇ ਦੀਆਂ ਲਾਈਨਾਂ ਉਪਰ ਚਲਾ ਦੇਣਾ ਚਾਹੀਦਾ ਹੈ ਜਿਸ ਨਾਲ ਝੋਨੇ ਦਾ ਪਰਾਲ ਇਕਸਾਰ ਖੇਤ ਵਿਚ ਖਿਲਰ ਜਾਵੇਗਾ ਅਤੇ ਸੁਪਰ ਸੀਡਰ ਨਾਲ ਕਣਕ ਦੀ ਬਿਜਾਈ ਆਰਾਮ ਨਾਲ ਕੀਤੀ ਜਾ ਸਕਦੀ ਹੈ। ਸੁਪਰ ਸੀਡਰ ਨਾਲ ਕਣਕ ਦੀ ਬਿਜਾਈ ਕਰਨ ਲਈ ਪ੍ਰਤੀ ਏਕੜ 45 ਕਿਲੋ ਬੀਜ ਵਰਤਣਾ ਚਾਹੀਦਾ ਹੈ।



ਡਾ.ਅਮਰੀਕ ਸਿੰਘ
94630-71919

### ਪਰਾਲ਼ੀ ਨੂੰ ਕਦੇ ਵੀ ਨਾ ਸਮਝੋ ਬੋਝ

ਖੇਤੀ ਮਾਹਿਰਾਂ ਦੀਆਂ ਰਿਪੋਰਟਾਂ ਮੁਤਾਬਿਕ ਇੱਕ ਟਨ ਪਰਾਲੀ ਨੂੰ ਅੱਗ ਲਗਾ ਕੇ ਸਾੜਨ ਨਾਲ ਤਕਰੀਬਨ 1515 ਕਿਲੋ ਕਾਰਬਨ ਡਾਈਆਕਸਾਈਡ,92 ਕਿਲੋ ਕਾਰਬਨ ਮੋਨੋਆਕਸਾਈਡ ,3.83 ਕਿਲੋ ਨਾਈਟ੍ਰਿਕ ਆਕਸਾਈਡ ,0.4 ਕਿਲੋ ਸਲਫਰ ਆਕਸਾਈਡ,2.7 ਕਿਲੋ ਮੀਥੇਨ ਅਤੇ 15.7 ਕਿਲੋ ਆਰਗੈਨਿਕ ਕੰਪਾਉਂਡ ਉਤਪਨ ਹੁੰਦੇ ਹਨ। ਇਹ ਜ਼ਹਿਰੀਲੀਆਂ ਗੈਸਾਂ ਬਜ਼ੁਰਗਾਂ,ਗਰਭਵਤੀ ਔਰਤਾਂ ਅਤੇ ਬੱਚਿਆਂ ਦੀ ਸਿਹਤ ਲਈ ਬਹੁਤ ਘਾਤਕ ਸਿੱਧ ਹੁੰਦੀਆਂ ਹਨ। ਪਰਾਲੀ ਦੀ ਖੇਤ ਵਿਚ ਸੰਭਾਲ ਨਾਲ ਹੋਣ ਵਾਲੇ ਫਾਇਦਿਆਂ ਨੂੰ ਦੇਖਦਿਆਂ ਅਸੀ ਕਹਿ ਸਕਦੇ ਹਾਂ ਕਿ ਝੋਨੇ ਦੀ ਪਰਾਲੀ ਬੋਝ ਨਹੀ ਸਗੋਂ ਮਿੱਟੀ ਦੀ ਸਿਹਤ ਸੁਧਾਰਨ ਲਈ ਪੌਸ਼ਟਿਕ ਤੱਤਾਂ ਦਾ ਖ਼ਜ਼ਾਨਾ ਹੈ ,ਜਿਸ ਨੂੰ ਅੱਗ ਲਗਾ ਕੇ ਸਾੜਣ ਦੀ ਬਿਜਾਏ ਖੇਤਾਂ ਵਿਚ ਸੰਭਾਲ ਕੇ ਕਣਕ ਜਾਂ ਹੋਰ ਫ਼ਸਲਾਂ ਦੀ ਬਿਜਾਈ ਕਰਨੀ ਚਾਹੀਦੀ ਹੈ।

### ਗੁਲਾਬੀ ਸੁੰਡੀ ਦੀ ਰੋਕਥਾਮ

ਮੌਸਮੀ ਤਬਦੀਲੀਆਂ ਕਾਰਨ ਗੁਲਾਬੀ ਸੁੰਡੀ ਕਣਕ ਦੀ ਫ਼ਸਲ ਦਾ ਅਹਿਮ ਕੀੜਾ ਬਣਦਾ ਜਾ ਰਿਹਾ। ਇਸ ਸਮੇਂ ਝੋਨੇ ਦੀ ਫ਼ਸਲ ਵਿਚ ਤਾਂ ਸੁੰਡੀ ਦਾ ਹਮਲਾ ਬਿਲਕੁੱਲ ਨਹੀ ਹੈ ਪਰ ਬਾਸਮਤੀ ਦੀ ਫ਼ਸਲ ਵਿੱਚ ਨਿਸਰਨ ਤੋਂ ਬਾਅਦ ਸੁੰਡੀ ਦਾ ਹਮਲਾ ਦੇਖਿਆ ਗਿਆ ਹੈ। ਕਿਉਂਕਿ ਬਾਸਮਤੀ ਦੀ ਫ਼ਸਲ ਨਿੱਸਰ ਚੁੱਕੀ ਹੈ ਇਸ ਲਈ ਹੁਣ ਕਿਸੇ ਕੀਟਨਾਸ਼ਕ ਦੇ ਛਿੜਕਾਅ ਦਾ ਫ਼ਾਇਦਾ ਨਹੀ ਹੋਣਾ। ਬਾਸਮਤੀ ਵਾਲੇ ਖੇਤਾਂ ਵਿਚ ਗੁਲਾਬੀ ਸੁੰਡੀ ਕਣਕ ਦੀ ਫ਼ਸਲ ਉੱਪਰ ਹਮਲਾ ਕਰ ਸਕਦੀ ਹੈ। ਇਸ ਲਈ ਸੁਪਰ ਸੀਡਰ ਨਾਲ ਕਣਕ ਦੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ ਚਾਹੀਦਾ ਹੈ ਕਿ ਬਾਸਮਤੀ ਵਾਲੇ ਖੇਤਾਂ ਵਿਚ ਕਣਕ ਦੀ ਬਿਜਾਈ ਕਰਨ ਤੋਂ ਪਹਿਲਾਂ ਬੀਜ ਨੂੰ ਕੀਟ ਨਾਸ਼ਕ ਨਾਲ ਜ਼ਰੂਰ ਸੋਧ ਲਿਆ ਜਾਵੇ। ਬੀਜ ਨੂੰ ਕੀਟਨਾਸ਼ਕਾਂ ਜਿਵੇਂ 160 ਮਿਲੀ ਲਿਟਰ ਕਲੋਰੋਪਾਈਰੀਫਾਸ ਜਾਂ 80 ਮਿਲੀ ਲਿਟਰ ਇਮਿਡਾਕਲੋਪ੍ਰਿਡ+ ਹੈਕਸਕੋਨਜ਼ੋਲ ਪ੍ਰਤੀ 40 ਕਿਲੋ ਬੀਜ ਨਾਲ ਸੋਧ ਕੇ ਬਿਜਾਈ ਕਰੋ ।ਕਿਸੇ ਇੱਕ ਕੀਟਨਾਸ਼ਕ ਨੂੰ ਇੱਕ ਲਿਟਰ ਪਾਣੀ ਵਿਚ ਘੋਲ ਕੇ 40 ਕਿਲੋ ਬੀਜ ਦੀ ਪੱਕੇ ਫਰਸ਼ ਜਾਂ ਤਰਪਾਲ ਜਾਂ ਪਲਾਸਟਿਕ ਦੀ ਸ਼ੀਟ ਤੇ ਪਤਲੀ ਤਹਿ ਵਿਛਾਅ ਕੇ ਛਿੜਕਾਅ ਕਰੋ ਅਤੇ ਸੁਕਾਉਣ ਉਪਰੰਤ ਬਿਜਾਈ ਕਰ ਦਿਉ।ਪਹਿਲਾ ਪਾਣੀ ਲਾਉਣ ਤੋਂ ਪਹਿਲਾਂ ਕਣਕ ਦੀ ਫ਼ਸਲ ਦਾ ਨਿਰੀਖਣ ਜ਼ਰੂਰ ਕਰੋ ਜੇਕਰ ਗੁਲਾਬੀ ਸੁੰਡੀ ਹਮਲਾ ਦਿਖਾਈ ਦਿੰਦਾ ਹੈ ਤਾਂ ਪਹਿਲਾ ਪਾਣੀ ਲਾਉਣ ਤੋਂ ਪਹਿਲਾਂ 7 ਕਿਲੋ ਫਿਪਰੋਨਿਲ ਜਾਂ ਇੱਕ ਲਿਟਰ ਕਲੋਰੋਪਾਈਰੀਫਾਸ 20 ਈ ਸੀ ਨੂੰ 20 ਕਿਲੋ ਸਿੱਲੀ ਮਿੱਟੀ ਵਿਚ ਰਲਾ ਕੇ ਛੱਟਾ ਦੇ ਦਿਉ। ਜੇਕਰ ਸੁੰਡੀ ਦਾ ਹਮਲਾ ਪਹਿਲਾ ਪਾਣੀ ਲਾਉਣ ਤੋਂ ਬਾਅਦ ਹੁੰਦਾ ਹੈ ਤਾਂ ਪ੍ਰਤੀ ਏਕੜ 50 ਮਿਲੀ ਲਿਟਰ ਕਲੋਐਂਟਰਾਨਿਲੀਪਰੋਲ ਨੂੰ 80-100 ਲਿਟਰ ਪਾਣੀ ਦੇ ਘੋਲ ਵਿੱਚ ਗੋਲ ਨੋਜ਼ਲ ਨਾਲ ਛਿੜਕਾਅ ਕਰਨਾ ਚਾਹੀਦਾ।

## ਤੁਪਕਾ ਸਿੰਜਾਈ ਪ੍ਰਣਾਲੀ ਦੀ ਸਫ਼ਾਈ ਕਿਵੇਂ ਕਰੀਏ

ਫ਼ਸਲ ਦੀ ਉਤਪਾਦਕਤਾ ਵਧਾਉਣ ਵਿੱਚ ਤੁਪਕਾ ਸਿੰਜਾਈ ਦਾ ਅਹਿਮ ਰੋਲ ਹੈ। ਤੁਪਕਾ ਸਿੰਜਾਈ ਪ੍ਰਣਾਲੀ ਤੋਂ ਸਹੀ ਕੰਮ ਲੈਣ ਲਈ ਇਹ ਜ਼ਰੂਰੀ ਹੈ ਕਿ ਇਸ ਦਾ ਰੱਖ ਰਖਾਅ ਚੰਗੇ ਤਰੀਕੇ ਨਾਲ ਕੀਤਾ ਜਾਵੇ। ਕਿਸੇ ਵੀ ਜਗ੍ਹਾ ਉੱਪਰ ਤੁਪਕਾ ਸਿੰਜਾਈ ਪ੍ਰਣਾਲੀ ਲਗਾਉਣ ਤੋਂ ਪਹਿਲਾਂ ਕੁਝ ਬੁਨਿਆਦੀ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ। ਇਸ ਜਾਣਕਾਰੀ ਵਿੱਚ ਮਿੱਟੀ ਦੀ ਕਿਸਮ, ਪਾਣੀ ਦੀ ਗੁਣਵੱਤਾ (ਪੀਐੱਚ ਅਤੇ ਈਸੀ), ਫ਼ਸਲ ਦੀ ਕਿਸਮ, ਫ਼ਸਲ ਦੀਆਂ ਕਤਾਰਾਂ ਵਿੱਚ ਵਿੱਥ, ਖੇਤ ਦਾ ਆਕਾਰ ਅਤੇ ਖੇਤਰਫਲ ਅਤੇ ਖੇਤ ਵਿੱਚ ਉਚਾਣ ਅਤੇ ਨਿਵਾਨ ਸ਼ਾਮਲ ਹੈ। ਸਿੰਜਾਈ ਪ੍ਰਣਾਲੀ ਵਿਚਲੇ ਪੰਪ ਦੀ ਚੋਣ ਕਿੰਨਾ ਹੈੱਡ ਰੱਖਿਆ ਜਾਣਾ ਹੈ, ਡਿਸਚਾਰਜ ਕਿੰਨਾ ਹੈ ਅਤੇ ਪੰਪ ਦੀ ਹਾਰਸਪਾਵਰ ਕਿੰਨੀ ਚਾਹੀਦੀ ਹੈ, ਉੱਪਰ ਨਿਰਭਰ ਕਰਦਾ ਹੈ ਅਤੇ ਇਸ ਤੋਂ ਬਾਅਦ ਮੇਨ ਲਾਈਨ, ਸਬ-ਮੇਨ ਲਾਈਨ, ਅਤੇ ਲੇਟਰਲ ਪਾਈਪਾਂ ਦੀ ਚੋਣ ਪਾਣੀ ਦੇ ਵਹਾਅ ਦਰ ਨੂੰ ਦੇਖ ਕੇ ਕੀਤੀ ਜਾਂਦੀ ਹੈ। ਬਾਗ਼ਬਾਨੀ ਫ਼ਸਲਾਂ ਵਿੱਚ ਜੇ ਬੂਟੇ ਤੋਂ ਬੂਟੇ ਦੀ ਦੂਰੀ ਜ਼ਿਆਦਾ ਹੋਣ ਕਰ ਕੇ ਆਨਲਾਈਨ ਲੇਟਲਰਲ ਪਾਈਪਾਂ ਤੇ ਡਰਿੱਪਰ ਦੀ ਵਰਤੋਂ ਕੀਤੀ ਜਾਂਦੀ ਹੈ। ਜੇ ਖੇਤਰ ਆਵਾਰਾ ਪਸ਼ੂਆਂ ਤੋਂ ਸੁਰੱਖਿਅਤ ਹੈ ਅਤੇ ਫ਼ਸਲ ਵਿੱਚ ਬੂਟੇ ਤੋਂ ਬੂਟੇ ਦੀ ਦੂਰੀ ਨਿਸ਼ਚਿਤ ਹੈ ਤਾਂ ਇਨ ਲਾਈਨ ਲੇਟਰਲ ਦੀ ਵਰਤੋਂ ਕੀਤੀ ਜਾਂਦੀ ਹੈ। ਜੇ ਖੇਤਰ ਦੀ ਭੂਗੋਲਿਕ ਸਥਿਤੀ ਉੱਚੀ ਨੀਵੀ ਹੈ ਤਾਂ ਆਨਲਾਈਨ ਜਾਂ ਇਨਲਾਈਨ ਲੇਟਰਲ ਵਿੱਚ ਪ੍ਰੈਸ਼ਰ ਕੰਪਨਸੇਟਿੰਗ ਡਰਿੱਪਰ ਦੀ ਵਰਤੋਂ ਕੀਤੀ ਜਾਂਦੀ ਹੈ।

### ਡਰਿੱਪ ਲਗਾਉਣ ਉਪਰੰਤ ਡਰਿੱਪ ਸੈੱਟ ਦੀ ਸਾਂਭ-ਸੰਭਾਲ ਅਤੇ ਰੱਖ ਰਖਾਅ:

ਡਰਿੱਪ ਲਗਾਉਣ ਉਪਰੰਤ ਲੇਟਰਲ ਦੇ ਅਖੀਰ ਵਿਚਲੇ ਐਂਡ ਕੈਪ ਨੂੰ ਖੋਲ੍ਹ ਕੇ ਪਾਣੀ 5 ਤੋਂ 10 ਮਿੰਟ ਲਈ ਖੁੱਲ੍ਹਾ ਚਲਾ ਕੇ ਦੇਖਣਾ ਚਾਹੀਦਾ ਹੈ ਤਾਂ ਜੋ ਲੇਟਰਲ ਵਿੱਚ ਮੌਜੂਦ ਕੋਈ ਗੰਦਗੀ ਖੁੱਲ੍ਹੇ ਪਾਣੀ ਨਾਲ ਬਾਹਰ ਨਿਕਲ ਜਾਵੇ। ਜੇ ਚਲਾਉਣ ਸਮੇਂ ਡਰਿੱਪਰ ਜਾ ਕਿਸੇ ਜੋੜ ਤੋਂ ਪਾਣੀ ਦੀ ਲੀਕੇਜ ਮਹਿਸੂਸ ਹੋਵੇ ਤਾਂ ਉਸ ਹਿੱਸੇ ਦੀ ਤੁਰੰਤ ਬਦਲੀ ਕਰ ਦਿੱਤੀ ਜਾਣੀ ਚਾਹੀਦੀ ਹੈ। ਹਰ ਡਰਿੱਪਰ ਜਾਂ ਇਮੀਟਰ ਤੋਂ ਇਹ ਨੋਟ ਕਰੋ ਕਿ ਪਾਣੀ ਬਾਕੀ ਡਰਿੱਪਰ ਜਾਂ ਇਮੀਟਰ ਦੇ ਬਰਾਬਰ ਨਿਕਲੇ। ਇਸ ਲਈ ਅਲੱਗ-ਅਲੱਗ ਡਰਿੱਪਰ ਥੱਲੇ ਖੁੱਲ੍ਹੇ ਭਾਂਡੇ ਰੱਖ ਕੇ ਪ੍ਰਣਾਲੀ ਨੂੰ 5 ਮਿੰਟ ਚਲਾ ਕੇ ਇਨ੍ਹਾਂ ਭਾਂਡਿਆਂ ਵਿੱਚ ਇਕੱਠੇ ਹੋਏ ਪਾਣੀ ਨੂੰ ਦੇਖ ਕੇ ਅੰਦਾਜ਼ਾ ਲਗਾਓ ਕਿ ਹਰ ਭਾਂਡੇ ਵਿੱਚ ਪਾਣੀ ਇੱਕੋ ਜਿੰਨਾ ਹੀ ਹੋਵੇ। ਜੇ ਫ਼ਰਕ ਦਿਸੇ ਤਾਂ ਸਬੰਧਤ ਡਰਿੱਪਰ ਨੂੰ ਬਦਲ ਦਿਉ। ਇਸ ਤਰ੍ਹਾਂ ਕਰਨ ਨਾਲ ਸਾਰੇ ਖੇਤ ਵਿੱਚ ਇਕਸਾਰ ਪਾਣੀ ਲੱਗੇਗਾ। ਡਰਿੱਪ ਸਿਸਟਮ ਵਿੱਚ ਫਿਲਟਰਾਂ ਦਾ ਰੱਖ-ਰਖਾਅ: ਫਿਲਟਰ ਤੁਪਕਾ ਸਿੰਜਾਈ ਪ੍ਰਣਾਲੀ ਦਾ ਇੱਕ ਅਹਿਮ ਅੰਗ ਹੈ। ਫਿਲਟਰ ਦੀ ਚੋਣ ਪਾਣੀ ਦੇ ਸੋਮੇ ਅਤੇ ਉਸ ਦੀ ਗੁਣਵੱਤਾ ਉੱਪਰ ਨਿਰਭਰ ਕਰਦੀ ਹੈ। ਸਿੰਜਾਈ ਵਿੱਚ ਨਹਿਰੀ, ਦਰਿਆ, ਖੂਹ ਅਤੇ ਟਿਊਬਵੈੱਲ ਦੇ ਪਾਣੀ ਦੀ ਵਰਤੋਂ ਹੁੰਦੀ ਹੈ। ਰੇਤੇ ਵਾਲੇ ਸਕਰੀਨ ਫਿਲਟਰ ਦੀ ਵਰਤੋਂ ਉਦੋਂ ਕੀਤੀ ਜਾਂਦੀ ਹੈ ਜਦੋਂ ਪਾਣੀ ਦਾ ਸੋਮਾ ਟੋਭਾ/ਡਿੱਗੀ ਹੋਵੇ। ਰੇਤੇ ਵਾਲੇ ਅਤੇ ਸਕਰੀਨ ਫਿਲਟਰ ਜੈਵਿਕ ਸਮੱਗਰੀ ਜਿਵੇਂ ਕਿ ਕਾਈ ਜਾਂ ਫ਼ਸਲੀ ਰਹਿੰਦ-ਖੂੰਹਦ ਨੂੰ ਫਿਲਟਰ ਕਰਨ ਲਈ ਵਰਤੇ ਜਾਂਦੇ ਹਨ। ਹਾਈਡ੍ਰੋਸਾਈਕਲੋਨ ਅਤੇ ਡਿਸਕ ਫਿਲਟਰ ਦੀ ਵਰਤੋਂ ਟਿਊਬਵੈੱਲ ਦੇ ਪਾਣੀ ਵਿਚਲੀ ਘੁਲੀ ਹੋਈ ਰੇਤ ਨੂੰ ਸਾਫ਼ ਕਰਨ ਲਈ ਸੈਕੰਡਰੀ ਫਿਲਟਰ ਦੇ ਤੌਰ 'ਤੇ ਵਰਤੇ ਜਾਂਦੇ ਹਨ। ਪਾਣੀ ਵਿਚਲੀ ਗੰਦਗੀ ਸਾਫ਼ ਕਰਨ ਲਈ ਬੈਕਵਾਸ਼ਿੰਗ ਦੀ ਵਿਵਸਥਾ ਵੀ ਪ੍ਰਣਾਲੀ ਵਿੱਚ ਕੀਤੀ ਜਾਂਦੀ ਹੈ। ਫਿਲਟਰਾਂ ਦੇ ਦਾਖ਼ਲੇ ਅਤੇ ਨਿਕਾਸੀ ਦੁਆਰ ਉੱਪਰ ਦਬਾਅ ਰੋਜ਼ਾਨਾ ਚੈੱਕ ਕਰਦੇ ਰਹੋ। ਰੇਤੇ ਵਾਲੇ ਫਿਲਟਰ ਦੀ ਬੈਕ ਵਾਸ਼ਿੰਗ ਰੋਜ਼ਾਨਾ ਕਰੋ। ਸੈਂਡ ਫਿਲਟਰ ਦੇ ਦਾਖ਼ਲੇ ਅਤੇ ਨਿਕਾਸੀ ਰਾਹੀ ਉੱਪਰ ਦਬਾਅ ਦਾ ਫ਼ਰਕ 0.3 ਕਿਲੋਗ੍ਰਾਮ ਪ੍ਰਤੀ ਵਰਗ ਸੈਂਟੀਮੀਟਰ ਅਤੇ ਸਕਰੀਨ ਫਿਲਟਰ ਉੱਪਰ ਫ਼ਰਕ 0.2 ਕਿਲੋਗ੍ਰਾਮ ਪ੍ਰਤੀ ਵਰਗ ਸੈਂਟੀਮੀਟਰ ਤੋਂ ਵੱਧ ਨਾ ਹੋਵੇ। ਦੇ ਸਹੀ ਚੱਲਣ ਲਈ ਸਮੇਂ-ਸਮੇਂ ਉੱਤੇ ਚੋਕਿੰਗ ਦਾ ਨਿਰੀਖਣ ਕਰਦੇ ਰਹੋ।

### ਕਾਈ ਦੀ ਸਮੱਸਿਆ:

ਕਾਈ ਦੀ ਸਮੱਸਿਆ ਆਮ ਤੌਰ ਉੱਤੇ ਟੈਂਕ ਵਿੱਚ ਸਥਿਰ ਪਾਣੀ ਵਿੱਚ ਆ ਜਾਂਦੀ ਹੈ। ਡਰਿੱਪ ਸਿਸਟਮ ਵਿੱਚ ਕਾਈ ਦੀ ਸਮੱਸਿਆ ਉਦੋਂ ਆਉਂਦੀ ਹੈ, ਜਦੋਂ ਅਸੀ ਪਾਣੀ ਨੂੰ ਟੋਭਿਆਂ ਜਾਂ ਸਟੋਰੇਜ ਟੈਂਕ ਵਿੱਚੋਂ ਚੁੱਕ ਕੇ ਵਰਤਦੇ ਹਾਂ ਅਤੇ ਪਾਰਦਰਸ਼ੀ ਪਾਈਪਾਂ ਦੀ ਵਰਤੋਂ ਕਰਦੇ ਹਾਂ। ਇਸ ਲਈ ਤੁਪਕਾ ਸਿੰਜਾਈ ਪ੍ਰਣਾਲੀ ਵਿੱਚ ਪਾਈਪਾਂ ਨੂੰ ਮਿੱਟੀ ਦੇ ਹੇਠਾਂ ਦਬਾ ਕੇ ਰੱਖਿਆ ਜਾਂਦਾ ਹੈ ਅਤੇ ਕਾਲੇ ਰੰਗ ਦੀਆਂ ਲੇਟਰਲ ਪਾਈਪਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਦੀ ਵਰਤੋਂ ਕਰਨ ਨਾਲ ਸੂਰਜੀ ਰੌਸ਼ਨੀ ਪਾਈਪਾਂ ਵਿੱਚ ਦੀ ਨਹੀਂ ਲੰਘਦੀ ਜਿਸ ਕਰ ਕੇ ਇਨ੍ਹਾਂ ਵਿੱਚ ਕਾਈ ਨਹੀ ਜੰਮਦੀ। ਜੇ ਫਿਰ ਵੀ ਕਾਈ ਪਾਈਪਾਂ ਵਿੱਚ ਜੰਮ੍ਹ ਜਾਵੇ ਤਾਂ ਕਲੋਰੀਨੇਸ਼ਨ ਵਿਧੀ ਨਾਲ ਇਸ ਨੂੰ ਹਟਾਇਆ ਜਾ ਸਕਦਾ ਹੈ। ਕਈ ਵਾਰ ਘੁਲਣਸ਼ੀਲ ਖਾਦਾਂ ਦੀ ਵਰਤੋਂ ਨਾਲ ਵੀ ਡਰਿੱਪਰ ਕਲੋਗਿੰਗ ਦੀ ਸਮੱਸਿਆ ਆ ਜਾਂਦੀ ਹੈ। ਫਾਸਫੋਰਸ ਤੱਤ ਵਾਲੀ ਖਾਦ ਖ਼ਾਸ ਕਰ ਕੇ ਪਾਣੀ ਵਿਚਲੇ ਮਾਦੇ ਨਾਲ ਪ੍ਰਤੀਕਰਮ ਕਰ ਕੇ ਡਰਿੱਪਰ ਕਲੋਗ ਕਰ ਸਕਦੀ ਹੈ। ਕਲੋਰੀਨੇਸ਼ਨ ਨਾਲ ਇਸ ਸਮੱਸਿਆ ਦਾ ਹੱਲ ਹੋ ਸਕਦਾ ਹੈ। ਇੱਥੇ ਇਹ ਗੱਲ ਯਾਦ ਰੱਖੋ ਕਿ ਕਲੋਰੀਨੇਸ਼ਨ ਅਤੇ ਫਰਟੀਗੇਸ਼ਨ (ਘੁਲਣਸ਼ੀਲ ਖਾਦਾਂ ਪਾਣੀ ਵਿੱਚ ਪਾਉਣ ਸਮੇਂ) ਇੱਕੋ ਸਮੇਂ ਨਹੀਂ ਕਰਨੀਆਂ ਚਾਹੀਦੀਆਂ।



### ਡਰਿੱਪਰ ਜਾਂ ਇਮੀਟਰ ਦਾ ਬੰਦ ਹੋਣਾ:

ਡਰਿੱਪਰ ਜਾਂ ਇਮੀਟਰ ਦਾ ਬੰਦ ਜਾਂ ਚੋਕ ਹੋਣਾ ਆਮ ਸਮੱਸਿਆ ਹੈ। ਡਰਿੱਪਰ ਚੋਕ ਹੋਣ ਨਾਲ ਪਾਣੀ ਇਕਸਾਰ ਨਹੀ ਲੱਗੇਗਾ ਅਤੇ ਉਤਪਾਦਨ ਪ੍ਰਭਾਵਿਤ ਹੋਵੇਗਾ। ਇਹ ਦੇਖਿਆ ਗਿਆ ਹੈ ਕਿ ਡਰਿੱਪਰ ਆਮ ਤੌਰ 'ਤੇ ਮੀਂਹ ਦੇ ਸਮੇਂ ਦੌਰਾਨ ਬੰਦ ਹੋ ਜਾਂਦੇ ਹਨ ਜਦੋਂ ਖੇਤਾਂ ਵਿੱਚ ਮੀਂਹ ਪੈਣ ਸਮੇਂ ਪਾਣੀ ਖੜ੍ਹ ਜਾਂਦਾ ਹੈ। ਮੈਲਾ ਪਾਣੀ ਡਰਿੱਪਰ ਦੇ ਵਿੱਚ ਵੜ ਜਾਂਦਾ ਹੈ ਅਤੇ ਡਰਿੱਪਰ ਚੋਕ ਹੋ ਜਾਂਦੇ ਹਨ। ਕਈ ਵਾਰ ਫਿਲਟਰ ਸਿਸਟਮ ਵਿੱਚ ਨੁਕਸ ਪੈਣ ਨਾਲ ਵੀ ਇਮੀਟਰ ਚੋਕ ਹੋ ਜਾਂਦੇ ਹਨ। ਚੋਕਿੰਗ ਤੋਂ ਨਿਜ਼ਾਤ ਪਾਉਣ ਲਈ ਤੇਜ਼ਾਬ ਅਤੇ ਕਲੋਰੀਨ ਦੀ ਵਰਤੋਂ ਕੀਤੀ ਜਾਂਦੀ ਹੈ। ਸਮੇਂ-ਸਮੇਂ ਉੱਪਰ ਪ੍ਰਣਾਲੀ ਦੀ ਫਲੱਸ਼ਿੰਗ ਕਰਦੇ ਰਹਿਣ ਨਾਲ ਵੀ ਚੋਕਿੰਗ ਤੋਂ ਰਾਹਤ ਮਿਲਦੀ ਹੈ। ਡਰਿੱਪ ਪ੍ਰਣਾਲੀ

### ਰਸਾਇਣਕ ਸੋਧ ਦਾ ਢੰਗ:

ਡਰਿੱਪਰ ਦੇ ਬੰਦ ਹੋਣ ਦਾ ਕਾਰਨ, ਕੁਝ ਘੁਲਣਸ਼ੀਲ ਨਮਕੀਨ ਪਦਾਰਥਾਂ ਜਿਵੇਂ ਕਾਰਬੋਨੇਟ, ਲੋਹਾ, ਕੈਲਸ਼ੀਅਮ ਅਤੇ ਮੈਗਨੀਜ਼ ਆਦਿ ਦਾ ਟੈਂਕ ਵਿੱਚ ਜੰਮ੍ਹਣਾ ਹੋ ਸਕਦਾ ਹੈ। ਡਰਿੱਪਰ ਬੰਦ ਹੋਣ ਦਾ ਕਾਰਨ ਕੁਝ ਸੂਖਮਜੀਵ ਵੀ ਹੋ ਸਕਦੇ ਹਨ ਜਿਵੇਂ ਬੈਕਟੀਰੀਆ ਅਤੇ ਕਾਈ ਦੇ ਨਾਲ ਲੋਹੇ ਅਤੇ ਸਲਫਰ ਤੱਤਾਂ ਕਰ ਕੇ ਬਰੀਕ ਮਿੱਟੀ ਦੇ ਕਿਣਕੇ ਆਦਿ ਡਰਿੱਪਰ ਬੰਦ ਕਰਦੇ ਹਨ। ਤੁਪਕਾ ਸਿੰਜਾਈ ਪ੍ਰਣਾਲੀ ਵਿੱਚ ਡਰਿੱਪਰ ਸਾਫ਼ ਕਰਨ ਲਈ ਪਾਣੀ ਨਾਲ ਕਲੋਰਾਈਡ ਦਾ ਘੋਲ ਜਾਂ ਤੇਜ਼ਾਬ ਦੀ ਵਰਤੋਂ ਕੀਤੀ ਜਾਂਦੀ ਹੈ। ਵਪਾਰਕ ਸ਼੍ਰੇਣੀ ਦੇ ਤੇਜ਼ਾਬ ਦੀ ਵਰਤੋਂ ਸੋਧ ਕਰਨ ਲਈ ਕੀਤੀ ਜਾ ਸਕਦੀ ਹੈ।

(1) ਹਾਈਡ੍ਰੋਕਲੋਰਿਕ ਐਸਿਡ (HCL)-35%

(2) ਨਾਈਟ੍ਰਿਕ ਐਸਿਡ ( H N O 3 ) - 3 3 %

(3) ਗੰਧਕ ਦਾ ਤੇਜ਼ਾਬ ( H 2 S O 4 ) - 6 5 %

(4) ਔਰਥੋਫਾਸਫੋਰਿਕ ਦਾ (H3PO4)-85%

ਜ਼ਿਆਦਾਤਰ ਹਾਲਤਾਂ ਵਿੱਚ ਹਾਈਡ੍ਰੋਕਲੋਰਿਕ ਐਸਿਡ ਦੀ ਵਰਤੋਂ ਕਾਰਗਰ ਸਾਬਿਤ ਹੁੰਦੀ ਹੈ ਅਤੇ ਇਹ ਬਾਕੀ ਦੇ ਤੇਜ਼ਾਬਾਂ ਤੋਂ ਸਸਤਾ ਹੈ। ਪਰ ਇਸ ਦੀ ਵਰਤੋਂ ਅਜਿਹੀਆਂ ਫ਼ਸਲਾਂ ਵਿੱਚ ਨਹੀ ਕੀਤੀ ਜਾ ਸਕਦੀ ਜੋ ਕਲੋਰਾਈਡ ਤੱਤ ਲਈ ਸਹਿਣਸ਼ੀਲ ਨਹੀ ਹਨ। ਅਜਿਹੀ ਸਥਿਤੀ ਵਿੱਚ ਨਾਈਟ੍ਰਿਕ ਐਸਿਡ ਜਾਂ ਗੰਧਕ ਦੇ ਤੇਜ਼ਾਬ ਦੀ ਵਰਤੋਂ ਕੀਤੀ ਜਾ ਸਕਦੀ ਹੈ। ਜਿਨ੍ਹਾਂ ਹਾਲਤਾਂ ਵਿੱਚ ਪਾਣੀ ਵਿੱਚ ਘੁਲਿਆ ਕੈਲਸ਼ੀਅਮ ਜਾਂ ਮੈਗਨੀਸ਼ੀਅਮ ਦੀ ਸੰਘਣਤਾ 500 ਪੀਪੀਐੱਮ ਤੋਂ ਜ਼ਿਆਦਾ ਹੋਵੇ, ਉੱਥੇ ਗੰਧਕ ਦਾ ਤੇਜ਼ਾਬ ਨਾ ਵਰਤੋਂ। ਤੁਪਕਾ ਸਿੰਜਾਈ ਪ੍ਰਣਾਲੀ ਦੀ ਤੇਜ਼ਾਬ ਰਾਹੀ ਸੋਧ ਕਲੋਰੀਨੇਸ਼ਨ ਕਰਨ ਤੋਂ ਪਹਿਲਾਂ ਕਰਨੀ ਚਾਹੀਦੀ ਹੈ, ਕਿਉਂਕਿ ਕਲੋਰੀਨੇਸ਼ਨ ਦੇ ਚੰਗੇ ਪ੍ਰਭਾਵ ਲਈ 6.5 ਤੋਂ 8.5 ਤੱਕ ਦਾ ਖਾਰੀ ਅੰਗ ਲੋੜੀਦਾ ਹੈ। ਜੇ ਪਾਣੀ ਵਿੱਚ ਲੋਹੇ ਦੀ ਮਾਤਰਾ ਜ਼ਿਆਦਾ ਹੋਵੇ ਤਾਂ ਅਜਿਹੀ ਹਾਲਤ ਵਿੱਚ ਆਰਥੋਫਾਸਫੋਰਿਕ ਐਸਿਡ ਦੀ ਵਰਤੋਂ ਨਾ ਕਰੋ ਕਿਉਂਕਿ ਇਸ ਨਾਲ ਲੋਹਾ ਫਾਸਫੋਰਿਕ ਐਸਿਡ ਨਾਲ ਕਿਰਿਆ ਕਰ ਕੇ ਪ੍ਰੈਸੀਪੀਟੇਟ ਬਣਾ ਦਿੰਦਾ ਹੈ। ਕਦੇ ਵੀ ਪਾਣੀ ਨੂੰ ਤੇਜ਼ਾਬ ਵਿੱਚ ਨਾ ਪਾਓ, ਸਗੋਂ ਤੇਜ਼ਾਬ ਨੂੰ ਪਾਣੀ ਵਿੱਚ ਪਾਓ। ਤੇਜ਼ਾਬ ਦੇ ਘੋਲ ਬਣਾਉਣ ਲਈ ਪਲਾਸਟਿਕ ਦੇ ਭਾਂਡੇ ਦੀ ਵਰਤੋਂ ਕਰੋ। ਤੇਜ਼ਾਬ ਦੀ ਪਾਣੀ ਵਿੱਚ ਜਾਣ ਵਾਲੀ ਮਾਤਰਾ ਨਿਰਧਾਰਤ ਕਰਨਾ: ਇੱਕ ਪਲਾਸਟਿਕ ਦੀ ਬਾਲਟੀ ਵਿੱਚ 10 ਲਿਟਰ ਪਾਣੀ ਲਓ ਅਤੇ ਹੌਲੀ-ਹੌਲੀ ਥੋੜ੍ਹੀ ਮਾਤਰਾ ਵਿੱਚ ਤੇਜ਼ਾਬ ਪਾਉਂਦੇ ਜਾਓ, ਨਾਲ ਹੀ ਖਾਰੀ ਅੰਗ (ਪੀਐਚ) ਦੀ ਗਿਣਤੀ ਕਰੋ। ਜਦੋਂ ਪਾਣੀ ਦਾ ਲੋੜੀਦਾ ਖਾਰੀ ਅੰਗ (ਪੀਐਚ) 2.0 'ਤੇ ਪਹੁੰਚ ਜਾਵੇ ਤਾਂ ਪਾਈ ਗਈ ਤੇਜ਼ਾਬ ਦੀ ਮਾਤਰਾ ਨੋਟ ਕਰੋ। ਹੁਣ ਤੁਪਕਾ ਸਿੰਜਾਈ ਸਿਸਟਮ ਵਿੱਚ ਇਹ ਖਾਰੀ ਅੰਗ ਪ੍ਰਾਪਤ ਕਰਨ ਲਈ ਪਹਿਲਾਂ ਵਰਤੀ ਗਈ ਤੇਜ਼ਾਬ ਦੀ ਮਾਤਰਾ ਨੂੰ 100 ਨਾਲ ਗੁਣਾ ਕਰੋ ਅਤੇ ਇਸ ਨੂੰ ਤੁਪਕਾ ਸਿੰਜਾਈ ਰਾਹੀ ਪ੍ਰਵਾਹਿਤ ਹੋਣ ਵਾਲੇ 1 ਮੀਟਰ 3 (1000 ਲਿਟਰ) ਪਾਣੀ ਵਿੱਚ ਪਾਓ।

### ਕਲੋਰੀਨੇਸ਼ਨ ਸੋਧ ਦੀ ਵਿਧੀ:

ਕਲੋਰੀਨ ਦੀ ਵਰਤੋਂ ਨਾਲ ਬੈਕਟੀਰੀਆ ਅਤੇ ਕਾਈ ਜਿਹੇ ਛੋਟੇ ਜੀਵਾਂ ਨੂੰ ਮਾਰਿਆ ਜਾਂਦਾ ਹੈ। ਕਲੋਰੀਨ ਪਾਉਣ ਨਾਲ ਲਾਈਨਾਂ ਦਾ ਬੰਦ ਹੋਣਾ ਘੱਟ ਹੋਵੇਗਾ ਅਤੇ ਲੇਟਰਲ ਪਾਈਪਾਂ ਵਿੱਚ ਸਾਫ਼ ਪਾਣੀ ਦਾ ਵਹਾਅ ਹੋਵੇਗਾ। ਇਸ ਸੋਧ ਵਿਧੀ ਦੀ ਵਰਤੋਂ ਵਿੱਚੋ-ਵਿੱਚੋ ਕਰਦੇ ਰਹਿਣਾ ਚਾਹੀਦਾ ਹੈ ਜਾਂ ਅਜਿਹੇ ਪਾਣੀ ਜਿਨ੍ਹਾਂ ਵਿੱਚ ਜੈਵਿਕ ਮਾਦੇ ਦੀ ਬਹੁਤਾਤ ਹੁੰਦੀ ਹੈ, ਉੱਥੇ ਇਸ ਦੀ ਵਰਤੋਂ ਪ੍ਰਹੇਜ ਦੇ ਤੌਰ 'ਤੇ ਕੀਤੀ ਜਾ ਸਕਦੀ ਹੈ। ਕਲੋਰੀਨੇਸ਼ਨ ਇੰਜੈਕਸ਼ਨ ਕਲੋਗਿੰਗ ਨੂੰ ਘਟਾਉਂਦਾ ਹੈ ਅਤੇ ਪਾਣੀ ਵਾਲੀਆਂ ਨਾਲੀਆਂ ਸਾਫ਼ ਰੱਖਣ ਵਿੱਚ ਸਹਾਇਤਾ ਕਰਦਾ ਹੈ। ਕਲੋਰੀਨੇਸ਼ਨ ਲਈ ਸਭ ਤੋਂ ਜ਼ਿਆਦਾ ਵਰਤਿਆ ਜਾਣ ਵਾਲਾ ਪਦਾਰਥ ਸੋਡੀਅਮ ਹਾਈਪੋਕਲੋਰਾਈਟ ਹੈ ਜਿਸ ਵਿੱਚ 10 ਤੋਂ 12 ਪ੍ਰਤੀਸ਼ਤ ਕਲੋਰੀਨ ਹੁੰਦੀ ਹੈ।

### ਉਦਾਹਰਨ:

- 10 ਲਿਟਰ ਪਾਣੀ ਦੀ ਬਾਲਟੀ ਵਿੱਚ ਖਾਰੀ ਅੰਗ (2.0) ਕਰਨ ਲਈ ਲੋੜੀਦੀ ਤੇਜ਼ਾਬ ਦੀ ਮਾਤਰਾ= 12 ਸੀਸੀ
- 12 ਸੀਸੀ×100= 1200 ਕਿਉਬਿਕ ਸੈਂਟੀਮੀਟਰ= 1.2 ਲਿਟਰ
- ਤੁਪਕਾ ਸਿੰਜਾਈ ਪ੍ਰਣਾਲੀ ਰਾਹੀ ਪ੍ਰਵਾਹਿਤ ਹੋਣ ਵਾਲੇ ਇਕ ਘਣਮੀਟਰ (1 ਮੀਟਰ 3) ਪਾਣੀ ਲਈ 1.2 ਲਿਟਰ ਤੇਜ਼ਾਬ ਪਾਓ।
- ਤੁਪਕਾ ਸਿੰਜਾਈ ਸਿਸਟਮ ਵਿੱਚੋਂ ਪਾਣੀ ਦਾ ਵਹਾਅ (ਸੋਧਿਤ ਹਿੱਸੇ)= 10 ਘਣਮੀਟਰ/ਪ੍ਰਤੀ ਘੰਟਾ ਜਾਂ 10 ਮੀਟਰ3/ ਪ੍ਰਤੀ ਘੰਟਾ।
- ਤੁਪਕਾ ਸਿੰਜਾਈ ਰਾਹੀ 15 ਮਿੰਟ ਸੋਧ ਸਮੇਂ ਵਗਣ ਵਾਲੇ ਪਾਣੀ ਦੀ ਮਾਤਰਾ= 2.5 ਮੀਟਰ 3
- ਲੋੜੀਦੀ ਤੇਜ਼ਾਬ ਦੀ ਮਾਤਰਾ=1.2 ਲਿਟਰ× 2.5 = 3.0 ਲਿਟਰ
- ਇੰਜੈਕਟਰ ਦਾ ਵੱਧ ਤੋਂ ਵੱਧ ਡਿਸਚਾਰਜ= 80 ਲਿਟਰ ਪ੍ਰਤੀ ਘੰਟਾ
- 20 ਲਿਟਰ ਤੇਜ਼ਾਬੀ ਘੋਲ ਲਈ 3 ਲਿਟਰ ਤੇਜ਼ਾਬ+ 17 ਲਿਟਰ ਪਾਣੀ
- ਤੇਜ਼ਾਬੀ ਘੋਲ ਨੂੰ ਪਾਉਣ ਦਾ ਸਮਾਂ= 15 ਮਿੰਟ (20 ਲਿਟਰ ਘੋਲ, 80 ਲਿਟਰ ਪ੍ਰਤੀ ਘੰਟੇ ਦੇ ਇੰਜੈਕਟਰ ਰਾਹੀ ਪਾਉਣਾ ਹੈ।

## ਪੰਜਾਬ ਦੇ ਕਿਸਾਨਾਂ ਲਈ ਰਾਹ ਦਸੇਗੀ ਹੈ ਆਸਟ੍ਰੇਲੀਆ ਦੀ ਖੇਤੀ



ਆਸਟ੍ਰੇਲੀਆ ਦੇ ਬਹੁਤ ਸਾਰੇ ਜਰਖੇਜ਼ ਖਿੱਤਿਆਂ ਵਿਚੋਂ ਨਿਊ ਸਾਊਥ ਵੇਲਜ਼ ਆਸਟ੍ਰੇਲੀਆ ਦੇ ਦੱਖਣ ਪੂਰਬ ਵਿਚ ਵੀ ਜਰਖੇਜ਼ ਖਿੱਤਾ ਹੈ ਜੋ ਭੂਗੋਲਿਕ ਤੌਰ 'ਤੇ ਪੁਰਾਤਨ ਪੰਜਾਬ ਦੇ ਪੂਰਾ ਝਾਕਾ ਪਾਉਂਦਾ ਨਜ਼ਰ ਆਉਂਦਾ ਹੈ। ਨੀਮ ਪਹਾੜੀਆਂ ਵਿਚ ਘਿਰਿਆ ਮੈਦਾਨੀ ਇਲਾਕਾ ਕਾਫ਼ੀ ਹੱਦ ਤੱਕ ਪੱਧਰਾ ਹੈ। ਦੂਰ ਦੂਰ ਜਿੱਧਰ ਵੀ ਝਾਤੀ ਮਾਰੀ ਜਾਵੇ ਮੀਲਾਂ ਦੇ ਮੀਲ ਚਰਾਂਦਾਂ/ ਖੇਤੀ ਫਾਰਮ ਹੀ ਨਜ਼ਰ ਆਉਂਦੇ ਹਨ। ਦੂਰ-ਦੂਰ ਵਿਰਲੇ ਟਾਂਵੇਂ ਘਰ ਜਾਂ ਫਾਰਮ ਹਾਊਸ ਬਾਰੀ ਕੋਹੀ ਦੀਵਾ ਜਗਣ ਦੀ ਬਾਤ ਪਾਉਂਦੇ ਜਾਪਦੇ ਹਨ। ਵਿਸ਼ਾਲ ਵਲਗਣਾਂ (ਚਰਾਂਦਾਂ) ਵਿਚ ਭੇਡਾਂ, ਗਾਵਾਂ ਤੇ ਹੋਰ ਬਹੁਤ ਸਾਰੇ ਪਾਲਤੂ ਪਸ਼ੂਆਂ ਦੇ ਝੁੰਡ ਮਸਤੀ ਨਾਲ ਘਾਹ ਪੱਠਾ ਚੁਗਦੇ ਨਜ਼ਰ ਆਉਂਦੇ ਹਨ। ਇਹ ਜਾਨਵਰ ਆਪਣੇ ਦੁੱਧ, ਮਾਸ ਤੇ ਉੱਨ ਆਦਿ ਨਾਲ ਆਸਟ੍ਰੇਲੀਆ ਦੀ ਅਰਥ-ਵਿਵਸਥਾ ਵਿਚ ਵੱਡਾ ਯੋਗਦਾਨ ਪਾਉਂਦੇ ਹਨ। ਆਸਟ੍ਰੇਲੀਅਨ ਸਰਕਾਰ ਨੇ 1912 ਵਿਚ ਮੁਹਰੰਮ ਬੀਜੇ ਦਰਿਆ ਉਤੇ ਬਰੀਇੰਜਕ ਡੈਮ 'ਤੇ 1950 ਵਿਚ ਟੀਮੂਟ ਦਰਿਆ ਉਤੇ ਬਲੋਰਿੰਗ ਡੈਮ ਦੀ ਉਸਾਰੀ ਕਰਕੇ ਇਸ ਜਰਖੇਜ਼ ਜ਼ਮੀਨ ਸਿੰਚਾਈ ਲਈ ਨਹਿਰੀ ਪਾਣੀ ਦਾ ਬੰਦੋਬਸਤ ਕਰ ਦਿੱਤਾ। ਲੀਟਨ, ਨਰਿੰਦਰਾ ਤੇ ਗ੍ਰਿਫ਼ਥ ਕਸਬਿਆਂ ਦੀ ਉਸਾਰੀ ਹੋਈ। ਇਸ ਜਰਖੇਜ਼ ਭੂਮੀ ਦਾ ਕੇਂਦਰ ਬਿੰਦੂ ਗ੍ਰਿਫ਼ਥ ਹੋਣ ਕਰਕੇ ਇਹ ਕਸਬਾ ਨਿਊ ਸਾਊਥ ਵੇਲਜ਼ ਦਾ ਪ੍ਰਮੁੱਖ ਕਸਬੇ ਵਜੋਂ ਜਾਣਿਆ ਜਾਣ ਲੱਗਾ। ਪਹਿਲਾਂ ਇਤਾਲਵੀ ਤੇ ਫਿਰ ਅੱਧੀ ਕੁ ਸਦੀ ਤੋਂ ਪੰਜਾਬੀ ਲੋਕਾਂ ਨੇ ਏਥੇ ਪਹੁੰਚ ਕੇ ਮਿਹਨਤ ਸਦਕਾ ਇਸ ਇਲਾਕੇ ਨੂੰ ਹਰਿਆ ਭਰਿਆ ਕਰਦਿਆਂ ਜਿਥੇ ਉਹ ਸੈਂਕੜੇ/ਹਜ਼ਾਰਾਂ ਏਕੜਾਂ ਦੇ ਮਾਲਕਾਂ ਵੀ ਬਣੇ ਉਥੇ ਉਹ ਬਹੁਤ ਸਾਰੇ ਖੇਤੀ ਉਤਪਾਦਨਾਂ ਰਾਹੀ ਆਸਟ੍ਰੇਲੀਆ ਦੇ ਖੁਰਾਕੀ ਭੰਡਾਰ ਵੱਡਾ ਯੋਗਦਾਨ ਪਾ ਰਹੇ ਹਨ। ਖ਼ਾਸ ਕਰਕੇ ਫਲ ਮਾਲਟੇ/ਸੰਤਰੇ, ਨਿੰਬੂ ਅੰਗੂਰ, ਡਰਾਈ ਫਰੂਟ ਬਦਾਮ ਅਖਰੋਟ ਤੇ ਸੀਰੀਅਲ/ ਅਨਾਜ(ਕਣਕ, ਮੱਕੀ, ਬਾਜ਼ਰਾ, ਜੌਂ, ਛੋਲੇ, ਮਸਰ, ਚੌਲ ਤੇ ਸਬਜ਼ੀਆਂ ਮੂਲੀਆਂ ਗਾਜ਼ਰਾਂ ਸ਼ਲਗਮ, ਟਮਾਟਰ ਅਤੇ ਤੇਲ ਬੀਜ ਸਰੋਂ ਆਦਿ ਇਥੋਂ ਦੀਆਂ ਪ੍ਰਮੁੱਖ ਫ਼ਸਲਾਂ ਦੀ ਭਰਪੂਰ ਪੈਦਾਵਾਰ ਕਾਰਨ ਇਥੋਂ ਦੇ ਇਲਾਕੇ ਨੂੰ 'ਅਸਟ੍ਰੇਲੀਅਨ ਫੂਡ ਬਾਊਲ'( ਆਸਟ੍ਰੇਲੀਅਨ ਭੋਜਨ ਛਾਬਾ) ਵਜੋਂ ਵੀ ਜਾਣਿਆ ਜਾਂਦਾ ਹੈ। ਫੂਡ ਪ੍ਰੋਸੈਸਿੰਗ ਉਦਯੋਗਾਂ ਦੀ ਵੀ ਕਾਫ਼ੀ ਭਰਮਾਰ ਹੈ।

### ਫ਼ਸਲੀ ਚੱਕਰ ਵਿਚ ਨਹੀਂ ਫਸਦੇ ਕਿਸਾਨ

ਫ਼ਸਲੀ ਚੱਕਰ ਵਿਚ ਇਥੋਂ ਦੇ ਕਿਸਾਨ ਨਹੀ ਫਸਦੇ ਸਗੋਂ ਉਪਜੀਵਕਾ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਖ਼ਾਸ ਖੇਤੀ ਨੀਤੀ ਤਹਿਤ ਅਨੁਸਾਰ 'ਅਕਲ ਨਾਲ ਵਾਹ ਰੱਜ ਕੇ ਖਾਹ' ਨਾਲ ਕੀਤੀ ਜਾਂਦੀ ਹੈ। ਫ਼ਸਲੀ ਵਿਭਿੰਨਤਾ ਲਈ ਜ਼ੋਨ ਵੰਡ ਕਰ ਕੇ ਖੇਤੀ ਕੀਤੀ /ਕਰਵਾਈ ਜਾਂਦੀ ਹੈ। ਏਥੇ ਕਿਸਾਨੀ ਦਾ ਅਰਥ ਇਕ ਸੂਝਵਾਨ ਮਨੁੱਖ ਤੋਂ ਲਿਆ ਜਾਂਦਾ ਹੈ ਜੋ ਅੰਨਦਾਤਾ ਵੀ ਹੈ ਤੇ ਵਾਤਾਵਰਨ ਦਾ ਰਖਵਾਲਾ ਵੀ ਹੈ। ਫ਼ਸਲਾਂ ਦੀ ਬਿਜਾਈ ਅਨੁਸ਼ਾਸਨ ਹੇਠ ਰਹਿੰਦਿਆਂ ਹੀ ਕੀਤੀ ਜਾਂਦੀ ਹੈ। ਖਾਦਾਂ/ਮਾਰੂ ਨਦੀਨ/ ਕੀੜੇ ਪਤੰਗੇ ਮਾਰ ਦਵਾਈਆਂ ਦਵਾਈਆਂ ਦੀ ਵਰਤੋਂ ਵੀ ਇਕ ਹੱਦ ਵਿਚ ਰਹਿ ਕੇ ਹੀ ਕੀਤੀ ਜਾਂਦੀ ਹੈ ਤਾਂ ਕਿ ਪੈਦਾ ਹੋਇਆ ਹਰ ਭੋਜਨ ਕਾਫ਼ੀ ਹੱਦ ਤੱਕ ਜ਼ਹਿਰੀਲੇ ਅੰਸ਼ਾਂ ਤੋਂ ਮੁਕਤ ਗੁਣਵੱਤਾ ਭਰਪੂਰ ਹੋਵੇ ਤੇ ਚੌਗਿਰਦਾ ਵੀ ਦੂਸ਼ਿਤ ਨਾ ਹੋਵੇ। ਸਰਕਾਰ ਵੀ ਕਿਸੇ ਸੰਕਟ ਸਮੇਂ ਕਿਸਾਨੀ ਦੀ ਬਾਂਹ ਪਕੜਨ ਤੋਂ ਪਿੱਛੇ ਨਹੀ ਹੱਟਦੀ ਸਗੋਂ ਕਿਸਾਨੀ ਨਾਲ ਖੜ੍ਹ ਦੀ ਹੈ। ਇਦਾਂ ਕਿਸਾਨੀ ਤੇ ਖਪਤਕਾਰ ਦੀ ਲੁੱਟ ਦੇ ਰੌਲੇ ਦੀ ਅਰਾਜਕਤਾ ਤੋਂ ਬਚਿਆ ਮਾਹੌਲ ਅੰਨ ਭੰਡਾਰ ਵੀ ਕਰਦਾ ਤੇ ਹਿੱਤ ਸੁਰੱਖਿਅਤ ਵੀ ਰੱਖਦਾ ਹੈ।

ਮਾ. ਲਖਵਿੰਦਰ ਸਿੰਘ ਰਈਆ
98764-74858

### ਪਾਣੀ ਦਾ ਬਚਾਅ

ਬਾਗ਼-ਬਗ਼ੀਚੇ ਖੇਤਰ ਜਿਥੇ ਕਿਤੇ ਵੀ ਜ਼ਮੀਨ ਹੇਠਾਂ ਖਾਰਾ/ਲੂਣੀ ਪਾਣੀ ਦੀ ਹੋਂਦ ਹੈ।ਜਦ ਉਥੇ ਇਸ ਖਾਰੇ ਪਾਣੀ ਦਾ ਪੱਧਰ ਉਚਾ ਹੋ ਕੇ ਬਾਗ਼ ਬਗ਼ੀਚੇ ਦੇ ਪੌਦਿਆਂ ਦੀਆਂ ਜੜ੍ਹਾਂ ਤੱਕ ਪਹੁੰਚ ਜਾਂਦਾ ਹੈ ਤਾਂ ਫਿਰ ਪੌਦਿਆਂ ਦਾ ਸੜਨ/ਗਲਨ ਦਾ ਖ਼ਤਰਾ ਵੀ ਪੈਦਾ ਕਰਦਾ ਹੈ। ਸੋ ਇਸ ਖ਼ਾਰੇ ਪਾਣੀ ਦੀ ਮਾਰ ਤੋਂ ਬਚਾਉਣ ਲਈ ਇਸ ਖਾਰੇ ਪਾਣੀ ਦੀ ਨਿਕਾਸੀ ਲਈ ਜ਼ਮੀਨ ਹੇਠਾਂ ਵਿਚ ਜ਼ਮੀਨ ਦੋਜ਼ ਜਾਲੀਦਾਰ ਪਾਈਪ ਜਾਲ ਵਿਛਾਇਆ ਜਾਂਦਾ ਹੈ ਤਾਂ ਕਿ ਖ਼ਾਰੇ ਪਾਣੀ ਦੀ ਪੱਧਰ ਉੱਪਰ ਉੱਠਣ ਤੋਂ ਰੁਕ ਸਕੇ। ਇਹ ਖਾਰਾ ਪਾਣੀ ਜਾਲੀਦਾਰ ਪਾਈਪ ਰਾਹੀ ਫਾਰਮਾਂ ਵਿੱਚ ਬਣਾਈਆਂ ਖੂਹੀਆਂ ਵਿਚ ਜਮਾਂ ਹੋਈ ਜਾਂਦਾ ਹੈ। ਫਿਰ ਇਨ੍ਹਾਂ ਖੂਹੀਆਂ ਵਿਚੋਂ ਆਟੋਮੈਟਿਕ ਸਿਸਟਮ ਨਾਲ ਲੱਗੀਆਂ ਮੋਟਰਾਂ ਨਾਲ ਪਾਣੀ ਖਿੱਚ ਕੇ ਪਾਈਪਾਂ ਰਾਹੀ ਪੱਕੇ ਖਾਲਿਆਂ ਵਿਚ ਸੁੱਟ ਕੇ ਅਗੋਂ ਦੂਰ ਦੁਰਾਡੇ ਬਣੀਆਂ ਵਿਚ ਆਰਜ਼ ਝੀਲਾਂ ਵਿਚ ਖਪਾਏ ਜਾਣ ਦੀ ਵਿਵਸਥਾ ਕੀਤੀ ਜਾਂਦੀ ਹੈ। ਸਿੰਚਾਈ ਲਈ ਨਹਿਰੀ ਪਾਣੀ ਦੀ ਵਰਤੋਂ ਕੀਤੀ ਜਾਂਦੀ ਹੈ। ਸਿੰਚਾਈ ਲਈ ਵਰਤਿਆ ਜਾਂਦੇ ਇਸ ਪਾਣੀ ਦਾ ਕਰਾਇਆ ਭਰਨ ਲਈ ਮੀਟਰ ਲੱਗੇ ਹੁੰਦੇ ਹਨ। ਪਾਣੀ ਦੀ ਖ਼ਪਤ ਅਨੁਸਾਰ ਕਿਸਾਨਾਂ ਨੂੰ ਪਾਣੀ ਮੁੱਲ ਅਦਾ ਕਰਨਾ ਪੈਂਦਾ ਹੈ। ਸਿੰਚਾਈ ਲਈ ਅੰਡਰ ਗਰਾਊਂਡ ਪਾਈਪ ਤੋਂ ਅੱਗੇ ਡਰਿਪ/ ਫੁਹਾਰਾ ਸਿਸਟਮ ਨਾਲ ਸਿੰਚਾਈ ਕੀਤੀ ਜਾਂਦੀ ਹੈ। ਖਾਦ / ਦਵਾਈਆਂ ਦੇ ਤਰਲ ਰੂਪ ਨੂੰ ਡਰਿਪ ਸਿਸਟਮ ਨਾਲ ਜੋੜ ਕੇ ਲੋੜ ਅਨੁਸਾਰ ਫ਼ਸਲਾਂ ਤੱਕ ਪਹੁੰਚਾਇਆ ਜਾਂਦਾ ਹੈ। ਇਥੋਂ ਸਿੰਚਾਈ ਪਾਣੀ ਦੀ ਸੰਜਮ ਭਰੀ ਤਕਨੀਕ ਨਾਲ ਹੀ ਵਰਤੋਂ ਕੀਤੀ ਜਾਂਦੀ ਹੈ। ਜਿਥੇ ਸਾਡੇ ਪੰਜਾਬ ਵਿਚ ਇਕ ਏਕੜ ਦਾ ਝੋਨਾ ਜਿਨ੍ਹਾਂ ਪਾਣੀ ਡਕਾਰ ਜਾਂਦਾ ਉਨੇ ਹੀ ਪਾਣੀ ਦੀ ਸੁਚੱਜੇ ਢੰਗ ਨਾਲ ਵਰਤੋਂ ਨਾਲ ਏਥੇ ਤੀਹ ਤੋਂ ਪੰਜਾਹ ਏਕੜ ਤੱਕ ਦੀ ਫ਼ਸਲ ਨੂੰ ਸਫਲਤਾ ਪੂਰਵਕ ਪਾਲ਼ਿਆ ਜਾਣ ਦੀ ਵਿਵਸਥਾ ਹੈ। ਦਵਾਈਆਂ ਆਦਿ ਸਪਰੇ ਕਰਨ ਲਈ ਵੱਡੀ ਵੱਡੀ ਮਿਸ਼ਨਰੀ ਦੀ ਲੋੜ ਹੁੰਦੀ ਹੈ। ਜਿਸ ਵਾਸਤੇ ਕਿਸਾਨਾਂ ਨੂੰ ਬੈਂਕ ਕਰਜ਼ੇ ਦੀ ਦੇਣ ਦੀ ਵਿਵਸਥਾ ਕੀਤੀ ਹੋਈ ਹੈ। ਫ਼ਸਲਾਂ ਦੀ ਪੈਦਾਵਾਰ ਦੀ ਸੰਭਾਲ ਲਈ ਲੋੜੀਦੀਆਂ ਸਹੂਲਤਾਂ ਵਾਲੇ ਏ ਸੀ ਸਟੋਰ/ਸੈਲੋਜ ਬਣੇ ਹੋਏ ਹਨ। ਹਰ ਤਰ੍ਹਾਂ ਦੀ ਪੈਦਾਵਾਰ ਦੀ ਗੁਣਵੱਤਾ ਨੂੰ ਬਰਕਰਾਰ ਰੱਖਣ ਦੇ ਪੂਰੇ ਪ੍ਰਬੰਧ ਹੁੰਦੇ ਹਨ । ਖੇਤੀ ਉਤਪਾਦਨ ਦੀ ਖਰੀਦ ਵੇਚ ਦਾ ਜ਼ਿੰਮਾ ਵਪਾਰੀ ਤਬਕੇ (ਪ੍ਰਾਈਵੇਟ ਕੰਪਨੀਆਂ) ਨੇ ਸੰਭਾਲਿਆ ਹੋਇਆ ਹੈ। ਖੇਤੀ ਨੂੰ ਵੀ ਇੱਕ ਵਪਾਰ ਵਜੋਂ ਲੈਂਦਿਆਂ ਇਸ ਨੂੰ ਕਾਫ਼ੀ ਹੱਦ ਤੱਕ ਬੀਮੇ ਦੇ ਘੇਰੇ ਵਿਚ ਰੱਖਿਆ ਹੋਇਆ ਹੈ। ਖੇਤੀ ਨੁਕਸਾਨਾਂ ਦੀ ਭਰਪਾਈ ਬੀਮਾ ਕੰਪਨੀਆਂ ਦੁਆਰਾ ਹੋ ਜਾਣ ਨਾਲ ਕਿਸਾਨੀ ਧੰਦਾ ਆਪਣੇ ਪੈਰਾਂ ਸਿਰ ਹੀ ਰਹਿੰਦਾ ਹੈ। ਖੇਤੀ ਕਰਜ਼ਿਆਂ ਉਤੇ ਸਬਸਿਡੀ ਕਾਰਨ ਕਿਸਾਨ ਬੇਫ਼ਿਕਰ ਹੋ ਕੇ ਮਿਹਨਤ ਨਾਲ ਖੇਤੀ ਉਤਪਾਦਨ ਕਰਨ ਵਿਚ ਡੱਟੇ ਰਹਿੰਦੇ ਹਨ।

## ਕਲੇਰ ਸਕੂਲ ਦੇ ਖਿਡਾਰੀਆਂ ਨੇ ਨੈਸ਼ਨਲ ਕ੍ਰਿਕਟ ਖੇਡ ਵਿੱਚ ਹਾਸਲ ਕੀਤਾ ਦੂਜਾ ਸਥਾਨ



ਭਗਤਾ ਭਾਈ ਕਾ,6 ਅਕਤੂਬਰ (ਸਵਰਨ ਸਿੰਘ ਭਗਤਾ):ਮਾਤਾ ਬਲਜਿੰਦਰ ਕੌਰ ਮੈਮੋਰੀਅਲ ਕਲੇਰ ਇੰਟਰਨੈਸ਼ਨਲ ਪਬਲਿਕ ਸਕੂਲ ਸਮਾਧ ਭਾਈ (ਮੋਗਾ) ਦੇ ਖਿਡਾਰੀਆਂ ਨੇ ਨੈਸ਼ਨਲ ਕ੍ਰਿਕਟ ਖੇਡ ਵਿੱਚ ਦੂਜਾ ਸਥਾਨ ਪ੍ਰਾਪਤ ਕਰਕੇ ਚਾਂਦੀ ਦਾ ਤਗਮਾ ਆਪਣੇ ਨਾਂ ਕੀਤਾ। ਸਕੂਲ ਵੱਲੋਂ ਖਿਡਾਰੀਆਂ ਦੀ ਵਾਪਸੀ ਤੇ ਉਨ੍ਹਾਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ।ਸਕੂਲ ਦੇ ਕ੍ਰਿਕਟ ਕੋਚ ਲਖਵਿੰਦਰ ਬਰਾੜ ਨੇ ਦੱਸਿਆ ਕਿ ਸਕੂਲ ਦੀ ਟੀਮ ਅੰਡਰ 14 ਨੈਸ਼ਨਲ ਕ੍ਰਿਕਟ ਖੇਡ ਜੋ ਕਰਨਾਲ ਵਿਖੇ ਹੋਈ, ਜਿਸ ਵਿੱਚ ਕਰਨਾਟਕਾ ਦੀ ਟੀਮ ਨਾਲ ਖੇਡਿਆ ਗਿਆ ਅਤੇ ਖਿਡਾਰੀਆਂ ਨੇ ਦੂਜਾ ਸਥਾਨ ਪ੍ਰਾਪਤ ਕੀਤਾ ।ਖਿਡਾਰੀਆਂ ਵੱਲੋਂ ਮੈਚ ਦੌਰਾਨ ਬਹੁਤ ਹੀ ਵਧੀਆ ਪ੍ਰਦਰਸ਼ਨ ਕੀਤਾ ਗਿਆ ।ਇਸ ਮੌਕੇ ਤੇ ਸਕੂਲ ਦੇ ਚੇਅਰਮੈਨ ਸਰਦਾਰ ਕੁਲਵੰਤ ਸਿੰਘ ਮਲੂਕਾ ਨੇ ਖਿਡਾਰੀਆਂ ਨੂੰ ਹੋਰ ਵੀ ਜਿਆਦਾ ਮਿਹਨਤ ਨਾਲ ਖੇਡਣ ਲਈ ਪ੍ਰੇਰਿਤ ਤੇ ਉਤਸ਼ਾਹਿਤ ਕੀਤਾ।ਚੇਅਰਮੈਨ ਮਲੂਕਾ ਨੇ ਲਖਵਿੰਦਰ ਬਰਾੜ ,ਅਰਸ਼ਦੀਪ ਸਿੰਘ ਤੇ ਖਿਡਾਰੀਆਂ ਨੂੰ ਵਧਾਈ ਦਿੱਤੀ।ਇਸ ਮੌਕੇ ਤੇ ਸਕੂਲ ਦੇ ਚੇਅਰਪਰਸਨ ਮੈਡਮ ਰਣਧੀਰ ਕੌਰ ,ਡਾਇਰੈਕਟਰ ਕੋਹਿਨੂਰ ਸਿੱਧੂ,ਪ੍ਰਿੰਸੀਪਲ ਸ਼ਸ਼ੀਕਾਂਤ,ਕੋਆਰਡੀਨੇਟਰ ਰਜੀਵ ਇੰਚਾਰਜ ਦਮਨਜੋਤ ਕੌਰ,ਜੂਨੀਅਰ ਕੋਆਰਡੀਨੇਟਰ ਰੁਪਿੰਦਰ ਕੌਰ, ਪ੍ਰਾਇਮਰੀ ਕੋਆਰਡੀਨੇਟਰ ਕਰਮਜੀਤ ਕੌਰ,ਕਿੰਡਰਗਾਰਟਨ ਕੋਆਰਡੀਨੇਟਰ ਮੋਨਿਕਾ ਚਲਾਣਾ,ਹਾਊਸ ਕੁਆਰਡੀਨੇਟਰ ਹਰਜਿੰਦਰ ਸਿੰਘ ,ਸਪੋਰਟਸ ਕੁਆਰਡੀਨੇਟਰ ਬੇਅੰਤ ਸਿੰਘ,ਆਈਟੀ ਕੋਆਰਡੀਨੇਟਰ ਗੁਰਵਿੰਦਰ ਸਿੰਘ,ਸਮੂਹ ਸਟਾਫ ਹਾਜ਼ਰ ਰਹੇ ਤੇ ਖਿਡਾਰੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ।

## ਰਾਜਾ ਬੀਰਕਲਾਂ ਵੱਲੋਂ 'ਵੋਟ ਚੋਰ ਗੱਦੀ ਛੋੜ' ਹਸਤਾਖ਼ਰ ਮੁਹਿੰਮ ਤਹਿਤ ਅਹਿਮ ਇਕੱਤਰਤਾ

ਸੁਨਾਮ 6 ਅਕਤੂਬਰ ( ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ) ਆਲ ਇੰਡੀਆ ਕਾਂਗਰਸ ਪਾਰਟੀ ਵੱਲੋਂ ਰਾਹੁਲ ਗਾਂਧੀ ਦੇ ਨਿਰਦੇਸ਼ਾਂ ਅਨੁਸਾਰ ਚਲਾਈ ਜਾ ਰਹੀ ਵੋਟ ਚੋਰ-ਗੱਦੀ ਛੋੜ' ਅਭਿਆਨ ਤਹਿਤ ਅੱਜ ਵਿਧਾਨ ਸਭਾ ਹਲਕਾ ਸੁਨਾਮ ਵਿਖੇ ਸੀਨੀਅਰ ਕਾਂਗਰਸੀ ਆਗੂ ਰਜਿੰਦਰ ਸਿੰਘ ਰਾਜਾ ਬੀਰਕਲਾਂ ਵੱਲੋਂ ਉਨ੍ਹਾਂ ਦੇ ਗ੍ਰਿਹ ਵਿਖੇ ਹਸਤਾਖ਼ਰ ਮੁਹਿੰਮ ਤਹਿਤ ਅਹਿਮ ਇਕੱਤਰਤਾ ਕੀਤੀ ਗਈ। ਜਿਸ ਵਿਚ ਵਿਧਾਨ ਹਲਕਾ ਸੁਨਾਮ ਦੇ ਵੱਡੀ ਗਿਣਤੀ ਕਾਂਗਰਸੀ ਵਰਕਰਾਂ ਤੇ ਆਗੂਆਂ ਨੇ ਭਰਵੀਂ ਸ਼ਮੂਲੀਅਤ ਕੀਤੀ। ਇਸ ਮੌਕੇ ਰਜਿੰਦਰ ਸਿੰਘ ਰਾਜਾ ਬੀਰਕਲਾਂ ਅਤੇ ਹਲਕਾ ਸੁਨਾਮ ਦੇ ਸਮੂਹ ਕਾਂਗਰਸੀ ਆਗੂ ਸਾਹਿਬਾਨਾਂ ਅਤੇ ਵਰਕਰ ਸਾਹਿਬਾਨਾਂ ਵੱਲੋਂ ਹਸਤਾਖ਼ਰ ਕੀਤੇ ਗਏ।ਇਸ ਮੌਕੇ ਬੋਲਦਿਆਂ ਰਾਜਾ ਬੀਰਕਲਾਂ ਨੇ ਕਿਹਾ ਕਿ ਇਸ ਮੁਹਿੰਮ ਵਿੱਚ ਇਹ ਸੁਨੇਹਾ ਦਿੱਤਾ ਗਿਆ ਹੈ ਕਿ ਵੋਟਾਂ ਨੂੰ ਆਪਣੇ ਹੱਕ ਵਿੱਚ ਭੁਗਤਾਉਣ ਲਈ ਸੱਤਾਧਾਰੀ ਧਿਰ ਕਿਵੇਂ ਵੋਟਾਂ ਨੂੰ ਚੋਰੀ ਤੱਕ ਕਰ ਰਹੀ ਹੈ ਜਿਹੜੀ ਕਿ ਕਿਸੇ ਲੋਕਤਾਂਤਰੀਕ ਦੇਸ਼ ਲਈ ਬਹੁਤ ਹੀ ਜ਼ਿਆਦਾ ਫਿਕਰਮੰਦੀ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ 'ਵੋਟ ਚੋਰ, ਗੱਦੀ ਛੋੜ' ਸਿਰਫ ਇੱਕ ਮੁਹਿੰਮ ਨਹੀਂ ਹੈ, ਇਹ ਸਾਡੇ ਨੇਤਾ ਵਿਰੋਧੀ ਧਿਰ ਸ਼੍ਰੀ ਰਾਹੁਲ ਗਾਂਧੀ ਜੀ ਅਤੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਕੌਮੀ ਪ੍ਰਧਾਨ ਸ਼੍ਰੀ ਮਲਿਕਾਰਜੁਨ ਖੜਗੇ ਜੀ ਦੀ ਅਗਵਾਈ ਹੇਠ ਸਾਡੇ ਲੋਕਤੰਤਰ ਨੂੰ ਉਨ੍ਹਾਂ ਲੋਕਾਂ ਤੋਂ ਵਾਪਿਸ ਕਰਵਾਉਣ ਦਾ ਇੱਕ ਸਪੱਸ਼ਟ ਸੱਦਾ ਹੈ ਜੋ ਵੋਟਾਂ ਵਿੱਚ ਹੇਰਾ-ਫੇਰੀ ਕਰਕੇ ਸੱਤਾ ਹਥਿਆਉਂਦੇ ਆਏ ਹਨ। ਕੇਂਦਰ ਵਿੱਚ ਮੌਜੂਦਾ ਸਾਸ਼ਨ ਦੌਰਾਨ, ਈਵੀਐਮ ਵਿੱਚ ਹੇਰਾਫੇਰੀ ਅਤੇ ਲੋਕਤੰਤਰੀ ਪ੍ਰਕਿਰਿਆ ਤੇ ਸੰਸਥਾਗਤ ਕਬਜਾ ਸਾਡੇ ਲੋਕਤੰਤਰ ਦੀਆਂ ਨੀਹਾਂ ਲਈ ਖਤਰਾ ਪੈਦਾ ਕਰ ਰਿਹਾ ਹੈ। ਇਸ ਮੌਕੇ ਸੰਬੋਧਨ ਕਰਦਿਆਂ ਬਲਾਕ ਕਾਂਗਰਸ ਪ੍ਰਧਾਨ ਮਨਪ੍ਰੀਤ ਸਿੰਘ ਮਨੀ ਵੜੇਚ ਅਤੇ ਹੋਰ ਕਾਂਗਰਸੀ ਆਗੂਆਂ ਕਿਹਾ ਕਿ ਅਜਿਹੀਆਂ ਪਹਿਲਕਦਮੀਆਂ ਲੋਕਾਂ ਨੂੰ ਲੋਕਤੰਤਰ ਲਈ ਖਤਰੇ ਤੋਂ ਜਾਣੂ ਕਰਵਾਉਣ ਲਈ ਬਹੁਤ ਜਰੂਰੀ ਹਨ। ਇਹ ਮੁਹਿੰਮ ਨੌਜਵਾਨਾਂ ਅਤੇ ਹਾਸ਼ੀਏ ਤੇ ਧੱਕੇ ਗਏ ਲੋਕਾਂ ਦੀਆਂ ਆਵਾਜ਼ਾਂ ਨੂੰ ਬੁਲੰਦ ਕਰੇਗੀ ਅਤੇ ਇਹ ਯਕੀਨੀ ਬਣਾਏਗੀ ਕਿ ਚੋਣ ਪ੍ਰਕਿਰਿਆ ਦੀ ਪਵਿੱਤਰਤਾ ਨੂੰ ਬਹਾਲ ਕੀਤਾ ਜਾਵੇ।ਇਸ ਮੌਕੇ ਮਲਕੀਤ ਸਿੰਘ ਤੋਲਾਵਾਲ, ਹਰਭਜਨ ਸਿੰਘ, ਗੁਰਪਿਆਰ ਸਿੰਘ ਧੂਰਾ, ਜਸਵੰਤ ਸਿੰਘ ਭੰਮ, ਪ੍ਰਮੋਦ ਕੁਮਾਰ ਅਵਸਥੀ, ਨਰੇਸ਼ ਸ਼ਰਮਾ, ਕੁਲਵਿੰਦਰ ਸਿੰਘ ਕਿੰਦਾ, ਅਵਤਾਰ ਸਿੰਘ ਚੀਮਾਂ, ਕਰਮਜੀਤ ਕੌਰ ਮਾਡਲ ਟਾਊਨ, ਗੁਰਦਿਆਲ ਕੌਰ, ਸ਼ਸ਼ੀ ਗਰਗ, ਪਰਮਜੀਤ ਕੌਰ, ਅਜੈਵੀਰ ਸਿੰਘ ਬੀਰਕਲਾਂ, , ਹਰਜਿੰਦਰ ਸਿੰਘ ਸੇਖੋਂ ਆਦਿ ਵੱਡੀ ਗਿਣਤੀ ਕਾਂਗਰਸੀ ਵਰਕਰ ਮੌਜੂਦ ਸਨ।




## ਸ਼ਿਵ ਸੈਨਾ ਹਿੰਦ ਨੇ ਡਿਪਟੀ ਕਮਿਸ਼ਨਰ ਨੂੰ ਦਿੱਤਾ ਮੰਗ-ਪੱਤਰ

ਨਵਾਂਸ਼ਹਿਰ, 6 ਅਕਤੂਬਰ (ਸੁਖਦੇਵ ਸਿੰਘ ਉੜਾਪੜ) ਸ਼ਿਵ ਸੈਨਾ ਹਿੰਦ ਦੇ ਰਾਸ਼ਟਰੀ ਚੇਅਰਮੈਂਨ ਸ੍ਰੀ ਭਾਰਤੀ ਆਂਗਰਾ ਦੀ ਅਗਵਾਈ ਵਿੱਚ ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਅਕੁੰਰਜੀਤ ਸਿੰਘ ਨੂੰ ਮੰਗ ਪੱਤਰ ਦਿੱਤਾ । ਜਾਣਕਾਰੀ ਦਿੰਦੇ ਹੋਏ ਸ਼ਿਵ ਸੈਨਾ ਹਿੰਦ ਦੇ ਰਾਸ਼ਟਰੀ ਚੇਅਰਮੈਂਨ ਸ੍ਰੀ ਭਾਰਤੀ ਆਂਗਰਾ ਨੇ ਕਿਹਾ ਕਿ ਆਪ ਜੀ ਨੂੰ ਇਹ ਦੱਸਣਾ ਜਰੂਰੀ ਸਮਝਦੇ ਹਾਂ ਕਿ ਜਿਲੇ ਅੰਦਰ ਦੁੱਧ ਦੀ ਪੈਦਾਵਾਰ 100% ਵਿੱਚੋਂ ਕੇਵਲ ਜਿਲੇ ਅੰਦਰ ਅਸਲੀ ਦੁੱਧ ਦੀ ਪੈਦਾਵਾਰ ਕੇਵਲ 60% ਹੈ ਬਾਕੀ 40% ਨਕਲੀ ਕੇਮੀਕਲ ਯੁਕਤ ਹਾਨੀਕਾਰਕ ਦੁੱਧ ਤੋਂ ਤਿਆਰ ਕਰਕੇ ਸਾਡੇ ਜਿਲ੍ਹੇ ਅੰਦਰ ਸ਼ਰੇਆਮ ਧੜ੍ਹਾ ਧੜਾ ਵਿੱਕ ਰਹੀਆਂ ਨਕਲੀ ਰੰਗ ਬਿਰੰਗੀਆਂ ਮਿਆਦ ਖਤਮ ਹੋ ਚੁੱਕੀਆਂ ਮਠਿਆਈਆਂ ਦੀਆਂ ਦੁਕਾਨਾਂ ਅਤੇ ਦੁੱਧ ਦੀਆਂ ਡੇਅਰੀਆਂ ਤੇ ਵਿੱਕ ਰਿਹਾ ਕੇਮੀਕਲ ਯੁਕਤ ਦੁੱਧ, ਦਹੀ, ਪਨੀਰ ਤੇ ਹੋਰ ਪਦਾਰਥਾ ਦੇ ਵਿਕਰੇਤਾ ਵਲੋਂ ਬਿਨਾਂ ਕੋਈ ਟੈਸਟ ਪਾਸ ਕੀਤੇ ਕੇਮੀਕਲ ਯੁਕਤ ਹਾਨੀਕਾਰਕ ਮਟੀਰੀਅਲ ਨੂੰ ਬੇ-ਹਿਸਾਬਾ ਵਰਤੋਂ ਕਰਕੇ ਆਮ ਜਨਤਾ ਤੇ ਭੋਲੇ ਭਾਲੇ ਲੋਕਾਂ ਦੀ ਕੀਮਤੀ ਸੇਹਤ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ ਸੋ ਆਪ ਜੀ ਨੇ ਨਿਮਰਤਾ ਸਹਿਤ ਬੇਨਤੀ ਹੈ ਕਿ ਜਿਲ੍ਹੇ ਅੰਦਰ ਵਿਕ ਰਹੀ ਨਕਲੀ ਮਠਿਆਈ ਤੇ ਦੁੱਧ ਦੇ ਪਦਾਰਥਾਂ ਨੂੰ ਫੜਨ ਲਈ ਉਹਨਾਂ ਵਿਰੁਧ ਬਨਦੀ ਹੋਈ ਕਾਨੂੰਨੀ ਕਾਰਵਾਈ ਕੀਤੀ ਜਾਵੇ ਜੀ ਤਾਂ ਜੋ ਭੋਲੀ ਭਾਲੀ ਆਮ ਜਨਤਾ ਦਾ ਇਹਨਾਂ ਕਾਰਨ ਹੋਣ ਵਾਲੇ ਜਾਨੀ ਮਾਲੀ ਨੁਕਸਾਨ ਤੋਂ ਬਚਾਇਆ ਜਾ ਸਕੇ ਤੇ ਆਮ ਜਨਤਾ ਨੂੰ ਚੰਗੀਆਂ ਤੇ ਸਾਫ ਸੁਥਰੀਆਂ ਵਸਤਾਂ ਮਿਲ ਸਕਨ ਕਿਉਂਕਿ ਤਿਉਹਾਰਾਂ ਦੇ ਦਿਨ ਹਨ ਤੇ ਹਰ ਇੱਕ ਵਿਅਕਤੀ ਮਠਿਆਈਆਂ ਜਰੂਰ ਖਰੀਦਦਾ ਹੈ। ਕ੍ਰਿਪਾ ਕਰਕੇ ਜਿਲ੍ਹੇ ਦੀ ਸਾਰੀਆਂ ਮਠਿਆਈਆਂ ਦੀਆਂ ਦੁਕਾਨਾਂ ਸਮੇਤ ਦੁੱਧ ਦੀਆਂ ਡੇਅਰੀਆਂ ਦੀ ਸਿਹਤ ਵਿਭਾਗ ਵਲੋਂ ਚੇਕਿੰਗ ਕੀਤੀ ਜਾਵੇ ਜੀ।ਇਸ ਮੌਕੇ ਸੀਨੀਅਰ ਉਪ ਪੰਜਾਬ ਪ੍ਰਧਾਨ ਜਸਪਾਲ ਜੱਸਾ ,ਸ਼ਹਿਰੀ ਪ੍ਰਧਾਨ ਵਿਜੇ ਕੁਮਾਰ ਜੱਸਲ ,ਰਾਸ਼ਟਰੀ ਪ੍ਰਧਾਨ ਕੀਮਤੀ ਲਾਲ ਕਸ਼ਯਪ ਆਦਿ ਹਾਜ਼ਰ ਸਨ ।

## ਭਾਰਤੀ ਕਿਸਾਨ ਯੂਨੀਅਨ ਏਕਤਾ (ਆਜ਼ਾਦ) ਨੇ ਪੰਜਾਬ ਤੇ ਕੇਂਦਰ ਸਰਕਾਰ ਦੀ ਅਰਥੀ ਸਾੜੀ

ਕੌਹਰੀਆ,6 ਅਕਤੂਬਰ ( ਅਵਤਾਰ ਸਿੰਘ ਜਟਾਣਾ ) ਭਾਰਤੀ ਕਿਸਾਨ ਯੂਨੀਅਨ ਏਕਤਾ (ਅਜ਼ਾਦ) ਵੱਲੋਂ ਅੱਜ ਕਿਸਾਨ ਮਜ਼ਦੂਰ ਮੋਰਚਾ ਦੇ ਦਿੱਤੇ ਸੱਦੇ ਤਹਿਤ ਕਿਸਾਨੀ ਮੰਗਾਂ ਨੂੰ ਲੈ ਕੇ ਪੰਜਾਬ ਭਰ ਵਿੱਚ ਅਰਥੀ ਫੂਕ ਮੁਜ਼ਾਹਰੇ ਕੀਤੇ ਗਏ ਹਨ। ਇਸੇ ਕੜੀ ਤਹਿਤ ਅੱਜ ਬਲਾਕ ਦਿੜ੍ਹਬਾ ਦੇ ਵਿੱਤ ਸਕੱਤਰ ਜਗਦੀਪ ਸਿੰਘ ਕੌਹਰੀਆਂ ਦੀ ਅਗਵਾਈ ਹੇਠ ਪਿੰਡ ਕੌਹਰੀਆਂ ਦੇ ਬੱਸ ਅੱਡੇ ਵਾਲੇ ਚੌਕ ਵਿੱਚ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਦੀ ਅਰਥੀ ਸਾੜੀ ਗਈ। ਪੰਜਾਬ ਤੇ ਕੇਂਦਰ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ ਹੈ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਏਕਤਾ (ਅਜ਼ਾਦ) ਦੇ ਸੂਬਾਈ ਆਗੂ ਦਿਲਬਾਗ ਸਿੰਘ ਹਰੀਗੜ੍ਹ ਨੇ ਕਿਹਾ ਕਿ ਦੋਵੇਂ ਸਰਕਾਰਾਂ ਦੀ ਬਦਨੀਤੀ ਨੇ ਪੰਜਾਬ ਦੇ ਲੋਕਾਂ ਨੂੰ ਹੜ੍ਹਾਂ ਵਿੱਚ ਡੋਬ ਕੇ ਮਾਰਿਆ ਹੈ। ਫ਼ਸਲਾਂ ਤਬਾਹ ਹੋਈਆਂ ਹਨ, ਡੰਗਰ ਪਸ਼ੂ ਮਰੇ ਹਨ।ਘਰ ਡਿੱਗੇ ਹਨ। ਖੇਤੀ ਸੰਦ, ਟਿਊਬਵੈੱਲ ਵਗੈਰਾ ਹੜ੍ਹਾਂ ਦੀ ਭੇਂਟ ਚੜ੍ਹ ਗਏ ਹਨ। ਤਕਰੀਬਨ 55 ਮੌਤਾਂ ਹੋ ਚੁੱਕੀਆਂ ਹਨ। ਪਰ ਅੱਜ ਤੱਕ ਕਿਸੇ ਵੀ ਕਿਸਾਨ ਨੂੰ ਦੋਵੇਂ ਸਰਕਾਰਾਂ ਨੇ ਕੋਈ ਮਾਲੀ ਸਹਾਇਤਾ ਨਹੀਂ ਦਿੱਤੀ ਹੈ। ਦੂਜੇ ਪਾਸੇ ਮਜਬੂਰੀ ਵੱਸ ਪਰਾਲੀ ਨੂੰ ਸਾੜਨ ਵਾਲੇ ਕਿਸਾਨਾਂ ਨੂੰ ਭਾਰੀ ਜ਼ੁਰਮਾਨੇ ਕੀਤੇ ਜਾ ਰਹੇ ਹਨ। ਫਰਦਾਂ ਵਿੱਚ ਰੈੱਡ ਐਂਟਰੀਆਂ ਕੀਤੀਆਂ ਜਾ ਰਹੀਆਂ ਹਨ ਤੇ ਜੇਲ੍ਹਾਂ ਵਿੱਚ ਬੰਦ ਕੀਤਾ ਜਾ ਰਿਹਾ ਹੈ। ਕਣਕ ਦੀ ਬਿਜਾਈ ਲਈ ਡੀ ਏ ਪੀ ਖਾਦ ਦਾ ਕੋਈ ਪ੍ਰਬੰਧ ਨਹੀਂ ਹੈ। ਝੋਨੇ ਦੀ ਫ਼ਸਲ ਮੰਡੀਆਂ ਵਿੱਚ ਰੁਲ ਰਹੀ ਹੈ ਸ਼ਰੇਆਮ ਲੁੱਟੀ ਜਾ ਰਹੀ ਹੈ। ਜਿਸ ਕਾਰਨ ਕਿਸਾਨਾਂ ਅੰਦਰ ਸਰਕਾਰਾਂ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਕਿਸਾਨ ਆਗੂਆਂ ਨੇ ਮੰਗ ਕੀਤੀ ਹੈ ਕਿ ਹੜ੍ਹਾਂ ਨਾਲ ਤਬਾਹ ਹੋਈਆਂ ਫ਼ਸਲਾਂ ਦਾ 70000 ਹਜਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ, ਜਾਨ ਗਵਾ ਚੁੱਕੇ ਪਰਿਵਾਰਾਂ ਨੂੰ ਫੌਜੀ ਜਵਾਨ ਦੇ ਬਰਾਬਰ ਰਾਸ਼ੀ ਦਿੱਤੀ ਜਾਵੇ। ਮਸ਼ੀਨਰੀ,ਪਸ਼ੂ ਤੇ ਡਿੱਗੇ ਹੋਏ ਘਰਾਂ ਦੇ ਮਾਲਕਾਂ ਨੂੰ 100 ਪ੍ਰਤੀਸ਼ਤ ਮੁਆਵਜ਼ਾ ਦਿੱਤਾ ਜਾਵੇ। ਪਰਾਲੀ ਸਾੜਨ ਤੋਂ ਰੋਕਣ ਲਈ 200 ਪ੍ਰਤੀ ਕੁਇੰਟਲ ਮੁਆਵਜ਼ਾ ਦਿੱਤਾ ਜਾਵੇ ਕਿਸਾਨਾਂ ਨੂੰ ਜ਼ੁਰਮਾਨੇ ਕਰਨੇ, ਰੈੱਡ ਐਂਟਰੀਆਂ ਤੇ ਜੇਲ੍ਹਾਂ ਵਿੱਚ ਬੰਦ ਕਰਨ ਤੋਂ ਸਰਕਾਰ ਬਾਜ਼ ਆਵੇ। ਡੀ ਏ ਪੀ ਖਾਦ ਦੇ ਪੁਖ਼ਤਾ ਪ੍ਰਬੰਧ ਕੀਤੇ ਜਾਣ। ਜੇਕਰ ਪੰਜਾਬ ਸਰਕਾਰ ਉਕਤ ਮੰਗਾਂ ਵੱਲ ਧਿਆਨ ਨਹੀਂ ਦੇਵੇਗੀ ਤਾਂ ਕਿਸਾਨ ਸੰਘਰਸ਼ ਨੂੰ ਹੋਰ ਤੇਜ਼ ਕਰਨ ਲਈ ਮਜਬੂਰ ਹੋਣਗੇ। ਇਸ ਮੌਕੇ ਮਾਗਾ ਸਿੰਘ ਸਾਦੀਹਰੀ ਚਮਕੌਰ ਸਿੰਘ ਸਾਦੀਹਰੀ, ਅਜੈਬ ਸਿੰਘ ਕੌਹਰੀਆਂ, ਜਸਪ੍ਰੀਤ ਸਿੰਘ ਬੱਬੂ ਹਰੀਗੜ੍ਹ, ਕੁਲਦੀਪ ਸਿੰਘ ਹਰੀਗੜ੍ਹ, ਹਰਵਿੰਦਰ ਸਿੰਘ ਹਨੀ ਹਰੀਗੜ੍ਹ, ਬਲਵਿੰਦਰ ਸਿੰਘ ਹਰੀਗੜ੍ਹ ,ਬਲਦੇਵ ਸਿੰਘ ਉਭਿਆ, ਕੁਲਵੰਤ ਸਿੰਘ ਕੌਹਰੀਆਂ ਪ੍ਰਧਾਨ ਬਲਜੀਤ ਸਿੰਘ ਗੋਰਾ,ਗੁਰਪ੍ਰਤਾਪ ਸਿੰਘ ਕੌਹਰੀਆ, ਜਗਦੇਵ ਸਿੰਘ ਮੈਂਬਰ ਕੌਹਰੀਆ, ਬਲਜੀਤ ਸਿੰਘ ਕਾਲਾ,ਲਾਲੂ ਸਿੰਘ ਸਾਦੀਹਰੀ, ਕਰਮਾ ਸਾਦੀਹਰੀ,ਗੁਰਮੇਲ ਸਿੰਘ ਸਾਦੀਹਰੀ ਆਦਿ ਕਿਸਾਨ ਹਾਜ਼ਰ ਸਨ।



## ਕਿਸਾਨਾਂ ਨੂੰ ਪਰਾਲੀ ਦਾ ਸੁਚੱਜਾ ਪ੍ਰਬੰਧਨ ਕਰਕੇ ਵਾਤਾਵਰਨ ਨੂੰ ਗੰਧਲਾ ਹੋਣ ਤੋਂ ਬਚਾਉਣ ਦੀ ਅਪੀਲ

### ਜਿਲ੍ਹੇ ਅੰਦਰ ਪਰਾਲੀ ਨਾ ਸਾੜਨ ਲਈ ਚੱਲ ਰਹੀ ਹੈ ਕਿਸਾਨ ਜਾਗਰੂਕਤਾ ਮੁਹਿੰਮ

ਬਟਾਲਾ, 6-ਅਕਤੂਬਰ:- (,ਜਗੀਰ ਸਿੰਘ ਮੰਡ/,ਡਾਕਟਰ ਨਰਿੰਦਰ ਸਿੰਘ ਘੁਮਾਣ) ਡਿਪਟੀ ਕਮਿਸਨਰ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਐਸ.ਡੀ.ਐਮ ਬਟਾਲਾ ਵਿਕਰਮਜੀਤ ਸਿੰਘ ਪਾਂਥੇ ਦੀ ਅਗਵਾਈ ਵਿਚ ਪਿੰਡ ਕਾਹਲਵਾਂ ਅਤੇ ਭਾਮ ਵਿਖੇ ਵਿਚ ਪਰਾਲੀ ਪ੍ਰਬੰਧਨ ਸਬੰਧੀ ਕਿਸਾਨ ਸਿਖਲਾਈ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਮੌਕੇ ਤਹਿਸੀਲਦਾਰ ਬਟਾਲਾ ਅਰਜਨ ਸਿੰਘ ਗਰੇਵਾਲ, ਖ਼ੇਤੀਬਾੜੀ ਵਿਸਥਾਰ ਅਫਸਰ ਮਨਪ੍ਰੀਤ ਸਿੰਘ, ਏ.ਡੀ.ਓ ਜੋਬਨਜੀਤ ਸਿੰਘ, ਗੁਰਸਿਮਰਨ ਸਿੰਘ, ਨੋਡਲ ਅਫਸਰ ਅਵਤਾਰ ਸਿੰਘ ਪੰਚਾਇਤ ਸੈਕਟਰੀ, ਸਰਪੰਚ ਹਰਦੇਵ ਸਿੰਘ ਕਿਸਾਨ ਯੂਨੀਅਨ ਦੇ ਪ੍ਰਧਾਨ ਸੁਖਵਿੰਦਰ ਸਿੰਘ ਅਤੇ ਅਗਾਂਹਵਧੂ ਕਿਸਾਨ ਸ਼ਾਮਿਲ ਸਨ।ਇਸ ਮੌਕੇ ਗੱਲ ਕਰਦਿਆਂ ਤਹਿਸੀਲਦਾਰ ਅਰਜਨ ਸਿੰਘ ਗਰੇਵਾਲ ਨੇ ਦੱਸਿਆ ਕਿ ਝੋਨੇ ਦੀ ਕਟਾਈ ਦਾ ਸੀਜ਼ਨ ਸ਼ੁਰੂ ਹੋ ਗਿਆ ਹੈ, ਕਿਸਾਨਾਂ ਨੂੰ ਜ਼ਮੀਨੀ ਪੱਧਰ ਤੇ ਪਰਾਲੀ ਨਾ ਜਲਾਉਣ, ਪਰਾਲੀ ਦੇ ਸੁਚੱਜੇ ਪ੍ਰਬੰਧਨ, ਖ਼ੇਤੀਬਾੜੀ ਮਸ਼ੀਨਰੀ ਬਾਰੇ ਜਾਗਰੂਕਤਾ ਫੈਲਾਉਣ ਵਿੱਚ ਲਗਾਤਾਰ ਮੁਹਿੰਮ ਵਿੱਢੀ ਹੋਈ ਹੈ ਤਾਂ ਜੋ ਕਿਸਾਨਾਂ ਨੂੰ ਮਿਲਕੇ, ਉਨ੍ਹਾਂ ਦੀਆਂ ਮੁਸ਼ਕਿਲਾਂ ਸੁਣਕੇ ਹੱਲ ਕੀਤੀਆਂ ਜਾ ਸਕਣ।ਉਨ੍ਹਾਂ ਕਿਹਾ ਕਿ ਸਿਵਲ ਪ੍ਰਸ਼ਾਸਨ, ਪੁਲਸ ਪ੍ਰਸ਼ਾਸਨ, ਨੋਡਲ ਅਫਸਰਾਂ, ਕਲੱਸਟਰ ਅਫਸਰਾਂ ਦੀ ਕੜੀ ਮਿਹਨਤ ਨਾਲ ਪਿਛਲੇ ਸਾਲ ਜਿਲ੍ਹੇ ਵਿੱਚ ਪਰਾਲੀ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਵਿਚ ਕਟੌਤੀ ਆਉਣਾ ਸਮੂਹ ਅਧਿਕਾਰੀਆਂ ਦੀ ਮਿਹਨਤ ਸਦਕਾ ਸੰਭਵ ਰਿਹਾ ਸੀ ਇਸ ਵਾਰ ਜੀਰੋ ਸ੍ਰਬਲ ਬਰਨਿੰਗ ਦੇ ਟੀਚੇ ਨੂੰ ਪੂਰਾ ਕਰਨ ਲਈ ਸਾਰੀ ਟੀਮ ਪੂਰੀ ਤਨਦੇਹੀ ਨਾਲ ਕੰਮ ਕਰਨ, ਤਾਂ ਹੀ ਵਾਤਾਵਰਨ ਨੂੰ ਗੰਧਲਾ ਹੋਣ ਤੋ ਬਚਾਇਆ ਜਾ ਸਕਦਾ। ਉਨ੍ਹਾਂ ਕਿਸਾਨਾਂ ਨੂੰ ਵੀ ਇਸ ਨੇਕ ਕਾਰਜ਼ ਵਿੱਚ ਸਹਿਯੋਗ ਕਰਨ ਦੀ ਅਪੀਲ ਕੀਤੀ।ਇਸ ਮੌਕੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੇ ਕਿਹਾ ਕਿ ਅੰਕੜਿਆਂ ਅਨੁਸਾਰ ਜਿਹੜੇ ਪਿੰਡਾਂ ਵਿੱਚ ਪਿਛਲੇ ਸਾਲ ਪਰਾਲੀ ਸਾੜਨ ਦੀਆਂ ਸਭ ਤੋਂ ਵੱਧ ਘਟਨਾਵਾਂ ਦਰਜ ਕੀਤੀਆਂ ਗਈਆਂ ਸਨ, ਉਨਾਂ ਕਪਿੰਡਾਂ ਦੇ ਕਿਸਾਨਾਂ ਨਾਲ ਪ੍ਰਸ਼ਾਸਨ ਵੱਲੋਂ ਰਾਬਤਾ ਕਾਇਮ ਕਰਕੇ ਮੀਟਿੰਗਾਂ ਕੀਤੀਆਂ ਗਈਆਂ ਹਨ ਤਾਂ ਕਿ ਉਹਨਾਂ ਕਿਸਾਨਾਂ ਦੀ ਸੋਚ ਵਿੱਚ ਪਰਿਵਰਤਨ ਲਿਆ ਕੇ ਸਟਬਲ ਬਰਨਿੰਗ ਦੇ ਕੇਸਾਂ ਨੂੰ ਜੀਰੋ ਕੀਤਾ ਜਾ ਸਕੇ।



## ਪੀਐਸਪੀਸੀ ਐਲ ਦੇ ਅਧਿਕਾਰੀ ਵੱਡੇ ਹਾਦਸੇ ਦੀ ਉਡੀਕ 'ਚ

ਬਟਾਲਾ, 6 ਅਕਤੂਬਰ, (ਬਲਵਿੰਦਰ ਸਿੰਘ ਪੰਜਗਰਾਈਂ) ਬਟਾਲਾ ਤੋਂ ਸ਼੍ਰੀ ਹਰਗੋਬਿੰਦਪੁਰ ਰੋਡ ਉੱਪਰ ਘੁਗ ਵਸਦੇ ਪਿੰਡ ਪੰਜ ਗਰਾਈਆਂ ਦੇ ਲੋਕ ਪੀਐਸਪੀਸੀਐਲ ਦੇ ਉੱਚ ਅਧਿਕਾਰੀਆਂ ਦੀ ਢਿੱਲੀ ਕਾਰਗੁਜ਼ਾਰੀ ਤੋਂ ਬੇਹੱਦ ਖਫ਼ਾ ਨਜ਼ਰ ਆ ਰਹੇ ਹਨ। ਜਾਣਕਾਰੀ ਸਾਂਝੀ ਕਰਦੇ ਹੋਏ ਪਿੰਡ ਦੇ ਸਰਪੰਚ ਗੁਰਦੀਪ ਸਿੰਘ ਹੇਅਰ, ਪੰਚ ਸਤਨਾਮ ਸਿੰਘ, ਪੰਚ ਸੁਖਦੀਪ ਸਿੰਘ, ਪੰਚ ਗੁਰਦੇਵ ਸਿੰਘ, ਨਿਰਭਉ ਸਿੰਘ ਫੁੱਲ, ਸੁਖਵਿੰਦਰ ਸਿੰਘ ਸੁੱਖਾ, ਆਦਿ ਮੋਹਤਬਰਾਂ ਨੇ ਕਿਹਾ ਕਿ ਅਸੀਂ ਕਈ ਵਾਰੀ ਬਿਜਲੀ ਬੋਰਡ ਦੇ ਉੱਚ ਅਧਿਕਾਰੀਆਂ ਨੂੰ ਬੇਨਤੀ ਕਰ ਚੁੱਕੇ ਹਾਂ ਕਿ ਗਲੀਆਂ ਵਿੱਚ ਮੀਟਰਾਂ ਵਾਲੇ ਲੱਗੇ ਹੋਏ ਬਕਸੇ ਕਾਫੀ ਅਰਸੇ ਤੋਂ ਟੁੱਟੇ ਹੋਏ ਹਨ, ਉਹ ਨਵੇਂ ਲਗਵਾ ਦਿੱਤੇ ਜਾਣ ਜਾਂ ਉਹਨਾਂ ਨੂੰ ਰਿਪੇਅਰ ਹੀ ਕਰਵਾ ਦਿੱਤਾ ਜਾਵੇ, ਕਿਉਂਕਿ ਇੱਥੇ ਗਲੀਆਂ ਵਿੱਚ ਅਕਸਰ ਛੋਟੇ ਛੋਟੇ ਬੱਚੇ ਖੇਡਦੇ ਹਨ, ਅਤੇ ਇਹਨਾਂ ਬਕਸਿਆਂ ਅੰਦਰ ਲੱਗੇ ਮੀਟਰਾਂ ਦੀਆਂ ਸਾਰੀਆਂ ਹੀ ਤਾਰਾਂ ਨੰਗੀਆਂ ਹੁੰਦੀਆਂ ਹਨ। ਇਸ ਸਬੰਧੀ ਉਪ ਮੰਡਲ ਅਫਸਰ ਪੰਜ ਗਰਾਈਆਂ ਸ਼੍ਰੀ ਸੁਤੰਤਰ ਕੁਮਾਰ ਜੀ ਨੂੰ ਪੁੱਛਣ ਤੇ ਉਹਨਾਂ ਦੱਸਿਆ ਕਿ ਨਗਰ ਨਿਵਾਸੀਆਂ ਵੱਲੋਂ ਇਸ ਮੁਸ਼ਕਲ ਸਬੰਧੀ ਜਾਣੂ ਕਰਵਾਏ ਜਾਣ ਸਮੇਂ ਅਸੀਂ ਆਪਣੇ ਵਿਭਾਗ ਦੇ ਉੱਚ ਦਫਤਰ ਨੂੰ ਪਹਿਲਾਂ ਹੀ ਪੱਤਰ ਲਿਖ ਚੁੱਕੇ ਹਾਂ, ਇਸ ਬਾਰੇ ਆਪਣੇ ਉੱਚ ਅਧਿਕਾਰੀਆਂ ਨਾਲ ਵਿਚਾਰ ਕਰਕੇ ਇਸ ਮੁਸ਼ਕਿਲ ਦਾ ਹੱਲ ਕੱਢਣ ਦਾ ਯਤਨ ਕੀਤਾ ਜਾਵੇਗਾ। ਇਸ ਸੰਬੰਧੀ ਜਦ ਫ਼ੀਲਡ ਵਿੱਚ ਕੰਮ ਕਰਨ ਵਾਲੇ ਮੁਲਾਜ਼ਮਾਂ ਨਾਲ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਅਸੀਂ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਉਂਦੇ ਹਾਂ, ਪਰ ਜਿਹੜਾ ਕੰਮ ਉਚ ਅਧਿਕਾਰੀਆਂ ਦਾ ਹੈ, ਉਸ ਸਬੰਧੀ ਉਹਨਾਂ ਤੋਂ ਪੁੱਛਿਆ ਜਾਣਾ ਬਣਦਾ ਹੈ। ਅਗਰ ਸਾਨੂੰ ਬਕਸੇ ਲਿਆ ਕੇ ਦਿੱਤੇ ਜਾਣਗੇ ਤਾਂ ਅਸੀਂ ਉਹਨਾਂ ਨੂੰ ਬਿਨਾਂ ਦੇਰੀ ਤੋਂ ਫਿੱਟ ਕਰਨ ਦੇ ਪਾਬੰਦ ਹੋਵਾਂਗੇ। ਪਿੰਡ ਪੰਜ ਗਰਾਈਆਂ ਦੇ ਨਗਰ ਨਿਵਾਸੀਆਂ ਨੇ, ਪੀਐਸਪੀਸੀਐਲ ਦੇ ਉੱਚ ਅਧਿਕਾਰੀਆਂ ਪਾਸ ਅਪੀਲ ਕੀਤੀ ਹੈ ਕਿ, ਕਿਤੇ ਕੋਈ ਹਾਦਸਾ ਨਾ ਵਾਪਰ ਜਾਵੇ, ਇਸ ਲਈ ਇਸ ਪਾਸੇ ਖਾਸ ਤਵੱਜੋ ਦਿੱਤੀ ਜਾਵੇ, ਅਤੇ ਮੀਟਰਾਂ ਵਾਲੇ ਟੁੱਟ ਚੁੱਕੇ ਬਕਸਿਆਂ ਨੂੰ ਜਲਦੀ ਤੋਂ ਜਲਦੀ ਬਦਲਿਆ ਜਾਵੇ।

## ਆਊਟਸੋਰਸ ਮੁਲਾਜ਼ਮ ਯੂਨੀਅਨ ਵੱਲੋਂ ਤਿੰਨ ਦਿਨ ਦਾ ਧਰਨਾ ਆਰੰਭ



ਬਟਾਲਾ, 6 ਅਕਤੂਬਰ (ਸੁਖਦੇਵ ਸਿੰਘ ਰੰਧਾਵਾ ਬਲਬੀਰ ਸੋਹਲ) ਅੱਜ ਵੇਰਕਾ ਕੈਟਲ ਫੀਡ ਪਲਾਂਟ ਘਣੀਏ ਕੇ ਬਾਂਗਰ ਆਊਟਸੋਰਸ ਮੁਲਾਜ਼ਮਾ ਵੱਲੋਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਤਿੰਨ ਦਿਨ ਲਾਉਣ ਵਾਲੇ ਧਰਨੇ ਦੀ ਅੱਜ ਸ਼ੁਰੂਆਤ ਕੀਤੀ ਗਈ ਇਹ ਧਰਨਾ ਲਗਾਤਾਰ ਤਿੰਨ ਦਿਨ ਚਲੂਗਾ ਇਹਦੇ ਵਿੱਚ ਜੋ ਵੀ ਨੁਕਸਾਨ ਹੋਊਗਾ ਉਹਦੀ ਜਿੰਮੇਵਾਰ ਮੈਨੇਜਮੈਂਟ ਅਤੇ ਮਿਲਕ ਫੈਡ ਚੇਅਰਮੈਨ ਦੀ ਹੋਵੇਗੀ ਇਹਨਾਂ ਗੱਲਾਂ ਦਾ ਪ੍ਰਗਟਾਵਾ ਵਰਕਰ ਯੂਨੀਅਨ ਦੇ ਪ੍ਰਧਾਨ ਜਗਜੀਤ ਸਿੰਘ ਸੀਨੀਅਰ ਮੀਤ ਪ੍ਰਧਾਨ ਨਵਤੇਜ ਸਿੰਘ ਜਤਿੰਦਰ ਭਨੋਟ ਜਰਨਲ ਸਕੱਤਰ ਨੇ ਕੀਤਾ। ਉਹਨਾਂ ਅੱਗੇ ਕਿਹਾ ਕਿ ਸਾਡੀ ਪਹਿਲੀ ਮੰਗ ਕਿ ਠੇਕੇਦਾਰੀ ਸਿਸਟਮ ਨੂੰ ਖਤਮ ਕਰਕੇ ਆਊਟਸੋਰਸ ਵਰਕਰਾਂ ਨੂੰ ਵੀ ਵਿਭਾਗਾਂ ਵਿੱਚ ਸ਼ਾਮਿਲ ਕੀਤਾ ਜਾਵੇ ਅਤੇ ਸਾਡੀ ਦੂਜੀ ਮੰਗ ਸਾਡੀਆਂ ਜਿਹੜੀਆਂ ਪੋਸਟਾਂ ਖਤਮ ਕੀਤੀਆਂ ਨੇ ਜਿਵੇਂ ਸਿਕਿਉਰਟੀ, ਡਰਾਈਵਰ, ਮਾਲੀ, ਸਵੀਪਰ ਅਤੇ ਸਿਵਿਲ ਬੈਂਕ ਦੀਆਂ ਪੋਸਟਾਂ ਨੂੰ ਮੁੜ ਬਹਾਲ ਕੀਤਾ ਜਾਵੇ ਜਿੰਨਾ ਚਿਰ ਇਹ ਸਾਡੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ ਉਨਾਂ ਚਿਰ ਇਹ ਧਰਨਾ ਲਗਾਤਾਰ ਹੀ ਜਾਰੀ ਰਹੂਗਾ। ਇਹ ਧਰਨਾ ਉਦੋਂ ਹੀ ਚੁੱਕਿਆ ਜਾਊਗਾ ਜਦੋਂ ਮੈਨੇਜਮੈਂਟ ਵੱਲੋਂ ਸਾਡੀਆਂ ਮੰਗਾਂ ਜਿਹੜੀਆਂ ਮੰਨ ਲਈਆਂ ਅਤੇ ਪੰਜਾਬ ਸਰਕਾਰ ਵੱਲੋਂ ਸੱਤਾ ਤੋਂ ਆਉਣ ਤੋਂ ਪਹਿਲਾਂ ਵੱਡੇ ਵੱਡੇ ਦਾਅਵੇ ਕੀਤੇ ਸੀ ਕਿ ਠੇਕੇਦਾਰੀ ਸਿਸਟਮ ਨੂੰ ਖਤਮ ਕਰਕੇ ਸਿੱਧੇ ਕੰਟਰੈਕਟ ਤੇ ਵਿਭਾਗਾਂ ਦੇ ਰਾਹੀ ਬੰਦੇ ਕਟਰੈਕਟ ਤੇ ਲਵਾਂਗੇ ਪਰ ਅਜੇ ਤੱਕ ਸਰਕਾਰ ਬਣੀ ਨੂੰ ਚਾਰ ਸਾਲ ਹੋ ਗਏ ਹਨ ਸਰਕਾਰ ਵੱਲੋਂ ਕੁੱਝ ਨਹੀਂ ਕੀਤਾ ਗਿਆ ਆਊਟਸੋਰਸ ਵਰਕਰ ਅਜੇ ਵੀ ਸੜਕਾਂ ਦੇ ਉੱਪਰ ਹੀ ਧੱਕੇ ਖਾ ਰਹੇ ਨੇ ।ਉਹਨਾਂ ਕਿਹਾ ਕਿ ਮਿਲਕ ਫੈਡ ਦੇ ਮੈਨੇਜਰ ਡਾਇਰੈਕਟਰ ਸ੍ਰੀ ਰਾਹੁਲ ਗੁਪਤਾ ਜੀ ਵੱਲੋਂ ਆਊਟਸੋਰਸ ਮੁਲਾਜ਼ਮਾਂ ਦੇ ਪ੍ਰਧਾਨਾਂ ਦੇ ਨਾਲ ਮੀਟਿੰਗ ਦੇ ਵਿੱਚ ਸਿੱਧੀਆਂ ਹੀ ਧਮਕੀਆਂ ਦਿੱਤੀਆਂ ਗਈਆਂ ਕਿ ਜੇ ਤੁਸੀਂ ਧਰਨਾ ਪ੍ਰਦਰਸ਼ਨ ਕਰੋਗੇ ਤੇ ਮੈਂ ਤੁਹਾਡੇ ਤੇ ਪਰਚੇ ਕਰਾਵਾਂਗਾ ਤੁਹਾਨੂੰ ਜੇਲਾਂ ਦੇ ਵਿੱਚ ਕੀਤਾ ਜਾਵੇਂਗਾ । ਸਮੂਹ ਪ੍ਰਧਾਨਾਂ ਨੇ ਫੈਸਲਾ ਲਿਆ ਆਪਣੀ ਹੱਕੀ ਮੰਗਾਂ ਵਾਸਤੇ ਹੀ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ ਇਸ ਮੌਕੇ ਤੇ ਕਿਸਾਨ ਜਥੇਬੰਦੀਆਂ ਦੇ ਆਗੂ ਸੁਖਜੀਤ ਸਿੰਘ ਹਰਦੋਝੰਡੇ ਸੂਬਾ ਪ੍ਰਧਾਨ ਸਾਥੀਆਂ ਸਮੇਤ ਧਰਨੇ ਵਿੱਚ ਪਹੁੰਚੇ। ਉਨਾਂ ਵੱਲੋਂ ਵੀ ਆਟਸੋਰਸਿੰਗ ਵਰਕਰਾਂ ਦਾ ਡੱਟ ਕੇ ਸਾਥ ਦੇਣ ਦਾ ਵਾਦਾ ਕੀਤਾ।

## ਰੂਪਪ੍ਰੀਤ ਕੌਰ ਨੇ ਵਧਾਇਆ ਬੱਸੀ ਪਠਾਣਾ ਦਾ ਮਾਣ

ਫਤਿਹਗੜ੍ਹ ਸਾਹਿਬ, 6 ਅਕਤੂਬਰ (ਹਰਪ੍ਰੀਤ ਕੌਰ ਟਿਵਾਣਾ): ਪੰਜਾਬ ਸਰਕਾਰ ਵੱਲੋਂ ਪੰਜ ਅਕਤੂਬਰ ਨੂੰ ਇੰਟਰਨੈਸ਼ਨਲ ਅਧਿਆਪਕ ਦਿਵਸ ਤੇ ਸ੍ਰੀ ਅਨੰਦਪੁਰ ਸਾਹਿਬ ਵਿਰਾਸਤੇ ਖਾਲਸਾ ਆਡੀਟੋਰੀਅਮ ਵਿੱਚ ਸਟੇਟ ਟੀਚਰ ਅਵਾਰਡ 2025 ਕਰਵਾਇਆ ਗਿਆ। ਜਿਸ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ ਹੇਠ ਪੰਜਾਬ ਰਾਜ ਦੇ ਵਧੀਆ ਕਾਰਗੁਜ਼ਾਰੀ ਕਰਨ ਵਾਲੇ ਅਧਿਆਪਕਾਂ ਨੂੰ ਸਨਮਾਨ ਦਿੱਤਾ ਗਿਆ। ਜਿਸ ਵਿੱਚ ਫਤਿਹਗੜ੍ਹ ਸਾਹਿਬ ਦੇ ਬਸੀ ਪਠਾਣਾ ਦੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਦੇ ਲੈਕਚਰਾਰ ਰੂਪਪ੍ਰੀਤ ਕੌਰ ਨੂੰ ਉਨਾਂ ਦੀਆਂ ਵਧੀਆ ਕਾਰਗੁਜ਼ਾਰੀਆਂ ਅਤੇ ਵਿਦਿਆਰਥੀਆਂ ਪ੍ਰਤੀ ਆਪਣੀ ਮਿਹਨਤ ਅਤੇ ਲਗਨਸਮਾਜਿਕ ਕਾਰਜਾਂ ਵਿੱਚ ਵੱਧ ਚੜਕੇ ਦਿੱਤੇ ਜਾ ਰਹੇ ਸਹਿਯੋਗ ਨੂੰ ਦੇਖਦਿਆਂ ਹੋਇਆ ਸਰਕਾਰ ਵੱਲੋਂ ਉਹਨਾਂ ਨੂੰ ਸਨਮਾਨਿਆ ਗਿਆ, ਜੋ ਕਿ ਇੱਕ ਮਾਣ ਵਾਲੀ ਗੱਲ ਹੈ। ਬੱਸੀ ਪਠਾਣਾ ਹਲਕੇ ਦੇ ਐਮਐਲਏ ਰੁਪਿੰਦਰ ਸਿੰਘ ਹੈਪੀ ਨੇ ਰਾਜ ਅਧਿਆਪਕ ਪੁਰਸਕਾਰ ਨਾਲ ਸਨਮਾਨਿਤ ਹੋਣ ਤੇ ਵਧਾਈਆਂ ਦਿੰਦਿਆਂ ਕਿਹਾ ਕਿ ਲੈਕਚਰਾਰ ਰੂਪਪ੍ਰੀਤ ਕੌਰ ਇੱਕ ਬਹੁਤ ਹੀ ਮਿਹਨਤੀ ਅਤੇ ਪੰਜਾਬ ਸਿੱਖਿਆ ਕ੍ਰਾਂਤੀ ਵਿੱਚ ਆਪਣਾ ਭਰਪੂਰ ਯੋਗਦਾਨ ਪਾ ਰਹੇ ਹਨ । ਫਤਿਹਗੜ੍ਹ ਸਾਹਿਬ ਹਲਕੇ ਦੇ ਐਮਐਲਏ ਸਾਹਿਬ ਸਰਦਾਰ ਲਖਵੀਰ ਸਿੰਘ ਰਾਏ ਨੇ ਵੀ ਵਧਾਈਆਂ ਦਿੰਦਿਆਂ ਹੋਇਆ ਕਿਹਾ ਕਿ ਇਹਨਾਂ ਦੀਆਂ ਕਾਰਗੁਜ਼ਾਰੀਆਂ ਰਾਜ,ਜ਼ਿਲ੍ਹਾ ਪੱਧਰ ਤੇ ਹਰੇਕ ਸਮਾਗਮ ਵਿੱਚ ਅਸੀਂ ਪਿਛਲੇ ਕਈ ਸਾਲਾਂ ਤੋਂ ਵੇਖਦੇ ਆ ਰਹੇ ਹਾਂ। ਜਿਲੇ ਦੇ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਵੀ ਇਹਨਾਂ ਨੂੰ ਵਧਾਈ ਦਿੰਦੇ ਹੋਏ ਸਨਮਾਨਤ ਕੀਤਾ। ਜਿਲਾ ਸਿੱਖਿਆ ਅਫਸਰ ਮੈਡਮ ਰਵਿੰਦਰ ਕੌਰ ਅਤੇ ਉਪ ਜਿਲਾ ਸਿੱਖਿਆ ਅਫਸਰ ਦੀਦਾਰ ਸਿੰਘ ਮਾਂਗਟ, ਐਲੀਮੈਂਟਰੀ ਜਿਲਾ ਸਿੱਖਿਆ ਅਫਸਰ ਸ੍ਰੀ ਸੰਜੀਵ ਗੌਤਮ ਅਤੇ ਡਿਪਟੀ ਡੀਓ ਮੈਡਮ ਕਮਲਜੀਤ ਕੌਰ ਨੇ ਵੀ ਵਧਾਈਆਂ ਦਿੱਤੀਆਂ। ਜਾਗੋ ਐਨਜੀਓ ਸਪੋਰਟਸ ਕਲੱਬ, ਜਿਲਾ ਖੇਡ ਅਫਸਰ ਸ੍ਰੀ ਸੰਦੀਪ ਕੌਸ਼ਲ ਖੇਡ ਵਿਭਾਗ ਫਤਿਹਗੜ੍ਹ ਸਾਹਿਬ ਅਤੇ ਜ਼ਿਲਾ ਸਿੱਖਿਆ ਦਫਤਰ ਅਤੇ ਸਰਹਿੰਦ ਸ਼ਹਿਰ ਦੇ ਵਾਸੀਆਂ ਵੱਲੋਂ ਵੀ ਲੈਕਚਰਾਰ ਰੂਪਪ੍ਰੀਤ ਕੌਰ ਦਾ ਸਵਾਗਤ ਕੀਤਾ ਗਿਆ।ਸਕੂਲ ਪ੍ਰਿੰਸੀਪਲ ਸ੍ਰੀਮਤੀ ਸੁਨੀਤਾ ਅਤੇ ਸਮੂਹ ਸਟਾਫ ਵੱਲੋਂ ਵੀ ਇਹਨਾਂ ਦੀ ਖੁਸ਼ੀ ਵਿੱਚ ਸ਼ਾਮਿਲ ਹੁੰਦੇ ਹੋਏ ਸਭ ਨੇ ਬਹੁਤ ਹੀ ਮਾਣ ਮਹਿਸੂਸ ਕੀਤਾ।



## ਪੰਜਾਬ ਸਰਕਾਰ ਵੱਲੋਂ ਲਾਂਚ ਕੀਤੀ ਐਪ ਦਾ ਕਿਸਾਨ ਵੱਧ ਤੋਂ ਵੱਧ ਲਾਭ ਉਠਾਉਣ : ਸ਼ੈਰੀ ਕਲਸੀ

ਬਟਾਲਾ, 6 ਅਕਤੂਬਰ (ਬਲਵਿੰਦਰ ਸਿੰਘ ਪੰਜਗਰਾਈਂ ਡਾਕਟਰ ਸਤਨਾਮ ਸਿੰਘ ਸੰਧੂ): ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਨੇ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਸਹੂਲਤ ਲਈ ਲਾਂਚ ਕੀਤੀ ਉੱਨਤ ਕਿਸਾਨ ਮੋਬਾਈਲ ਐਪ ਉਤੇ 85000 ਤੋਂ ਵੱਧ ਇਨ-ਸੀਟੂ ਅਤੇ ਐਕਸ-ਸੀਟੂ ਫਸਲੀ ਰਹਿੰਦ-ਖੂੰਹਦ ਪ੍ਰਬੰਧਨ (ਸੀ.ਆਰ.ਐਮ.) ਮਸ਼ੀਨਾਂ ਦੀ ਮੈਪਿੰਗ ਕੀਤੀ ਗਈ ਹੈ।ਦੱਸਣਯੋਗ ਹੈ ਕਿ ਇਹ ਮੋਬਾਇਲ ਐਪ ਇੱਕ ਵਨ-ਸਟਾਪ ਪਲੇਟਫਾਰਮ ਹੈ ਜੋ ਟਿਕਾਊ ਖੇਤੀਬਾੜੀ ਅਭਿਆਸਾਂ ਨੂੰ ਉਤਸ਼ਾਹਿਤ ਕਰਨ ਅਤੇ ਹਵਾ ਪ੍ਰਦੂਸਣ ਨੂੰ ਘਟਾਉਣ ਲਈ ਛੋਟੇ ਅਤੇ ਸੀਮਾਂਤ ਕਿਸਾਨਾਂ ਤੱਕ ਇਹਨਾਂ ਅਤਿ-ਆਧੁਨਿਕ ਫਸਲੀ ਰਹਿੰਦ-ਖੂੰਹਦ ਪ੍ਰਬੰਧਨ ਮਸ਼ੀਨਾਂ ਦੀ ਪਹੁੰਚ ਨੂੰ ਹੋਰ ਆਸਾਨ ਬਣਾਉਣ ਲਈ ਤਿਆਰ ਕੀਤੀ ਗਈ ਹੈ।ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਇਹ ਪਹਿਲਕਦਮੀ ਕਿਸਾਨਾਂ ਨੂੰ ਆਪਣੇ ਘਰ ਬੈਠੇ ਹੀ ਆਪਣੇ ਮੋਬਾਈਲ ਫੋਨਾਂ ਰਾਹੀਂ ਸੀ.ਆਰ.ਐਮ. ਮਸੀਨਾਂ ਨੂੰ ਆਸਾਨੀ ਨਾਲ ਬੁੱਕ ਕਰਨ ਦੀ ਸਹੂਲਤ ਦਿੰਦੀ ਹੈ। ਉਨਾਂ ਕਿਹਾ ਕਿ ਹਰੇਕ ਮਸ਼ੀਨ ਨੂੰ ਕਾਸ਼ਤਯੋਗ ਜ਼ਮੀਨੀ ਦੇ ਖੇਤਰ ਮੁਤਾਬਕ ਜੀਓ-ਟੈਗ ਕੀਤਾ ਜਾਂਦਾ ਹੈ, ਜਿਸ ਨਾਲ ਫਸਲੀ ਰਹਿੰਦ-ਖੂੰਹਦ ਪ੍ਰਬੰਧਨ ਗਤੀਵਿਧੀਆਂ ਦੀ ਨਿਗਰਾਨੀ ਅਤੇ ਦਸਤਾਵੇਜ਼ੀਕਰਨ ਦੀ ਸਹੂਲਤ ਮਿਲਦੀ ਹੈ।ਉਨ੍ਹਾਂ ਇਸ ਐਪ ਦੇ ਮਜਬੂਤ ਈਕੋਸਿਸਟਮ 'ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਇਸ ਵਿੱਚ 5,000 ਤੋਂ ਵੱਧ ਪਿੰਡ ਪੱਧਰੀ ਫੈਸਿਲੀਟੇਟਰ (ਵੀ.ਐਲ.ਐਫਜ਼) ਅਤੇ ਕਲੱਸਟਰ ਅਫਸਰ (ਸੀ.ਓਜ਼) ਸ਼ਾਮਲ ਹਨ ਜੋ ਕਿਸਾਨਾਂ ਨੂੰ ਜ਼ਮੀਨੀ ਪੱਧਰ 'ਤੇ ਸਹਾਇਤਾ ਪ੍ਰਦਾਨ ਕਰਨ ਤੋਂ ਇਲਾਵਾ ਗਤੀਵਿਧੀਆਂ ਦੀ ਨਿਗਰਾਨੀ ਕਰਨਗੇ। ਇਹ ਪਲੇਟਫਾਰਮ ਸੀ.ਆਰ.ਐਮ. ਮਸ਼ੀਨਾਂ ਦੇ ਪ੍ਰਾਈਵੇਟ ਮਾਲਕਾਂ ਨੂੰ ਆਪਣੇ ਉਪਕਰਣਾਂ ਨੂੰ ਰਜਿਸਟਰ ਕਰਨ ਦੀ ਸਹੂਲਤ ਵੀ ਪ੍ਰਦਾਨ ਕਰਦਾ ਹੈ ਤਾਂ ਜੋ ਮਸ਼ੀਨਾਂ ਦੀ ਉਪਲਬਧਤਾ ਨੂੰ ਯਕੀਨੀ ਬਣਾਇਆ ਜਾ ਸਕੇ। ਇਸ ਭਾਈਚਾਰਕ ਸਹਾਇਤਾ ਲਈ, ਵੀ.ਐਲ.ਐਫਜ਼ ਕਿਸਾਨਾਂ ਲਈ ਆਪ ਵੀ ਮਸ਼ੀਨਾਂ ਬੁੱਕ ਕਰ ਸਕਦੇ ਹਨ ਤਾਂ ਜੋ ਕੋਈ ਵੀ ਕਿਸਾਨ ਇਸ ਸਹੂਲਤ ਤੋਂ ਵਾਂਝਾ ਨਾ ਰਹੇ।ਉਨ੍ਹਾਂ ਨੇ ਉੱਨਤ ਕਿਸਾਨ ਐਪ ਦੇ ਕਿਸਾਨ-ਪੱਖੀ ਡਿਜਾਈਨ ਦਾ ਹਵਾਲਾ ਦਿੰਦਿਆਂ ਕਿਸਾਨਾਂ ਨੂੰ ਇਸ ਦੀ ਵਰਤੋਂ ਕਰਨ ਦੀ ਅਪੀਲ ਕੀਤੀ। ਉਨਾਂ ਕਿਹਾ ਕਿ ਐਪ ਨੇ ਫਸਲੀ ਰਹਿੰਦ-ਖੂੰਹਦ ਪ੍ਰਬੰਧਨ (ਸੀ.ਆਰ.ਐਮ.) ਮਸ਼ੀਨਰੀ ਪ੍ਰਾਪਤ ਕਰਨ ਦੀ ਪ੍ਰਕਿਰਿਆ ਵਿੱਚ ਬਦਲਾਅ ਲਿਆਉਂਦਿਆਂ ਇਸ ਨੂੰ ਵਧੇਰੇ ਕੁਸ਼ਲ, ਪਾਰਦਰਸ਼ੀ ਅਤੇ ਸੰਮਲਿਤ ਬਣਾਇਆ ਹੈ।



## ਆਰ.ਐਸ. ਐਸ. ਦਾ ਸ਼ਤਾਬਦੀ ਵਰ੍ਹਾ ਸਮਾਰੋਹ ਸ਼ਾਨਦਾਰ ਢੰਗ ਨਾਲ ਸਮਾਪਤ

ਬੰਗਾ, 6 ਅਕਤੂਬਰ। (ਪ੍ਰਭਜੋਤ ਸਿੰਘ ):ਰਾਸ਼ਟਰੀ ਸਵਯੰਸੇਵਕ ਸੰਘ ਦੀ ਸ਼ਾਨਦਾਰ ਯਾਤਰਾ ਦੇ 100 ਸਾਲ ਪੂਰੇ ਹੋਣ ਦੇ ਉਪਲਕਸ਼ ਵਿੱਚ ਅੱਜ ਪੰਡਿਤ ਗੀਠਾ ਰਾਮ ਟਾਹ ਆਦਰਸ਼ ਹਾਈ ਸਕੂਲ, ਬੰਗਾ ਵਿਖੇ ਸ਼ਤਾਬਦੀ ਵਰ੍ਹਾ ਸਮਾਰੋਹ ਬਹੁਤ ਹੀ ਉਤਸ਼ਾਹ ਅਤੇ ਉਲਾਹ ਨਾਲ ਮਨਾਇਆ ਗਿਆ। ਸਮਾਰੋਹ ਦੀ ਅਧਿਆਕਸ਼ਤਾ ਵਿਭਾਗ ਸੰਘਚਾਲਕ ਸ਼੍ਰੀ ਨਰੋਂਦਰ ਕੁਮਾਰ ਜੈਨ ਨੇ ਕੀਤੀ, ਜਦਕਿ ਮੁੱਖ ਵਕਤਾ ਵਜੋਂ ਪ੍ਰਾਂਤ ਕਾਰਜਕਾਰੀ ਮੈਂਬਰ ਸ਼੍ਰੀ ਰਾਮ ਗੋਪਾਲ ਜੀ ਅਤੇ ਮੁੱਖ ਅਤਿਥੀ ਵਜੋਂ ਐਡਵੋਕੇਟ ਸ਼ਿਵਲਾਲ ਜੈਨ, ਮੈਂਬਰ ਜੂਵੇਨਾਇਲ ਜਸਟਿਸ ਬੋਰਡ, ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਕਾਰਜਕ੍ਰਮ ਦੀ ਸ਼ੁਰੂਆਤ ਪ੍ਰਾਰਥਨਾ ਨਾਲ ਹੋਈ, ਜਿਸ ਤੋਂ ਬਾਅਦ ਸ਼ਸਤਰ ਪੂਜਨ ਕੀਤਾ ਗਿਆ ਅਤੇ ਉਨ੍ਹਾਂ 'ਤੇ ਫੁੱਲ ਅਰਪਣ ਕੀਤੇ ਗਏ। ਸੰਘ ਦੇ ਸਵਯੰਸੇਵਕਾਂ ਵੱਲੋਂ ਪ੍ਰਾਰਥਨਾ ਗੀਤ ਤੇ ਕਵਿਤਾ ਪੇਸ਼ ਕੀਤੀ ਗਈ, ਜਿਸ ਨਾਲ ਸਾਰਾ ਮਾਹੌਲ ਦੇਸ਼ਭਕਤੀ ਦੇ ਭਾਵ ਨਾਲ ਭਰ ਗਿਆ। ਮੁੱਖ ਵਕਤਾ ਸ਼੍ਰੀ ਰਾਮ ਗੋਪਾਲ ਜੀ ਨੇ ਆਪਣੇ ਉਪਦੇਸ਼ ਵਿੱਚ ਕਿਹਾ ਕਿ ਰਾਸ਼ਟਰੀ ਸਵਯੰਸੇਵਕ ਸੰਘ ਦੀ ਇਹ 100 ਸਾਲਾਂ ਦੀ ਯਾਤਰਾ ਬਹੁਤ ਹੀ ਸੰਘਰਸ਼ਪੂਰਨ, ਪ੍ਰੇਰਣਾਦਾਇਕ ਅਤੇ ਸਮਰਪਣ ਨਾਲ ਭਰੀ ਰਹੀ ਹੈ। ਉਨ੍ਹਾਂ ਕਿਹਾ ਕਿ ਸੰਘ ਨੇ ਕਈ ਮੁਸ਼ਕਲਾਂ ਅਤੇ ਪ੍ਰਤੀਕੂਲ ਪ੍ਰਸਥਿਤੀਆਂ ਦੇ ਬਾਵਜੂਦ ਆਪਣੇ ਮੁੱਖ ਉਦੇਸ਼—ਰਾਸ਼ਟਰ ਸੇਵਾ ਅਤੇ ਸਮਾਜ ਨਿਰਮਾਣ—ਨੂੰ ਸਦਾਂ ਸਰਵੋਪਰੀ ਰੱਖਿਆ ਹੈ। ਅਜ ਸੰਘ ਸੰਸਾਰ ਦਾ ਸਭ ਤੋਂ ਵੱਡਾ ਸਵੈਸੇਵੀ ਸੰਗਠਨ ਬਣ ਚੁੱਕਾ ਹੈ ਜੋ ਮਾਂ ਭਾਰਤੀ ਦੀ ਸੇਵਾ ਵਿਚ ਲਗਾਤਾਰ ਸਮਰਪਿਤ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸੰਘ ਨੇ ਸਮਾਜ ਦੇ ਹਰ ਵਰਗ ਤਕ ਪਹੁੰਚ ਬਣਾਉਂਦੇ ਹੋਏ ਸਮਾਜਿਕ ਸਮਰਸਤਾ, ਚਰਿੱਤਰ ਨਿਰਮਾਣ ਅਤੇ ਸੰਗਠਨ ਰਾਹੀਂ ਰਾਸ਼ਟਰੀ ਏਕਤਾ ਨੂੰ ਮਜ਼ਬੂਤ ਕੀਤਾ ਹੈ। ਸ਼੍ਰੀ ਰਾਮ ਗੋਪਾਲ ਜੀ ਨੇ ਇਹ ਵੀ ਸਪਸ਼ਟ ਕੀਤਾ ਕਿ ਸ਼ਤਾਬਦੀ ਵਰ੍ਹੇ ਦੇ ਮੌਕੇ 'ਤੇ ਸੰਘ *ਪੰਜ ਮੁੱਖ ਪਰਿਵਰਤਨਾਂ* 'ਤੇ ਵਿਸ਼ੇਸ਼ ਧਿਆਨ ਦੇ ਰਹੀ ਹੈ—ਪਰਿਆਵਰਣ ਸੰਵਰਧਨ, ਪਰਿਵਾਰ ਪ੍ਰਬੋਧਨ, ਸਮਾਜਿਕ ਸਮਰਸਤਾ, ਸਵ ਦਾ ਬੋਧ ਅਤੇ ਨਾਗਰਿਕ ਕਰਤੱਬ। ਇਨ੍ਹਾਂ ਵਿਸ਼ਿਆਂ ਰਾਹੀਂ ਸਮਾਜ ਵਿਚ ਨੈਤਿਕਤਾ, ਜ਼ਿੰਮੇਵਾਰੀ ਅਤੇ ਪਰਿਆਵਰਣੀਕ ਜਾਗਰੂਕਤਾ ਵਧਾਉਣ ਦਾ ਅਭਿਆਨ ਚਲਾਇਆ ਜਾ ਰਿਹਾ ਹੈ। ਮੁੱਖ


ਈ-ਨਿਲਾਮੀ ਵਿਕਰੀ ਸੂਚਨਾ
24.10.2025
11.00 ਵਜੇ ਤੋਂ 16.00 ਵਜੇ

SBI ਸਟੇਟ ਬੈਂਕ ਆਫ ਇੰਡੀਆ

ਸਟਰੈਸਡ ਅਸਾਸੇ ਵਸੂਲੀ ਸ਼ਾਖਾ, ਤੀਜ਼ੀ ਮੰਜ਼ਿਲ, ਜ਼ੋਨਲ ਬਿਜਨਸ ਦਫਤਰ ਬਿਲਡਿੰਗ, ਫਾਊਨਟੇਨ ਚੌਕ, ਸਿਵਲ ਲਾਈਨਜ਼, ਲੁਧਿਆਣਾ 141001

ਈ-ਨਿਲਾਮੀ ਵਿਕਰੀ ਸੂਚਨਾ
24.10.2025
11.00 ਵਜੇ ਤੋਂ 16.00 ਵਜੇ

24.10.2025 ਨੂੰ 11.00 ਵਜੇ ਤੋਂ 16.00 ਵਜੇ ਤੱਕ ਚੱਲ/ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਲਈ ਜਨਤਕ ਸੂਚਨਾ

ਬਿਆਨਾ ਰਕਮ ਅਤੇ ਦਸਤਾਵੇਜ਼ਾਂ ਲਈ ਜਮ੍ਹਾਂ ਕਰਨ ਦੀ ਆਖ਼ਰੀ ਮਿਤੀ ਅਤੇ ਸਮਾਂ ਈ-ਨਿਲਾਮੀ ਦੇ ਬੰਦ ਹੋਣ 'ਤੇ ਜਾਂ ਪਹਿਲਾਂ, ਮੈਸ. ਪੀਐਸਬੀ ਅਲਾਇੰਸ ਪ੍ਰਾਈਵੇਟ ਲਿਮਟਿਡ ਕੋਲ

ਆਪਣੀ ਈ-ਨਿਲਾਮੀ ਸਾਈਟ 'ਤੇ ਰਜਿਸਟਰਡ ਆਪਣੇ ਖੁਦ ਦੇ ਵੈਲੇਟ ਰਾਹੀਂ ਬੋਲੀਕਾਰ : https://baanknet.com ਆਰਟੀਜੀਐਸ/ਐਨਈਐਫਟੀ ਦੇ ਜ਼ਰੀਏ

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8(6)ਅਤੇ 9(1) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ/ਚੱਲ ਸੰਪਤੀਆਂ ਦੀ ਵਿਕਰੀ ਬਾਰੇ ਈ-ਨਿਲਾਮੀ ਵਿਕਰੀ ਸੂਚਨਾ। ਆਮ ਕਰਕੇ ਜਨਤਾ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰਾਂ ਅਤੇ ਜ਼ਾਮਨਾਂ ਨੂੰ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ **ਸਟੇਟ ਬੈਂਕ ਆਫ ਇੰਡੀਆ**(ਸੁਰੱਖਿਅਤ ਕਰਜ਼ਦਾਤਾ) ਕੋਲ ਗਿਰਵੀ/ਬੰਦੀ ਨਿਮਨ ਦਰਸਾਈਆਂ ਅਚੱਲ ਸੰਪਤੀਆਂ, ਜਿਨ੍ਹਾਂ ਦਾ ਉਸਾਰੂ/ਭੌਤਿਕ **ਕਬਜ਼ਾ ਸਟੇਟ ਬੈਂਕ ਆਫ ਇੰਡੀਆ (ਸੁਰੱਖਿਅਤ ਕਰਜ਼ਦਾਤਾ)** ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਨਿਮਨ ਦਰਸਾਏ ਕਰਜ਼ਦਾਰਾਂ/ਜ਼ਾਮਨਾਂ ਤੋਂ ਸਟੇਟ ਬੈਂਕ ਆਫ ਇੰਡੀਆ (ਸੁਰੱਖਿਅਤ ਕਰਜ਼ਦਾਤਾ) ਵੱਲ ਬਕਾਇਆ ਬੈਂਕ ਬਕਾਏ + ਵਿਆਜ (ਸੰਪੱਤੀਆਂ ਅਧੀਨ ਨਿਮਨ ਦਰਸਾਏ ਅਨੁਸਾਰ) ਦੀ ਵਸੂਲੀ ਦੇ ਲਈ 24.10.2025 ਨੂੰ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ" 'ਤੇ ਕੀਤੀ ਜਾਵੇਗੀ। **ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ ਸੰਪੱਤੀਆਂ ਅਧੀਨ ਨਿਮਨ ਦਰਸਾਏ ਅਨੁਸਾਰ ਹੋਵੇਗੀ।** "ਸਾਰੇ ਵਿਧਾਨਕ/ਗੈਰ-ਵਿਧਾਨਕ ਬਕਾਏ, ਕਰ, ਦਰਾਂ, ਮੁਲਾਂਕਣ, ਖਰਚੇ, ਕਿਸੇ ਵੱਲ ਵੀ ਬਕਾਇਆ ਫੀਸਾਂ ਆਦਿ ਦਾ ਭੁਗਤਾਨ ਕੇਵਲ ਸਫਲ ਬੋਲੀਕਾਰ ਦੀ ਇਕੱਲੇ ਦੀ ਜ਼ਿੰਮੇਵਾਰੀ ਹੋਵੇਗੀ, ਸਫ਼ਲ ਬੋਲੀਕਾਰ ਵੱਲੋਂ ਵਿਕਰੀ ਕੀਮਤ ਦੀ ਕਿਸੇ ਵੀ ਰਕਮ ਦੇ ਭੁਗਤਾਨ ਵਿਚ ਅਸਫਲਤਾ ਦਾ ਨਤੀਜਾ ਉਨ੍ਹਾਂ ਵੱਲੋਂ ਜਮ੍ਹਾਂ ਰਕਮ ਦੀ ਜ਼ਬਤੀ ਹੋਵੇਗਾ। **ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਵੈਬਸਾਈਟ : (a) https:sbi.co.in/ (b) https://baanknet.com** ਵਿਚ ਨਿਮਨ ਦਰਸਾਏ/ਹਵਾਲੇ ਅਧੀਨ ਹਨ।

ਚੱਲ/ਅਚੱਲ ਸੰਪੱਤੀਆਂ ਦੇ ਵੇਰਵੇ

| ਲ. ਨੰ. | ਕਰਜ਼ਦਾਰ (ਾਂ)/ ਜ਼ਾਮਨ (ਾਂ) ਦੇ ਨਾਮ | ਬਕਾਇਆ ਰਕਮ | ਸੰਪੱਤੀ/ਆਂ ਦੇ ਵੇਰਵੇ | ਰਾਖਵੀਂ ਕੀਮਤ<br>ਜਮ੍ਹਾਂ ਬਿਆਨਾ ਰਕਮ (ਈਐਮਡੀ)<br>ਬੋਲੀ ਵਾਧਾ ਰਕਮ | ਸੰਪੱਤੀ ਦੀ ਜਾਂਚ ਦੀ ਮਿਤੀ ਅਤੇ ਸਮਾਂ | ਅਧਿਕਾਰਤ ਅਧਿਕਾਰੀ ਅਤੇ ਸੰਪਰਕ ਨੰ. |
|---|---|---|---|---|---|---|
| 1. | ਕਰਜ਼ਦਾਰ: ਸ਼੍ਰੀ ਜਸਪਾਲ ਪਰਮਾਰ ਪੁੱਤਰ ਸ਼੍ਰੀ ਕੈਲਾਸ਼ ਨਾਥ ਪਰਮਾਰ ਅਤੇ ਸ਼੍ਰੀਮਤੀ ਸ਼ਿਵਾਨੀ ਪਰਮਾਰ ਪਤਨੀ ਸ਼੍ਰੀ ਜਸਪਾਲ ਪਰਮਾਰ। | 01.12.2015 ਨੂੰ 33,94,984/- ਰੁਪਏ (ਤੇਤੀ ਲੱਖ ਚੁਰਾਨਵੇਂ ਹਜ਼ਾਰ ਨੌ ਸੌ ਚੁਰਾਸੀ ਸਿਰਫ਼) ਅਤੇ ਭਵਿੱਖੀ ਵਿਆਜ ਅਤੇ ਉਸ 'ਤੇ ਸਾਰੇ ਖਰਚੇ। | ਜਾਇਦਾਦ ਆਈਡੀ-ਐਸਬੀਆਈਐਨ 200014540106. 10-1/2 ਮਰਲੇ ਦੇ ਰਿਹਾਇਸ਼ੀ ਘਰ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ: 1.) 9-3/4 ਮਰਲੇ ਦੀ ਜ਼ਮੀਨ ਕੁੱਲ 95 ਕਨਾਲ-1 ਮਰਲੇ ਜ਼ਮੀਨ ਵਿੱਚੋਂ 39/7604 ਹਿੱਸਾ ਹੈ ਜਿਸ ਵਿੱਚ ਖਾਤਾ ਨੰਬਰ 1/1, ਖਸਰਾ ਨੰਬਰ 615(6-4), 262(6-0), 264(8-0), 265(7-4), 268(7-9), 272(5-2), 273(8-0), 616(7-9), 617(10-18), 938/280(11-12), 1029/279(4-0), 055/266(3-16), 1057/267(4-0), ਸ਼ਾਮਲ ਹਨ। 1059/619(1-7), 1065/274(1-11), 1078/269(2-9), ◆◆) 13/4 ਮਰਲੇ ਦੀ ਜ਼ਮੀਨ 7K-9M ਮਾਪ ਵਾਲੀ ਜ਼ਮੀਨ ਵਿੱਚੋਂ 3/596 ਹਿੱਸਾ ਹੈ ਜੋ ਕਿ ਖਾਤਾ ਨੰਬਰ 2/2. ਖਸਰਾ ਨੰਬਰ 612(3-2), 1061/613(4-7) ਪਿੰਡ ਚੱਕ ਹਕੀਮਾ, ਫਗਵਾੜਾ ਵਿਖੇ ਸਥਿਤ ਹੈ। ਸ਼੍ਰੀ ਜਸਪਾਲ ਪਰਮਾਰ ਪੁੱਤਰ ਸ਼੍ਰੀ ਕੈਲਾਸ਼ ਨਾਥ ਪਰਮਾਰ ਦੇ ਨਾਮ 'ਤੇ ਵਿਕਰੀ ਡੀਡ ਨੰਬਰ 965 ਮਿਤੀ 28.05.2013 ਰਾਹੀਂ। (ਭੌਤਿਕ ਕਬਜ਼ੇ ਦੀ ਮਿਤੀ: 09.02.2016) | Rs. 16,63,000/-<br>Rs. 1,66,300/-<br>Rs. 10,000/- | 15.10.2025 14:00 Hrs. to 16:00 Hrs | ਸੀਐਮ ਸ੍ਰੀ ਜੈਬੀਰ ਸਿੰਘ Mob:- 99881-92220 ਡੀਐਮ-ਸ੍ਰੀ ਨਿਪੂ ਪ੍ਰਸਾਦ Mob:- 98159-69920 |

ਇਹ ਪ੍ਰਕਾਸ਼ਨ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਦੇ ਨਿਯਮ 9(1) ਅਤੇ 8 (6) ਦੇ ਤਹਿਤ ਉਪਰੋਕਤ ਕਰਜ਼ਦਾਰ(ਾਂ) ਅਤੇ ਜ਼ਾਮਨ(ਾਂ) ਨੂੰ 15 ਦਿਨਾਂ ਦਾ ਨੋਟਿਸ ਵੀ ਹੈ।

ਸਰਫਾਇਸੀ ਐਕਟ 2, 2002 ਦੇ ਉਪਬੰਧਾਂ ਦੇ ਅਨੁਸਾਰ, ਹੁਣ ਬੈਂਕ ਦੇ ਕਬਜ਼ੇ ਵਿੱਚ ਅਚੱਲ ਸੰਪਤੀਆਂ ਨੂੰ ਜਨਤਕ ਈ-ਨਿਲਾਮੀ ਰਾਹੀਂ ਵੇਚਣ ਦਾ ਪ੍ਰਸਤਾਵ ਹੈ ਜੋ ਸਵੇਰੇ 11.00 ਵਜੇ https://baanknet.com ਰਾਹੀਂ ਹੋਵੇਗੀ।

ਵਿਕਰੀ ਦੀਆਂ ਵਿਸਤ੍ਰਿਤ ਸ਼ਰਤਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ ਵੈੱਬਸਾਈਟਾਂ ਵੇਖੋ: https://baanknet.com

ਮਿਤੀ: 06.10.2025 ਸਥਾਨ: ਲੁਧਿਆਣਾ ਅਧਿਕਾਰਤ ਅਧਿਕਾਰੀ, ਸਟੇਟ ਬੈਂਕ ਆਫ ਇੰਡੀਆ

ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ

# ਮੁਨੱਕੇ ਖਾਣ ਨਾਲ ਖ਼ੂਨ ਦੀ ਕਮੀ ਹੋਵੇਗੀ ਦੂਰ

ਤੁਸੀਂ ਵੀ ਦਿਨ ਭਰ ਥਕਾਵਟ ਮਹਿਸੂਸ ਕਰਦੇ ਹੋ? ਕੀ ਤੁਸੀਂ ਥੋੜ੍ਹਾ ਜਿਹਾ ਕੰਮ ਕਰਨ ਤੋਂ ਬਾਅਦ ਵੀ ਸਾਹ ਚੜ੍ਹ ਜਾਂਦਾ ਹੈ? ਜੇਕਰ ਇਨ੍ਹਾਂ ਸਵਾਲਾਂ ਦੇ ਜਵਾਬ 'ਹਾਂ' ਵਿੱਚ ਹਨ, ਤਾਂ ਆਓ ਤੁਹਾਨੂੰ ਦੱਸ ਦੇਈਏ ਕਿ ਇਸਦਾ ਹੱਲ ਅਸਲ ਵਿੱਚ ਤੁਹਾਡੀ ਰਸੋਈ ਵਿੱਚ ਲੁਕਿਆ ਹੋਇਆ ਹੈ। ਜੀ ਹਾਂ, ਅਸੀਂ ਮੁਨੱਕੇ ਮਤਲਬ ਕਾਲੀ ਸੌਗੀ ਬਾਰੇ ਗੱਲ ਕਰ ਰਹੇ ਹਾਂ!



ਇਹ ਛੋਟੀ ਜਿਹੀ ਦਿਖਣ ਵਾਲੀ ਚੀਜ਼ ਤੁਹਾਡੇ ਸਰੀਰ ਨੂੰ ਅੰਦਰੋਂ ਮਜ਼ਬੂਤ ਬਣਾ ਸਕਦੀ ਹੈ। ਸਿਰਫ਼ ਇੱਕ ਮਹੀਨੇ ਲਈ ਹਰ ਰੋਜ਼ ਸਵੇਰੇ ਮੁਨੱਕੇ ਦਾ ਪਾਣੀ ਪੀਣ ਨਾਲ ਤੁਹਾਡੇ ਸਰੀਰ ਨੂੰ ਕਮਾਲ ਦੇ ਫਾਇਦੇ ਮਿਲ ਸਕਦੇ ਹਨ,

**ਖ਼ੂਨ ਦੀ ਕਮੀ ਹੋਵੇਗੀ ਦੂਰ :** ਮੁਨੱਕਾ ਆਇਰਨ ਅਤੇ ਵਿਟਾਮਿਨ ਬੀ-ਕੰਪਲੈਕਸ ਨਾਲ ਭਰਪੂਰ ਹੁੰਦਾ ਹੈ। ਜੇ ਤੁਸੀਂ ਖ਼ੂਨੀ ਦੀ ਕਮੀ ਨਾਲ ਜੂਝ ਰਹੇ ਹੋ ਤਾਂ ਇਹ ਤੁਹਾਡੇ ਲਈ ਇੱਕ ਰਾਮਬਾਣ ਨੁਸਖਾ ਹੈ। ਹਰ ਰੋਜ਼ ਸਵੇਰੇ ਇਸ ਦਾ ਪਾਣੀ ਪੀਣ ਨਾਲ ਹੀਮੋਗਲੋਬਿਨ ਦਾ ਪੱਧਰ ਤੇਜ਼ੀ ਨਾਲ ਵਧਦਾ ਹੈ, ਜੋ ਕਮਜ਼ੋਰੀ ਅਤੇ ਥਕਾਵਟ ਨੂੰ ਦੂਰ ਕਰਦਾ ਹੈ।

**ਦਿਲ ਦੀ ਸਿਹਤ ਲਈ ਗੁਣਕਾਰੀ:** ਮੁਨੱਕੇ ਵਿੱਚ ਮੌਜੂਦ ਪੋਟਾਸ਼ੀਅਮ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਵਿੱਚ ਮਦਦ ਕਰਦਾ ਹੈ। ਨਾਲ ਹੀ, ਇਸ ਵਿੱਚ ਫਾਈਬਰ ਹੁੰਦਾ ਹੈ ਜੋ ਸਰੀਰ ਵਿੱਚੋਂ ਮਾੜੇ ਕੋਲੈਸਟ੍ਰੋਲ ਨੂੰ ਦੂਰ ਕਰਦਾ ਹੈ। ਇਹ ਤੁਹਾਡੇ ਦਿਲ ਨੂੰ ਮਜ਼ਬੂਤ ਅਤੇ ਸਿਹਤਮੰਦ ਰੱਖਦਾ ਹੈ।

**ਵਾਲ ਝੜਨੇ ਹੋਣਗੇ ਬੰਦ, ਸਕਿੱਨਚਮਕਦਾਰ ਹੋਵੇਗੀ :** ਜੇ ਤੁਹਾਡੇ ਵਾਲ ਬਹੁਤ ਜ਼ਿਆਦਾ ਝੜ ਰਹੇ ਹਨ ਤਾਂ ਤੁਹਾਨੂੰ ਦੱਸ ਦੇਈਏ ਕਿ ਮੁਨੱਕੇ ਦਾ ਪਾਣੀ ਪੀਣ ਨਾਲ ਤੁਹਾਡੇ ਵਾਲਾਂ ਨੂੰ ਜ਼ਰੂਰੀ ਪੋਸ਼ਣ ਮਿਲਦਾ ਹੈ। ਇਹ ਨਾ ਸਿਰਫ਼ ਵਾਲਾਂ ਦਾ ਝੜਨਾ ਘਟਾਉਂਦਾ ਹੈ, ਸਗੋਂ ਉਨ੍ਹਾਂ ਨੂੰ ਚਮਕਦਾਰ ਅਤੇ ਸੰਘਣਾ ਵੀ ਬਣਾਉਂਦਾ ਹੈ। ਇਸ ਤੋਂ ਇਲਾਵਾ, ਇਸ ਵਿੱਚ ਮੌਜੂਦ ਐਂਟੀਆਕਸੀਡੈਂਟ ਤੁਹਾਡੀ ਸਕਿੱਨ ਨੂੰ ਫ੍ਰੀ ਰੈਡੀਕਲਸ ਤੋਂ ਬਚਾਉਂਦੇ ਹਨ, ਜੋ ਚਮੜੀ ਨੂੰ ਕੁਦਰਤੀ ਚਮਕ ਦਿੰਦੇ ਹਨ।

**ਪਾਚਨ ਪ੍ਰਣਾਲੀ ਹੋਵੇਗੀ ਮਜ਼ਬੂਤ:** ਜੇਕਰ ਤੁਹਾਨੂੰ ਕਬਜ਼ ਹੈ, ਤਾਂ ਇਹ ਪਾਣੀ ਤੁਹਾਡੇ ਲਈ ਵਰਦਾਨ ਸਾਬਤ ਹੋ ਸਕਦਾ ਹੈ। ਮੁਨੱਕੇ ਵਿੱਚ ਫਾਈਬਰ ਭਰਪੂਰ ਹੁੰਦਾ ਹੈ, ਜੋ ਪਾਚਨ ਪ੍ਰਣਾਲੀ ਨੂੰ ਸਿਹਤਮੰਦ ਰੱਖਦਾ ਹੈ ਅਤੇ ਪੇਟ ਨੂੰ ਸਾਫ਼ ਕਰਨ ਵਿੱਚ ਮਦਦ ਕਰਦਾ ਹੈ। ਇਹ ਤੁਹਾਡੇ ਅੰਤੜੀਆਂ ਦੀ ਸਿਹਤ ਨੂੰ ਸਿਹਤਮੰਦ ਰੱਖਦਾ ਹੈ।

# ਭਾਰਤ ਵਿਰੁੱਧ ਮੈਚ ਦੌਰਾਨ ਆਈਸੀਸੀ ਦੀ ਆਚਾਰ ਸੰਹਿਤਾ ਦੀ ਉਲੰਘਣਾ ਕਰਨ ਲਈ ਸਿਦਰਾ ਅਮੀਨ ਨੂੰ ਫਿੱਟਕਾਰ

ਕੋਲੰਬੋ , 6 ਅਕਤੂਬਰ (ਚ.ਨ.ਸ.) : ਪਾਕਿਸਤਾਨ ਦੀ ਬੱਲੇਬਾਜ਼ ਸਿਦਰਾ ਅਮੀਨ ਨੂੰ ਐਤਵਾਰ ਨੂੰ ਭਾਰਤ ਵਿਰੁੱਧ ਮੈਚ ਦੌਰਾਨ ਅੰਤਰਰਾਸ਼ਟਰੀ ਕ੍ਰਿਕਟ ਕੌਂਸਲ (ਆਈਸੀਸੀ) ਦੇ ਆਚਾਰ ਸੰਹਿਤਾ ਦੀ ਲੈਵਲ 1 ਉਲੰਘਣਾ ਦਾ ਦੋਸ਼ੀ ਪਾਇਆ ਗਿਆ ਹੈ। ਉਸਨੂੰ ਰਸਮੀ ਤੌਰ 'ਤੇ ਝਿੜਕਿਆ ਗਿਆ ਹੈ ਅਤੇ ਇੱਕ ਡੀਮੈਰਿਟ ਪੁਆਇੰਟ ਦਿੱਤਾ ਗਿਆ ਹੈ। ਮੈਚ ਵਿੱਚ 106 ਗੇਂਦਾਂ 'ਤੇ 81 ਦੌੜਾਂ



ਬਣਾ ਕੇ ਪਾਕਿਸਤਾਨ ਦੀ ਸਭ ਤੋਂ ਵੱਧ ਸਕੋਰਰ ਅਮੀਨ ਨੇ ਆਊਟ ਹੋਣ ਤੋਂ ਬਾਅਦ ਪਿੱਚ 'ਤੇ ਆਪਣੇ ਬੱਲੇ ਨਾਲ ਜ਼ੋਰਦਾਰ ਵਾਰ ਕੀਤਾ। ਉਸਨੂੰ ਆਈਸੀਸੀ ਦੇ ਆਚਾਰ ਸੰਹਿਤਾ ਦੀ ਧਾਰਾ 2.2 ਦੀ ਉਲੰਘਣਾ ਕਰਨ ਦਾ ਦੋਸ਼ੀ ਪਾਇਆ ਗਿਆ, ਜੋ ਇੱਕ ਅੰਤਰਰਾਸ਼ਟਰੀ ਮੈਚ ਦੌਰਾਨ ਕ੍ਰਿਕਟ ਉਪਕਰਣ ਜਾਂ ਕੱਪੜੇ, ਜ਼ਮੀਨੀ ਉਪਕਰਣ ਜਾਂ ਫਿਕਸਚਰ ਅਤੇ ਫਿਟਿੰਗ ਦੀ ਦੁਰਵਰਤੋਂ ਨਾਲ ਸਬੰਧਤ ਹੈ। ਇਸ ਲੈਵਲ 1 ਦੇ ਅਪਰਾਧ ਲਈ ਖਿਡਾਰੀ ਦੀ ਮੈਚ ਫੀਸ ਦਾ 50 ਪ੍ਰਤੀਸ਼ਤ ਜੁਰਮਾਨਾ ਅਤੇ ਦੋ ਡੀਮੈਰਿਟ ਪੁਆਇੰਟ ਹਨ। ਅੰਪਾਇਰਾਂ ਦੁਆਰਾ ਦੋਸ਼ ਦਾ ਮੁਲਾਂਕਣ ਕਰਨ ਤੋਂ ਬਾਅਦ ਅਮੀਨ ਨੇ ਮੈਚ ਰੈਫਰੀ ਸ਼ੈਂਡਰੇ ਫ੍ਰਿਟਜ਼ ਦੁਆਰਾ ਪ੍ਰਸਤਾਵਿਤ ਸਜ਼ਾ ਨੂੰ ਸਵੀਕਾਰ ਕਰ ਲਿਆ। ਇਹ ਧਿਆਨ ਦੇਣ ਯੋਗ ਹੈ ਕਿ ਇਸ ਮੈਚ ਵਿੱਚ ਪਾਕਿਸਤਾਨ ਭਾਰਤ ਤੋਂ 88 ਦੌੜਾਂ ਨਾਲ ਹਾਰ ਗਿਆ ਸੀ। ਉਹ ਅਜੇ ਤੱਕ ਟੂਰਨਾਮੈਂਟ ਵਿੱਚ ਜਿੱਤ ਪ੍ਰਾਪਤ ਨਹੀਂ ਕਰ ਸਕੇ ਹਨ, ਪਹਿਲਾਂ ਬੰਗਲਾਦੇਸ਼ ਤੋਂ ਹਾਰ ਗਏ ਸਨ, ਅਤੇ ਅਗਲਾ ਮੁਕਾਬਲਾ 8 ਅਕਤੂਬਰ ਨੂੰ ਆਸਟ੍ਰੇਲੀਆ ਨਾਲ ਹੋਵੇਗਾ।

# ਅਲ-ਕਾਇਦਾ ਦੇ ਹਮਲਾ ਕਰਨ ਤੋਂ ਸਾਲ ਪਹਿਲਾਂ ਦੇ ਦਿੱਤੀ ਸੀ ਲਾਦੇਨ ਬਾਰੇ ਚਿਤਾਵਨੀ, ਟਰੰਪ ਦਾ ਦਾਅਵਾ

ਨਿਊਯਾਰਕ/ਵਾਸ਼ਿੰਗਟਨ, 6 ਅਕਤੂਬਰ (ਚ.ਨ.ਸ.) : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਇਤਿਹਾਸ ਕਦੇ ਨਹੀਂ ਭੁੱਲੇਗਾ ਕਿ ਇਹ ਅਮਰੀਕੀ ਨੇਵੀ ਸੀਲ ਸਨ ਜਿਨ੍ਹਾਂ ਨੇ ਅਲ-ਕਾਇਦਾ ਨੇਤਾ ਓਸਾਮਾ ਬਿਨ ਲਾਦੇਨ ਦੇ ਟਿਕਾਣੇ 'ਤੇ ਹਮਲਾ ਕੀਤਾ ਸੀ ਅਤੇ ਉਸਦੇ ਸਿਰ ਵਿੱਚ ਗੋਲੀ ਮਾਰੀ ਸੀ। ਟਰੰਪ ਨੇ ਇਹ ਵੀ ਦੁਹਰਾਇਆ ਕਿ ਉਸਨੇ 2001 ਵਿੱਚ ਅਲ-ਕਾਇਦਾ ਦੇ ਅੱਤਵਾਦੀਆਂ ਦੁਆਰਾ ਵਰਲਡ ਟ੍ਰੇਡ ਸੈਂਟਰ ਦੇ ਟਵਿਨ ਟਾਵਰਾਂ 'ਤੇ ਹਮਲਾ ਕਰਨ ਤੋਂ ਇੱਕ ਸਾਲ ਪਹਿਲਾਂ ਬਿਨ ਲਾਦੇਨ ਬਾਰੇ ਚੇਤਾਵਨੀ ਦਿੱਤੀ ਸੀ।

ਟਰੰਪ ਨੇ ਐਤਵਾਰ ਨੂੰ ਵਰਜੀਨੀਆ ਦੇ ਨਾਰਫੋਕ ਵਿੱਚ ਅਮਰੀਕੀ ਨੇਵੀ ਦੀ 250ਵੀਂ ਵਰ੍ਹੇਗੰਢ ਮੌਕੇ ਇੱਕ ਵਿਸ਼ੇਸ਼ ਸਮਾਰੋਹ ਦੌਰਾਨ ਕਿਹਾ ਕਿ ਇਤਿਹਾਸ ਕਦੇ ਨਹੀਂ ਭੁੱਲੇਗਾ ਕਿ ਇਹ ਨੇਵੀ ਸੀਲ ਸਨ ਜਿਨ੍ਹਾਂ ਨੇ ਓਸਾਮਾ ਬਿਨ ਲਾਦੇਨ ਦੇ ਕੰਪਲੈਕਸ 'ਤੇ ਹਮਲਾ ਕੀਤਾ ਸੀ ਅਤੇ ਉਸਦੇ ਸਿਰ ਵਿੱਚ ਗੋਲੀ ਮਾਰੀ ਸੀ। ਯਾਦ ਰੱਖਣਾ। ਟਰੰਪ ਨੇ ਕਿਹਾ ਕਿ ਉਸਨੇ ਅਧਿਕਾਰੀਆਂ ਨੂੰ 9/11 ਦੇ ਹਮਲਿਆਂ ਤੋਂ ਇੱਕ ਸਾਲ ਪਹਿਲਾਂ ਬਿਨ ਲਾਦੇਨ @ਤੇ ਨਜ਼ਰ



ਰੱਖਣ ਲਈ ਕਿਹਾ ਸੀ। ਉਨ੍ਹਾਂ ਕਿਹਾ, ਕਿਰਪਾ ਕਰਕੇ ਯਾਦ ਰੱਖਣਾ, ਮੈਂ ਵਰਲਡ ਟ੍ਰੇਡ ਸੈਂਟਰ ਹਮਲਿਆਂ ਤੋਂ ਠੀਕ ਇੱਕ ਸਾਲ ਪਹਿਲਾਂ ਓਸਾਮਾ ਬਿਨ ਲਾਦੇਨ ਬਾਰੇ ਲਿਖਿਆ ਸੀ। ਮੈਂ ਕਿਹਾ, ਤੁਹਾਨੂੰ ਓਸਾਮਾ ਬਿਨ ਲਾਦੇਨ ਨੂੰ ਦੇਖਣਾ ਪਵੇਗਾ।@ ਮੈਂ ਇੱਕ ਸਾਲ ਪਹਿਲਾਂ ਕਿਹਾ ਸੀ ਕਿ ਮੈਂ ਓਸਾਮਾ ਨਾਮ ਦੇ ਇੱਕ ਆਦਮੀ ਨੂੰ ਦੇਖਿਆ ਸੀ ਅਤੇ ਮੈਨੂੰ ਉਹ ਪਸੰਦ ਨਹੀਂ ਸੀ। ਮੈਂ ਕਿਹਾ ਸੀ ਕਿ ਉਨ੍ਹਾਂ ਨੂੰ ਉਸ 'ਤੇ ਨਜ਼ਰ ਰੱਖਣੀ ਪਵੇਗੀ। ਟਰੰਪ ਨੇ ਕਿਹਾ, ਉਨ੍ਹਾਂ ਨੇ ਨਹੀਂ ਕੀਤਾ। ਇੱਕ ਸਾਲ ਬਾਅਦ, ਉਸਨੇ ਵਰਲਡ ਟ੍ਰੇਡ ਸੈਂਟਰ ਨੂੰ ਉਡਾ ਦਿੱਤਾ। ਇਸ ਲਈ ਮੈਨੂੰ ਕੁਝ ਸਿਹਰਾ ਲੈਣਾ ਚਾਹੀਦਾ ਹੈ, ਕਿਉਂਕਿ ਕੋਈ ਹੋਰ ਮੈਨੂੰ ਇਹ ਨਹੀਂ ਦੇਵੇਗਾ।


ਗੁ. ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਜੀ
ਅਰਬਨ ਅਸਟੇਟ, ਫੇਜ਼-2, ਪਟਿਆਲਾ ਵਿਖੇ
ਪੂਰਨਮਾਸ਼ੀ ਪੁਰਬ
ਦੇ
ਸ਼ੁਭ ਅਵਸਰ 'ਤੇ
ਭਾਈ ਸਾਹਿਬ ਭਾਈ ਜ਼ੋਰਾ ਸਿੰਘ ਜੀ
ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
ਸ਼ਾਮ 7.30 ਤੋਂ 8.30 ਵਜੇ ਤੱਕ
ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ
ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ
ਦਰਸ਼ਨ ਦੇ ਕੇ ਸਤਿਗੁਰੂ ਜੀ ਦੀ ਖੁਸ਼ੀਆਂ ਪ੍ਰਾਪਤ ਕਰੋ
ਦਾਸਰੇ :
ਪ੍ਰਬੰਧਕ ਕਮੇਟੀ, ਗੁ. ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਜੀ


## ਜਨਮ ਦਿਨ ਮੁਬਾਰਕ



ਨਰਾਇਣਦੀਪ ਸਿੰਘ



ਮਨਸੀਰਤ ਕੌਰ

# ਸੀ. ਪੀ. ਰਾਧਾਕ੍ਰਿਸ਼ਨਨ ਰਾਜ ਸਭਾ ਵਿੱਚ ਸਾਰੇ ਦਲ ਦੇ ਨੇਤਾਵਾਂ ਨਾਲ ਕਰਨਗੇ ਮੀਟਿੰਗ

ਚੰਡੀਗੜ੍ਹ, 6 ਅਕਤੂਬਰ (ਅੰਮ੍ਰਿਤਪਾਲ ਸਿੰਘ) : ਸ਼੍ਰੀ ਰਾਧਾਕ੍ਰਿਸ਼ਨਨ ਦੁਆਰਾ ਰਾਜ ਸਭਾ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲਣ ਤੋਂ ਬਾਅਦ ਇਹ ਪਾਰਟੀਆਂ ਦੇ ਨੇਤਾਵਾਂ ਨਾਲ ਪਹਿਲੀ ਮੀਟਿੰਗ ਹੋਵੇਗੀ। ਇਸ ਮੀਟਿੰਗ ਦਾ ਉਦੇਸ਼ ਸਦਨ ਦੇ ਸੁਚਾਰੂ ਕੰਮਕਾਜ ਅਤੇ ਬਿਨਾਂ ਕਿਸੇ ਰੁਕਾਵਟ ਦੇ ਢਾਂਚਾਗਤ ਚਰਚਾਵਾਂ ਨੂੰ ਕਿਵੇਂ ਸੁਵਿਧਾਜਨਕ ਬਣਾਇਆ ਜਾਵੇ ਇਸ ਬਾਰੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨਾ ਹੈ - ਇਸ ਤਰ੍ਹਾਂ ਸਮੇਂ ਅਤੇ ਬਹਿਸਾਂ ਦੀ ਗੁਣਵੱਤਾ ਦੋਵਾਂ ਨੂੰ ਅਨੁਕੂਲ ਬਣਾਇਆ ਜਾ ਸਕਦਾ ਹੈ। ਮਾਨਯੋਗ ਚੇਅਰਮੈਨ, ਰਾਜ ਸਭਾ, ਸ਼੍ਰੀ ਸੀ. ਪੀ. ਰਾਧਾਕ੍ਰਿਸ਼ਨਨ 7 ਅਕਤੂਬਰ, 2025 ਨੂੰ ਸ਼ਾਮ 4:00 ਵਜੇ ਰਾਜ ਸਭਾ ਵਿੱਚ ਸਾਰੀਆਂ ਪਾਰਟੀਆਂ ਦੇ ਨੇਤਾਵਾਂ ਨਾਲ ਇੱਕ ਮੀਟਿੰਗ ਕਰਨਗੇ। ਇਸ ਮੀਟਿੰਗ ਦਾ ਉਦੇਸ਼ ਇਸ ਗੱਲ @ਤੇ ਚਰਚਾ ਕਰਨਾ ਅਤੇ ਫੈਸਲਾ ਕਰਨਾ ਹੈ ਕਿ ਸੁਚਾਰੂ ਅਤੇ ਢਾਂਚਾਗਤ ਵਿਚਾਰ-ਵਟਾਂਦਰੇ ਨੂੰ ਕਿਵੇਂ ਸੁਵਿਧਾਜਨਕ ਬਣਾਇਆ ਜਾਵੇ ਅਤੇ ਸਦਨ ਦੀ ਕਾਰਵਾਈ ਨੂੰ ਬਿਨਾਂ ਕਿਸੇ ਰੁਕਾਵਟ ਦੇ ਸੁਚਾਰੂ ਢੰਗ ਨਾਲ ਚਲਾਉਣ ਅਤੇ ਵੱਧ ਤੋਂ ਵੱਧ ਚਰਚਾ ਨੂੰ ਯਕੀਨੀ ਬਣਾਉਣ ਲਈ ਨੇਤਾਵਾਂ ਦੇ ਸੁਝਾਅ ਲੈਣਾ ਹੈ - ਇਸ ਤਰ੍ਹਾਂ ਬਹਿਸਾਂ ਦੇ ਸਮੇਂ ਅਤੇ ਗੁਣਵੱਤਾ ਦੋਵਾਂ ਨੂੰ ਅਨੁਕੂਲ ਬਣਾਇਆ ਜਾ ਸਕਦਾ ਹੈ।

# ਰਾਸ਼ਟਰਪਤੀ ਨੇ ਮੇਰਾ ਭਾਰਤ-ਰਾਸ਼ਟਰੀ ਸੇਵਾ ਯੋਜਨਾ ਪੁਰਸਕਾਰ ਕੀਤੇ ਪੇਸ਼



ਨਵੀਂ ਦਿੱਲੀ, 6 ਅਕਤੂਬਰ (ਅੰਮ੍ਰਿਤਪਾਲ ਸਿੰਘ) : ਭਾਰਤ ਦੇ ਰਾਸ਼ਟਰਪਤੀ, ਸ਼੍ਰੀਮਤੀ ਦ੍ਰੋਪਦੀ ਮੁਰਮੂ ਨੇ ਅੱਜ (6 ਅਕਤੂਬਰ, 2025) ਰਾਸ਼ਟਰਪਤੀ ਭਵਨ ਵਿਖੇ ਸਾਲ 2022-23 ਲਈ ਮੇਰਾ ਭਾਰਤ - ਰਾਸ਼ਟਰੀ ਸੇਵਾ ਯੋਜਨਾ ਪੁਰਸਕਾਰ ਪੇਸ਼ ਕੀਤੇ। ਮੇਰਾ ਭਾਰਤ-ਰਾਸ਼ਟਰੀ ਸੇਵਾ ਯੋਜਨਾ (ਐਨਐਸਐਸ) ਭਾਰਤ ਸਰਕਾਰ ਦੇ ਪ੍ਰਮੁੱਖ ਪ੍ਰੋਗਰਾਮਾਂ ਵਿੱਚੋਂ ਇੱਕ ਹੈ, ਜਿਸਦਾ ਉਦੇਸ਼ ਸਵੈ-ਇੱਛਤ ਭਾਈਚਾਰਕ ਸੇਵਾ ਰਾਹੀਂ ਵਿਦਿਆਰਥੀਆਂ ਦੇ ਸ਼ਖਸੀਅਤ ਅਤੇ ਚਰਿੱਤਰ ਨੂੰ ਵਿਕਸਤ ਕਰਨਾ ਹੈ। ਇਹ ਯੋਜਨਾ 1969 ਵਿੱਚ ਮਹਾਤਮਾ ਗਾਂਧੀ ਦੇ ਜਨਮ ਸ਼ਤਾਬਦੀ ਜਸ਼ਨਾਂ ਦੌਰਾਨ ਸ਼ੁਰੂ ਕੀਤੀ ਗਈ ਸੀ। ਮੇਰਾ ਭਾਰਤ-ਐਨਐਸਐਸ ਪੁਰਸਕਾਰ, 1993-94 ਵਿੱਚ ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਦੁਆਰਾ ਸਥਾਪਿਤ, ਸਮਾਜ ਸੇਵਾ, ਭਾਈਚਾਰਕ ਵਿਕਾਸ ਅਤੇ ਰਾਸ਼ਟਰ ਨਿਰਮਾਣ ਦੇ ਖੇਤਰਾਂ ਵਿੱਚ ਨੌਜਵਾਨਾਂ ਦੇ ਸ਼ਾਨਦਾਰ ਯੋਗਦਾਨ ਦਾ ਸਨਮਾਨ ਕਰਦਾ ਹੈ ਅਤੇ ਮਨਾਉਂਦਾ ਹੈ।

# ਰਾਜਪਾਲ ਵੱਲੋਂ ਮਹਾਂਰਿਸ਼ੀ ਵਾਲਮੀਕਿ ਜੈਯੰਤੀ ਦੀਆਂ ਵਧਾਈਆਂ

ਚੰਡੀਗੜ੍ਹ, 6 ਅਕਤੂਬਰ (ਅੰਮ੍ਰਿਤਪਾਲ ਸਿੰਘ) : ਪੰਜਾਬ ਦੇ ਰਾਜਪਾਲ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਕ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਮਹਾਰਿਸ਼ੀ ਵਾਲਮੀਕਿ ਜਯੰਤੀ ਦੇ ਸ਼ੁਭ ਮੌਕੇ @ਤੇ ਪੰਜਾਬ ਅਤੇ ਚੰਡੀਗੜ੍ਹ ਦੇ ਸਾਰੇ ਨਾਗਰਿਕਾਂ ਨੂੰ ਹਾਰਦਿਕ ਸ਼ੁਭਕਾਮਨਾਵਾਂ ਅਤੇ ਸ਼ੁਭਕਾਮਨਾਵਾਂ ਦਿੱਤੀਆਂ। ਮਹਾਰਿਸ਼ੀ ਵਾਲਮੀਕਿ ਨੂੰ ਇੱਕ ਮਹਾਨ ਰਿਸ਼ੀ ਅਤੇ ਕਵੀ ਦੱਸਦਿਆਂ, ਰਾਜਪਾਲ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਜੀਵਨ ਅਤੇ ਨੇਕ ਕੰਮਾਂ ਰਾਹੀਂ ਸ਼ਾਂਤੀ, ਸਦਭਾਵਨਾ ਅਤੇ ਨੈਤਿਕ ਕਦਰਾਂ-ਕੀਮਤਾਂ ਦਾ ਸੰਦੇਸ਼ ਦਿੱਤਾ, ਜੋ ਅੱਜ ਵੀ ਸਮਾਜ ਲਈ ਬਹੁਤ ਢੁਕਵੇਂ ਹਨ। ਉਨ੍ਹਾਂ ਇਹ ਵੀ ਕਿਹਾ ਕਿ ਮਹਾਰਿਸ਼ੀ ਵਾਲਮੀਕਿ ਦੁਆਰਾ ਰਚਿਤ ਪਵਿੱਤਰ ਮਹਾਂਕਾਵਿ ÷ਰਾਮਾਇਣ÷ ਨਾ ਸਿਰਫ਼ ਸਾਨੂੰ ਇੱਕ ਆਦਰਸ਼ ਅਤੇ ਨੇਕ ਜੀਵਨ ਵੱਲ ਸੇਧਿਤ ਕਰਦਾ ਹੈ, ਸਗੋਂ ਵਿਸ਼ਵਵਿਆਪੀ ਮਾਨਵਤਾਵਾਦ, ਨਿਆਂ ਅਤੇ ਮਨੁੱਖਤਾ ਦੀ ਏਕਤਾ ਦਾ ਰਾਹ ਵੀ ਪੱਧਰਾ ਕਰਦਾ ਹੈ। ਸਮਾਜ ਸੁਧਾਰਕ ਅਤੇ ਦੱਬੇ-ਕੁਚਲੇ ਲੋਕਾਂ ਦੇ ਮੁਕਤੀਦਾਤਾ ਵਜੋਂ ਮਹਾਰਿਸ਼ੀ ਵਾਲਮੀਕਿ ਦੇ ਯੋਗਦਾਨ ਨੂੰ ਯਾਦ ਕਰਦਿਆਂ, ਰਾਜਪਾਲ ਨੇ ਕਿਹਾ ਕਿ ਉਨ੍ਹਾਂ ਨੇ ਹਮੇਸ਼ਾ ਸਮਾਜਿਕ ਨਿਆਂ, ਸਮਾਨਤਾ ਅਤੇ ਕਮਜ਼ੋਰ ਵਰਗਾਂ ਦੀ ਭਲਾਈ 'ਤੇ ਜ਼ੋਰ ਦਿੱਤਾ। ਉਨ੍ਹਾਂ ਦਾ ਵਿਲੱਖਣ ਕੰਮ ਅਤੇ ਆਦਰਸ਼ ਅੱਜ ਵੀ ਸਮਾਜ ਵਿੱਚ ਪ੍ਰੇਰਨਾ ਅਤੇ ਮਾਰਗਦਰਸ਼ਨ ਦਾ ਸਰੋਤ ਬਣੇ ਹੋਏ ਹਨ।


ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਰਾਮ ਦਾਸ ਜੀ
ਸੰਗਤਾਂ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ
ਸ੍ਰੀ ਗੁਰੂ ਰਾਮਦਾਸ ਜੀ ਦਾ
ਪ੍ਰਕਾਸ਼ ਪੁਰਬ
8 ਅਕਤੂਬਰ 2025 ਦਿਨ ਬੁੱਧਵਾਰ
ਨੂੰ ਬੜ੍ਹੀ ਸ਼ਰਧਾ ਅਤੇ ਪਿਆਰ ਨਾਲ
ਗੁਰਦੁਆਰਾ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਜੀ
ਅਰਬਨ ਅਸਟੇਟ ਫੇਜ਼-2 ਵਿਖੇ ਸ਼ਾਮ 07.00 ਤੋਂ 09.30 ਵਜੇ ਤੱਕ ਮਨਾਇਆ ਜਾ ਰਿਹਾ ਹੈ।
ਪੰਥ ਪ੍ਰਸਿੱਧ ਰਾਗੀ ਜਥੇ ਭਾਈ ਸਾਹਿਬ ਭਾਈ ਜੋਗਿੰਦਰ ਸਿੰਘ ਜੀ
ਅਤੇ ਭਾਈ ਸਾਹਿਬ ਭਾਈ ਪੁਸ਼ਪਿੰਦਰ ਸਿੰਘ ਜੀ
ਪਾਉਂਟਾ ਸਾਹਿਬ ਵਾਲੇ ਗੁਰਬਾਣੀ ਦਾ ਰਸ ਭਿੰਨਾ ਕੀਰਤਨ ਕਰਨਗੇ।
ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ।








# ਸੁਪਰੀਮ ਕੋਰਟ ਨੇ ਸੋਨਮ ਵਾਂਗਚੁਕ ਗ੍ਰਿਫ਼ਤਾਰੀ ਮਾਮਲੇ ਵਿੱਚ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕੀਤਾ

## ਅਗਲੀ ਸੁਣਵਾਈ 14 ਅਕਤੂਬਰ ਨੂੰ

ਨਵੀਂ ਦਿੱਲੀ, 6 ਅਕਤੂਬਰ (ਚ.ਨ.ਸ.): ਸੁਪਰੀਮ ਕੋਰਟ ਨੇ ਜਲਵਾਯੂ ਕਾਰਕੁਨ ਅਤੇ ਸਮਾਜਿਕ ਕਾਰਕੁਨ ਸੋਨਮ ਵਾਂਗਚੁਕ ਦੀ ਗ੍ਰਿਫ਼ਤਾਰੀ ’ਤੇ ਕੇਂਦਰ ਸਰਕਾਰ ਤੋਂ ਜਵਾਬ ਮੰਗਿਆ ਹੈ। ਸੋਮਵਾਰ ਨੂੰ, ਸੁਪਰੀਮ ਕੋਰਟ ਨੇ ਵਾਂਗਚੁਕ ਦੀ ਪਤਨੀ ਗੀਤਾਂਜਲੀ ਅੰਗਮੋ ਦੁਆਰਾ ਦਾਇਰ ਪਟੀਸ਼ਨ ’ਤੇ ਸੁਣਵਾਈ ਕੀਤੀ, ਜਿਸ ਵਿੱਚ ਉਸਨੇ ਰਾਸ਼ਟਰੀ ਸੁਰੱਖਿਆ ਐਕਟ (ਐਨਐਸਏ) ਦੇ ਤਹਿਤ ਆਪਣੇ ਪਤੀ ਦੀ ਨਜ਼ਰਬੰਦੀ ਨੂੰ ਗੈਰ-ਕਾਨੂੰਨੀ ਦੱਸਿਆ ਅਤੇ ਵਾਂਗਚੁਕ ਦੀ ਤੁਰੰਤ ਰਿਹਾਈ ਦੀ ਮੰਗ ਕੀਤੀ। ਸੁਪਰੀਮ ਕੋਰਟ ਨੇ ਕੇਂਦਰ ਸਰਕਾਰ, ਕੇਂਦਰ ਸ਼ਾਸਤ ਪ੍ਰਦੇਸ਼ ਲੱਦਾਖ ਅਤੇ ਜੋਧਪੁਰ ਕੇਂਦਰੀ ਜੇਲ੍ਹ ਦੇ ਪੁਲਿਸ ਸੁਪਰਡੈਂਟ ਨੂੰ ਨੋਟਿਸ ਜਾਰੀ ਕੀਤੇ। ਇੱਕ ਸੰਖੇਪ ਸੁਣਵਾਈ ਤੋਂ ਬਾਅਦ, ਸੁਪਰੀਮ ਕੋਰਟ ਦੇ ਜਸਟਿਸ ਅਰਵਿੰਦ ਕੁਮਾਰ ਅਤੇ ਐਨ.ਵੀ. ਅੰਜਾਰੀਆ ਦੀ ਡਬਲ ਬੈਂਚ ਨੇ ਸਰਕਾਰ ਨੂੰ ਜਵਾਬ ਦਾਇਰ ਕਰਨ ਦਾ ਨਿਰਦੇਸ਼ ਦਿੱਤਾ। ਸੁਣਵਾਈ ਦੌਰਾਨ, ਬੈਂਚ ਨੇ ਪਟੀਸ਼ਨਕਰਤਾ ਦੇ ਵਕੀਲ ਨੂੰ ਪੁੱਛਿਆ ਕਿ ਉਨ੍ਹਾਂ ਨੇ ਇਸ ਮਾਮਲੇ ਵਿੱਚ ਹਾਈ ਕੋਰਟ ਕਿਉਂ ਨਹੀਂ ਪਹੁੰਚਿਆ। ਸੀਨੀਅਰ ਵਕੀਲ ਕਪਿਲ ਸਿੱਬਲ ਨੇ ਜਵਾਬ ਦਿੱਤਾ, ÷ਕਿਹੜੀ ਹਾਈ ਕੋਰਟ ?÷ ਲੱਦਾਖ ਵਿੱਚ ਅਜੇ ਤੱਕ ਇੱਕ ਸੁਤੰਤਰ ਹਾਈ ਕੋਰਟ ਨਹੀਂ ਹੈ। ਉਸਨੇ ਅਦਾਲਤ



ਨੂੰ ਦੱਸਿਆ ਕਿ ਵਾਂਗਚੁਕ ਦੀ ਗ੍ਰਿਫ਼ਤਾਰੀ ਰਾਜਨੀਤਿਕ ਕਾਰਨਾਂ ’ਤੇ ਅਧਾਰਤ ਸੀ ਅਤੇ ਉਸਦੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਸੀ। ਗੀਤਾਂਜਲੀ ਅੰਗਮੋ ਦੀ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਐਨਐਸਏ ਦੀ ਧਾਰਾ 3(2) ਦੇ ਤਹਿਤ ਰੋਕਥਾਮ ਹਿਰਾਸਤ ਗੈਰ-ਕਾਨੂੰਨੀ ਹੈ ਅਤੇ ਇਸਦਾ ਉਦੇਸ਼ ਰਾਸ਼ਟਰੀ ਸੁਰੱਖਿਆ ਜਾਂ ਜਨਤਕ ਵਿਵਸਥਾ ਦੀ ਰੱਖਿਆ ਕਰਨਾ ਨਹੀਂ ਹੈ, ਸਗੋਂ ਇੱਕ ਸ਼ਾਂਤੀਪੂਰਨ ਵਾਤਾਵਰਣ ਪ੍ਰੇਮੀ ਨੂੰ ਰਾਜਨੀਤਿਕ ਤੌਰ ’ਤੇ ਚੁੱਪ ਕਰਵਾਉਣਾ ਹੈ। ਉਸਨੇ ਅਦਾਲਤ ਨੂੰ ਉਸਦੇ ਪਤੀ ਨੂੰ ਤੁਰੰਤ ਰਿਹਾਅ ਕਰਨ ਅਤੇ ਐਨਐਸਏ ਕਾਰਵਾਈ ਨੂੰ ਰੱਦ ਕਰਨ ਲਈ ਕਿਹਾ ਹੈ। ਕੇਂਦਰ ਸਰਕਾਰ ਦੀ ਨੁਮਾਇੰਦਗੀ ਕਰ ਰਹੇ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਵਾਂਗਚੁਕ ਦੀ ਹਿਰਾਸਤ ਦੇ ਆਧਾਰ ਉਨ੍ਹਾਂ ਨੂੰ ਪਹਿਲਾਂ ਹੀ ਸਮਝਾ ਦਿੱਤੇ ਗਏ ਸਨ। ਹਾਲਾਂਕਿ, ਉਨ੍ਹਾਂ ਅੱਗੇ ਕਿਹਾ ਕਿ ਉਹ ਜਾਂਚ ਕਰਨਗੇ ਕਿ ਕੀ ਇਨ੍ਹਾਂ ਆਧਾਰਾਂ ਦੀ ਇੱਕ ਕਾਪੀ ਉਨ੍ਹਾਂ ਦੀ ਪਤਨੀ ਨੂੰ ਪ੍ਰਦਾਨ ਕੀਤੀ ਗਈ ਸੀ। ਅਦਾਲਤ ਨੇ ਅਗਲੀ ਸੁਣਵਾਈ 14 ਅਕਤੂਬਰ ਲਈ ਨਿਰਧਾਰਤ ਕੀਤੀ ਹੈ। ਜ਼ਿਕਰਯੋਗ ਹੈ ਕਿ ਸੋਨਮ ਵਾਂਗਚੁਕ ਨੂੰ 26 ਸਤੰਬਰ ਨੂੰ ਲੱਦਾਖ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਉਨ੍ਹਾਂ ਨੂੰ ਜੋਧਪੁਰ ਕੇਂਦਰੀ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ। ਲੱਦਾਖ ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਬਣਾਉਣ ਅਤੇ ਸਥਾਨਕ ਅਧਿਕਾਰਾਂ ਦੀ ਸੁਰੱਖਿਆ ਦੀ ਮੰਗ ਨੂੰ ਲੈ ਕੇ ਹੋ ਰਹੇ ਵਿਰੋਧ ਪ੍ਰਦਰਸ਼ਨਾਂ ਅਤੇ ਹਿੰਸਕ ਘਟਨਾਵਾਂ ਤੋਂ ਬਾਅਦ ਇਹ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਸਨ।

## ਸੰਗਮ ਵਿਹਾਰ ਦੇ ਵਿਕਾਸ ਲਈ 100 ਕਰੋੜ ਦੇ ਪ੍ਰੋਜੈਕਟ ਸ਼ੁਰੂ

ਨਵੀਂ ਦਿੱਲੀ, 6 ਅਕਤੂਬਰ (ਚ. ਨ. ਸ.): ਭਾਜਪਾ ਸੰਸਦ ਮੈਂਬਰ ਰਾਮਵੀਰ ਸਿੰਘ ਬਿਧੂੜੀ ਨੇ ਸੰਗਮ ਵਿਹਾਰ ਵਿੱਚ 100 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦੀ ਸ਼ੁਰੂਆਤ ਦਾ ਐਲਾਨ ਕੀਤਾ। ਇਨ੍ਹਾਂ ਪ੍ਰੋਜੈਕਟਾਂ ਵਿੱਚ ਪਾਣੀ ਦੀਆਂ ਪਾਈਪਲਾਈਨਾਂ, ਸੀਵਰੇਜ, ਪਾਣੀ ਭਰਨ ਦੇ ਹੱਲ, ਵਿਆਹ ਹਾਲ ਅਤੇ ਸੜਕਾਂ ਦੀ ਮੁਰੰਮਤ ਸ਼ਾਮਲ ਹਨ। ਵਿਧਾਇਕ ਚੰਦਨ ਕੁਮਾਰ ਚੌਧਰੀ ਨੇ ਖੇਤਰ ਦੇ ਬਦਲਾਅ ਬਾਰੇ ਗੱਲ ਕੀਤੀ। ਦੋ ਨਵੇਂ ਡੀਟੀਸੀ ਬੱਸ ਰੂਟ ਵੀ ਲਾਂਚ ਕੀਤੇ ਗਏ, ਜੋ ਸ਼ੂਟਿੰਗ ਰੇਂਜ ਨੂੰ ਮਹਿਰੌਲੀ ਅਤੇ ਏਮਜ਼ ਨਾਲ ਜੋੜਦੇ ਹਨ। ਸੰਸਦ ਮੈਂਬਰ ਬਿਧੂੜੀ ਐਤਵਾਰ ਨੂੰ ਸੰਗਮ ਵਿਹਾਰ ਖੇਤਰ ਵਿੱਚ ਲੱਗਭੱਗ 100 ਕਰੋੜ ਰੁਪਏ ਦੀ ਲਾਗਤ ਵਾਲੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕਰਨ ਲਈ ਇੱਕ ਜਨਤਕ ਇਕੱਠ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਦੇ ਨਾਲ ਸੰਗਮ ਵਿਹਾਰ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਚੰਦਨ ਕੁਮਾਰ ਚੌਧਰੀ ਵੀ ਸਨ।

# ਬ੍ਰਾਹਮਣ ਭਾਈਚਾਰਾ ਹੀ ਗਿਆਨ ਦਾ ਦੀਵਾ ਜਗਾਉਂਦੈ: ਸੀਐਮ ਰੇਖਾ ਗੁਪਤਾ

ਨਵੀਂ ਦਿੱਲੀ, 6 ਅਕਤੂਬਰ (ਚ. ਨ. ਸ.): ਆਪਣੇ ਸੰਬੋਧਨ ਵਿੱਚ, ਸੀਐਮ ਰੇਖਾ ਨੇ ਬ੍ਰਾਹਮਣਾਂ ਦੀ ਮਹੱਤਤਾ ’ਤੇ ਚਾਨਣਾ ਪਾਉਂਦਿਆਂ ਕਿਹਾ, ਮੇਰਾ ਮੰਨਣਾ ਹੈ ਕਿ ਜੇਕਰ ਕੋਈ ਸਮਾਜ ਵਿੱਚ ਗਿਆਨ ਦੀ ਜੋਤ ਜਗਾ ਰਿਹਾ ਹੈ, ਤਾਂ ਉਹ ਸਾਡਾ ਬ੍ਰਾਹਮਣ ਭਾਈਚਾਰਾ ਹੈ। ਸੀਐਮ ਰੇਖਾ ਨੇ ਕਿਹਾ, ਹਰ ਸਰਕਾਰ ਨੂੰ ਉਨ੍ਹਾਂ ਦੇ ਲਾਭ ਅਤੇ ਭਲਾਈ ਲਈ ਕੰਮ ਕਰਨਾ ਚਾਹੀਦਾ ਹੈ। ਦਿੱਲੀ ਦੇ ਪੀਤਮਪੁਰਾ ਵਿੱਚ ਬ੍ਰਾਹਮਣ ਸਭਾ ਦੁਆਰਾ ਆਯੋਜਿਤ ਅਖਿਲ ਭਾਰਤੀ ਬ੍ਰਾਹਮਣ ਸੰਮੇਲਨ ਨੂੰ ਸੰਬੋਧਨ ਕਰਦਿਆਂ, ਮੁੱਖ ਮੰਤਰੀ ਰੇਖਾ ਗੁਪਤਾ ਨੇ ਬ੍ਰਾਹਮਣ ਭਾਈਚਾਰੇ ਦੇ ਯੋਗਦਾਨ ’ਤੇ ਇੱਕ ਮਹੱਤਵਪੂਰਨ ਬਿਆਨ ਦਿੱਤਾ। ਆਪਣੇ ਸੰਬੋਧਨ ਵਿੱਚ, ਸੀਐਮ ਰੇਖਾ ਨੇ ਕਿਹਾ, ਮੇਰਾ ਮੰਨਣਾ ਹੈ ਕਿ ਜੇਕਰ ਕੋਈ ਸਮਾਜ ਵਿੱਚ ਗਿਆਨ ਦੀ ਜੋਤ ਜਗਾ ਰਿਹਾ ਹੈ, ਤਾਂ ਉਹ ਸਾਡਾ ਬ੍ਰਾਹਮਣ ਭਾਈਚਾਰਾ ਹੈ। ਸੀਐਮ ਰੇਖਾ ਨੇ ਕਿਹਾ, ਹਰ ਸਰਕਾਰ ਨੂੰ ਉਨ੍ਹਾਂ ਦੇ ਲਾਭ ਅਤੇ ਭਲਾਈ ਲਈ ਕੰਮ ਕਰਨਾ ਚਾਹੀਦਾ ਹੈ। ਇਕੱਠ ਨੂੰ ਸੰਬੋਧਨ ਕਰਦਿਆਂ, ਸੀਐਮ ਰੇਖਾ ਗੁਪਤਾ ਨੇ ਕਿਹਾ, ਹਰ ਸਮਾਜ ਉਦੋਂ ਹੀ ਤਰੱਕੀ ਕਰ ਸਕਦਾ ਹੈ ਜਦੋਂ ਇਹ ਇੱਕਜੁੱਟ ਹੋਵੇ। ਸੰਗਠਨ ਸਭ ਤੋਂ ਵੱਡੀ ਤਾਕਤ ਹੈ। ਬ੍ਰਾਹਮਣ ਭਾਈਚਾਰੇ ਦੀ ਗੱਲ ਕਰੀਏ ਤਾਂ ਮੇਰਾ ਮੰਨਣਾ ਹੈ ਕਿ ਜੇਕਰ ਕੋਈ ਸਮਾਜ ਵਿੱਚ ਗਿਆਨ ਦੀ ਜੋਤ ਜਗਾ ਰਿਹਾ ਹੈ, ਤਾਂ ਉਹ ਸਾਡਾ ਬ੍ਰਾਹਮਣ ਭਾਈਚਾਰਾ ਹੈ। ਉਹ ਨਾ ਸਿਰਫ਼ ਗ੍ਰੰਥਾਂ ਦੀ ਪੂਜਾ ਕਰਦੇ ਹਨ, ਸਗੋਂ ਹਥਿਆਰਾਂ ਦੀ ਵੀ ਪੂਜਾ ਕਰਦੇ ਹਨ। ਅੱਜ ਸਿਰਫ਼ ਹਥਿਆਰ ਅਤੇ ਗ੍ਰੰਥ ਇਕੱਠੇ ਹੀ ਸਮਾਜ ਅਤੇ ਦੇਸ਼ ਦੀ ਰੱਖਿਆ ਕਰ ਸਕਦੇ ਹਨ।



# ਦਿੱਲੀ-ਪਟਨਾ ਹਵਾਈ ਯਾਤਰਾ ਦਾ ਕਿਰਾਇਆ ਹੋਇਆ ਦੁਬਈ ਦੇ ਕਿਰਾਏ ਦੇ ਬਰਾਬਰ



ਨਵੀਂ ਦਿੱਲੀ, 6 ਅਕਤੂਬਰ (ਚ. ਨ. ਸ.): ਤਿਉਹਾਰਾਂ ਦੇ ਸੀਜ਼ਨ ਦੌਰਾਨ, ਦਿੱਲੀ ਤੋਂ ਪਟਨਾ ਤੱਕ ਦੇ ਹਵਾਈ ਯਾਤਰਾ ਦੇ ਕਿਰਾਏ ਵਿੱਚ ਭਾਰੀ ਵਾਧਾ ਦੇਖਣ ਨੂੰ ਮਿਲ ਰਿਹਾ ਹੈ। ਜਿੱਥੇ ਦੀਵਾਲੀ ਅਤੇ ਛੱਠ ਦੌਰਾਨ ਰੇਲਗੱਡੀਆਂ ਦੀਆਂ ਸੀਟਾਂ ਭਰੀਆਂ ਹੁੰਦੀਆਂ ਹਨ, ਉੱਥੇ ਹੀ ਦੁਬਈ ਦੀਆਂ ਉਡਾਣਾਂ ਦੇ ਬਰਾਬਰ ਹਵਾਈ ਯਾਤਰਾ ਦੀਆਂ ਟਿਕਟਾਂ ਵੀ ਪਹੁੰਚ ਗਈਆਂ ਹਨ। ਜਿਵੇਂ-ਜਿਵੇਂ ਤਿਉਹਾਰ ਨੇੜੇ ਆਉਂਦੇ ਹਨ, ਉਡਾਣ ਦੀਆਂ ਕੀਮਤਾਂ ਅਸਮਾਨ ਛੂਹ ਜਾਂਦੀਆਂ ਹਨ। ਇਸ ਸਮੇਂ ਦੌਰਾਨ, ਜ਼ਿਆਦਾਤਰ ਰੇਲਗੱਡੀਆਂ ਭਰੀਆਂ ਹੁੰਦੀਆਂ ਹਨ, ਅਤੇ ਬੱਸ ਚਾਲਕ ਵੀ ਬਹੁਤ ਜ਼ਿਆਦਾ ਕਿਰਾਏ ਦੀ ਮੰਗ ਕਰਦੇ ਹਨ। ਅਜਿਹੀ ਸਥਿਤੀ ਵਿੱਚ, ਹਵਾਈ ਯਾਤਰਾ ਹੀ ਆਵਾਜਾਈ ਦਾ ਇੱਕੋ-ਇੱਕ ਸਾਧਨ ਹੈ ਜੋ ਬਹੁਤ ਘੱਟ ਸਮੇਂ ਵਿੱਚ ਮੰਜ਼ਿਲ ’ਤੇ ਪਹੁੰਚਣ ਲਈ ਉਪਲਬਧ ਹੈ। ਹਾਲਾਂਕਿ, ਤਿਉਹਾਰਾਂ ਦੌਰਾਨ ਹਵਾਈ ਯਾਤਰਾ ਦੀਆਂ ਟਿਕਟਾਂ ਵੀ ਦੁੱਗਣੀਆਂ ਮਹਿੰਗੀਆਂ ਹੋ ਜਾਂਦੀਆਂ ਹਨ, ਕਈ ਵਾਰ ਆਮ ਦਿਨਾਂ ਨਾਲੋਂ ਵੀ ਜ਼ਿਆਦਾ। ਸਥਿਤੀ ਅਜਿਹੀ ਹੈ ਕਿ ਦੁਬਈ ਲਈ ਹਵਾਈ ਯਾਤਰਾ ਦੀ ਟਿਕਟ ਵੀ ਸਸਤੀ ਲੱਗਦੀ ਹੈ। ਦੀਵਾਲੀ ਅਤੇ ਛੱਠ ਲਈ ਪਟਨਾ ਦੀ ਯਾਤਰਾ ਕਰਨਾ ਮੁਸ਼ਕਲ ਹੋ ਗਿਆ ਹੈ। ਵਰਤਮਾਨ ਵਿੱਚ, ਦਿੱਲੀ ਤੋਂ ਪਟਨਾ ਲਈ ਇੱਕ ਹਵਾਈ ਯਾਤਰਾ ਦੀ ਟਿਕਟ 5,000 ਰੁਪਏ ਤੋਂ ਘੱਟ ਹੈ, ਪਰ ਜਿਵੇਂ-ਜਿਵੇਂ ਤਿਉਹਾਰ ਨੇੜੇ ਆਉਂਦੇ ਹਨ, ਉਹੀ ਕਿਰਾਇਆ ਦੁਬਈ ਦੇ ਕਿਰਾਏ ਨਾਲੋਂ ਮਹਿੰਗਾ ਹੋ ਜਾਂਦਾ ਹੈ। 16 ਅਕਤੂਬਰ ਤੋਂ 26 ਅਕਤੂਬਰ ਤੱਕ, ਲੱਗਭੱਗ ਸਾਰੀਆਂ ਰੇਲਗੱਡੀਆਂ ਭਰੀਆਂ ਹੁੰਦੀਆਂ ਹਨ। ਛੱਠ ਅਤੇ ਦੀਵਾਲੀ ਲਈ ਚੱਲਣ ਵਾਲੀਆਂ ਵਿਸ਼ੇਸ਼ ਰੇਲਗੱਡੀਆਂ ਦੇ ਬਾਵਜੂਦ, ਲੋਕਾਂ ਨੂੰ ਕਾਫ਼ੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਮ ਤੌਰ ’ਤੇ, ਦਿੱਲੀ ਤੋਂ ਪਟਨਾ ਤੱਕ ਦੀ ਉਡਾਣ ਦਾ ਕਿਰਾਇਆ 4,500 ਅਤੇ 5,000 ਦੇ ਵਿਚਕਾਰ ਹੁੰਦਾ ਹੈ। ਹਾਲਾਂਕਿ, ਹੋਲੀ, ਦੀਵਾਲੀ ਅਤੇ ਛੱਠ ਵਰਗੇ ਵੱਡੇ ਤਿਉਹਾਰਾਂ ਦੇ ਆਉਣ ਨਾਲ, ਇਹ ਕਿਰਾਇਆ 10,000 ਤੋਂ ਵੱਧ ਹੋ ਜਾਂਦਾ ਹੈ। 17 ਅਕਤੂਬਰ ਨੂੰ, ਦਿੱਲੀ ਤੋਂ ਪਟਨਾ ਦੀ ਉਡਾਣ ਦਾ ਕਿਰਾਇਆ 12,650 ਹੈ, ਜਦੋਂ ਕਿ ਦਿੱਲੀ ਤੋਂ ਦੁਬਈ ਦੀ ਉਡਾਣ ਦਾ ਕਿਰਾਇਆ 12,958 ਹੈ। ਇਹ ਕੀਮਤਾਂ ਇਸ ਗੱਲ ਦਾ ਅੰਦਾਜ਼ਾ ਲਗਾਉਂਦੀਆਂ ਹਨ ਕਿ ਤਿਉਹਾਰਾਂ ਦੇ ਸੀਜ਼ਨ ਦੌਰਾਨ ਦਿੱਲੀ ਅਤੇ ਪਟਨਾ ਵਿਚਕਾਰ ਉਡਾਣਾਂ ਕਿੰਨੀਆਂ ਮਹੱਤਵਪੂਰਨ ਤੌਰ ’ਤੇ ਵਧਦੀਆਂ ਹਨ। ਤਿਉਹਾਰਾਂ ਦੇ ਸੀਜ਼ਨ ਦੇ ਆਉਣ ਦੇ ਨਾਲ, ਆਵਾਜਾਈ ਸਹੂਲਤਾਂ ’ਤੇ ਕਾਫ਼ੀ ਦਬਾਅ ਪੈ ਜਾਂਦਾ ਹੈ, ਜਿਸ ਨਾਲ ਬੱਸਾਂ, ਰੇਲਗੱਡੀਆਂ ਅਤੇ ਉਡਾਣਾਂ ਵਿੱਚ ਸੀਟਾਂ ਦੀ ਘਾਟ ਹੋ ਜਾਂਦੀ ਹੈ। ਅਜਿਹੇ ਹਾਲਾਤਾਂ ਵਿੱਚ, ਪ੍ਰਾਈਵੇਟ ਬੱਸ ਆਪਰੇਟਰ ਅਤੇ ਏਅਰਲਾਈਨਾਂ ਟਿਕਟਾਂ ਦੀਆਂ ਕੀਮਤਾਂ ਵਿੱਚ ਵਾਧਾ ਕਰਦੀਆਂ ਹਨ।

# ਜਲਦੀ ਅਮੀਰ ਬਣਨ ਦਾ ਲਾਲਚ ਮਹਿੰਗਾ ਸਾਬਤ ਹੋਇਆ, ਦਿੱਲੀ ਵਿੱਚ ਸਾਈਬਰ ਧੋਖਾਧੜੀ ਕਰਨ ਵਾਲਿਆਂ ਦੇ ਨੈੱਟਵਰਕ ਦਾ ਪਰਦਾਫਾਸ਼

ਨਵੀਂ ਦਿੱਲੀ, 6 ਅਕਤੂਬਰ (ਚ. ਨ. ਸ.): ਦਿੱਲੀ ਪੁਲਿਸ ਨੇ ਐਨਸੀਆਰ ਵਿੱਚ ਇੱਕ ਜਾਅਲੀ ਨਿਵੇਸ਼ ਗਿਰੋਹ ਦਾ ਪਰਦਾਫਾਸ਼ ਕੀਤਾ। ਪੰਜ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਅਤੇ ਮੋਬਾਈਲ ਫੋਨ ਅਤੇ ਜਾਅਲੀ ਦਸਤਾਵੇਜ਼ ਵੀ ਬਰਾਮਦ ਕੀਤੇ ਗਏ। ਜੇਕਰ ਤੁਸੀਂ ਵੀ ਸੋਸ਼ਲ ਮੀਡੀਆ ਜਾਂ ਵਟਸਐਪ ਸਮੂਹਾਂ ’ਤੇ ਸਟਾਕ ਮਾਰਕੀਟ ਵਿੱਚ ਭਾਰੀ ਰਿਟਰਨ ਜਾਂ ਆਈਪੀਓ ਵਿੱਚ ਨਿਵੇਸ਼ ਕਰੋ ਅਤੇ ਅਮੀਰ ਬਣੋ ਵਰਗੀਆਂ ਯੋਜਨਾਵਾਂ ਦੁਆਰਾ ਲੁਭਾਇਆ ਗਿਆ ਹੈ, ਤਾਂ ਇਹ ਖ਼ਬਰ ਤੁਹਾਡੇ ਲਈ ਇੱਕ ਚੇਤਾਵਨੀ ਹੈ। ਦੱਖਣ-ਪੱਛਮੀ ਜ਼ਿਲ੍ਹੇ ਦੀ ਸਾਈਬਰ ਪੁਲਿਸ ਨੇ ਇੱਕ ਅੰਤਰਰਾਜੀ ਗਿਰੋਹ ਦਾ ਪਰਦਾਫਾਸ਼ ਕੀਤਾ ਹੈ ਜੋ ਨਿਵੇਸ਼ ਦੇ ਨਾਮ ’ਤੇ ਲੋਕਾਂ ਨਾਲ ਕਰੋੜਾਂ ਰੁਪਏ ਦੀ ਠੱਗੀ ਮਾਰ ਰਿਹਾ ਸੀ। ਡੀਸੀਪੀ ਅਮਿਤ ਗੋਇਲ ਨੇ ਦੱਸਿਆ ਕਿ ਸਾਈਬਰ ਪੁਲਿਸ ਨੇ ਇੱਕ ਵੱਡੀ ਕਾਰਵਾਈ ਵਿੱਚ ਹਰਿਆਣਾ, ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਛਾਪੇਮਾਰੀ ਕੀਤੀ ਅਤੇ ਪੰਜ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ। ਗ੍ਰਿਫ਼ਤਾਰ ਮੁਲਜ਼ਮਾਂ ਦੀ ਪਛਾਣ ਵਿਕਰਮ (40), ਮੁਕੁਲ (33), ਅਕਸ਼ੈ (29), ਹਰੀਕਿਸ਼ਨ ਸਿੰਘ (38) ਅਤੇ ਮਾਸਟਰਮਾਈਂਡ ਮੰਗੂ ਸਿੰਘ (27) ਵਜੋਂ ਹੋਈ ਹੈ। ਪੁਲਿਸ ਨੇ ਮੁਲਜ਼ਮਾਂ ਤੋਂ 13 ਮੋਬਾਈਲ ਫੋਨ, ਇੱਕ ਲੈਪਟਾਪ, ਨੌਂ ਚੈੱਕਬੁੱਕ, ਤਿੰਨ ਰਜਿਸਟਰ ਅਤੇ ਅੱਠ ਸਿਮ ਕਾਰਡ ਬਰਾਮਦ ਕੀਤੇ ਹਨ। ਪੁਲਿਸ ਦੇ ਅਨੁਸਾਰ, ਇਹ ਮਾਮਲਾ ਉਦੋਂ ਸਾਹਮਣੇ ਆਇਆ ਜਦੋਂ ਸ਼ਿਕਾਇਤਕਰਤਾ, ਆਰ. ਚੌਧਰੀ ਨੇ ਰਿਪੋਰਟ ਦਿੱਤੀ ਕਿ ਉਸਨੂੰ ਇੱਕ ਵਟਸਐਪ ਗਰੁੱਪ ਵਿੱਚ ਜੋੜਿਆ ਗਿਆ ਸੀ, ਜਿੱਥੇ ਉਸਨੂੰ ਸਟਾਕਾਂ ਵਿੱਚ ਨਿਵੇਸ਼ ਕਰਨ ਦਾ ਲਾਲਚ ਦਿੱਤਾ ਗਿਆ ਸੀ। ਸ਼ੁਰੂ ਵਿੱਚ, ਉਸਨੂੰ ਛੋਟੇ ਮੁਨਾਫ਼ੇ ਦਾ ਵਾਅਦਾ ਕਰਕੇ ਵਿਸ਼ਵਾਸ ਕੀਤਾ ਗਿਆ ਸੀ। ਹਾਲਾਂਕਿ, ਜਦੋਂ ਉਸਨੇ 10.7 ਲੱਖ ਰੁਪਏ ਦਾ ਵੱਡਾ ਨਿਵੇਸ਼ ਕੀਤਾ, ਤਾਂ ਉਸਦੀ ਕਢਵਾਈ ਰੋਕ ਦਿੱਤੀ ਗਈ, ਅਤੇ ਧੋਖੇਬਾਜ਼ਾਂ ਨੇ ਉਸਦੀ ਮਿਹਨਤ ਦੀ ਕਮਾਈ ਹੜੱਪ ਲਈ।



# ਨੇਪਾਲ ਵਿੱਚ ਹਾਲਾਤ ਆਮ ਵਰਗੇ.... ਦਿੱਲੀ-ਕਾਠਮੰਡੂ ਅੰਤਰਰਾਸ਼ਟਰੀ ਬੱਸ ਸੇਵਾ ਮੁੜ ਸ਼ੁਰੂ




ਨਵੀਂ ਦਿੱਲੀ, 6 ਅਕਤੂਬਰ (ਚ. ਨ. ਸ.): ਭਾਰਤ ਦੇ ਗੁਆਂਢੀ ਦੇਸ਼ ਨੇਪਾਲ ਵਿੱਚ ਹਾਲਾਤ ਆਮ ਵਾਂਗ ਹੋਣ ਤੋਂ ਬਾਅਦ, ਦਿੱਲੀ-ਕਾਠਮੰਡੂ ਅੰਤਰਰਾਸ਼ਟਰੀ ਬੱਸ ਸੇਵਾ ਮੁੜ ਸ਼ੁਰੂ ਹੋ ਗਈ ਹੈ। ਇਹ ਬੱਸ ਸੇਵਾ ਯਾਤਰੀਆਂ ਲਈ ਇੱਕ ਵੱਡੀ ਰਾਹਤ ਹੈ, ਕਿਉਂਕਿ ਇਹ ਧਾਰਮਿਕ, ਸੈਲਾਨੀ ਅਤੇ ਵਪਾਰਕ ਯਾਤਰਾ ਨੂੰ ਆਸਾਨ ਬਣਾਏਗੀ। ਇਹ ਸੇਵਾ ਦਿੱਲੀ ਟਰਾਂਸਪੋਰਟ ਕਾਰਪੋਰੇਸ਼ਨ (ਡੀਟੀਸੀ) ਦੁਆਰਾ ਚਲਾਈ ਜਾਂਦੀ ਹੈ। ਨੇਪਾਲ ਵਿੱਚ ਹਿੰਸਾ ਤੋਂ ਬਾਅਦ, ਸੇਵਾ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ। ਬੱਸ ਸੇਵਾ ਨੂੰ ਮੁੜ ਸ਼ੁਰੂ ਕਰਨ ਦਾ ਉਦੇਸ਼ ਭਾਰਤ ਅਤੇ ਨੇਪਾਲ ਵਿਚਕਾਰ ਲੋਕਾਂ-ਤੋਂ-ਲੋਕ ਸੰਪਰਕ ਨੂੰ ਹੋਰ ਮਜ਼ਬੂਤ ਕਰਨਾ ਹੈ। ਬੱਸ ਨਵੀਂ ਦਿੱਲੀ ਦੇ ਡਾ. ਭੀਮਰਾਓ ਅੰਬੇਡਕਰ ਸਟੇਡੀਅਮ ਬੱਸ ਟਰਮੀਨਲ (ਦਿੱਲੀ ਗੇਟ) ਤੋਂ ਸਵੇਰੇ 10:00 ਵਜੇ ਰਵਾਨਾ ਹੁੰਦੀ ਹੈ ਅਤੇ ਅਗਲੇ ਦਿਨ ਸਵੇਰੇ 9:00 ਵਜੇ ਕਾਠਮੰਡੂ ਦੇ ਸਵੈਯੰਭੂ ਬੱਸ ਟਰਮੀਨਲ ’ਤੇ ਪਹੁੰਚਦੀ ਹੈ। ਬੱਸ ਰਸਤੇ ਵਿੱਚ ਫਿਰੋਜ਼ਾਬਾਦ, ਅਯੁੱਧਿਆ (ਉੱਤਰ ਪ੍ਰਦੇਸ਼), ਸਨੌਲੀ (ਭਾਰਤ-ਨੇਪਾਲ ਸਰਹੱਦ), ਅਤੇ ਮੁਗਲਿੰਗ (ਨੇਪਾਲ) ਵਿਖੇ ਨਿਰਧਾਰਤ ਰੁਕਦੀ ਹੈ। ਬੱਸ ਵਿੱਚ ਆਰਾਮਦਾਇਕ 2X2 ਸੀਟਾਂ ਵਾਲੇ ਏਅਰ-ਕੰਡੀਸ਼ਨਡ ਲਗਜ਼ਰੀ ਕੋਚ, ਕਾਫ਼ੀ ਲੈੱਗ ਰੂਮ, ਵਾਈ-ਫਾਈ, ਅਤੇ GPS ਟਰੈਕਿੰਗ ਵਰਗੀਆਂ ਆਧੁਨਿਕ ਸਹੂਲਤਾਂ ਹਨ। ਭਾਰਤੀ ਅਤੇ ਨੇਪਾਲੀ ਨਾਗਰਿਕਾਂ ਨੂੰ ਯਾਤਰਾ ਕਰਨ ਲਈ ਸਿਰਫ਼ ਇੱਕ ਸਰਕਾਰੀ ਫੋਟੋ ਆਈਡੀ (ਜਿਵੇਂ ਕਿ ਪਾਸਪੋਰਟ ਜਾਂ ਵੋਟਰ ਆਈਡੀ) ਦੀ ਲੋੜ ਹੋਵੇਗੀ। ਹਾਲਾਂਕਿ, ਦੂਜੇ ਦੇਸ਼ਾਂ ਦੇ ਨਾਗਰਿਕਾਂ ਨੂੰ ਇੱਕ ਵੈਧ ਪਾਸਪੋਰਟ ਅਤੇ ਵੀਜ਼ਾ ਪੇਸ਼ ਕਰਨਾ ਪਵੇਗਾ। ਯਾਤਰੀਆਂ ਨੂੰ ਨਿਰਧਾਰਤ ਰਵਾਨਗੀ ਸਮੇਂ ਤੋਂ ਘੱਟੋ-ਘੱਟ ਇੱਕ ਘੰਟਾ ਪਹਿਲਾਂ ਟਰਮੀਨਲ ’ਤੇ ਰਿਪੋਰਟ ਕਰਨ ਦੀ ਵੀ ਲੋੜ ਹੁੰਦੀ ਹੈ। ਡਾ. ਅੰਬੇਡਕਰ ਸਟੇਡੀਅਮ ਬੱਸ ਟਰਮੀਨਲ ਦਿੱਲੀ ਗੇਟ ’ਤੇ ਸਥਿਤ ਹੈ। 5 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਯਾਤਰੀਆਂ ਲਈ ਕਿਰਾਇਆ ਪ੍ਰਤੀ ਵਿਅਕਤੀ 2,800 ਹੈ। 2 ਸਾਲ ਤੱਕ ਦੀ ਉਮਰ ਦੇ ਬੱਚੇ ਮੁਫ਼ਤ ਹਨ। ਉਨ੍ਹਾਂ ਲਈ ਸੀਟਾਂ ਰਾਖਵੀਆਂ ਨਹੀਂ ਹਨ। ਯਾਤਰਾ ਦੀ ਮਿਤੀ ਤੋਂ 60 ਦਿਨ ਪਹਿਲਾਂ ਤੱਕ ਟਿਕਟਾਂ ਬੁੱਕ ਕੀਤੀਆਂ ਜਾ ਸਕਦੀਆਂ ਹਨ।

# ਦਿੱਲੀ ਵਿੱਚ ਦੋ ਟਨ ਤੋਂ ਵੱਧ ਨਕਲੀ ਘਿਓ ਜ਼ਬਤ

ਨਵੀਂ ਦਿੱਲੀ, 6 ਅਕਤੂਬਰ (ਚ. ਨ. ਸ.): ਅਕਤੂਬਰ ਦੀਵਾਲੀ ਨੇੜੇ ਆਉਂਦਿਆਂ ਹੀ, ਦਿੱਲੀ ਪੁਲਿਸ ਦੀ ਅਪਰਾਧ ਸ਼ਾਖਾ ਨੇ ਦਿੱਲੀ ਵਿੱਚ ਨਕਲੀ ਘਿਓ ਵੇਚਣ ਦੇ ਇੱਕ ਵੱਡੇ ਮਾਮਲੇ ਦਾ ਪਰਦਾਫਾਸ਼ ਕੀਤਾ ਹੈ। ਬੁੱਧ ਵਿਹਾਰ ਦੇ ਇੱਕ ਗੋਦਾਮ ਤੋਂ ਇੱਕ ਵਿਅਕਤੀ ਨੂੰ ਦੋ ਟਨ (2,000 ਕਿਲੋਗ੍ਰਾਮ) ਤੋਂ ਵੱਧ ਨਕਲੀ ਘਿਓ ਸਮੇਤ ਗ੍ਰਿਫ਼ਤਾਰ ਕੀਤਾ ਗਿਆ। ਘਿਓ ਵੱਖ-ਵੱਖ ਬ੍ਰਾਂਡਾਂ ਦੇ ਨਾਮ ਵਾਲੇ ਪੈਕੇਟਾਂ ਵਿੱਚ ਪੈਕ ਕੀਤਾ ਗਿਆ ਸੀ। ਪੁਲਿਸ ਸੂਤਰਾਂ ਦਾ ਕਹਿਣਾ ਹੈ ਕਿ ਦੋਸ਼ੀ ਰਾਕੇਸ਼ ਗਰਗ (37) ਵਿਰੁੱਧ ਫੂਡ ਸੇਫਟੀ ਸਟੈਂਡਰਡ ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਲਿਖਣ ਦੇ ਸਮੇਂ, ਦੋਸ਼ੀ ਤੋਂ ਪੁੱਛਗਿੱਛ ਕੀਤੀ ਜਾ ਰਹੀ ਸੀ। ਇੱਕ ਪੁਲਿਸ ਅਧਿਕਾਰੀ ਦੇ ਅਨੁਸਾਰ, ਅਪਰਾਧ ਸ਼ਾਖਾ ਦੀ ਉੱਤਰੀ ਰੇਂਜ (1) ਟੀਮ ਨੂੰ ਸੂਚਨਾ ਮਿਲੀ ਕਿ ਦਿੱਲੀ ਦੇ ਬੁੱਧ ਵਿਹਾਰ ਖੇਤਰ ਵਿੱਚ ਵੱਡੀ ਮਾਤਰਾ ਵਿੱਚ ਨਕਲੀ ਘਿਓ ਵੇਚਿਆ ਜਾ ਰਿਹਾ ਹੈ। ਇਹ ਜਾਣਕਾਰੀ ਸੀਨੀਅਰ ਅਧਿਕਾਰੀਆਂ ਨਾਲ ਸਾਂਝੀ ਕੀਤੀ ਗਈ, ਜਿਸ ਤੋਂ ਬਾਅਦ ਛਾਪੇਮਾਰੀ ਲਈ ਇੱਕ ਟੀਮ ਬਣਾਈ ਗਈ, ਜਿਸ ਵਿੱਚ ਫੂਡ ਸੇਫਟੀ ਵਿਭਾਗ ਦਾ ਇੱਕ ਅਧਿਕਾਰੀ ਵੀ ਸ਼ਾਮਲ ਸੀ। ਟੀਮ ਸ਼ਾਮ 4 ਵਜੇ ਦੇ ਕਰੀਬ ਬੁੱਧ ਵਿਹਾਰ ਫੇਜ਼ 2 ਪਹੁੰਚੀ, ਜਿੱਥੇ ਇੱਕ ਮੁਖਬਰ ਨੇ ਜ਼ਮੀਨੀ ਮੰਜ਼ਿਲ ’ਤੇ ਇੱਕ ਘਰ ਵੱਲ ਇਸ਼ਾਰਾ ਕੀਤਾ ਅਤੇ ਪੁਲਿਸ ਨੂੰ ਸੂਚਿਤ ਕੀਤਾ ਕਿ ਵੱਡੀ ਮਾਤਰਾ ਵਿੱਚ ਨਕਲੀ ਘਿਓ ਸਟੋਰ ਕੀਤਾ ਜਾ ਰਿਹਾ ਹੈ। ਜਦੋਂ ਪੁਲਿਸ ਟੀਮ ਨੇ ਫਰਸ਼ ’ਤੇ ਛਾਪਾ ਮਾਰਿਆ, ਤਾਂ ਉਨ੍ਹਾਂ ਨੂੰ ਰਾਕੇਸ਼ ਗਰਗ ਮਿਲਿਆ, ਜਿਸਨੇ ਉਨ੍ਹਾਂ ਨੂੰ ਦੱਸਿਆ ਕਿ ਉਸਨੇ ਗੋਦਾਮ ਕਿਰਾਏ ’ਤੇ ਲਿਆ ਸੀ। ਆਪਣੀ ਜਾਣ-ਪਛਾਣ ਕਰਾਉਣ ਤੋਂ ਬਾਅਦ, ਪੁਲਿਸ ਨੇ ਗੋਦਾਮ ਦੀ ਤਲਾਸ਼ੀ ਲਈ ਅਤੇ ਦੋ ਹਜ਼ਾਰ ਕਿਲੋਗ੍ਰਾਮ ਤੋਂ ਵੱਧ ਨਕਲੀ ਘਿਓ ਬਰਾਮਦ ਕੀਤਾ। ਪੁਲਿਸ ਦੋਸ਼ੀ ਤੋਂ ਇਹ ਪਤਾ ਲਗਾਉਣ ਲਈ ਪੁੱਛਗਿੱਛ ਕਰ ਰਹੀ ਹੈ ਕਿ ਘਿਓ ਕਿੱਥੇ ਬਣਾਇਆ ਜਾ ਰਿਹਾ ਸੀ ਅਤੇ ਉਸ ਤੋਂ ਕੌਣ ਖਰੀਦ ਰਿਹਾ ਸੀ।

## ਜੇਐਨਯੂ ਵਿੱਚ ਬਿਨਾਂ ਇਜਾਜ਼ਤ ਦੇ ਕੋਈ ਵੀ ਸਮਾਗਮ ਨਹੀਂ ਕਰਵਾਇਆ ਜਾਵੇਗਾ; ਪ੍ਰਸ਼ਾਸਨ

ਨਵੀਂ ਦਿੱਲੀ, 6 ਅਕਤੂਬਰ (ਚ. ਨ. ਸ.): ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (JNU) ਪ੍ਰਸ਼ਾਸਨ ਨੇ ਵਿਦਿਆਰਥੀਆਂ ਨੂੰ ਕਿਸੇ ਵੀ ਸਮਾਗਮ ਦਾ ਆਯੋਜਨ ਕਰਨ ਤੋਂ ਪਹਿਲਾਂ ਇਜਾਜ਼ਤ ਲੈਣ ਦੇ ਨਿਰਦੇਸ਼ ਦਿੱਤੇ ਹਨ। ਨਵਰਾਤਰੀ ਦੌਰਾਨ ਦੋ ਵਿਦਿਆਰਥੀ ਸੰਗਠਨਾਂ ਵਿਚਕਾਰ ਤਣਾਅ ਤੋਂ ਬਾਅਦ, ਪ੍ਰਸ਼ਾਸਨ ਨੇ ਸਖ਼ਤ ਰੁਖ਼ ਅਪਣਾਇਆ ਹੈ। ਕੈਂਪਸ ਵਿੱਚ ਸੁਰੱਖਿਆ ਬਣਾਈ ਰੱਖਣ ਲਈ, ਪ੍ਰਸ਼ਾਸਨ ਨੇ ਵਿਦਿਆਰਥੀਆਂ ਨੂੰ ਸਹਿਯੋਗ ਦੀ ਅਪੀਲ ਕੀਤੀ ਹੈ ਅਤੇ ਨਿਯਮਾਂ ਦੀ ਉਲੰਘਣਾ ਕਰਨ ’ਤੇ ਸਖ਼ਤ ਕਾਰਵਾਈ ਦੀ ਚੇਤਾਵਨੀ ਦਿੱਤੀ ਹੈ। JNU ਪ੍ਰਸ਼ਾਸਨ ਦੇ ਅਨੁਸਾਰ, 2 ਅਕਤੂਬਰ ਨੂੰ ਕੈਂਪਸ ਵਿੱਚ ਦੋ ਵਿਦਿਆਰਥੀ ਸਮੂਹਾਂ ਵਿਚਕਾਰ ਝੜਪਾਂ ਹੋਈਆਂ, ਜਿਸ ਨੂੰ ਪ੍ਰਸ਼ਾਸਨ ਨੇ ਬਹੁਤ ਗੰਭੀਰਤਾ ਨਾਲ ਲਿਆ ਹੈ।

# ਦਿੱਲੀ ਪੁਲਿਸ ਦੀ ਵੱਡੀ ਕਾਰਵਾਈ ਬਬਲੂ ਕਤਲ ਕੇਸ ਦਾ ਖੁਲਾਸਾ



ਨਵੀਂ ਦਿੱਲੀ, 6 ਅਕਤੂਬਰ (ਚ. ਨ. ਸ.): ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਬਦਨਾਮ ਕਪਿਲ ਸਾਂਗਵਾਨ ਉਰਫ ਨੰਦੂ ਗੈਂਗ ਨੂੰ ਵੱਡਾ ਝਟਕਾ ਦਿੰਦੇ ਹੋਏ ਇਸਦੇ ਮੁੱਖ ਲੌਜਿਸਟਿਕ ਸਪਲਾਇਰ ਹਰੀਸ਼ ਸੈਣੀ ਉਰਫ ਹਿਤੇਸ਼ ਉਰਫ ਲੱਕੀ ਨੂੰ ਗ੍ਰਿਫਤਾਰ ਕੀਤਾ ਹੈ। ਦੋਸ਼ੀ ਦੀ ਗ੍ਰਿਫਤਾਰੀ ਨਾਲ ਹਰਿਆਣਾ ਦੇ ਝੱਜਰ ਜ਼ਿਲ੍ਹੇ ਦੇ ਬਦਲੀ ਖੇਤਰ ਵਿੱਚ ਇੱਕ ਸਨਸਨੀਖੇਜ਼ ਕਤਲ ਦੀ ਗੁੱਥੀ ਸੁਲਝ ਗਈ ਹੈ। ਪੁਲਿਸ ਨੇ ਉਸਦੇ ਕਬਜ਼ੇ ਵਿੱਚੋਂ ਇੱਕ ਸਿੰਗਲ ਸ਼ਾਟ ਪਿਸਤੌਲ ਅਤੇ ਕਈ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ। ਖੁਫੀਆ ਜਾਣਕਾਰੀ ’ਤੇ ਕਾਰਵਾਈ ਕਰਦੇ ਹੋਏ, ਦਿੱਲੀ ਪੁਲਿਸ ਨੇ ਦੋਸ਼ੀ ਨੂੰ ਨਿਹਾਲ ਵਿਹਾਰ ਵਿੱਚ ਉਸਦੇ ਟਿਕਾਣੇ ਤੋਂ ਗ੍ਰਿਫ਼ਤਾਰ ਕੀਤਾ। ਪੁਲਿਸ ਦੇ ਅਨੁਸਾਰ, ਦੋਸ਼ੀ ਦੀ ਜਾਣਕਾਰੀ ਤੋਂ ਪਤਾ ਲੱਗਿਆ ਹੈ ਕਿ ਉਸਨੇ ਜੁਲਾਈ 2025 ਵਿੱਚ ਝੱਜਰ ਦੇ ਲਾਡਪੁਰ ਪਿੰਡ ਵਿੱਚ ਸੰਦੀਪ ਉਰਫ ਬਬਲੂ ਦੇ ਕਤਲ ਵਿੱਚ ਸ਼ਾਮਲ ਦੋਸ਼ੀਆਂ ਨੂੰ ਪਨਾਹ, ਇੱਕ ਵਾਹਨ ਅਤੇ ਹਥਿਆਰ ਪ੍ਰਦਾਨ ਕੀਤੇ ਸਨ। ਇਹ ਕਤਲ ਕਪਿਲ ਸਾਂਗਵਾਨ ਗੈਂਗ ਦੇ ਇਸ਼ਾਰੇ ’ਤੇ ਕੀਤਾ ਗਿਆ ਸੀ। ਸਪੈਸ਼ਲ ਸੈੱਲ ਨੂੰ ਸੂਚਨਾ ਮਿਲੀ ਸੀ ਕਿ ਹਰੀਸ਼ ਆਪਣੇ ਘਰ ਵਿੱਚ ਲੁਕਿਆ ਹੋਇਆ ਹੈ। ਜਦੋਂ ਪੁਲਿਸ ਟੀਮ ਨੇ ਘਰ ’ਤੇ ਛਾਪਾ ਮਾਰਿਆ ਤਾਂ ਦੋਸ਼ੀ ਨੇ ਭੱਜਣ ਦੀ ਕੋਸ਼ਿਸ਼ ਕੀਤੀ ਅਤੇ ਪਿਸਤੌਲ ਤਾਣਨ ਦੀ ਕੋਸ਼ਿਸ਼ ਕੀਤੀ। ਹਾਲਾਂਕਿ, ਟੀਮ ਨੇ ਤੇਜ਼ੀ ਨਾਲ ਕਾਰਵਾਈ ਕਰਦਿਆਂ ਉਸਨੂੰ ਕਾਬੂ ਕਰ ਲਿਆ। ਇਸ ਮਾਮਲੇ ਵਿੱਚ ਸਪੈਸ਼ਲ ਸੈੱਲ ਪੁਲਿਸ ਸਟੇਸ਼ਨ ਵਿੱਚ ਐਫਆਈਆਰ ਦਰਜ ਕੀਤੀ ਗਈ ਹੈ। ਪੁਲਿਸ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਦੋਸ਼ੀ ਪਹਿਲਾਂ ਵੀ ਤਿੰਨ ਗੰਭੀਰ ਮਾਮਲਿਆਂ ਵਿੱਚ ਸ਼ਾਮਲ ਰਿਹਾ ਹੈ, ਜਿਨ੍ਹਾਂ ਵਿੱਚ ਡਕੈਤੀ, ਗੈਰ-ਕਾਨੂੰਨੀ ਹਥਿਆਰ ਰੱਖਣਾ ਅਤੇ ਔਰਤਾਂ ਨੂੰ ਪਰੇਸ਼ਾਨ ਕਰਨਾ ਸ਼ਾਮਲ ਹੈ। ਉਸਦਾ ਵੱਡਾ ਭਰਾ ਇਸ ਸਮੇਂ ਕਤਲ ਦੇ ਦੋਸ਼ ਵਿੱਚ ਤਿਹਾੜ ਜੇਲ੍ਹ ਵਿੱਚ ਕੈਦ ਹੈ। ਆਪਣੇ ਪਿਤਾ ਦੀ ਮੌਤ ਤੋਂ ਬਾਅਦ ਪਰਿਵਾਰ ਦੀ ਜ਼ਿੰਮੇਵਾਰੀ ਨਿਭਾਉਂਦੇ ਹੋਏ, ਦੋਸ਼ੀ ਬੁਰੀ ਸੰਗਤ ਵਿੱਚ ਪੈ ਗਿਆ ਅਤੇ ਅਪਰਾਧ ਦੀ ਦੁਨੀਆ ਵਿੱਚ ਪ੍ਰਵੇਸ਼ ਕਰ ਗਿਆ। ਜੇਲ੍ਹ ਵਿੱਚ ਰਹਿੰਦਿਆਂ, ਉਹ ਨੰਦੂ ਗੈਂਗ ਦੇ ਮੈਂਬਰਾਂ ਨੂੰ ਮਿਲਿਆ ਅਤੇ ਉਨ੍ਹਾਂ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ।

# ਦਿੱਲੀ-ਐਨਸੀਆਰ ਵਿੱਚ ਪੀਲਾ ਅਲਰਟ ਜਾਰੀ, ਮੀਂਹ ਅਤੇ ਤੇਜ਼ ਹਵਾਵਾਂ ਨਾਲ ਮੌਸਮ ਬਦਲੇਗਾ

## 30-40 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਹਵਾਵਾਂ ਚੱਲਣਗੀਆਂ

ਨਵੀਂ ਦਿੱਲੀ, 6 ਅਕਤੂਬਰ (ਚ. ਨ. ਸ.): ਰਾਸ਼ਟਰੀ ਰਾਜਧਾਨੀ ਖੇਤਰ (ਐਨਸੀਆਰ) ਵਿੱਚ ਸੋਮਵਾਰ ਨੂੰ ਮੌਸਮ ਫਿਰ ਬਦਲਣ ਵਾਲਾ ਹੈ। ਭਾਰਤ ਮੌਸਮ ਵਿਭਾਗ (ਆਈਐਮਡੀ) ਨੇ ਦਿੱਲੀ, ਨੋਇਡਾ, ਗਾਜ਼ੀਆਬਾਦ ਅਤੇ ਗੁਰੂਗ੍ਰਾਮ ਲਈ ਪੀਲਾ ਅਲਰਟ ਜਾਰੀ ਕੀਤਾ ਹੈ। ਹਲਕੀ ਤੋਂ ਦਰਮਿਆਨੀ ਬਾਰਿਸ਼, ਗਰਜ ਅਤੇ ਤੇਜ਼ ਹਵਾਵਾਂ ਦੀ ਉਮੀਦ ਹੈ। ਆਈਐਮਡੀ ਦੇ ਅਨੁਸਾਰ, 30-40 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਹਵਾਵਾਂ ਚੱਲਣਗੀਆਂ, ਅਤੇ ਦਿਨ ਭਰ ਰੁਕ-ਰੁਕ ਕੇ ਮੀਂਹ ਪਵੇਗਾ। ਇਸ ਬਦਲਾਅ ਕਾਰਨ ਵੱਧ ਤੋਂ ਵੱਧ ਤਾਪਮਾਨ 32 ਡਿਗਰੀ ਸੈਲਸੀਅਸ ਦੇ ਆਸ-ਪਾਸ ਰਹਿਣ ਦੀ ਉਮੀਦ ਹੈ, ਜਦੋਂ ਕਿ ਘੱਟੋ-ਘੱਟ ਤਾਪਮਾਨ 24 ਡਿਗਰੀ ਸੈਲਸੀਅਸ ਦੇ ਆਸ-ਪਾਸ ਰਹੇਗਾ। ਇਹ ਤਾਪਮਾਨ ਪਿਛਲੇ ਕੁਝ ਦਿਨਾਂ ਨਾਲੋਂ ਥੋੜ੍ਹਾ ਘੱਟ ਹੋਵੇਗਾ, ਜਿਸ ਨਾਲ ਠੰਢ ਮਹਿਸੂਸ ਹੋਵੇਗੀ। ਮੌਸਮ ਵਿੱਚ ਇਸ ਬਦਲਾਅ ਦਾ ਮੁੱਖ ਕਾਰਨ ਉੱਤਰ-ਪੱਛਮੀ ਭਾਰਤ ਦੇ ਕਈ ਹਿੱਸਿਆਂ ਨੂੰ ਪ੍ਰਭਾਵਿਤ ਕਰਨ ਵਾਲਾ ਇੱਕ ਮਜ਼ਬੂਤ ਪੱਛਮੀ ਗੜਬੜ ਹੈ। ਇਹ ਸਿਸਟਮ ਅਗਲੇ 48 ਘੰਟਿਆਂ ਲਈ ਬੱਦਲਵਾਈ ਵਾਲਾ ਅਸਮਾਨ ਅਤੇ ਤੇਜ਼, ਠੰਢੀਆਂ ਹਵਾਵਾਂ ਲਿਆਏਗਾ। ਅੰਤਰਰਾਸ਼ਟਰੀ ਮੁਦਰਾ ਫੰਡ (IMD) ਨੇ ਰਾਸ਼ਟਰੀ ਰਾਜਧਾਨੀ ਅਤੇ ਗੁਰੂਗ੍ਰਾਮ ਲਈ ਇੱਕ ਸੰਤਰੀ ਚੇਤਾਵਨੀ ਵੀ ਜਾਰੀ ਕੀਤੀ ਹੈ, ਜੋ ਕਿ ਦਰਮਿਆਨੇ ਤੋਂ ਗੰਭੀਰ ਜੋਖਮ ਨੂੰ ਦਰਸਾਉਂਦੀ ਹੈ, ਜਦੋਂ ਕਿ ਨੋਇਡਾ ਅਤੇ ਗਾਜ਼ੀਆਬਾਦ ਲਈ ਇੱਕ ਪੀਲਾ ਚੇਤਾਵਨੀ ਲਾਗੂ ਹੈ। ਅਧਿਕਾਰੀਆਂ ਨੇ ਲੋਕਾਂ ਨੂੰ ਮੀਂਹ ਅਤੇ ਤੇਜ਼ ਹਵਾਵਾਂ ਦੌਰਾਨ ਚੌਕਸ ਰਹਿਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਖੁੱਲ੍ਹੀਆਂ ਥਾਵਾਂ ਤੋਂ ਬਚਣ, ਗਰਜ-ਤੂਫ਼ਾਨ ਦੌਰਾਨ ਸੁਰੱਖਿਅਤ ਥਾਵਾਂ ’ਤੇ ਰਹਿਣ ਅਤੇ ਤੇਜ਼ ਹਵਾਵਾਂ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਣ ਲਈ ਢਿੱਲੀਆਂ ਚੀਜ਼ਾਂ ਨੂੰ ਸੁਰੱਖਿਅਤ ਰੱਖਣ ਦੀ ਸਲਾਹ ਦਿੱਤੀ ਹੈ। ਸੋਮਵਾਰ ਸਵੇਰੇ ਦਿੱਲੀ ਅਤੇ ਆਸ ਪਾਸ ਦੇ ਇਲਾਕਿਆਂ ਵਿੱਚ ਵੀ ਭਾਰੀ ਮੀਂਹ ਪਿਆ। ਮੌਸਮ ਵਿੱਚ ਇਸ ਤਬਦੀਲੀ ਨਾਲ ਤਾਪਮਾਨ ਹੇਠਾਂ ਆਵੇਗਾ ਅਤੇ ਮਾਹੌਲ ਠੰਢਾ ਅਤੇ ਤਾਜ਼ਾ ਹੋ ਜਾਵੇਗਾ। ਮੌਸਮ ਵਿਭਾਗ ਦਾ ਕਹਿਣਾ ਹੈ ਕਿ ਇਹ ਸਥਿਤੀ ਅਗਲੇ ਦੋ ਦਿਨਾਂ ਤੱਕ ਬਣੀ ਰਹੇਗੀ, ਇਸ ਲਈ ਲੋਕਾਂ ਲਈ ਚੌਕਸ ਰਹਿਣਾ ਮਹੱਤਵਪੂਰਨ ਹੈ।

## ਦੀਵਾਲੀ ਤੋਂ ਪਹਿਲਾਂ ਕ੍ਰਾਈਮ ਬ੍ਰਾਂਚ ਵੱਲੋਂ 1,645 ਕਿਲੋਗ੍ਰਾਮ ਪਾਬੰਦੀਸ਼ੁਦਾ ਪਟਾਕੇ ਜ਼ਬਤ

ਨਵੀਂ ਦਿੱਲੀ, 6 ਅਕਤੂਬਰ (ਚ. ਨ. ਸ.): ਦੀਵਾਲੀ ਤੋਂ ਪਹਿਲਾਂ, ਦਿੱਲੀ ਵਿੱਚ ਕ੍ਰਾਈਮ ਬ੍ਰਾਂਚ ਨੇ ਪ੍ਰਦੂਸ਼ਣ ਨੂੰ ਰੋਕਣ ਲਈ ਇੱਕ ਵੱਡੀ ਕਾਰਵਾਈ ਸ਼ੁਰੂ ਕੀਤੀ। 1,645 ਕਿਲੋਗ੍ਰਾਮ ਪਾਬੰਦੀਸ਼ੁਦਾ ਪਟਾਕੇ ਜ਼ਬਤ ਕੀਤੇ ਗਏ ਅਤੇ ਛੇ ਡੀਲਰਾਂ ਨੂੰ ਗ੍ਰਿਫਤਾਰ ਕੀਤਾ ਗਿਆ। ਜੋਤੀ ਨਗਰ ਪੁਲਿਸ ਨੇ ਪਟਾਕੇ ਵੀ ਜ਼ਬਤ ਕੀਤੇ। ਇਸ ਮੁਹਿੰਮ ਦਾ ਉਦੇਸ਼ ਵਾਤਾਵਰਣ ਦੀ ਰੱਖਿਆ ਅਤੇ ਸੁਪਰੀਮ ਕੋਰਟ ਦੇ ਆਦੇਸ਼ਾਂ ਦੀ ਪਾਲਣਾ ਕਰਨਾ ਸੀ। ਪੁਲਿਸ ਨੇ ਕਈ ਥਾਵਾਂ ’ਤੇ ਛਾਪੇਮਾਰੀ ਕੀਤੀ ਅਤੇ ਦੁੱਗਣੀ ਕੀਮਤ ’ਤੇ ਵੇਚੇ ਜਾ ਰਹੇ ਪਟਾਕੇ ਜ਼ਬਤ ਕੀਤੇ। ਇਸ ਤੋਂ ਇਲਾਵਾ, ਜੋਤੀ ਨਗਰ ਪੁਲਿਸ ਸਟੇਸ਼ਨ ਦੀ ਇੱਕ ਟੀਮ ਨੇ ਵੀ ਛਾਪਾ ਮਾਰਿਆ ਅਤੇ ਮੰਡੋਲੀ ਰੋਡ ’ਤੇ ਇੱਕ ਕਰਿਆਨੇ ਦੀ ਦੁਕਾਨ ਤੋਂ 106 ਕਿਲੋਗ੍ਰਾਮ ਪਾਬੰਦੀਸ਼ੁਦਾ ਪਟਾਕੇ ਬਰਾਮਦ ਕੀਤੇ।

## ਦਿੱਲੀ ਹਾਈ ਕੋਰਟ ਨੇ ਦੱਖਣੀ ਅਫ਼ਰੀਕੀ ਨਾਗਰਿਕ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਮਾਮਲੇ ਵਿੱਚ ਦਿੱਤੀ ਜ਼ਮਾਨਤ

ਨਵੀਂ ਦਿੱਲੀ, 6 ਅਕਤੂਬਰ (ਚ. ਨ. ਸ.): ਦਿੱਲੀ ਹਾਈ ਕੋਰਟ ਨੇ ਦੱਖਣੀ ਅਫ਼ਰੀਕੀ ਨਾਗਰਿਕ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਇੱਕ ਮਾਮਲੇ ਵਿੱਚ ਜ਼ਮਾਨਤ ਦੇ ਦਿੱਤੀ ਹੈ। ਅਦਾਲਤ ਨੇ ਨੋਟ ਕੀਤਾ ਕਿ ਜ਼ਬਤ ਕੀਤੇ ਗਏ ਨਸ਼ੀਲੇ ਪਦਾਰਥਾਂ ਦੇ ਨਮੂਨਿਆਂ ਨੂੰ ਜਾਂਚ ਤੋਂ ਪਹਿਲਾਂ ਮਿਲਾਇਆ ਗਿਆ ਸੀ, ਜਿਸ ਕਾਰਨ ਇਹ ਪਤਾ ਲਗਾਉਣਾ ਮੁਸ਼ਕਲ ਹੋ ਗਿਆ ਸੀ ਕਿ ਕਿਹੜਾ ਨਮੂਨਾ ਕਿਸ ਪੈਕੇਟ ਦਾ ਸੀ। ਦੋਸ਼ੀ ਚਾਰ ਸਾਲਾਂ ਤੋਂ ਵੱਧ ਸਮੇਂ ਤੋਂ ਹਿਰਾਸਤ ਵਿੱਚ ਹੈ, ਅਤੇ ਮਾਮਲੇ ਨੂੰ ਪੂਰਾ ਹੋਣ ਵਿੱਚ ਸਮਾਂ ਲੱਗਣ ਦੀ ਸੰਭਾਵਨਾ ਹੈ। ਕੁਐਂਟਿਨ ਡੀਕਨ ਨੂੰ ਜ਼ਮਾਨਤ ਦਿੰਦੇ ਹੋਏ, ਜਸਟਿਸ ਅਰੁਣ ਮੋਂਗਾ ਦੀ ਅਗਵਾਈ ਵਾਲੇ ਬੈਂਚ ਨੇ ਦੇਖਿਆ ਕਿ ਨਮੂਨੇ ਲੈਣ ਤੋਂ ਪਹਿਲਾਂ ਨਸ਼ੀਲੇ ਪਦਾਰਥਾਂ ਨੂੰ ਮਿਲਾਉਣ ਨਾਲ ਇਹ ਨਿਰਧਾਰਤ ਕਰਨਾ ਅਸੰਭਵ ਹੋ ਜਾਂਦਾ ਹੈ ਕਿ ਕਿਹੜਾ ਨਮੂਨਾ ਕਿਸ ਪੈਕੇਟ ਦਾ ਸੀ ਜਾਂ ਉਨ੍ਹਾਂ ਦੇ ਵਿਅਕਤੀਗਤ ਵਜ਼ਨ।

# ਦਿੱਲੀ ਵਿੱਚ ਹੈਜ਼ੇ ਦੇ ਮਾਮਲੇ ਅਚਾਨਕ ਵਧੇ

ਨਵੀਂ ਦਿੱਲੀ, 6 ਅਕਤੂਬਰ (ਚ. ਨ. ਸ.): ਰਾਜਧਾਨੀ ਦਿੱਲੀ ਵਿੱਚ ਹੈਜ਼ਾ ਦੇ ਮਾਮਲੇ ਵਧੇ ਹਨ। ਇਸ ਸਾਲ ਲੱਗਭੱਗ 250 ਮਾਮਲੇ ਸਾਹਮਣੇ ਆਏ ਹਨ। ਸਿਹਤ ਅਧਿਕਾਰੀ ਪੀਣ ਵਾਲੇ ਪਾਣੀ ਅਤੇ ਹੜ੍ਹ ਤੋਂ ਬਾਅਦ ਦੇ ਪ੍ਰਦੂਸ਼ਣ ਨੂੰ ਜ਼ਿੰਮੇਵਾਰ ਠਹਿਰਾ ਰਹੇ ਹਨ। ਹਾਲਾਂਕਿ, ਅਜੇ ਤੱਕ ਕੋਈ ਮੌਤ ਨਹੀਂ ਹੋਈ ਹੈ। ਜ਼ਿਆਦਾਤਰ ਮਾਮਲੇ ਉੱਤਰੀ ਦਿੱਲੀ ਵਿੱਚ ਸਾਹਮਣੇ ਆਏ ਹਨ। ਹਾਲਾਂਕਿ, ਹਰ ਨਗਰਪਾਲਿਕਾ ਖੇਤਰ ਤੋਂ ਹੈਜ਼ਾ ਦੇ ਮਾਮਲੇ ਆ ਰਹੇ ਹਨ। ਕਈ ਸਰਕਾਰੀ ਹਸਪਤਾਲਾਂ ਦੇ ਡਾਕਟਰਾਂ ਨੂੰ ਰੋਜ਼ਾਨਾ ਤਿੰਨ ਤੋਂ ਚਾਰ ਹੈਜ਼ਾ ਦੇ ਮਾਮਲੇ ਮਿਲਣ ਦੀ ਰਿਪੋਰਟ ਹੈ। ਸਹੂਲਤਾਂ ਦੀ ਘਾਟ ਕਾਰਨ ਕਈਆਂ ਨੂੰ ਛੂਤ ਦੀਆਂ ਬਿਮਾਰੀਆਂ ਦੇ ਹਸਪਤਾਲਾਂ ਵਿੱਚ ਭੇਜਿਆ ਗਿਆ ਹੈ। ਮੌਜੂਦਾ ਗਿਣਤੀ 2018 ਵਿੱਚ ਦਰਜ ਅੰਕੜਿਆਂ ਨਾਲੋਂ ਲਗਭਗ ਦੁੱਗਣੀ ਹੈ, ਜਦੋਂ ਉੱਤਰੀ ਦਿੱਲੀ ਦੇ ਬਧੌਲਾ ਪਿੰਡ ਵਿੱਚ ਇੱਕ ਵੱਡਾ ਪ੍ਰਕੋਪ ਫੈਲਿਆ ਸੀ, ਜਿਸ ਵਿੱਚ 134 ਮਾਮਲੇ ਸਨ। ਅਧਿਕਾਰੀਆਂ ਨੇ ਮੰਨਿਆ ਕਿ 2024 ਵਿੱਚ ਕੋਈ ਕੇਸ ਸਾਹਮਣੇ ਨਹੀਂ ਆਇਆ ਸੀ, ਪਰ ਇਸ ਸਾਲ ਹਸਪਤਾਲਾਂ ਵਿੱਚ ਮਰੀਜ਼ਾਂ ਦੀ ਭਾਰੀ ਆਮਦ ਨੇ ਉਨ੍ਹਾਂ ਨੂੰ ਅੰਕੜਿਆਂ ਨੂੰ ਦੁਬਾਰਾ ਦਰਜ ਕਰਨ ਲਈ ਮਜਬੂਰ ਕੀਤਾ ਹੈ। ਉਨ੍ਹਾਂ ਕਿਹਾ ਕਿ ਸੰਕਰਮਿਤ ਲੋਕਾਂ ਦੀ ਉਮਰ ਅਤੇ ਸਥਾਨ ਵਰਗੇ ਮੁਲਾਂਕਣ ਅਜੇ ਕੀਤੇ ਜਾਣੇ ਬਾਕੀ ਹਨ। ਐਮਸੀਡੀ ਦੇ ਕਸਤੂਰਬਾ ਹਸਪਤਾਲ ਦੇ ਐਮਰਜੈਂਸੀ ਵਾਰਡ ਦੇ ਇੱਕ ਡਾਕਟਰ ਨੇ ਕਿਹਾ, ਸਾਨੂੰ ਹਰ ਰੋਜ਼ ਹੈਜ਼ਾ ਦੇ ਲੱਗਭੱਗ 3-5 ਮਾਮਲੇ ਮਿਲ ਰਹੇ ਹਨ। ਕਿਉਂਕਿ ਇਹ ਛੂਤਕਾਰੀ ਹੈ ਅਤੇ ਸਾਡੇ ਵਾਰਡ ਵਿੱਚ ਬਹੁਤ ਸਾਰੇ ਨਵਜੰਮੇ ਬੱਚੇ ਹਨ, ਅਸੀਂ ਉਨ੍ਹਾਂ ਨੂੰ ਇੱਥੇ ਦਾਖਲ ਨਹੀਂ ਕਰ ਸਕਦੇ। ਇਸ ਲਈ, ਉਨ੍ਹਾਂ ਸਾਰਿਆਂ ਨੂੰ ਮਹਾਰਿਸ਼ੀ ਵਾਲਮੀਕਿ ਆਈਡੀਐਚ ਰੈਫਰ ਕੀਤਾ ਜਾਂਦਾ ਹੈ। ਉਸਨੇ ਅੱਗੇ ਕਿਹਾ, ਸਮੱਸਿਆ ਇਹ ਹੈ ਕਿ ਅਸੀਂ ਸ਼ਾਮ 4 ਵਜੇ ਤੋਂ ਬਾਅਦ ਟੈਸਟਿੰਗ ਦੀ ਪੇਸ਼ਕਸ਼ ਨਹੀਂ ਕਰਦੇ, ਇਸ ਲਈ ਬਹੁਤ ਸਾਰੇ ਮਾਮਲਿਆਂ ਵਿੱਚ, ਸਾਨੂੰ ਮਰੀਜ਼ਾਂ ਨੂੰ ਨਿੱਜੀ ਪੈਥੋਲੋਜੀ ਲੈਬਾਂ ਵਿੱਚ ਭੇਜਣਾ ਪੈਂਦਾ ਹੈ।

# ਸੈਰ-ਸਪਾਟਾ ਖੇਤਰ ਅਗਲੇ ਦਹਾਕੇ ਵਿੱਚ 90 ਮਿਲੀਅਨ ਨੌਕਰੀਆਂ ਪੈਦਾ ਕਰੇਗਾ: ਰਿਪੋਰਟ

## ਮੰਗ ਇੱਕ ਸਾਲ ਤੋਂ ਵੱਧ ਰਹੀ ਹੈ, ਹੁਣ 43 ਮਿਲੀਅਨ ਲੋਕਾਂ ਦੀ ਲੋੜ ਹੈ

ਨਵੀਂ ਦਿੱਲੀ, 6 ਅਕਤੂਬਰ (ਚ. ਨ. ਸ.): ਦੁਨੀਆਂ ਦੀਆਂ 20 ਵੱਡੀਆਂ ਅਰਥਵਿਵਸਥਾਵਾਂ ਲਈ ਰੁਜ਼ਗਾਰ ਖੇਤਰ ਵਿੱਚ ਖੁਸ਼ਖਬਰੀ ਆਈ ਹੈ। ਵਰਲਡ ਟਰੈਵਲ ਐਂਡ ਟੂਰਿਜ਼ਮ ਕੌਂਸਲ (WTTC) ਦੀ ਇੱਕ ਤਾਜ਼ਾ ਰਿਪੋਰਟ ਦੇ ਅਨੁਸਾਰ, ਸੈਰ-ਸਪਾਟਾ ਅਤੇ ਯਾਤਰਾ ਉਦਯੋਗ ਅਗਲੇ ਦਸ ਸਾਲਾਂ ਵਿੱਚ 91 ਮਿਲੀਅਨ ਨਵੀਆਂ ਨੌਕਰੀਆਂ ਪੈਦਾ ਕਰੇਗਾ। ਇਹ ਵਿਸ਼ਵ ਪੱਧਰ ’ਤੇ ਪੈਦਾ ਹੋਣ ਵਾਲੀਆਂ ਹਰ ਤਿੰਨ ਨਵੀਆਂ ਨੌਕਰੀਆਂ ਵਿੱਚੋਂ ਇੱਕ ਦੇ ਬਰਾਬਰ ਹੋਵੇਗਾ। ਯਾਤਰਾ ਅਤੇ ਸੈਰ-ਸਪਾਟਾ ਕਾਰਜਬਲ ਦਾ ਭਵਿੱਖ ਸਿਰਲੇਖ ਵਾਲੀ ਰਿਪੋਰਟ ਚੇਤਾਵਨੀ ਦਿੰਦੀ ਹੈ ਕਿ ਜੇਕਰ ਜਨਸੰਖਿਆ ਤਬਦੀਲੀਆਂ ਅਤੇ ਹੁਨਰ ਵਿਕਾਸ ਨੂੰ ਸੰਬੋਧਿਤ ਨਹੀਂ ਕੀਤਾ ਜਾਂਦਾ ਹੈ, ਤਾਂ ਇਸ ਖੇਤਰ ਨੂੰ 2035 ਤੱਕ 43 ਮਿਲੀਅਨ ਕਾਮਿਆਂ ਦੀ ਘਾਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ। 2024 ਵਿੱਚ, ਇਸ ਖੇਤਰ ਦੀ ਮੰਗ ਪਹਿਲਾਂ ਨਾਲੋਂ ਕਿਤੇ ਵੱਧ ਸੀ। ਯਾਤਰਾ ਅਤੇ ਸੈਰ-ਸਪਾਟਾ ਉਦਯੋਗ ਦਾ ਗਲੋਬਲ ਜੀਡੀਪੀ ਵਿੱਚ ਯੋਗਦਾਨ 8.5 ਪ੍ਰਤੀਸ਼ਤ ਵੱਧ ਕੇ £10.9 ਟ੍ਰਿਲੀਅਨ ਤੱਕ ਪਹੁੰਚ ਗਿਆ। ਇਸ ਤੋਂ ਇਲਾਵਾ, ਇਸ ਸਾਲ 20.7 ਮਿਲੀਅਨ ਨਵੀਆਂ ਨੌਕਰੀਆਂ ਪੈਦਾ ਹੋਈਆਂ, ਜਿਸ ਨਾਲ ਇਸ ਖੇਤਰ ਵਿੱਚ ਵਿਸ਼ਵਵਿਆਪੀ ਰੁਜ਼ਗਾਰ 357 ਮਿਲੀਅਨ ਹੋ ਗਿਆ।

# ਪਿੰਡ-ਪਿੰਡ ਪਹੁੰਚ ਰਿਹੈ ਪਰਾਲ਼ੀ ਨੂੰ ਅੱਗ ਨਾ ਲਗਾਉਣ ਦਾ ਹੋਕਾ



ਬਰਨਾਲਾ, 6 ਅਕਤੂਬਰ (ਬਘੇਲ ਸਿੰਘ ਧਾਲੀਵਾਲ) : ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਦੇ ਅਗਵਾਈ ਹੇਠ ਜ਼ਿਲ੍ਹਾ ਬਰਨਾਲਾ 'ਚ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਦਾ ਸੁਨੇਹਾ ਪਿੰਡ-ਪਿੰਡ ਤੱਕ ਪੁੱਜ ਰਿਹਾ ਹੈ। ਵੱਖ ਵੱਖ ਵਿਭਾਗਾਂ ਦੇ ਅਫਸਰਾਂ ਅਤੇ ਕਰਮਚਾਰੀਆਂ ਵੱਲੋਂ ਪਿੰਡ ਪੱਧਰ ਉੱਤੇ ਕਿਸਾਨਾਂ ਨਾਲ ਰਾਬਤਾ ਕਾਇਮ ਕਰਕੇ ਉਨ੍ਹਾਂ ਨੂੰ ਪਰਾਲੀ ਪ੍ਰਬੰਧਾਂ ਸਬੰਧੀ ਉਪਲੱਬਧ ਸੰਦਾਂ ਦੀ ਜਾਣਕਾਰੀ ਅਤੇ ਉਸ ਦੀ ਪਿੰਡ 'ਚ ਉਪਲੱਬਤਾ ਸਬੰਧੀ ਸੂਚਨਾ ਦਿੱਤੀ ਜਾ ਰਹੀ ਹੈ। ਜ਼ਿਲ੍ਹਾ ਬਰਨਾਲਾ ਵਿੱਚ ਪਰਾਲੀ ਪ੍ਰਬੰਧਨ ਲਈ 13 ਕਲੱਸਟਰ, 26 ਅਸਿਸਟੈਂਟ ਕਲੱਸਟਰ ਅਫਸਰ ਅਤੇ 261 ਨੋਡਲ ਅਫਸਰ ਤੈਨਾਤ ਕੀਤੇ ਗਏ ਹਨ। ਇਨ੍ਹਾਂ ਅਧਿਕਾਰੀਆਂ ਨੇ ਪਿੰਡ ਠੀਕਰੀਵਾਲ, ਮਹਿਲ ਕਲਾਂ, ਵਜੀਦਕੇ ਕਲਾਂ, ਚਰਵਾਹੀ, ਖੁੱਡੀ ਕਲਾਂ, ਜੋਧਪੁਰ, ਕਾਲੇਕੇ ਅਤੇ ਹੋਰ ਇਲਾਕਿਆਂ ਵਿੱਚ ਕਿਸਾਨਾਂ ਨੂੰ ਜਾਗਰੂਕ ਕੀਤਾ ਗਿਆ। ਕਿਸਾਨਾਂ ਨੂੰ ਉੱਨਤ ਕਿਸਾਨ ਮੋਬਾਈਲ ਐਪ ਸਬੰਧੀ ਵੀ ਸਿਖਲਾਈ ਦਿੱਤੀ ਗਈ। ਕਿਸਾਨਾਂ ਨੂੰ ਆਪਣੇ ਘਰ ਬੈਠੇ ਹੀ ਮੋਬਾਇਲ ਫੋਨ ਰਾਹੀਂ ਸੀ ਆਰ ਐੱਮ ਮਸ਼ੀਨਾਂ ਨੂੰ ਆਸਾਨੀ ਨਾਲ ਬੁੱਕ ਕਰਨ ਦੀ ਸਹੂਲਤ ਦਿੰਦਾ ਹੈ। ਪਰਾਲੀ ਪ੍ਰਬੰਧਾਂ ਸਬੰਧੀ ਤਾਇਨਾਤ ਅਫਸਰਾਂ ਅਤੇ ਕਰਮਚਾਰੀਆਂ ਨੇ ਕਿਸਾਨ ਵੀਰਾਂ ਜ਼ਿਲ੍ਹਾ ਪ੍ਰਸ਼ਾਸਨ ਬਰਨਾਲਾ ਵੱਲੋਂ ਪਰਾਲੀ ਦਾ ਸੁਚੱਜਾ ਨਿਬੇੜਾ ਕਰਨ ਵਾਲੇ ਕਿਸਾਨਾਂ ਲਈ 7 ਲੱਖ ਦਾ ਲੱਕੀ ਡਰਾਅ ਸਬੰਧੀ ਵੀ ਦੱਸਿਆ, ਜਿਸ ਤਹਿਤ ਹਰ ਹਫਤੇ 25 ਕਿਸਾਨਾਂ ਨੂੰ 1 ਲੱਖ ਦੇ ਇਨਾਮ ਦਿੱਤੇ ਜਾਣਗੇ। ਇਸ ਵਾਸਤੇ ਰਜਿਸਟਰੇਸ਼ਨ ਲਿੰਕ 7973975463 'ਤੇ ਵਟਸਐਪ ਰਾਹੀਂ ਪ੍ਰਾਪਤ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਪਰਾਲੀ ਪ੍ਰਬੰਧਨ ਲਈ ਮਸ਼ੀਨਰੀ ਦੀ ਲੋੜ ਸਬੰਧੀ ਕੰਟਰੋਲ ਰੂਮ ਨੰਬਰ 01679-233031 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਸ਼ਾਮ 6 ਵਜੇ ਤੋਂ ਸਵੇਰੇ 10 ਵਜੇ ਤੱਕ ਜ਼ਿਲ੍ਹਾ ਬਰਨਾਲਾ 'ਚ ਕੰਬਾਇਨਾਂ ਨਾਲ ਝੋਨੇ ਦੀ ਵਾਢੀ ਨਾ ਕੀਤੀ ਜਾਵੇ ਤੇ ਕੰਬਾਈਨ ਬਿਨਾਂ ਸੁਪਰ ਐੱਸ ਐੱਮ ਐੱਸ ਤੋਂ ਨਾ ਚਲਾਈ ਜਾਵੇ। ਮਸ਼ੀਨਰੀ ਦੀ ਸੁਚੱਜੀ ਵਰਤੋਂ ਕੀਤੀ ਜਾਵੇ ਅਤੇ ਪਰਾਲੀ ਨੂੰ ਅੱਗ ਨਾ ਲਾਈ ਜਾਵੇ।

# ਨੌਜਵਾਨ ਦਾ ਕਤਲ ਕਰਨ ਵਾਲੇ ਕਾਬੂ



ਬਰਨਾਲਾ, 6 ਅਕਤੂਬਰ, (ਚਮਕੌਰ ਸਿੰਘ ਗੱਗੀ/ ਹਿਮਾਂਸੂ ਗਰਗ): ਲੰਘੇ ਦਿਨ ਇੱਕ ਨੌਜਵਾਨ ਦੇ ਕਤਲ ਮਾਮਲੇ 'ਚ ਬਰਨਾਲਾ ਪੁਲਿਸ ਨੇ ਕਾਤਲਾਂ ਨੂੰ ਕਾਬੂ ਕਰਨ 'ਚ ਸਫਲਤਾ ਹਾਸਲ ਕੀਤੀ ਹੈ। ਇਸ ਸਬੰਧੀ ਕੀਤੀ ਗਈ ਪ੍ਰੈੱਸ ਕਾਨਫਰੰਸ ਦੌਰਾਨ ਜਾਣਕਾਰੀ ਦਿੰਦਿਆਂ ਡੀਐੱਸਪੀ ਸਤਵੀਰ ਸਿੰਘ ਬੈਂਸ ਨੇ ਦੱਸਿਆ ਕਿ ਦੁਸਹਿਰੇ ਵਾਲੇ ਦਿਨ ਕੁਝ ਅਣਪਛਾਤੇ ਵਿਅਕਤੀਆਂ ਨੇ ਹੀਰਾ ਸਿੰਘ ਪੁੱਤਰ ਭੋਲਾ ਸਿੰਘ ਵਾਸੀ ਬਰਨਾਲਾ ਦਾ ਕਿਰਚ ਮਾਰ ਕੇ ਕਤਲ ਕਰ ਦਿੱਤਾ ਸੀ। ਜਿਸ ਸਬੰਧੀ ਇੰਸਪੈਕਟਰ ਲਖਵਿੰਦਰ ਸਿੰਘ ਮੁੱਖ ਅਫਸਰ ਥਾਣਾ ਸਿਟੀ ਬਰਨਾਲਾ ਨੇ ਮ੍ਰਿਤਕ ਹੀਰਾ ਸਿੰਘ ਦੇ ਪਿਤਾ ਭੋਲਾ ਸਿੰਘ ਦੇ ਬਿਆਨ ਦੇ ਅਧਾਰ ਪਰ 5/6 ਅਣਪਛਾਤੇ ਵਿਅਕਤੀਆਂ ਦੇ ਖਿਲਾਫ ਮੁਕੱਦਮਾ ਨੰਬਰ 449 ਥਾਣਾ ਸਿਟੀ ਇੱਕ ਬਰਨਾਲਾ ਵਿਖੇ ਦਰਜ ਕੀਤਾ ਸੀ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਨੂੰ ਟਰੇਸ ਕਰਨ ਸਬੰਧੀ ਸੀਆਈਏ ਸਟਾਫ ਬਰਨਾਲਾ ਦੇ ਇੰਚਾਰਜ ਇੰਸਪੈਕਟਰ ਬਲਜੀਤ ਸਿੰਘ, ਇੰਸਪੈਕਟਰ ਲਖਵਿੰਦਰ ਸਿੰਘ ਮੁੱਖ ਅਫਸਰ ਥਾਣਾ ਸਿਟੀ ਬਰਨਾਲਾ, ਥਾਣੇਦਾਰ ਚਰਨਜੀਤ ਸਿੰਘ ਮੁੱਖ ਅਫਸਰ ਥਾਣਾ ਸਿਟੀ-2 ਬਰਨਾਲਾ ਤੇ ਇੰਸਪੈਕਟਰ ਜਗਜੀਤ ਸਿੰਘ ਮੁੱਖ ਅਫਸਰ ਥਾਣਾ ਸਦਰ ਬਰਨਾਲਾ ਦੀਆਂ ਟੀਮਾਂ ਦਾ ਗਠਿਤ ਕੀਤਾ ਗਿਆ ਸੀ। ਪੁਲਿਸ ਨੇ 48 ਘੰਟਿਆਂ ਦੇ ਅੰਦਰ ਅੰਦਰ ਕਾਤਲਾਂ ਨੂੰ ਟਰੇਸ ਕਰਕੇ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਕਾਬੂ ਕੀਤੇ ਗਏ ਵਿਅਕਤੀਆਂ ਦੀ ਪਹਿਚਾਣ ਕੁਲਵਿੰਦਰ ਸਿੰਘ ਉਰਫ ਕਿੰਦਾ ਉਰਫ ਨਾਨੂ ਪੁੱਤਰ ਬੀਰਬਲ ਸਿੰਘ ਵਾਸੀ ਬੰਗਲਾ ਪੱਤੀ ਸੇਖਾ, ਬਲਜਿੰਦਰ ਸਿੰਘ ਉਰਫ ਹਰਮਨ ਸਿੰਘ ਉਰਫ ਨੇਪਾਲੀ ਪੁੱਤਰ ਜਗਤਾਰ ਸਿੰਘ ਵਾਸੀ ਬੰਗਲਾ ਪੱਤੀ ਸੇਖਾ ਤੇ ਦਿਲਪ੍ਰੀਤ ਸਿੰਘ ਉਰਫ ਸੰਜੇ ਪੁੱਤਰ ਅਮਨਦੀਪ ਸਿੰਘ ਵਾਸੀ ਕੁੰਬੜਵਾਲ ਰੋਡ ਸੇਖਾ ਵਜੋਂ ਹੋਈ ਹੈ।

# ਵਾਈ.ਐਸ. ਸਕੂਲ ਨੇ ਸ਼ਾਨਦਾਰ ਬੁੱਕ ਲਾਂਚ ਤੇ ਲਿਟਰੇਰੀ ਆਰਟ ਫੈਸਟ-2025 ਕਰਵਾਇਆ



ਬਰਨਾਲਾ, 6 ਅਕਤੂਬਰ (ਬਘੇਲ ਸਿੰਘ ਧਾਲੀਵਾਲ) : ਵਾਈ.ਐਸ. ਪਬਲਿਕ ਸਕੂਲ ਨੇ ਆਪਣੀ ਕਾਬਲਿਅਤਾ ਨੂੰ ਇੱਕ ਵਾਰ ਫਿਰ ਸਾਬਤ ਕਰਦਿਆਂ ਬੁੱਕ ਲਾਂਚ ਤੇ ਲਿਟਰੇਰੀ ਆਰਟ ਫੈਸਟ 2025 ਕਰਵਾਇਆ। ਇਹ ਸਮਾਗਮ ਰਚਨਾਤਮਕਤਾ, ਵਿਸ਼ਵਾਸ ਤੇ ਬੁੱਧੀਮਾਨੀ ਦਾ ਸਮਾਗਮ ਬਣਿਆ, ਜਿਸ 'ਚ ਸਕੂਲ ਨੇ ਆਪਣੇ ਵਿਦਿਆਰਥੀਆਂ ਵੱਲੋਂ ਲਿਖੀਆਂ ਚਾਰ ਕਿਤਾਬਾਂ ਜਾਰੀ ਕੀਤੀਆਂ - "ਡੂੰਘੀਆਂ ਸੋਚਾਂ"(ਸਹਜ ਬਾਜਵਾ), "ਨਾਈਟ ਇਨ ਡੇ"(ਹਰਮਨਦੀਪ ਕੌਰ), "ਲਫ਼ਜ਼ ਖੁਸ਼ੀ ਦੇ"(ਖੁਸ਼ਪ੍ਰੀਤ ਕੌਰ) ਅਤੇ "ਅੱਖਰ ਬੋਲ ਪਏ"(ਅਰਸ਼ਦੀਪ ਕੌਰ)। ਇਸ ਮੌਕੇ 'ਤੇ ਮਾਨਯੋਗ ਐਮ.ਐਲ.ਏ. ਕੁਲਦੀਪ ਸਿੰਘ ਢਿੱਲੋਂ ਮੁੱਖ ਮਹਿਮਾਨ ਵਜੋਂ ਹਾਜ਼ਰ ਰਹੇ। ਉਨ੍ਹਾਂ ਨੇ ਸਕੂਲ ਦੀਆਂ ਕੋਸ਼ਿਸ਼ਾਂ ਦੀ ਸਰਾਹਨਾ ਕਰਦਿਆਂ ਐਲਾਨ ਕੀਤਾ ਕਿ ਇਹ ਵਿਦਿਆਰਥੀਆਂ ਵੱਲੋਂ ਲਿਖੀਆਂ ਕਿਤਾਬਾਂ ਵਿਧਾਨ ਸਭਾ ਲਾਇਬ੍ਰੇਰੀ 'ਚ ਰੱਖੀਆਂ ਜਾਣਗੀਆਂ, ਤਾਂ ਜੋ ਹੋਰ ਨੌਜਵਾਨ ਵੀ ਇਨ੍ਹਾਂ ਤੋਂ ਪ੍ਰੇਰਿਤ ਹੋ ਸਕਣ। ਮਾਪੇ ਆਪਣੇ ਬੱਚਿਆਂ ਨੂੰ ਲੇਖਕ ਵਜੋਂ ਸਨਮਾਨਿਤ ਹੁੰਦਾ ਦੇਖ ਬਹੁਤ ਹੀ ਗੌਰਵ ਤੇ ਭਾਵੁਕ ਹੋਏ। ਇਸ ਫੈਸਟ 'ਚ 500 ਤੋਂ ਵੱਧ ਵਿਦਿਆਰਥੀਆਂ ਨੇ ਕਵਿਤਾ, ਡਰਾਮਾ ਅਤੇ ਆਪਣੇ ਲਿਖੇ ਰਚਨਾਤਮਕ ਕੰਮਾਂ ਰਾਹੀਂ ਆਪਣੀ ਪ੍ਰਤਿਭਾ ਦਿਖਾਈ। ਇਸ ਸਾਲ ਸਕੂਲ ਵੱਲੋਂ 65 ਕਿਤਾਬਾਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ, ਜੋ ਵਿਦਿਆਰਥੀਆਂ ਦੀ ਰਚਨਾਤਮਕ ਸੋਚ ਤੇ ਆਤਮ ਵਿਸ਼ਵਾਸ ਦਾ ਸਬੂਤ ਹਨ। ਪ੍ਰਿੰਸੀਪਲ ਮੋਹਿਤ ਜਿੰਦਲ ਨੇ ਕਿਹਾ, "ਵਾਈ.ਐਸ. ਪਬਲਿਕ ਸਕੂਲ ਸਿਰਫ ਸਿੱਖਿਆ ਨਹੀਂ ਦਿੰਦਾ, ਇਹ ਦੂਰਦਰਸ਼ੀ ਨੇਤਾ ਤਿਆਰ ਕਰਦਾ ਹੈ। ਸਾਡਾ ਮਿਸ਼ਨ ਸੋਚਣ ਵਾਲੇ, ਸੰਚਾਰਕ ਤੇ ਰਚਨਾਤਮਕ ਵਿਦਿਆਰਥੀ ਤਿਆਰ ਕਰਨਾ ਹੈ ਜੋ ਕਲਪਨਾ ਅਤੇ ਉਦੇਸ਼ ਨਾਲ ਅੱਗੇ ਵਧਣ। 65 ਕਿਤਾਬਾਂ ਦਾ ਪ੍ਰਕਾਸ਼ਨ ਇਹ ਦਰਸਾਉਂਦਾ ਹੈ ਕਿ ਸਾਡੇ ਵਿਦਿਆਰਥੀ ਸਿਰਫ਼ ਟੌਪਰ ਨਹੀਂ, ਸਫਲ ਲੇਖਕ ਵੀ ਹਨ।"ਇਹ ਸਮਾਗਮ ਵਾਈ.ਐਸ. ਪਬਲਿਕ ਸਕੂਲ ਦੇ ਉਸ ਵਿਜ਼ਨ ਨੂੰ ਦਰਸਾਉਂਦਾ ਹੈ ਜਿੱਥੇ ਹਰ ਬੱਚੇ ਨੂੰ ਸੁਪਨੇ ਦੇਖਣ, ਲਿਖਣ ਅਤੇ ਮੰਚ 'ਤੇ ਚਮਕਣ ਦਾ ਮੌਕਾ ਮਿਲਦਾ ਹੈ।

# ਬ੍ਰਿਲੀਐਂਟ ਸਕੂਲ ਪੱਖੋ ਕਲਾਂ ਦੇ ਵਿਦਿਆਰਥੀਆਂ ਵੱਲੋਂ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ



ਬਰਨਾਲਾ, 6 ਅਕਤੂਬਰ (ਬਘੇਲ ਸਿੰਘ ਧਾਲੀਵਾਲ) : ਸਿੱਖਿਆ ਦਾ ਚਾਨਣ ਮੁਨਾਰਾ ਬ੍ਰਿਲੀਐਂਟ ਸਕੂਲ ਪੱਖੋ ਕਲਾਂ ਜੋ ਕਿ ਸੰਤ ਬਾਬਾ ਚਰਨਪੁਰੀ ਤੇ ਐੱਮ ਡੀ ਮੈਡਮ ਕਰਮਜੀਤ ਕੌਰ ਦੇਵਾ ਜੀ ਦੀ ਅਗਵਾਈ ਅਧੀਨ ਚੱਲ ਰਿਹਾ ਹੈ। ਸੱਭਿਆਚਾਰਿਕ ਗਤੀ ਵਿਧੀਆਂ ਦੇ ਨਾਲ ਨਾਲ ਖੇਡਾਂ ਦੇ ਖੇਤਰ 'ਚ ਵੀ ਸਕੂਲ ਤਰੱਕੀ ਦੀਆਂ ਮੰਜ਼ਿਲਾਂ ਨੂੰ ਛੋਹ ਰਿਹਾ ਹੈ। ਸਕੂਲ ਦੇ ਵਿਦਿਆਰਥੀਆਂ ਨੇ ਪ੍ਰਾਇਮਰੀ ਵਿੰਗ ਦੀਆ ਸੈਂਟਰ ਪੱਧਰੀ ਖੇਡਾਂ ਜੋ ਕਿ ਸਰਕਾਰੀ ਪ੍ਰਾਇਮਰੀ ਸਕੂਲ ਰੂੜੇਕੇ ਕਲਾਂ ਵਿਖੇ ਹੋਇਆ, 'ਚ ਹਿੱਸਾ ਲਿਆ ਤੇ ਸ਼ਾਨਦਾਰ ਪੁਜੀਸ਼ਨਾਂ ਹਾਸਿਲ ਕੀਤੀਆਂ ਜਿਵੇਂ ਕਿ ਗੁਰਨੂਰ ਕੌਰ ਨੇ 400 ਮੀਟਰ ਰੇਸ 'ਚ ਸਿਲਵਰ ਮੈਡਲ, ਗੁਰਪ੍ਰਤਾਪ ਨੇ 600 ਮੀਟਰ ਰੇਸ 'ਚ ਸਿਲਵਰ ਮੈਡਲ ਅਤੇ ਰਿਲੇਅ 4x100 ਮੀਟਰ 'ਚ ਗੁਰਸ਼ਰਨ ਕੌਰ, ਦਿਵਜੋਤ ਕੌਰ, ਕਮਲਦੀਪ ਕੌਰ ਤੇ ਗੁਰਨੂਰ ਕੌਰ ਨੇ ਗੋਲਡ ਮੈਡਲ ਜਿੱਤ ਕੇ ਸੰਸਥਾ ਦਾ ਨਾਮ ਚਮਕਾਇਆ ਹੈ। ਬੱਚਿਆਂ ਨੂੰ ਸੰਤ ਬਾਬਾ ਚਰਨਪੁਰੀ ਨੇ ਇਸ ਮੌਕੇ ਸਕੂਲ ਪ੍ਰਿੰਸੀਪਲ ਸੁਮਨ ਸ਼ਰਮਾ ਨੇ ਡੀਪੀ ਸੁਖਰਾਜ ਤੇ ਰਵੀ ਰਾਮ ਨੂੰ ਚੰਗੇ ਪ੍ਰਦਰਸ਼ਨ ਲਈ ਵਧਾਈ ਦਿੱਤੀ। ਬੱਚਿਆਂ ਨੂੰ ਭਵਿੱਖ 'ਚ ਚੰਗਾ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਦੇ ਕੋਆਰਡੀਨੇਟਰ ਮੈਡਮ ਨਰਿੰਦਰ ਕੌਰ ਤੇ ਸਮੂਹ ਸਟਾਫ ਹਾਜ਼ਰ ਸਨ।

# ਵਰਲਡ ਐਨੀਮਲ ਡੇਅ ਮੌਕੇ ਸ਼ੋਅ ਐਂਡ ਟੈੱਲ ਦੇ ਮੁਕਾਬਲੇ ਕਰਵਾਏ




ਤਪਾ ਮੰਡੀ, 6 ਅਕਤੂਬਰ(ਭੂਸ਼ਨ ਘੜੈਲਾ):ਸ਼ਿਵਾਲਿਕ ਪਬਲਿਕ ਸਕੂਲ ਤਪਾ ਵਿਖੇ ਵਰਲਡ ਐਨੀਮਲ ਡੇਅ ਮੌਕੇ 'ਤੇ ਸ਼ੋਅ ਐਂਡ ਟੈੱਲ ਦੇ ਮੁਕਾਬਲੇ ਕਰਵਾਏ। ਜਿਸ ਵਿੱਚ ਜਮਾਤ ਯੂ ਕੇ ਜੀ ਦੇ ਬੱਚਿਆਂ ਨੇ ਭਾਗ ਲਿਆ। ਇਸ ਮੁਕਾਬਲੇ ਵਿੱਚ ਬੱਚਿਆਂ ਨੇ ਵੱਖ ਵੱਖ ਜਾਨਵਰਾਂ ਦੇ ਬਾਰੇ ਵਿੱਚ ਦੱਸਿਆ। ਅਕਸਰ ਬੱਚੇ, ਆਪਣੇ ਮਨਪਸੰਦ ਜਾਨਵਰ ਨੂੰ ਦਰਸ਼ਕਾਂ ਸਾਹਮਣੇ ਪੇਸ਼ ਕਰਦੇ ਹਨ, ਇਸ ਲਈ ਬੱਚੇ ਆਪਣੇ ਘਰੋਂ ਵੱਖ ਵੱਖ ਜਾਨਵਰਾਂ ਦੀਆਂ ਤਸਵੀਰਾਂ ਖਿਡੌਣੇ ਅਤੇ ਮੂਰਤੀਆਂ ਲੈ ਕੇ ਆਏ ਸਨ। ਬੱਚਿਆਂ ਨੇ ਭਾਸ਼ਣ ਵਿੱਚ ਜਾਨਵਰਾਂ ਬਾਰੇ ਕਈ ਦਿਲਚਸਪ ਤੱਥ ਸਾਂਝੇ ਕੀਤੇ। ਇਸ ਮੌਕੇ ਤੇ ਸਕੂਲ ਪ੍ਰਿੰਸੀਪਲ ਮੋਨਿਕਾ ਗਰਗ ਨੇ ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਇਸ ਤਰਾਂ ਦੇ ਕੰਪੀਟੀਸ਼ਨ ਬੱਚਿਆਂ ਵਿੱਚ ਜਾਨਵਰਾਂ ਦੀ ਭਲਾਈ ਲਈ ਜਾਗਰੂਕਤਾ ਪੈਦਾ ਕਰਦੇ ਹਨ। ਅਜਿਹੀਆਂ ਗਤੀਵਿਧੀਆਂ ਜਾਨਵਰਾਂ ਪ੍ਰਤੀ ਵਿਸ਼ਵਾਸ ਪੈਦਾ ਕਰਨ,ਵੱਖ-ਵੱਖ ਜਾਨਵਰਾਂ, ਉਨ੍ਹਾਂ ਦੇ ਨਿਵਾਸ ਸਥਾਨਾਂ ਦੀ ਸੰਭਾਲ ਦੀ ਮਹੱਤਤਾ ਬਾਰੇ ਦੂਜਿਆਂ ਨੂੰ ਸਿੱਖਿਆ ਦੇਣ 'ਤੇ ਧਿਆਨ ਕੇਂਦ੍ਰਤ ਕਰਦੀਆਂ ਹਨ,ਅੰਤ ਵਿੱਚ ਜੇਤੂ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਮੈਡਮ ਵੱਲੋਂ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ।

# ਆਰ.ਐਸ.ਐਸ. ਵੱਲੋਂ ਮਨਾਇਆ ਗਿਆ ਸੰਘ ਸਥਾਪਨਾ ਦਿਵਸ



ਤਪਾਂ ਮੰਡੀ, 6 ਅਕਤੂਬਰ (ਭੂਸ਼ਨ ਘੜੈਲਾ) : ਆਰ.ਐਸ.ਐਸ ਦੀ ਸਥਾਨਕ ਸ਼ਾਖਾ ਵੱਲੋਂ ਅੱਗਰਵਾਲ ਧਰਮਸ਼ਾਲਾ ਵਿੱਚ ਸੰਘ ਦੇ 100 ਸਾਲਾ ਪੂਰਾ ਹੋਣ 'ਤੇ ਸੰਘ ਸਥਾਪਨਾ ਦਿਵਸ ਮੌਕੇ ਸ਼ਸਤਰ ਪੂਜਨ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਪ੍ਰਧਾਨਗੀ ਮੰਡਲ ਵਿੱਚ ਆਰ ਐਸ ਐਸ ਦੇ ਅੰਮ੍ਰਿਤ ਸਾਗਰ, ਸਵਾਮੀ ਰਾਮ ਤੀਰਥ ਅਤੇ ਆਰਐੱਸਐੱਸ ਦੇ ਖੰਡ ਅਧਿਕਾਰੀ ਪ੍ਰਵੀਨ ਮਹਿਤਾ ਸਟੇਜ 'ਤੇ ਬਿਰਾਜਮਾਨ ਸਨ। ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਮੰਡੀ ਨਿਵਾਸੀ, ਮਰਦ, ਔਰਤਾਂ, ਨੌਜਵਾਨਾਂ ਨੇ ਸ਼ਾਮਿਲ ਹੋ ਕੇ ਇਸ ਪ੍ਰੋਗਰਾਮ ਦੀ ਰੌਣਕ ਵਿੱਚ ਵਾਧਾ ਕੀਤਾ। ਸਟੇਜ ਸੰਚਾਲਨ ਦੀ ਭੂਮਿਕਾ ਵਿਪਨ ਗੁਪਤਾ ਨੇ ਨਿਭਾਈ। ਇਹ ਸਮਾਗਮ ਵਿੱਚ ਆਰਐੱਸਐੱਸ ਦੇ 50 ਦੇ ਕਰੀਬ ਸਵੈਮ ਸੇਵਕ ਪੂਰੀ ਗਨਵੇਸ਼ ਵਿੱਚ ਆਏ ਹੋਏ ਸਨ। ਸਮਾਗਮ ਨੂੰ ਸਵਾਮੀ ਰਾਮ ਤੀਰਥ ਅਤੇ ਆਰ ਐਸ ਐਸ ਅਧਿਕਾਰੀ ਅੰਮ੍ਰਿਤ ਸਾਗਰ ਨੇ ਸੰਬੋਧਨ ਕੀਤਾ । ਸਵਾਮੀ ਰਾਮ ਤੀਰਥ ਨੇ ਆਪਣੇ ਸੰਬੋਧਨ ਵਿੱਚ ਸ਼ਾਸਤਰ ਪੂਜਨ ਦੀ ਮਹੱਤਤਾ ਬਾਰੇ ਦੱਸਿਆ। ਆਰ ਐਸ ਐਸ ਅਧਿਕਾਰੀ ਅਮ੍ਰਿਤ ਸਾਗਰ ਨੇ ਆਪਣੇ ਸੰਬੋਧਨ ਵਿੱਚ ਆਰਐੱਸਐੱਸ ਦੇ ਬਾਰੇ ਵਿਸਤਾਰ ਪੂਰਵਕ ਜਾਣਕਾਰੀ ਦਿੱਤੀ ਤੇ ਦੱਸਿਆ ਕਿ ਅੱਜ ਤੋਂ ਠੀਕ 100 ਸਾਲ ਪਹਿਲਾਂ 1925 ਵਿੱਚ ਦੁਸ਼ਹਿਰੇ ਵਾਲੇ ਦਿਨ ਆਰਐੱਸਐੱਸ ਦੀ ਸਥਾਪਨਾ ਡਾਕਟਰ ਕੇਸ਼ਵਰਾਊ ਬਲੀ ਰਾਮ ਹੈਡਗੇਵਾਰ ਵੱਲੋਂ ਕੀਤੀ ਗਈ ਸੀ ਅਤੇ ਹੁਣ ਸੰਘ ਵੱਲੋਂ 100 ਸਾਲਾ ਸਮਾਗਮ ਕੀਤੇ ਜਾ ਰਹੇ ਹਨ । ਉਹਨਾਂ ਵੱਲੋਂ ਇਕ ਸਾਲ ਵਿੱਚ ਕੀਤੇ ਜਾਣ ਬਾਰੇ ਸਮਾਗਮਾਂ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਅੰਤ ਵਿੱਚ ਸੰਘ ਪ੍ਰਾਰਥਨਾ ਕਰਨ ਤੋਂ ਬਾਅਦ ਸਭ ਨੂੰ ਪ੍ਰਸ਼ਾਦ ਵੀ ਵੰਡਿਆ ਗਿਆ।

# ਹੜ੍ਹ ਪੀੜ੍ਹਤਾਂ ਨੂੰ ਇਨਸਾਫ਼ ਦਿਵਾਉਣ ਲਈ ਡੀ.ਸੀ. ਦਫ਼ਤਰ ਅੱਗੇ ਕਿਸਾਨ ਧਰਨਾ ਦੇਣਗੇ



ਬਰਨਾਲਾ, 6 ਅਕਤੂਬਰ (ਸੁਖਵਿੰਦਰ ਸਿੰਘ ਭੰਡਾਰੀ) : ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਿਪਟੀ ਕਮਿਸ਼ਨਰ ਦਫ਼ਤਰ ਅੱਗੇ ਧਰਨਾ ਦੇਣ ਸਬੰਧੀ ਮੀਟਿੰਗ ਤਰਕਸ਼ੀਲ ਭਵਨ ਬਰਨਾਲਾ ਵਿਖੇ ਹੋਈ, ਮੀਟਿੰਗ ਦੀ ਪ੍ਰਧਾਨਗੀ ਬਿੱਕਰ ਸਿੰਘ ਪੰਜਾਬ ਕਿਸਾਨ ਯੂਨੀਅਨ ਦੇ ਆਗੂ ਨੇ ਕੀਤੀ, ਜਿਸ ਵਿੱਚ ਚਮਕੌਰ ਸਿੰਘ ਨੈਣੇਵਾਲ ਜ਼ਿਲ੍ਹਾ ਪ੍ਰਧਾਨ ਅਤੇ ਦਰਸ਼ਨ ਸਿੰਘ ਉਗਰਾਹਾਂ, ਦਰਸ਼ਨ ਸਿੰਘ ਉੱਗੋਕੇ, ਦਰਸ਼ਨ ਸਿੰਘ ਮਹਿਤਾ, ਇੰਦਰਪਾਲ ਸਿੰਘ ਸੂਬਾ ਆਗੂ ਡਕੌਂਦਾ, ਰਾਜਿੰਦਰ ਸਿੰਘ ਦਰਾਕਾ ਕਨਵੀਨਰ ਸੰਯੁਕਤ ਮੋਰਚਾ, ਗੁਰਨਾਮ ਸਿੰਘ ਠੀਕਰੀਵਾਲਾ ਸੂਬਾ ਆਗੂ ਕਾਦੀਆ, ਮਨਜੀਤ ਰਾਜ ਗੁਰਦੀਪ ਸਿੰਘ, ਦਿਉਲ ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਮਲਕੀਤ ਸਿੰਘ ਸੰਧੂ ਕਲਾਂ ਪੰਜਾਬ ਕਿਸਾਨ ਯੂਨੀਅਨ ਨੇ ਸਾਂਝੇ ਤੌਰ 'ਤੇ ਕਿਹਾ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਨੂੰ ਕੇਂਦਰ ਦੀ ਮੋਦੀ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਅਣਗੋਲਿਆਂ ਕੀਤਾ ਜਾ ਰਿਹਾ ਹੈ। ਸਮੇਂ ਸਿਰ ਢੁਕਵੇਂ ਸਾਧਨ ਅਤੇ ਵਿੱਤੀ ਸਹਾਇਤਾ ਦੇਣ ਤੋਂ ਨਾਕਾਮ ਰਹੀ ਹੈ, ਕਿਸਾਨ ਯੂਨੀਅਨਾਂ ਤੇ ਪੰਜਾਬ ਦੀਆਂ ਸਮਾਜਸੇਵੀ ਸੰਸਥਾਵਾਂ ਅਤੇ ਸਿੱਖ ਜਥੇਬੰਦੀਆਂ ਨੇ ਆਪਣੇ ਸਾਧਨਾਂ ਰਾਹੀਂ ਹੜ੍ਹ ਪ੍ਰਭਾਵਿਤ ਲੋਕਾਂ ਦੀ ਮੱਦਦ ਕੀਤੀ ਗਈ ਹੈ, ਜੇਕਰ ਸਰਕਾਰਾਂ ਦੇ ਪ੍ਰਬੰਧਾਂ ਉੱਤੇ ਪੀੜ੍ਹਤ ਲੋਕ ਨਿਰਭਰ ਰਹਿ ਜਾਦੇ ਤਾਂ ਇੱਕ ਸਾਲ ਤੱਕ ਜ਼ਮੀਨਾਂ ਦੇ ਵਿੱਚੋਂ ਰੇਤ ਬਾਹਰ ਨਹੀ ਨਿੱਕਲਣੀ ਸੀ। ਪੰਜਾਬ ਸਰਕਾਰ ਤੋਂ ਤੁਰੰਤ ਹੜ੍ਹ ਪੀੜਤ ਪਿੰਡਾਂ ਨੂੰ ਮੁਆਵਜ਼ਾ ਦਿਵਾਉਣ ਲਈ ਪੰਜਾਬ ਸਰਕਾਰ ਪਰਾਲੀ ਸਾੜਨ ਨੂੰ ਲੈਕੇ ਸੁਪਰੀਮ ਕੋਰਟ ਦੇ ਦਿਸ਼ਾ ਨਿਰਦੇਸ਼ਾਂ ਨੂੰ ਲਾਗੂ ਕਰਨ ਲਈ ਪੱਬਾਂ ਭਾਰ ਹੋਈ ਬੈਠੀ ਹੈ। ਪਰ ਸਰਕਾਰ ਪਰਾਲੀ ਦਾ ਢੁੱਕਵਾਂ ਪ੍ਰਬੰਧ ਕਰਨ ਦੀ ਬਜਾਏ ਪਰਾਲੀ ਸਾੜਨ ਤੇ ਕਿਸਾਨਾਂ ਉੱਤੇ ਪਰਚੇ ਕਰਨ ਲੱਗ ਪਈ ਹੈ। ਸਰਕਾਰ ਨੂੰ ਪਰਾਲੀ ਦਾ ਢੁਕਵਾਂ ਪ੍ਰਬੰਧ ਕਰਨਾ ਚਾਹੀਦਾ ਹੈ ਤਾਂ ਕਿ ਕਿਸਾਨਾਂ ਨੂੰ ਪਰਾਲੀ ਸਾੜਨ ਦੀ ਨੌਬਤ ਨਾ ਆਵੇ ਪਰਾਲੀ ਨੂੰ ਸਾੜਨਾ ਕਿਸਾਨਾਂ ਦਾ ਸ਼ੌਕ ਨਹੀਂ ਮਜਬੂਰੀ ਹੈ। ਸੰਯੁਕਤ ਕਿਸਾਨ ਮੋਰਚਾ ਪੰਜਾਬ ਜ਼ਿਲ੍ਹਾ ਬਰਨਾਲਾ ਸਰਕਾਰ ਦੇ ਤਾਨਾਸ਼ਾਹੀ ਵਤੀਰੇ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਾ ਹੈ। ਆਗੂਆਂ ਕਿਹਾ ਕਿ 8 ਅਕਤੂਬਰ ਨੂੰ ਡਿਪਟੀ ਕਮਿਸ਼ਨਰ ਬਰਨਾਲਾ ਦੇ ਦਫ਼ਤਰ ਅੱਗੇ ਵੱਡੀ ਗਿਣਤੀ ਵਿੱਚ ਕਿਸਾਨਾਂ ਵੱਲੋਂ ਧਰਨਾ ਦਿੱਤਾ ਜਾਵੇਗਾ ਅਤੇ ਉੱਚ ਅਧਿਕਾਰੀਆਂ ਨੂੰ ਮੰਗ ਪੱਤਰ ਦਿੱਤਾ ਜਾਵੇਗਾ।

# ਆਰਿਆਭੱਟ ਇੰਟਰਨੈਸ਼ਨਲ ਸਕੂਲ ਵਿਖੇ ਕਰਵਾਈ ਡਾਂਸ ਵਿਸ਼ੇ 'ਤੇ ਗਤੀਵਿਧੀ



ਬਰਨਾਲਾ, 6 ਅਕਤੂਬਰ (ਬਘੇਲ ਸਿੰਘ ਧਾਲੀਵਾਲ) : ਆਰਿਆਭੱਟ ਇੰਟਰਨੈਸ਼ਨਲ ਸਕੂਲ ਬਰਨਾਲਾ ਵਿਖੇ ਪੰਜਾਬੀ ਲੋਕ ਨਾਚ ਭੰਗੜਾ ਉੱਪਰ ਡਾਂਸ ਦੀ ਗਤੀਵਿਧੀ ਕਰਵਾਈ। ਇਸ ਮੌਕੇ ਉੱਤੇ ਡਾਂਸ ਅਧਿਆਪਕ ਅਮਨ ਚੌਹਾਨ ਦੇ ਦੁਆਰਾ ਵਿਦਿਆਰਥੀਆਂ ਨੂੰ ਪੰਜਾਬੀ ਲੋਕ ਨਾਚ ਭੰਗੜਾ ਕਰਵਾਇਆ ਗਿਆ। ਜਿਸ 'ਚ ਬੱਚਿਆਂ ਨੇ ਵੱਧ- ਚੜ੍ਹ ਕੇ ਹਿੱਸਾ ਲਿਆ ਅਤੇ ਬਹੁਤ ਵਧੀਆ ਢੰਗ ਦੇ ਨਾਲ ਇਸਨੂੰ ਪੇਸ਼ ਕੀਤਾ। ਦਰਸ਼ਕਾਂ ਨੇ ਵੀ ਇਸ ਪੰਜਾਬੀ ਲੋਕ ਨਾਚ ਭੰਗੜਾ ਦਾ ਪੂਰਾ ਆਨੰਦ ਮਾਣਿਆ। ਇਸ ਤਰ੍ਹਾਂ ਦੀਆਂ ਗਤੀਵਿਧੀਆਂ ਕਰਵਾ ਕੇ ਬੱਚਿਆਂ ਨੂੰ ਪੜ੍ਹਾਈ ਦੇ ਨਾਲ- ਨਾਲ ਹਰ ਸੱਭਿਆਚਾਰ ਦੇ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ ਤੇ ਉਨ੍ਹਾਂ ਨੂੰ ਸੱਭਿਆਚਾਰ ਨਾਲ ਜੋੜਿਆ ਜਾਂਦਾ ਤਾਂ ਜੋ ਬੱਚਿਆਂ 'ਚ ਹਰ ਇੱਕ ਕਲਾ ਦਾ ਵਿਕਾਸ ਹੋਵੇ। ਇਸ ਮੌਕੇ ਸਕੂਲ ਦੇ ਮੁਖੀ ਪ੍ਰਿੰਸੀਪਲ ਸ਼ਸ਼ੀਕਾਂਤ ਮਿਸਰਾ ਅਤੇ ਕੋਆਰਡੀਨੇਟਰ ਮੈਡਮ ਰੇਨੂੰ ਸਿੰਗਲਾ ਨੇ ਵੀ ਬੱਚਿਆਂ ਦੀ ਹੌਂਸਲਾ ਅਫ਼ਜਾਈ ਕਰਦੇ ਹੋਏ ਕਿਹਾ ਕਿ ਸਮੇਂ- ਸਮੇਂ 'ਤੇ ਸਕੂਲ ਦੇ ਦੁਆਰਾ ਇਸ ਤਰ੍ਹਾਂ ਦੀਆਂ ਅਨੇਕਾਂ ਹੀ ਗਤੀਵਿਧੀਆਂ ਕਰਵਾਕੇ ਬੱਚਿਆਂ 'ਚ ਹਰ ਕਲਾ ਨੂੰ ਉਜਾਗਰ ਕਰਨ ਦੇ ਕਾਰਜ ਲਗਾਤਾਰ ਕੀਤੇ ਜਾ ਰਹੇ ਹਨ।

# ਸੋਨੇ ਦੇ ਗਹਿਣੇ ਤੇ ਨਗਦੀ ਚੋਰੀ ਕਰਨ ਵਾਲਾ ਕਾਬੂ



ਬਰਨਾਲਾ, 6 ਅਕਤੂਬਰ, (ਚਮਕੌਰ ਸਿੰਘ ਗੱਗੀ/ ਹਿਮਾਂਸੂ ਗਰਗ) : ਸਥਾਨਕ ਗੀਤਾ ਭਵਨ ਨਜ਼ਦੀਕ ਸੋਨੇ ਦੇ ਗਹਿਣੇ ਤੇ ਨਗਦੀ ਚੋਰੀ ਕਰਨ ਦੇ ਮਾਮਲੇ 'ਚ ਬਰਨਾਲਾ ਪੁਲਿਸ ਨੇ ਇੱਕ ਵਿਅਕਤੀ ਨੂੰ ਕਾਬੂ ਕਰਨ 'ਚ ਸਫ਼ਲਤਾ ਹਾਸਲ ਕੀਤੀ ਹੈ। ਇਸ ਸਬੰਧੀ ਕੀਤੀ ਗਈ ਪ੍ਰੈੱਸ ਕਾਨਫ਼ਰੰਸ ਦੌਰਾਨ ਡੀਐੱਸਪੀ ਸਤਵੀਰ ਸਿੰਘ ਬੈਂਸ ਨੇ ਦੱਸਿਆ ਕਿ ਦੁਸਹਿਰੇ ਵਾਲੇ ਦਿਨ ਇੱਕ ਨਾ ਮਾਲੂਮ ਵਿਅਕਤੀ ਨੇ ਪੂਨਮ ਰਾਣੀ ਪਤਨੀ ਰਾਕੇਸ ਕੁਮਾਰ ਵਾਸੀ ਨੇੜੇ ਗੀਤਾ ਭਵਨ ਬਰਨਾਲਾ ਦੇ ਘਰ ਅੰਦਰ ਦਾਖਲ ਹੋ ਕੇ 30 ਤੋਲੇ ਸੋਨੇ ਦੇ ਗਹਿਣੇ ਤੇ 50 ਹਜ਼ਾਰ ਰੁਪਏ ਨਗਦੀ ਚੋਰੀ ਵਾਰਦਾਤ ਨੂੰ ਅੰਜ਼ਾਮ ਦਿੱਤਾ ਸੀ। ਪੁਲਿਸ ਨੇ ਇਸ ਮਾਮਲੇ 'ਚ ਮੁਦੱਈ ਦੇ ਬਿਆਨਾਂ ਦੇ ਅਧਾਰ 'ਤੇ ਮੁਕੱਦਮਾ ਨੰਬਰ 451 ਥਾਣਾ ਸਿਟੀ ਬਰਨਾਲਾ ਵਿਖੇ ਦਰਜ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਮਾਮਲੇ ਨੂੰ ਟਰੇਸ ਕਰਨ ਸਬੰਧੀ ਜ਼ਿਲ੍ਹਾ ਪੁਲਿਸ ਮੁਖੀ ਮੁਹੰਮਦ ਸਰਫ਼ਰਾਜ ਆਲਮ ਤੇ ਐਸਪੀ ਡੀ ਅਸ਼ੋਕ ਕੁਮਾਰ ਦੀ ਅਗਵਾਈ ਹੇਠ ਸੀਆਈਏ ਸਟਾਫ਼ ਦੇ ਇੰਚਾਰਜ਼ ਇੰਸਪੈਕਟਰ ਬਲਜੀਤ ਸਿੰਘ ਇੰਚਾਰਜ ਸੀ ਆਈ ਏ ਬਰਨਾਲਾ ਤੇ ਇੰਸਪੈਕਟਰ ਲਖਵਿੰਦਰ ਸਿੰਘ ਮੁੱਖ ਅਫਸਰ ਥਾਣਾ ਸਿਟੀ ਬਰਨਾਲਾ ਦੀਆਂ ਟੀਮਾਂ ਦਾ ਗਠਿਤ ਕੀਤਾ ਸੀ। ਜਿਸ ਤੇ ਬਾਅਦ ਪੁਲਿਸ ਨੇ ਇਸ ਮਾਮਲੇ ਨੂੰ 48 ਘੰਟਿਆ ਦੇ ਅੰਦਰ ਅੰਦਰ ਟਰੇਸ ਕਰਕੇ ਇੱਕ ਵਿਅਕਤੀ ਨੂੰ ਕਾਬੂ ਕੀਤਾ। ਉਨ੍ਹਾ ਦੱਸਿਆ ਕਿ ਕਾਬੂ ਕੀਤੇ ਗਏ ਵਿਅਕਤੀ ਦੀ ਪਹਿਚਾਣ ਪ੍ਰਦੀਪ ਸਿੰਘ ਉਰਫ ਪਿੰਦੂ ਪੁੱਤਰ ਚਰਨਜੀਤ ਸਿੰਘ ਵਾਸੀ ਧਨੌਲਾ ਖੁਰਦ ਵਜੋਂ ਹੋਈ ਹੈ। ਕਾਬੂ ਕੀਤੇ ਗਏ ਵਿਅਕਤੀ ਪਾਸੋ ਇੱਕ ਸੋਨੇ ਦਾ ਹਾਰ, ਇੱਕ ਮੰਗਲ ਸੂਤਰ, ਇੱਕ ਟੌਪਸ ਸੋਨਾ, ਚਾਰ ਚੂੜੀਆ ਸੋਨਾ ਕੁੱਲ ਵਜਨੀ 114 ਗ੍ਰਾਮ, 03 ਜੋੜੇ ਸਗਲੇ ਚਾਂਦੀ ਦੇ, ਇੱਕ ਜੋੜਾ ਝਾਜਰਾ ਚਾਂਦੀ ਕੁੱਲ ਬਜਨੀ 110 ਗ੍ਰਾਮ ਬ੍ਰਾਮਦ ਕਰਵਾਇਆ ਗਿਆ ਹੈ।

# ਐਮ.ਟੀ.ਐਸ. ਦੇ ਵਿਦਿਆਰਥੀਆਂ ਨੇ ਜ਼ੋਨ ਪੱਧਰੀ ਐਥਲੈਟਿਕ ਟੂਰਨਾਮੈਂਟ 'ਚ ਸ਼ਾਨਦਾਰ ਪ੍ਰਦਰਸ਼ਨ



ਬਰਨਾਲਾ, 6 ਅਕਤੂਬਰ (ਬਘੇਲ ਸਿੰਘ ਧਾਲੀਵਾਲ) : ਮਦਰ ਟੀਚਰ ਸਕੂਲ ਦੇ ਵਿਦਿਆਰਥੀਆਂ ਨੇ ਜ਼ੋਨ ਪੱਧਰੀ ਐਥਲੈਟਿਕ ਟੂਰਨਾਮੈਂਟ 'ਚ ਭਾਗ ਲਿਆ ਜੋ ਕਿ ਮਿਤੀ 06 ਅਕਤੂਬਰ ਨੂੰ ਬਾਬਾ ਕਲਾ ਮਹਿਰ ਸਟੇਡੀਅਮ ਵਿਖੇ ਹੋਇਆ। ਇਸ ਟੂਰਨਾਮੈਂਟ 'ਚ ਅਨਮੋਲਪ੍ਰੀਤ ਸਿੰਘ ਅੰਡਰ-19 ਨੇ ਡਿਸਕਸ ਥਰੋਅ 'ਚ ਗੋਲਡ ਮੈਡਲ ਹਾਸਿਲ ਕੀਤਾ ਅਤੇ ਜ਼ਿਲ੍ਹਾ ਪੱਧਰੀ ਖੇਡਾਂ ਲਈ ਚੁਣਿਆ ਗਿਆ। ਕਰਮਨਪ੍ਰੀਤ ਸਿੰਘ ਅੰਡਰ-19 ਨੇ ਡਿਸਕਸ ਥਰੋਅ 'ਚ ਸਿਲਵਰ ਮੈਡਲ ਹਾਸਿਲ ਕੀਤਾ ਅਤੇ ਜ਼ਿਲ੍ਹਾ ਪੱਧਰੀ ਖੇਡਾਂ ਲਈ ਚੁਣਿਆ ਗਿਆ। ਬੀਰੇਂਦਰਪ੍ਰਤਾਪ ਸਿੰਘ ਅੰਡਰ-17 ਨੇ ਡਿਸਕਸ ਅਤੇ ਹੈਮਰ 'ਚ ਗੋਲਡ ਮੈਡਲ ਹਾਸਿਲ ਕੀਤਾ ਅਤੇ ਜ਼ਿਲ੍ਹਾ ਪੱਧਰੀ ਖੇਡਾਂ ਲਈ ਚੁਣਿਆ ਗਿਆ। ਚਿਰਾਗ ਅੰਡਰ-17 ਸਾਲ ਨੇ 200 ਮੀਟਰ ਰੇਸ 'ਚ ਸਿਲਵਰ ਮੈਡਲ, ਰਮਨੀਤ ਸਿੰਘ ਨੇ ਜੈਵਲਿਨ ਅਤੇ ਸ਼ੌਟ ਪੁੱਟ 'ਚ ਗੋਲਡ ਮੈਡਲ, ਜਿਵੇਸ਼ ਕੁਮਾਰ ਸਿੰਘ ਨੇ 100 ਮੀਟਰ ਰੇਸ 'ਚ ਸਿਲਵਰ ਅਤੇ 200 ਮੀਟਰ ਰੇਸ 'ਚ ਗੋਲਡ ਮੈਡਲ ਹਾਸਿਲ ਕੀਤਾ ਅਤੇ ਅੰਡਰ -17 ਸਾਲ ਦੇ ਸਾਰੇ ਵਿਦਿਆਰਥੀ ਜ਼ਿਲ੍ਹਾ ਪੱਧਰੀ ਖੇਡਾਂ ਲਈ ਚੁਣੇ ਗਏ। ਇਹ ਸਾਰੀਆਂ ਖੇਡਾਂ ਸਕੂਲ ਦੇ ਡੀ. ਪੀ. ਟੀਚਰ ਲਵਪ੍ਰੀਤ ਸਿੰਘਦੀ ਦੇਖ ਰੇਖ 'ਚ ਹੋਈਆਂ। ਸਕੂਲ ਦੀ ਸ਼ਾਨਦਾਰ ਪ੍ਰਾਪਤੀ ਉੱਤੇ ਪ੍ਰਿੰਸੀਪਲ ਦਲਜੀਤ ਸਿੰਘ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਅੱਗੇ ਤੋਂ ਵੱਧ ਚੜ੍ਹ ਕੇ ਖੇਡਾਂ 'ਚ ਭਾਗ ਲੈਣ ਦੀ ਪ੍ਰੇਰਨਾ ਦਿੱਤੀ।

# ਬੀ.ਵੀ.ਐਮ. ਇੰਟਰਨੈਸ਼ਨਲ ਸਕੂਲ ਵਿਖੇ ਮਹਾਂਰਿਸ਼ੀ ਵਾਲਮੀਕਿ ਜੈਯੰਤੀ ਸਬੰਧੀ ਵਿਸ਼ੇਸ਼ ਪ੍ਰਾਰਥਨਾ ਸਭਾ ਕਰਵਾਈ



ਬਰਨਾਲਾ, 6 ਅਕਤੂਬਰ (ਬਘੇਲ ਸਿੰਘ ਧਾਲੀਵਾਲ) : ਬੀਵੀਐਮ ਇੰਟਰਨੈਸ਼ਨਲ ਸਕੂਲ ਵਿਖੇ ਮਹਾਰਿਸ਼ੀ ਵਾਲਮੀਕਿ ਜਯੰਤੀ ਮਨਾਉਣ ਲਈ ਇੱਕ ਵਿਸ਼ੇਸ਼ ਪ੍ਰਾਰਥਨਾ ਸਭਾ ਕਰਵਾਈ ਗਈ। ਸਕੂਲ ਕੈਂਪਸ ਅਧਿਆਤਮਿਕਤਾ, ਸ਼ਰਧਾ ਅਤੇ ਉਤਸ਼ਾਹ ਨਾਲ ਭਰਿਆ ਹੋਇਆ ਸੀ। ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਨੂੰ ਮਹਾਰਿਸ਼ੀ ਵਾਲਮੀਕਿ ਦੇ ਜੀਵਨ, ਆਦਰਸ਼ਾਂ ਅਤੇ ਸਿਰਜਣਾਤਮਕ ਯੋਗਦਾਨਾਂ ਤੋਂ ਜਾਣੂੰ ਕਰਵਾਉਣਾ ਅਤੇ ਉਨ੍ਹਾਂ ਦੀਆਂ ਕਦਰਾਂ-ਕੀਮਤਾਂ ਨੂੰ ਅਪਣਾਉਣ ਲਈ ਪ੍ਰੇਰਿਤ ਕਰਨਾ ਸੀ। ਸਭਾ ਦੀ ਸ਼ੁਰੂਆਤ ਸਕੂਲ ਪ੍ਰਾਰਥਨਾ ਨਾਲ ਹੋਈ। ਇਸ ਤੋਂ ਬਾਅਦ, ਵਿਦਿਆਰਥੀਆਂ ਨੇ ਦਿਨ ਲਈ ਇੱਕ ਵਿਚਾਰ ਪੇਸ਼ ਕੀਤਾ, ਜਿਸ 'ਚ ਮਹਾਰਿਸ਼ੀ ਵਾਲਮੀਕਿ ਦੇ ਉੱਚੇ ਆਦਰਸ਼ਾਂ: ਸੱਚਾਈ, ਧਾਰਮਿਕਤਾ, ਦਇਆ ਅਤੇ ਨਿਰਸਵਾਰਥ ਸੇਵਾ ਨੂੰ ਉਜਾਗਰ ਕੀਤਾ ਗਿਆ। ਵਿਦਿਆਰਥੀਆਂ ਨੇ ਦੱਸਿਆ ਕਿ ਕਿਵੇਂ ਮਹਾਂਰਿਸ਼ੀ ਵਾਲਮੀਕਿ ਨੇ ਮਹਾਨ ਰਚਨਾ ਰਾਮਾਇਣ ਦੀ ਰਚਨਾ ਕਰਕੇ ਮਨੁੱਖਤਾ ਲਈ ਇੱਕ ਆਦਰਸ਼ ਜੀਵਨ ਮਾਰਗ ਪੇਸ਼ ਕੀਤਾ। ਪ੍ਰੋਗਰਾਮ ਦਾ ਇੱਕ ਮੁੱਖ ਆਕਰਸ਼ਣ ਸਕੂਲ ਦੇ ਇੱਕ ਸੀਨੀਅਰ ਅਧਿਆਪਕ ਦੁਆਰਾ ਦਿੱਤਾ ਗਿਆ ਇੱਕ ਪ੍ਰੇਰਨਾਦਾਇਕ ਭਾਸ਼ਣ ਸੀ। ਉਨ੍ਹਾਂ ਕਿਹਾ ਕਿ ਮਹਾਂਰਿਸ਼ੀ ਵਾਲਮੀਕਿ ਦਾ ਜੀਵਨ ਸਾਨੂੰ ਸਿਖਾਉਂਦਾ ਹੈ ਕਿ ਸਮਰਪਣ ਅਤੇ ਮਿਹਨਤ ਰਾਹੀਂ, ਕੋਈ ਵੀ ਵਿਅਕਤੀ ਸਵੈ-ਸੁਧਾਰ ਪ੍ਰਾਪਤ ਕਰ ਸਕਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਮਹਾਰਿਸ਼ੀ ਦੇ ਆਦਰਸ਼ਾਂ ਦੀ ਪਾਲਣਾ ਕਰਨ ਅਤੇ ਸਮਾਜ 'ਚ ਸਕਾਰਾਤਮਕ ਯੋਗਦਾਨ ਪਾਉਣ ਦੀ ਅਪੀਲ ਕੀਤੀ। ਸਭਾ 'ਚ ਨ੍ਰਿਤ ਪ੍ਰਦਰਸ਼ਨ ਨੇ ਮਾਹੌਲ ਨੂੰ ਹੋਰ ਵੀ ਬ੍ਰਹਮ ਅਤੇ ਪ੍ਰੇਰਨਾਦਾਇਕ ਬਣਾਇਆ। ਸਕੂਲ ਦੇ ਚੇਅਰਮੈਨ ਪ੍ਰਮੋਦ ਅਰੋੜਾ, ਡਾਇਰੈਕਟਰ ਗੀਤਾ ਅਰੋੜਾ, ਨਿਖਿਲ ਅਰੋੜਾ ਅਤੇ ਨੇਹੁਲ ਅਰੋੜਾ ਨੇ ਇਸ ਮੌਕੇ ਕਿਹਾ ਕਿ ਮਹਾਰਿਸ਼ੀ ਵਾਲਮੀਕਿ ਭਾਰਤੀ ਸੱਭਿਆਚਾਰ ਦੇ ਇੱਕ ਥੰਮਹ ਹਨ ਅਤੇ ਉਨ੍ਹਾਂ ਦੇ ਵਿਚਾਰ ਸਾਨੂੰ ਨੈਤਿਕਤਾ, ਅਨੁਸ਼ਾਸਨ ਅਤੇ ਮਨੁੱਖੀ ਸੰਵੇਦਨਸ਼ੀਲਤਾ ਬਾਰੇ ਪ੍ਰੇਰਿਤ ਕਰਦੇ ਰਹਿੰਦੇ ਹਨ। ਪ੍ਰਬੰਧਨ ਨੇ ਵਿਦਿਆਰਥੀਆਂ ਦੀ ਪੇਸ਼ਕਾਰੀ ਅਤੇ ਉਨ੍ਹਾਂ ਦੇ ਉਤਸ਼ਾਹ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਅਜਿਹੇ ਸਮਾਗਮ ਵਿਦਿਆਰਥੀਆਂ ਦੇ ਨੈਤਿਕ ਅਤੇ ਸੱਭਿਆਚਾਰਕ ਵਿਕਾਸ ਲਈ ਜ਼ਰੂਰੀ ਹਨ।

# ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਜ਼ਿਲ੍ਹਾ ਪੱਧਰੀ ਮੀਟਿੰਗ



ਬਰਨਾਲਾ, 6 ਅਕਤੂਬਰ (ਬਘੇਲ ਸਿੰਘ ਧਾਲੀਵਾਲ) : ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਬਰਨਾਲਾ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਚਮਕੌਰ ਸਿੰਘ ਨੈਣੇਵਾਲ ਦੀ ਪ੍ਰਧਾਨਗੀ ਹੇਠ ਬਾਲਾ ਪੱਤੀ ਪਿੰਡ ਸੰਘੇੜਾ ਵਿਖੇ ਕੀਤੀ ਗਈ। ਇਸ ਅਹਿਮ ਮੀਟਿੰਗ 'ਚ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਤੂੜੀ, ਕਣਕ ਦਾ ਬੀਜ, ਡੀਏਪੀ, ਜਾਂ ਹੋਰ ਸਮੱਗਰੀ ਅੰਮ੍ਰਿਤਸਰ ਤੇ ਡੇਰਾ ਬਾਬਾ ਨਾਨਕ ਦੇ ਜ਼ੋਨ ਰਮਦਾਸ ਸੂਬਾ ਪੱਧਰੀ ਕਾਲ 'ਤੇ ਹੀ ਭੇਜਿਆ ਜਾਵੇਗਾ। ਕੇਂਦਰ ਤੇ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਹੜ੍ਹ ਦੇ ਨਾਲ ਪ੍ਰਭਾਵਿਤ ਇਲਾਕਿਆਂ ਦੇ ਸਾਰੇ ਕਿਸਾਨਾਂ ਨੂੰ 70 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ , ਪੰਜ ਏਕੜ ਦੀ ਸ਼ਰਤ ਹਟਾਈ ਜਾਵੇ। ਇਸ ਤੋਂ ਇਲਾਵਾ ਮਜ਼ਦੂਰਾਂ ਨੂੰ ਇੱਕ ਲੱਖ ਰੁਪਏ ਪ੍ਰਤੀ ਪਰਿਵਾਰ ਤੁਰੰਤ ਰਾਹਤ, ਮਿਰਤਕਾਂ ਦੇ ਵਾਰਸਾਂ ਨੂੰ 25 ਲੱਖ, ਪਸ਼ੂਆਂ ਦਾ ਇੱਕ ਲੱਖ ਰੁਪਏ ਪ੍ਰਤੀ ਪਸ਼ੂ, ਭੇਡ ਬੱਕਰੀ ਦਾ ਵੀਹ ਹਜ਼ਾਰ ਰੁਪਏ ਪ੍ਰਤੀ ਪਸ਼ੂ, ਢਹਿ ਗਏ ਘਰਾਂ ਲਈ ਦਸ ਲੱਖ ਅਤੇ ਦਰਿਆ ਬੁਰਦ ਹੋਈ ਜ਼ਮੀਨ ਦਾ ਪੰਜਾਹ ਲੱਖ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ। ਗੰਨਾ ਬੀਜਣ ਵਾਲੇ ਕਿਸਾਨਾਂ ਲਈ ਬੀਜ ਦਾ ਪ੍ਰਬੰਧ ਕਰਨ, ਜ਼ਮੀਨਾਂ ਨੂੰ ਵਾਹੀਯੋਗ ਬਣਾਉਣ ਲਈ ਅਤੇ ਕਿਸਾਨਾਂ ਮਜ਼ਦੂਰਾਂ ਦੇ ਮੁੜ ਵਸੇਬੇ ਲਈ ਪ੍ਰਬੰਧ ਕਰਨ ਦੀ ਵੀ ਮੰਗ ਕੀਤੀ ਗਈ।ਜਦੋਂ ਕਿ ਕਿਸਾਨ,ਮਜ਼ਦੂਰ ਹੋਰ ਖਪਤਕਾਰ ਕੇਂਦਰ ਤੇ ਪੰਜਾਬ ਸਰਕਾਰ ਦੇ ਖਜ਼ਾਨਿਆਂ ਵਿੱਚ ਵੱਖ ਵੱਖ ਟੈਕਸਾਂ ਦੇ ਰੂਪ ਵਿੱਚ ਦਿੰਦੇ ਹਨ ਤਾਂ ਫਿਰ ਕੌਮੀਂ ਆਫ਼ਤ ਵਿੱਚ ਸਰਕਾਰਾਂ ਮੱਦਦ ਕਿਉਂ ਨਹੀਂ ਕਰਦੀਆਂ। ਜੇਕਰ, RBI, ਦੇ ਡਾਟੇ ਅਨੁਸਾਰ ਹਰ ਆਦਮੀ ਰੋਜ਼ਾਨਾ 36 ਰੁਪਏ ਟੈਕਸ ਸਰਕਾਰ ਨੂੰ ਅਦਾ ਕਰਦਾ ਹੈ। ਅਖੀਰ ਬੇਨਤੀ ਕੀਤੀ ਜਾਂਦੀ ਹੈ ਕਿ 8, ਅਕਤੂਬਰ ਨੂੰ ਡੀਸੀ ਦਫ਼ਤਰਾਂ ਲੱਗਣ ਵਾਲੇ ਧਰਨਿਆਂ ਵਿੱਚ ਵੱਧ ਤੋਂ ਵੱਧ ਪਹੁੰਚਣ ਦੀ ਕਿਰਪਾਲਤਾ ਕਰਨੀ ਜੀ ਤਾਂਕਿ ਸਰਕਾਰਾਂ ਨੂੰ ਪਤਾ ਲੱਗ ਜਾਵੇ ਕਿ ਲੋਕ ਸੰਘਰਸ਼ ਕਰਨ ਲਈ ਤਿਆਰ ਹੈ। ਇਸ ਮੌਕੇ ਸੂਬਾ ਆਗੂ ਹਰਦੀਪ ਸਿੰਘ ਟੱਲੇਵਾਲ, ਜਿਲ੍ਹਾ ਮੀਤ ਪ੍ਰਧਾਨ ਬੁੱਕਣ ਸਿੰਘ ਸੱਦੋਵਾਲ, ਕ੍ਰਿਸ਼ਨ ਸਿੰਘ ਛੰਨਾ, ਬਲਾਕ ਪ੍ਰਧਾਨ ਗੁਰਬਚਨ ਸਿੰਘ ਭਦੌੜ, ਜਰਨਰ ਸਕੱਤਰ ਦਰਸ਼ਨ ਸਿੰਘ ਚੀਮਾ, ਜੱਜ ਸਿੰਘ ਗਹਿਲ, ਕੁਲਜੀਤ ਸਿੰਘ ਵਜੀਦਕੇ, ਰਾਮ ਸਿੰਘ ਸੰਘੇੜਾ, ਨਾਜ਼ਰ ਸਿੰਘ ਠੁੱਲੀਵਾਲ, ਬੂਟਾ ਸਿੰਘ ਗੰਡੇਵਾਲ, ਨਰਿੱਪਜੀਤ ਸਿੰਘ ਬਡਬਰ ਤੇ ਬਲੌਰ ਸਿੰਘ ਛੰਨਾ ਆਦਿ ਵੀ ਹਾਜ਼ਰ ਸਨ।

# ਸੜਕ ਹਾਦਸੇ 'ਚ ਇੱਕ ਵਿਅਕਤੀ ਦੀ ਮੌਤ

ਬਰਨਾਲਾ, 6 ਅਕਤੂਬਰ (ਬਘੇਲ ਸਿੰਘ ਧਾਲੀਵਾਲ) : ਬਰਨਾਲਾ ਪੁਲਿਸ ਵੱਲੋਂ ਸੜਕ ਹਾਦਸੇ 'ਚ ਇੱਕ ਵਿਅਕਤੀ ਦੀ ਮੌਤ ਹੋਣ 'ਤੇ ਮਾਮਲਾ ਦਰਜ ਕੀਤਾ ਗਿਆ ਹੈ। ਪੁਲਿਸ ਕੋਲ ਮੁਦੱਈ ਸਮਨਦੀਪ ਸਿੰਘ ਪੁੱਤਰ ਰਣਜੀਤ ਸਿੰਘ ਵਾਸੀ ਨੱਥੋਕੀ ਪੱਤੀ ਸੇਖਾ ਨੇ ਬਿਆਨ ਦਰਜ ਕਰਵਾਏ ਕਿ ਉਸ ਦਾ ਪਿਤਾ ਰਣਜੀਤ ਸਿੰਘ ਤੇ ਮਾਤਾ ਸਰਬਜੀਤ ਕੌਰ ਮੋਟਰਸਾਇਕਲ 'ਤੇ ਪਿੰਡ ਦੇ ਗੁਰਦੁਆਰਾ ਨੌਵੀਂ ਪਾਤਸ਼ਾਹੀ ਸਾਹਿਬ ਤੋਂ ਮੱਥਾ ਟੇਕ ਕੇ ਵਾਪਸ ਪਿੰਡ ਨੂੰ ਜਾ ਰਹੇ ਸੀ, ਉਸ ਨੇ ਆਪਣਾ ਮੋਟਰ ਸਾਇਕਲ ਆਪਣੇ ਪਿਤਾ ਦੇ ਮੋਟਰ ਸਾਇਕਲ ਦੇ ਪਿੱਛੇ ਲਾ ਲਿਆ। ਜਦ ਉਹ ਪੈਟਰੋਲ ਪੰਪ ਨਜ਼ਦੀਕ ਪੁੱਜੇ ਤਾਂ ਪਿੰਡ ਸੇਖਾ ਵੱਲੋਂ ਇਕ ਮੋਟਰ ਸਾਇਕਲ ਰੰਗ ਸਿਲਵਰ ਤੇਜ ਸਪੀਡ ਨਾਲ ਆ ਰਿਹਾ ਸੀ, ਜਿਸ ਨੇ ਆਪਣਾ ਮੋਟਰ ਸਾਇਕਲ ਬਹੁਤ ਹੀ ਤੇਜ ਰਫਤਾਰ ਤੇ ਲਾਪਰਵਾਹੀ ਨਾਲ ਲਿਆ ਕੇ ਉਲਟ ਸਾਇਡ ਪਰ ਉਸ ਪਿਤਾ ਦੇ ਮੋਟਰਸਾਇਕਲ 'ਚ ਮਾਰਿਆ, ਜਿਸਦੇ ਨਾਲ ਉਸ ਦੇ ਪਿਤਾ ਦੇ ਮੱਥੇ ਦੇ ਸੱਜੇ ਪਾਸੇ ਸੱਟ ਲੱਗੀ ਤੇ ਮੌਕੇ 'ਤੇ ਹੋ ਮੌਤ ਹੋ ਗਈ। ਜਦਕਿ ਮਾਤਾ ਗੰਭੀਰ ਜਖਮੀ ਹੋ ਗਈ। ਪੁਲਿਸ ਨੇ ਮੁਦੱਈ ਦੇ ਬਿਆਨਾਂ ਦੇ ਅਧਾਰ 'ਤੇ ਮੋਟਰਸਾਇਕਲ ਚਾਲਕ ਦੇ ਖਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਕੁੱਟਮਾਰ ਤੇ ਗਾਲ਼ੀ-ਗਲੋਚ ਕਰਨ ਵਾਲੇ ਵਿਅਕਤੀ ਖ਼ਿਲਾਫ਼ ਮਾਮਲਾ ਦਰਜ

ਬਰਨਾਲਾ, 6 ਅਕਤੂਬਰ (ਬਘੇਲ ਸਿੰਘ ਧਾਲੀਵਾਲ) : ਥਾਣਾ ਮਹਿਲ ਕਲਾਂ ਦੀ ਪੁਲਿਸ ਨੇ ਕੁੱਟਮਾਰ ਕਰਨ ਤੇ ਗਾਲੀ ਗਲੋਚ ਕਰਨ ਵਾਲੇ ਵਿਅਕਤੀ ਦੇ ਖਿਲਾਫ਼ ਮਾਮਲਾ ਦਰਜ ਕੀਤਾ ਹੈ। ਮੁਦੱਈ ਬਲਦੇਵ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਬਾਹਮਣੀਆ 04 ਅਕਤੂਬਰ ਨੂੰ ਸਵੇਰੇ ਸਾਬਕਾ ਸਰਪੰਚ ਸਿੰਦਰਪਾਲ ਸਿੰਘ ਦੇ ਘਰੋ ਜ਼ਮੀਨ ਦੇ ਠੇਕੇ ਦੇ ਪੈਸੇ ਲੈਣ ਲਈ ਗਿਆ ਸੀ ਜਦੋ ਵਾਪਿਸ ਅਪਣੇ ਘਰ ਨੂੰ ਆ ਰਿਹਾ ਸੀ, ਤਾਂ ਰਸਤੇ 'ਚ ਜਰਨੈਲ ਸਿੰਘ ਉਰਫ ਜੈਲੀ ਪੁੱਤਰ ਬਲਦੇਵ ਸਿੰਘ ਵਾਸੀ ਬਾਹਮਣੀਆ ਆਪਣੇ ਜਵਾਕ ਲਈ ਖੜ੍ਹਿਆ ਸੀ, ਜਿਸ ਨੇ ਮੁਦੱਈ ਨੂੰ ਅਵਾਜ ਮਾਰਕੇ ਖੜਾ ਲਿਆ। ਮੁਦੱਈ ਆਪਣੇ ਮੋਟਰਸਾਇਕਲ ਪਰ ਰੁਕ ਗਿਆ ਤਾਂ ਜਰਨੈਲ ਸਿੰਘ ਉਰਫ ਜੈਲੀ ਉਕਤ ਨੇ ਮੁੱਦਈ ਦੇ ਮੋਟਰ ਸਾਇਕਲ 'ਚੋਂ ਚਾਬੀ ਕੱਢ ਲਈ ਤੇ ਗਾਲੀ ਗਲੋਚ ਕਰਨ ਲੱਗ ਪਿਆ। ਮੁਦੱਈ ਦੇ ਕਾਫੀ ਸਮਾਝਾਉਣ ਦੀ ਕੋਸਿਸ ਕੀਤੀ ਤਾਂ ਜਰਨੈਲ ਸਿੰਘ ਉਕਤ ਨੇ ਗਲੀ 'ਚ ਪਿਆ ਬਾਲਣ 'ਚੋ ਟੰਬਾ ਨਾਲ ਮੁਦੱਈ ਪਰ ਵਾਰ ਕੀਤੇ, ਤੇ ਮੁਦੱਈ ਡਿੱਗ ਪਿਆ। ਇੰਨੇ 'ਚ ਜਰਨੈਲ ਸਿੰਘ ਉਕਤ ਦਾ ਭਰਾ ਹਰੀ ਸਿੰਘ ਉਕਤ ਆਇਆ 'ਤੇ ਮੁਦੱਈ ਦੇ ਡਿੱਗੇ ਪਏ ਦੇ ਠੇਡੇ ਮਾਰੇ ਤੇ ਗਾਲੀ ਗਲੋਚ ਕੀਤਾ। ਪੁਲਿਸ ਨੇ ਮੁਦੱਈ ਦੇ ਬਿਆਨ ਦੇ ਅਧਾਰ 'ਤੇ ਉਕਤ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ।

# ਮੋਬਾਇਲ ਫ਼ੋਨ ਚੋਰੀ ਮਾਮਲੇ 'ਚ ਇੱਕ ਵਿਅਕਤੀ ਦੇ ਖ਼ਿਲਾਫ਼ ਕੇਸ ਦਰਜ

ਬਰਨਾਲਾ, 6 ਅਕਤੂਬਰ (ਬਘੇਲ ਸਿੰਘ ਧਾਲੀਵਾਲ) : ਥਾਣਾ ਮਹਿਲ ਕਲਾਂ ਦੀ ਪੁਲਿਸ ਨੇ ਮੋਬਾਇਲ ਫੋਨ ਚੋਰੀ ਕਰਨ ਦੇ ਮਾਮਲੇ 'ਚ ਇਕ ਵਿਅਕਤੀ ਦੇ ਖਿਲਾਫ਼ ਮਾਮਲਾ ਦਰਜ ਕੀਤਾ ਹੈ। ਮੁਦੱਈ ਜਸਵਿੰਦਰ ਸਿੰਘ ਪੁੱਤਰ ਜਸਪਾਲ ਸਿੰਘ ਵਾਸੀ ਰਾਏਸਰ ਪਟਿਆਲਾ ਦੀ ਘਰ 'ਚ ਮੋਬਾਇਲ ਰਿਪੇਅਰ ਦੀ ਦੁਕਾਨ ਹੈ, ਮੁਦਈ 03 ਅਕਤੂਬਰ ਨੂੰ ਸ਼ਾਮ ਨੂੰ ਦੁਕਾਨ ਨੂੰ ਜਿੰਦਾ ਲਗਾ ਕੇ ਰੋਟੀ ਪਾਣੀ ਖਾ ਕੇ ਸੋ ਗਿਆ ਤਾਂ ਮੁਦੱਈ ਨੇ ਸਵੇਰੇ ਦੇਖਿਆ ਕਿ ਉਸਦੀ ਦੁਕਾਨ ਦਾ ਜਿੰਦਾ ਖੁੱਲਾ ਸੀ ਫਿਰ ਮੁਦੱਈ ਨੇ ਦੁਕਾਨ ਚੈੱਕ ਕੀਤੀ ਦੁਕਾਨ 'ਚ 3 ਫੋਨ ਰਿਪੇਆਰ ਲਈ ਆਏ ਵੀਵੋ 2291 ਤੇ ਦੂਸਰਾ ਆਈ ਫੋਨ 7 , ਆਈ ਫੋਨ 12 ਮਿਨੀ ਸੀ, ਜੋ ਗਾਇਬ ਸਨ ਫਿਰ ਮੁੱਦਈ ਨੇ ਆਪਣੀ ਦੁਕਾਨ ਪਰ ਲੱਗੇ ਸੀ.ਸੀ.ਟੀ.ਵੀ. ਕੈਮਰਿਆ ਨੂੰ ਚੈੱਕ ਕੀਤਾ ਤਾਂ ਪਤਾ ਲੱਗਾ ਕਿ ਜਸਨਦੀਪ ਸਿੰਘ ਉਰਫ ਮੋਟਾ ਪੁੱਤਰ ਹਰਜੀਤ ਸਿੰਘ ਵਾਸੀ ਰਾਏਸਰ ਪਟਿਆਲਾ ਰਾਤ ਨੂੰ ਕੰਧ ਟੱਪ ਕੇ ਜਿੰਦਾ ਤੋੜ ਕੇ ਫੋਨ ਚੋਰੀ ਕਰਕੇ ਲੈ ਗਿਆ। ਪੁਲਿਸ ਨੇ ਮੁਦਈ ਦੇ ਬਿਆਨ ਦੇ ਅਧਾਰ 'ਤੇ ਮਾਮਲਾ ਦਰਜ ਕਰ ਲਿਆ ਹੈ।

# ਕੁੱਟਮਾਰ ਕਰਨ ਵਾਲਿਆਂ ਖ਼ਿਲਾਫ਼ ਮਾਮਲਾ ਦਰਜ

ਬਰਨਾਲਾ, 6 ਅਕਤੂਬਰ (ਬਘੇਲ ਸਿੰਘ ਧਾਲੀਵਾਲ) : ਥਾਣਾ ਟੱਲੇਵਾਲ ਦੀ ਪੁਲਿਸ ਵੱਲੋਂ ਕੁੱਟਮਾਰ ਕਰਨ ਵਾਲਿਆਂ ਦੇ ਖਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਪੁਲਿਸ ਕੋਲ ਮੁਦੱਈ ਮੁਦੱਈ ਸਮਸੀਰ ਖਾਨ ਪੁੱਤਰ ਜਲਾਲ ਸਿੰਘ ਵਾਸੀ ਗਹਿਲ ਨੇ ਬਿਆਨ ਦਰਜ ਕਰਵਾਏ ਕਿ ਉਸ ਦਾ ਪੁੱਤਰ ਸਾਜਿਦ ਖਾਨ ਆਪਣੇ ਮੋਟਰ ਸਾਇਕਲ ਪਰ ਆ ਰਿਹਾ ਸੀ ਤਾਂ ਇੱਕ ਵਿਅਕਤੀ ਨੇ ਆਪਣਾ ਮੋਟਰਸਾਇਕਲ ਉਸ 'ਚ ਮਾਰ ਦੇਣਾ ਸੀ ਜਿਸ ਨਾਲ ਉਨ੍ਹਾਂ 'ਚ ਕਾਫੀ ਬਹਿਸ ਹੋ ਗਈ ਸੀ। ਜਿਨ੍ਹਾਂ ਦਾ ਰਾਜੀਨਾਮਾ ਹੋ ਰਿਹਾ ਸੀ ਜਿੱਥੇ ਮੁਦੱਈ ਨੂੰ ਧੱਕਾ ਮਾਰ ਦਿੱਤਾ। ਜਿਸ ਨਾਲ ਮੁਦੱਈ ਨਾਲੇ 'ਚ ਡਿੱਗ ਪਿਆ ਤੇ ਉਸ ਦਾ ਚੂਲਾ ਟੁੱਟ ਗਿਆ। ਜਿਸ ਤੋ ਬਾਅਦ ਮੁਦੱਈ ਦਾਖਲ ਸਿਵਲ ਹਸਪਤਾਲ ਬਰਨਾਲਾ ਦਾਖਲ ਹੋਇਆ। ਪੁਲਿਸ ਨੇ ਮੁਦੱਈ ਦੇ ਬਿਆਨਾਂ ਦੇ ਅਧਾਰ 'ਤੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਸ੍ਰੀ ਐਲ.ਬੀ.ਐਸ. ਆਰੀਆ ਮਹਿਲਾ ਕਾਲਜ 'ਚ ਸਮਾਗਮ ਕਰਵਾਇਆ




ਬਰਨਾਲਾ, 6 ਅਕਤੂਬਰ (ਬਘੇਲ ਸਿੰਘ ਧਾਲੀਵਾਲ) : ਸ੍ਰੀ ਐਲਬੀਐਸ ਆਰੀਆ ਮਹਿਲਾ ਕਾਲਜ ਦੇ ਮੈਨੇਜਮੈਂਟ ਦੇ ਫਾਈਨਾਂਸ ਸੈਕਟਰੀ ਤੇ ਵਾਇਸ ਪ੍ਰਧਾਨ ਨੇ ਉਚੇਚੇ ਤੌਰ 'ਤੇ ਕੈਂਪ ਦੇ 'ਚ ਸ਼ਿਰਕਤ ਕੀਤੀ। ਵਾਈਸ ਪ੍ਰਧਾਨ ਰਾਮ ਕੁਮਾਰ ਸੋਬਤੀ ਨੇ ਕਿਹਾ ਕਿ ਐਨਐਸ ਵਿਅਕਤੀ ਦੇ ਜੀਵਨ ਦੇ 'ਚ ਬਹੁਤ ਮਹੱਤਵ ਰੱਖਦੀ ਹੈ, ਇਸ ਦੇ ਨਾ ਵਿਦਿਆਰਥੀ ਦੀ ਸ਼ਖਸ਼ੀਅਤ ਉਸਾਰੀ ਹੁੰਦੀ ਹੈ। ਉਨ੍ਹਾਂ ਨੇ ਐਨਐਸਐਸ ਕੈਂਪ ਦੇ ਲਈ ਪ੍ਰਿੰਸੀਪਲ ਡਾਕਟਰ ਸੁਸ਼ੀਲ ਬਾਲਾ ਤੇ ਪ੍ਰੋਗਰਾਮ ਅਫਸਰ ਪ੍ਰੋਫੈਸਰ ਅਰਚਨਾ, ਮੈਡਮ ਆਰਤੀ ਅਗਰਵਾਲ, ਮੈਡਮ ਨੀਰੂ ਜੇਠੀ ਤੇ ਵਿਦਿਆਰਥਣਾਂ ਨੂੰ ਵਧਾਈ ਦਿੱਤੀ। ਫਾਇਨਾਂਸ ਸੈਕਟਰੀ ਡਾਕਟਰ ਪ੍ਰਦੀਪ ਗੋਇਲ ਨੇ ਅੱਜ ਵਿਦਵਤਾ ਭਰਪੂਰ ਲੈਕਚਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਹਰ ਵਿਅਕਤੀ ਨੂੰ ਆਪਣੇ ਜੀਵਨ ਦੇ 'ਚ ਐਮਡੀਐਚ ਸ਼ਬਦ ਨੂੰ ਅਪਣਾਉਣਾ ਚਾਹੀਦਾ ਹੈ ਮਿਸ਼ਨ ਡੀ ਮਤਲਬ ਡਿਵੋਸ਼ਨ ਡੈਡੀਕੇਸ਼ਨ ਹਾਰਡ ਵਰਕ ਜੇਕਰ ਕੋਈ ਵਿਅਕਤੀ ਇਨ੍ਹਾਂ ਤਿੰਨ ਸ਼ਬਦਾਂ ਨੂੰ ਆਪਣੇ ਜੀਵਨ 'ਚ ਢਾਲਦਾ ਹੈ ਤਾਂ ਉਸਨੂੰ ਕਾਮਯਾਬ ਹੋਣ ਤੋਂ ਕੋਈ ਵੀ ਨਹੀਂ ਰੋਕ ਸਕਦਾ। ਉਨ੍ਹਾਂ ਆਪਣੇ ਕਈ ਨਿੱਜੀ ਤਜਰਬੇ ਸਾਂਝੇ ਕੀਤੇ ਕਿ ਉਹ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਵੀ ਵਿੱਤ ਪ੍ਰਬੰਧਕ ਹਨ। ਉਨ੍ਹਾਂ ਕਿਹਾ ਕਿ ਜੇਕਰ ਵਿਅਕਤੀ ਦੇ 'ਚ ਜਨੂਨ ਤੇ ਜਜ਼ਬਾ ਹੋਵੇ ਤਾਂ ਕੋਈ ਵੀ ਕਠਿਨਾਈ ਉਸ ਨੂੰ ਰੋਕ ਨਹੀਂ ਸਕਦੀ। ਉਨ੍ਹਾਂ ਨੇ ਐਨਐਸਐਸ ਨੂੰ ਬਹੁਤ ਸੋਹਣੇ ਤਰੀਕੇ ਦੇ ਨਾਲ ਪ੍ਰਭਾਸ਼ਿਤ ਕੀਤਾ ਕਿ ਐਨਐਸਐਸ ਦਾ ਮਤਲਬ ਨੇਸ਼ਨ ਸੇਵਿੰਗ ਸਕੀਮ ਹੈ, ਕਿਉਂਕਿ ਵਿਦਿਆਰਥੀ ਇਸਦੇ 'ਚ ਬਹੁਤ ਕੁਝ ਸਿੱਖਦੇ ਹਨ, ਜਿਵੇਂ ਕਿ ਵਾਤਾਵਰਨ ਪ੍ਰਦੂਸ਼ਣ ਨਸ਼ਾ ਮੁਕਤੀ ਮਿਲ ਕੇ ਕੰਮ ਕਰਨਾ ਟੀਮ ਵਰਕ ਡਿਊਟੀ ਡੈਡੀਕੇਸ਼ਨ ਦੇ ਨਾਲ ਨਾਲ ਉਹਨਾਂ ਦਾ ਕੋਨਫੀਡੈਂਸ ਵੀ ਵਧਦਾ ਹੈ ਤੇ ਹਰ ਵਿਦਿਆਰਥੀ ਨੂੰ ਐਨਐਸਐਸ ਨੂੰ ਆਪਣੇ ਜੀਵਨ ਦੇ ਵਿੱਚ ਢਾਲਣਾ ਚਾਹੀਦਾ ਹੈ। ਉਹਨਾਂ ਨੇ ਕਿਹਾ ਕਾਲਜ ਪ੍ਰਬੰਧਕ ਕਮੇਟੀ ਸਟਾਫ ਤੇ ਵਿਦਿਆਰਥਣਾਂ ਦੇ ਸਰਵ ਪੱਖੀ ਹਰ ਤਰ੍ਹਾਂ ਦੇ ਵਿਕਾਸ ਲਈ ਵਚਨਬੱਧ ਹੈ।

# ਸੋਨਮ ਵਾਂਗਚੁੱਕ ਦੀ ਰਿਹਾਈ ਲਈ 9 ਅਕਤੂਬਰ ਨੂੰ ਕੀਤਾ ਜਾਵੇਗਾ ਪ੍ਰਦਰਸ਼ਨ



ਲਹਿਰਾਗਾਗਾ, 6 ਅਕਤੂਬਰ (ਗਰਦੀਪ ਸਿੰਘ): ਲੋਕ ਚੇਤਨਾ ਮੰਚ, ਲਹਿਰਾਗਾਗਾ ਅਤੇ ਐਸ ਕੇ ਐਮ ਇਲਾਕਾ ਲਹਿਰਾ ਦੀ ਸਾਂਝੀ ਮੀਟਿੰਗ ਭਗਤ ਧੰਨਾ ਗੁਰਦੁਆਰਾ ਸਾਹਿਬ ਵਿਖੇ ਹੋਈ। ਮੀਟਿੰਗ ਵਿੱਚ ਲਦਾਖ ਦੇ ਵਿਸ਼ਵ ਪ੍ਰਸਿੱਧ ਵਾਤਾਵਰਣ ਪ੍ਰੇਮੀ ਤੇ ਵਿਗਿਆਨੀ ਸੋਨਮ ਵਾਂਗਚੁੱਕ ਦੀ ਗਿਰਫਤਾਰੀ ਦਾ ਸਖਤ ਵਿਰੋਧ ਕੀਤਾ ਗਿਆ। ਸਰਕਾਰ ਤੋਂ ਉਸ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕੀਤੀ ਗਈ। ਮੀਟਿੰਗ ਵਿੱਚ ਲਦਾਖੀ ਲੋਕਾਂ ਦੇ ਇਸ ਹਰਮਨ ਪਿਆਰੇ ਆਗੂ ਦੀ ਰਿਹਾਈ ਲਈ 9 ਅਕਤੂਬਰ ਨੂੰ ਲਹਿਰਾ ਗਾਗਾ ਵਿਖੇ ਨਹਿਰ ਦੇ ਪੁਲ 'ਤੇ 5 ਵਜੇ ਤੋਂ 5.30 ਵਜੇ ਤੱਕ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਗਿਆ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਆਗੂਆਂ ਨੇ ਕਿਹਾ ਕਿ ਲਦਾਖ ਦੇ ਲੋਕਾਂ ਦੇ ਲੱਦਾਖ ਨੂੰ ਪੂਰਨ ਰਾਜ ਦਾ ਦਰਜਾ ਦੇਣ ਲਈ ਕੀਤੇ ਜਾ ਰਹੇ ਅੰਦੋਲਨ ਨੂੰ ਪੁਲਸ ਦੀ ਗੋਲੀ ਨਾਲ ਨਹੀਂ ਦਬਾਇਆ ਜਾ ਸਕਦਾ। ਲੱਦਾਖੀ ਲੋਕਾਂ ਦੇ ਅੰਦੋਲਨ ਪੂਰਨ ਰੂਪ ਵਿੱਚ ਸ਼ਾਂਤਮਈ ਤਰੀਕੇ ਨਾਲ ਕੀਤਾ ਜਾ ਰਿਹਾ ਹੈ। ਮੀਟਿੰਗ ਨੂੰ ਮੰਚ ਦੇ ਸਕੱਤਰ ਹਰਭਗਵਾਨ ਗੁਰਨੇ, ਜਗਦੀਸ਼ ਪਾਪੜਾ, ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਜੰਟਾ ਸਿੰਘ ਲਦਾਲ, ਖ਼ੇਤੀਬਾੜੀ ਵਿਕਾਸ ਬੈਂਕ ਦੇ ਆਗੂ ਮੁਹਿੰਦਰ ਸਿੰਘ, ਮਨਜੀਤ ਕੁਮਾਰ, ਪੰਜਾਬ ਕਿਸਾਨ ਯੂਨੀਅਨ ਦੇ ਆਗੂ ਰਾਮਫਲ ਸਿੰਘ ਬੁਸ਼ੈਹਰਾ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਜੰਮੂ ਕਸ਼ਮੀਰ ਵਿੱਚੋਂ ਧਾਰਾ 370 ਤੋੜਨ ਤੋਂ ਲਦਾਖ ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਵਿਚ ਬਦਲਣ ਸਮੇਂ ਖੁਦ ਲਦਾਖ ਨੂੰ ਜਲਦੀ ਹੀ ਪੂਰਨ ਰਾਜ ਦਾ ਦਰਜਾ ਦੇਣ ਦਾ ਵਾਅਦਾ ਕੀਤਾ ਸੀ। ਸਰਕਾਰ ਉਸ ਵਾਅਦੇ ਨੂੰ ਜਲਦੀ ਪੂਰਾ ਕਰੇ।

# ਬਠਿੰਡਾ-ਡੱਬਵਾਲੀ ਹਾਈਵੇ 'ਤੇ ਦਿਲ ਕੰਬਾਊ ਹਾਦਸਾ

## ਬੇਕਾਬੂ ਕਾਰ ਖੇਤਾਂ ਚ ਪਲਟੀ, 32 ਸਾਲਾ ਪ੍ਰਾਪਰਟੀ ਡੀਲਰ ਜ਼ਿੰਦਾ ਸੜਿਆ



ਬਠਿੰਡਾ, 6 ਅਕਤੂਬਰ (ਦੀਪਕ ਸ਼ਰਮਾ):ਉਹ ਘਰੇ ਜਲਦੀ ਪਰਤਣ ਦਾ ਕਹਿ ਕੇ ਗਿਆ ਸੀ ਪਰ ਉਸ ਦੀ ਮੌਤ ਦੀ ਖਬਰ ਨੇ ਪੂਰੇ ਪਰਿਵਾਰ ਦੇ ਪੈਰਾਂ ਥੱਲਿਓਂ ਜਮੀਨ ਖਿਸਕਾ ਦਿੱਤੀ। ਪ੍ਰਤਾਪ ਨਗਰ ਦਾ ਰਹਿਣ ਵਾਲਾ ਉਕਤ ਨੌਜਵਾਨ ਹਾਦਸੇ ਦਾ ਸ਼ਿਕਾਰ ਹੋ ਗਿਆ। ਉਸ ਦੀ ਕਾਰ ਨੂੰ ਲੱਗੀ ਅੱਗ ਹੀ ਉਸ ਦੀ ਮੌਤ ਦਾ ਕਾਰਨ ਬਣ ਗਈ। ਸੜਕ ਸੁਰੱਖਿਆ ਫੋਰਸ ਦੇ ਜਵਾਨ ਅਤੇ ਥਾਣਾ ਸੰਗਤ ਦੀ ਪੁਲਿਸ ਤੋਂ ਇਲਾਵਾ ਸਮਾਜ ਸੇਵੀ ਸੰਸਥਾ ਸਹਾਰਾ ਜਨ ਸੇਵਾ ਦੇ ਮੈਂਬਰ ਮੌਕੇ 'ਤੇ ਪਹੁੰਚ ਗਏ ਅਤੇ ਕਾਫੀ ਮਸ਼ੱਕਤ ਤੋਂ ਬਾਅਦ ਮ੍ਰਿਤਕ ਦੇਹ ਨੂੰ ਕਾਰ ਵਿੱਚੋਂ ਕੱਢ ਕੇ ਸਰਕਾਰੀ ਹਸਪਤਾਲ ਦੇ ਮੁਰਦਾ ਘਰ ਵਿੱਚ ਪਹੁੰਚਾਇਆ।ਜ਼ਿਕਰਯੋਗ ਹੈ ਕਿ ਬਠਿੰਡਾ ਦੇ ਪਰਸਰਾਮ ਨਗਰ ਦਾ ਮਹੇਸ਼ ਕੁਮਾਰ ਨਾਰੰਗ ਉਰਫ਼ ਮੋਨੂੰ (32) ਐਤਵਾਰ ਦੇਰ ਰਾਤ ਆਪਣੇ ਕੁਝ ਦੋਸਤਾਂ ਨਾਲ ਏਮਜ਼ ਹਸਪਤਾਲ ਗਿਆ ਸੀ ਪਰ ਵਾਪਸੀ 'ਤੇ ਉਸ ਦੀ ਕਾਰ ਬੇਕਾਬੂ ਹੋ ਕੇ ਸੜਕ 'ਤੇ ਪਲਟ ਗਈ, ਜਿਸ ਕਾਰਨ ਕਾਰ ਨੂੰ ਅੱਗ ਲੱਗ ਗਈ। ਅੱਗ ਇਨੀ ਤੇਜ਼ ਸੀ ਕਿ ਉਕਤ ਨੌਜਵਾਨ ਨੂੰ ਬਚਣ ਦਾ ਮੌਕਾ ਹੀ ਨਹੀਂ ਮਿਲਿਆ। ਉਹ ਕਾਰ ਵਿੱਚ ਹੀ ਰਾਖ ਦਾ ਢੇਰ ਬਣ ਗਿਆ।ਪੁਲਿਸ ਅਨੁਸਾਰ ਡੱਬਵਾਲੀ ਰੋਡ ਤੇ ਜਾਂਦੇ ਸਮੇਂ ਉਸ ਦੀ ਤੇਜ਼ ਰਫ਼ਤਾਰ ਸੀਐਨਜੀ ਕਾਰ ਬੇਕਾਬੂ ਹੋ ਕੇ ਖੇਤਾਂ ਵਿੱਚ ਪਲਟ ਗਈ ਅਤੇ ਉਸ ਨੂੰ ਬਾਹਰ ਨਿਕਲਣ ਦਾ ਮੌਕਾ ਤੱਕ ਨਹੀਂ ਮਿਲਿਆ। ਦੇਖਦੇ ਹੀ ਦੇਖਦੇ ਕਾਰ ਅੱਗ ਦੀ ਭੇਟ ਚੜ੍ਹ ਗਈ ਅਤੇ ਮੋਨੂੰ ਅੰਦਰ ਹੀ ਜ਼ਿੰਦਾ ਜਲ ਕੇ ਰਾਖ ਹੋ ਗਿਆ। ਮ੍ਰਿਤਕ ਆਪਣੇ ਪਿੱਛੇ ਵਿਕਲਾਂਗ ਮਾਂ ਤੇ ਇੱਕ ਨਿੱਜੀ ਬੈਂਕ ਵਿੱਚ ਨੌਕਰੀ ਕਰਨ ਵਾਲੀ ਪਤਨੀ ਚਾਹਤ ਨਾਰੰਗ ਨੂੰ ਛੱਡ ਗਿਆ ਹੈ।ਸਹਾਰਾ ਵਰਕਰਾਂ ਦੇ ਦੱਸਣ ਅਨੁਸਾਰ ਐਤਵਾਰ ਦੀ ਰਾਤ ਉਨਾਂ ਦੇ ਹੈਡ ਕੁਆਰਟਰ ਤੇ ਸੂਚਨਾ ਮਿਲੀ ਸੀ ਕਿ ਡੱਬ ਵਾਲੀ ਰੋਡ ਤੇ ਇੱਕ ਵਾਰ ਹਾਦਸੇ ਦਾ ਸ਼ਿਕਾਰ ਹੋ ਗਈ ਹੈ। ਇਸ ਕਾਰਨ ਕਾਰ ਨੂੰ ਅੱਗ ਲੱਗ ਗਈ ਹੈ। ਕਾਰ ਚਾਲਕ ਕਾਰ ਵਿੱਚ ਹੀ ਫਸਿਆ ਹੋਇਆ ਹੈ।ਹਾਦਸਾ ਐਤਵਾਰ ਦੇਰ ਰਾਤ ਕਰੀਬ ਦੋ ਵਜੇ ਉਸ ਸਮੇਂ ਵਾਪਰਿਆ ਜਦੋਂ ਮਹੇਸ਼ ਕੁਮਾਰ ਨਾਰੰਗ ਉਰਫ਼ ਮੋਨੂੰ ਆਪਣੀ ਸਵਿਫਟ ਕਾਰ ਵਿੱਚ ਸਵਾਰ ਹੋ ਕੇ ਡੱਬਵਾਲੀ ਵੱਲ ਜਾ ਰਿਹਾ ਸੀ। ਮ੍ਰਿਤਕ ਮੋਨੂੰ ਪਰਸਰਾਮ ਨਗਰ, ਗਲੀ ਨੰਬਰ 23-1, ਬਠਿੰਡਾ ਦਾ ਰਹਿਣ ਵਾਲਾ ਸੀ ਅਤੇ ਪ੍ਰਾਪਰਟੀ ਡੀਲਰ ਦਾ ਕੰਮ ਕਰਦਾ ਸੀ। ਜਾਣਕਾਰੀ ਅਨੁਸਾਰ ਉਸ ਨੇ ਏਮਜ਼ ਬਠਿੰਡਾ ਨੇੜੇ ਦੋਸਤਾਂ ਨਾਲ ਪਾਰਟੀ ਕੀਤੀ ਸੀ ਅਤੇ ਉਸ ਤੋਂ ਬਾਅਦ ਉਸ ਨੇ ਸਿੱਧਾ ਘਰ ਜਾਣਾ ਸੀ, ਪਰ ਕਿਸੇ ਕਾਰਨਾਂ ਕਰਕੇ ਡੱਬਵਾਲੀ ਵਾਲੇ ਪਾਸੇ ਚਲਾ ਗਿਆ।ਇਸ ਦੌਰਾਨ ਉਸ ਦੀ ਤੇਜ਼ ਰਫ਼ਤਾਰ ਕਾਰ ਪਿੰਡ ਗੁਰੂਸਰ ਸੈਣੇਵਾਲਾ ਨੇੜੇ ਅਚਾਨਕ ਬੇਕਾਬੂ ਹੋ ਕੇ ਖੇਤਾਂ ਵਿੱਚ ਜਾ ਪਲਟੀ। ਕਾਰ ਦੇ ਪਲਟਦੇ ਹੀ ਉਸ ਵਿੱਚ ਭਿਆਨਕ ਅੱਗ ਲੱਗ ਗਈ ਅਤੇ ਦੇਖਦੇ ਹੀ ਦੇਖਦੇ ਪੂਰੀ ਕਾਰ ਅੱਗ ਦੀਆਂ ਲਪਟਾਂ ਵਿੱਚ ਘਿਰ ਗਈ। ਕਾਰ ਦੀਆਂ ਖਿੜਕੀਆਂ ਬੰਦ ਹੋਣ ਕਾਰਨ ਚਾਲਕ ਮੋਨੂੰ ਕਾਰ ਵਿੱਚੋਂ ਬਾਹਰ ਨਹੀਂ ਨਿਕਲ ਸਕਿਆ ਅਤੇ ਉਹ ਜ਼ਿੰਦਾ ਸੜ ਕੇ ਰਾਖ ਹੋ ਗਿਆ, ਜਿਸ ਕਾਰਨ ਉਸਦੀ ਮੌਕੇ ਤੇ ਹੀ ਮੌਤ ਹੋ ਗਈ।ਦੂਜੇ ਪਾਸੇ ਪੁਲਿਸ ਹਾਦਸੇ ਵਾਲੀ ਥਾਂ ਤੇ ਕੀਤੀ ਗਈ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਕਾਰ ਸੀਐਨਜੀ ਗੈਸ ਤੇ ਸੀ। ਜਾਂਚਕਰਤਾਵਾਂ ਨੇ ਗੈਰ-ਮਨਜ਼ੂਰਸ਼ੁਦਾ ਕਿੱਟ ਹੋਣ ਕਾਰਨ ਗੈਸ ਰਿਸਾਵ ਹੋਣ ਦੀ ਸੰਭਾਵਨਾ ਜਤਾਈ ਹੈ। ਮੰਨਿਆ ਜਾ ਰਿਹਾ ਹੈ ਕਿ ਹਾਦਸੇ ਤੋਂ ਬਾਅਦ ਪੈਦਾ ਹੋਏ ਘਰਸ਼ਣ ਕਾਰਨ ਅੱਗ ਲੱਗੀ ਹੋਵੇਗੀ।

# ਟਰੱਕ ਯੂਨੀਅਨ ਵਿਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ



ਭਵਾਨੀਗੜ੍ਹ, 6 ਅਕਤੂਬਰ (ਅਮਨਦੀਪ ਸਿੰਘ ਮਾਝਾ): ਸ੍ਰੀ ਗੁਰੂ ਤੇਗ ਬਹਾਦਰ ਟਰੱਕ ਯੂਨੀਅਨ ਭਵਾਨੀਗੜ੍ਹ ਵਿਖੇ ਸਾਉਣੀ ਦੇ ਸੀਜ਼ਨ ਨੂੰ ਧਿਆਨ ਵਿੱਚ ਰੱਖਦਿਆਂ ਟਰੱਕ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਪਰਸੋਂ ਤੋਂ ਲੈ ਕੇ ਸ੍ਰੀ ਅਖੰਡ ਪਾਠ ਸਾਹਿਬ ਪ੍ਰਕਾਸ਼ ਕਰਵਾਏ ਗਏ ਸਨ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਹਲਕਾ ਵਿਧਾਇਕ ਨਰਿੰਦਰ ਕੌਰ ਭਰਾਜ ਵੱਲੋਂ ਸਮੂੰਚੀਆਂ ਸੰਗਤਾਂ ਅਤੇ ਟਰੱਕ ਯੂਨੀਅਨ ਦੀ ਕਮੇਟੀ ਦਾ ਧੰਨਵਾਦ ਕਰਦੇ ਹਾਂ ਕਿਹਾ ਕਿ ਟਰੱਕ ਓਪਰੇਟਰਾਂ ਅਤੇ ਟਰੱਕ ਮਾਲਕਾਂ ਨੂੰ ਸਾਉਣੀ ਦੇ ਸੀਜ਼ਨ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ। ਟਰੱਕ ਯੂਨੀਅਨ ਦੇ ਪ੍ਰਧਾਨ ਜਤਿੰਦਰ ਸਿੰਘ ਵਿੱਕੀ ਬਾਜਵਾ ਵੱਲੋਂ ਸਮੂਹ ਓਪਰੇਟਰਾਂ ਅਤੇ ਵਿਧਾਇਕਾ ਭਰਾਜ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਮਾਰਕੀਟ ਕਮੇਟੀ ਦੇ ਚੇਅਰਮੈਨ ਜਗਸੀਰ ਸਿੰਘ ਝਨੇੜੀ, ਪ੍ਰਦੀਪ ਕੁਮਾਰ ਮਿੱਤਲ, ਗੁਰਪ੍ਰੀਤ ਸਿੰਘ ਸਰਪੰਚ ਚੰਨੋਂ, ਗੁਰਪ੍ਰੀਤ ਸਿੰਘ ਫੱਗੂਵਾਲਾ, ਲਖਵਿੰਦਰ ਸਿੰਘ ਲੱਖਾ, ਜਗਮੀਤ ਸਿੰਘ ਭੋਲਾ ਸਰਪੰਚ ਬਲਿਆਲ, ਜਗਦੀਪ ਸਿੰਘ ਗੋਗੀ ਨਰਾਇਣਗੜ੍ਹ, ਸੁਖਚੈਨ ਸਿੰਘ ਪੱਪੂ ਅਤੇ ਅਮਰੀਕ ਸਿੰਘ ਠੇਕੇਦਾਰ ਪੈਪਸੀਕੋ, ਜਸਪਾਲ ਸਿੰਘ ਸਰਪੰਚ ਮੱਟਰਾਂ, ਬਿੱਕਰ ਸਿੰਘ ਸਰਪੰਚ ਭੱਟੀਵਾਲ ਕਲਾਂ, ਗੁਰਪ੍ਰੀਤ ਸਿੰਘ ਚੰਨੋਂ ਸਰਪੰਚ, ਗੁਰਪ੍ਰੀਤ ਸਿੰਘ ਫੌਜੀ ਆਲੋਅਰਖ, ਲਵਲੀ ਕਾਕੜਾ, ਜਗਪਾਲ ਸਿੰਘ ਸਰਪੰਚ ਕਾਲਾਝਾੜ ਅਤੇ ਗੁਰਨਾਮ ਸਿੰਘ ਗੱਗੀ ਸਕਰੌਦੀ ਸਮੇਤ ਵੱਡੀ ਗਿਣਤੀ ਵਿਚ ਆਪ ਵਰਕਰ ਅਤੇ ਟਰੱਕ ਓਪਰੇਟਰ ਹਾਜ਼ਰ ਹੋਏ।

# ਮਲੂਕਾ ਨੇ ਸ਼ੁਭਮਨ ਗਿੱਲ ਨੂੰ ਕਪਤਾਨ ਚੁਣੇ ਜਾਣ 'ਤੇ ਦਿੱਤੀ ਵਧਾਈ



ਭਗਤਾ ਭਾਈ ਕਾ, 6 ਅਕਤੂਬਰ (ਸਵਰਨ ਸਿੰਘ ਭਗਤਾ): ਸਾਬਕਾ ਪੰਚਾਇਤ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਪਹਿਲਾਂ ਤੋਂ ਹੀ ਟੈਸਟ ਕ੍ਰਿਕਟ ਦੀ ਕਪਤਾਨੀ ਕਰ ਰਹੇ ਪੰਜਾਬ ਦੇ ਖਿਡਾਰੀ ਸ਼ੁਭਮਨ ਗਿੱਲ ਨੂੰ ਇੱਕ ਰੋਜ਼ਾ ਟੀਮ ਦਾ ਕਪਤਾਨ ਚੁਣੇ ਜਾਣ 'ਤੇ ਵਧਾਈ ਦਿੱਤੀ। ਮਲੂਕਾ ਨੇ ਕਿਹਾ ਕਿ ਦੇਸ਼ ਦੀਆਂ ਮੌਜੂਦਾ ਪੁਰਸ਼ ਤੇ ਮਹਿਲਾ ਕ੍ਰਿਕਟ ਟੀਮਾਂ ਦੇ ਕਪਤਾਨ ਪੰਜਾਬੀ ਹਨ, ਜੋ ਕਿ ਸੂਬੇ ਲਈ ਮਾਣ ਵਾਲੀ ਗੱਲ ਹੈ,ਇਹ ਸੂਬੇ ਦੇ ਖੇਡਾਂ 'ਚ ਰੁਚੀ ਰੱਖਣ ਵਾਲੇ ਨੌਜਵਾਨਾਂ ਲਈ ਵੀ ਸ਼ੁੱਭ ਸੰਕੇਤ ਹੈ। ਮਲੂਕਾ ਨੇ ਕਿਹਾ ਕਿ ਕ੍ਰਿਕਟ ਦੇਸ਼ ਦੀ ਸਭ ਤੋਂ ਜਿਆਦਾ ਹਰਮਨ ਪਿਆਰੀ ਖੇਡ ਹੈ। ਇਸ ਖੇਡ ਚ ਖਿਡਾਰੀਆਂ ਨੂੰ ਮਿਹਨਤਾਨਾ ਵੀ ਕਰੋੜਾਂ 'ਚ ਮਿਲਦਾ ਹੈ। ਕ੍ਰਿਕਟ ਦੇ ਕਿਸੇ ਵੀ ਪੱਧਰ ਦੀ ਟੀਮ 'ਚ ਖੇਡਣ ਵਾਲਾ ਖਿਡਾਰੀ ਕਰੋੜ ਪਤੀ ਬਣ ਜਾਂਦਾ ਹੈ।ਅਜਿਹੇ 'ਚ ਦੇਸ਼ ਦੀ ਟੀਮ ਦਾ ਹਿੱਸਾ ਬਣਨ ਲਈ ਸਖਤ ਮਿਹਨਤ ਕਰਨੀ ਪੈਂਦੀ ਹੈ। ਸ਼ੁਭਮਨ ਗਿੱਲ ਤੇ ਹਰਮਨਪ੍ਰੀਤ ਕੌਰ ਨਾ ਸਿਰਫ਼ ਟੀਮ ਦਾ ਹਿੱਸਾ ਬਣੇ ਬਲਕਿ ਆਪਣੀ ਮਿਹਨਤ ਨਾਲ ਕਪਤਾਨ ਬਣੇ ਇਹ ਸੰਜੋਗ ਹੀ ਹੈ ਕਿ ਦੇਸ਼ ਦੀ ਸਭ ਤੋਂ ਜ਼ਿਆਦਾ ਪ੍ਰਚਲਿਤ ਖੇਡ ਦੇ ਦੋਨਾਂ ਹੀ ਟੀਮਾਂ ਦੇ ਕਪਤਾਨ ਪੰਜਾਬੀ ਤੇ ਸਿੱਖ ਹਨ, ਤੇ ਦੋਨੋਂ ਹੀ ਸੂਬੇ ਦੇ ਇੱਕ ਹੀ ਪੁਰਾਣੇ ਜ਼ਿਲ੍ਹੇ ਫਿਰੋਜ਼ਪੁਰ ਤੋਂ ਹਨ।ਇਸ ਤੋਂ ਇਲਾਵਾ ਏਸ਼ੀਆ ਕੱਪ 'ਚ ਪੰਜਾਬ ਦਾ ਖਿਡਾਰੀ ਅਭਿਸ਼ੇਕ ਸ਼ਰਮਾ ਵੀ ਟੂਰਨਾਮੈਂਟ ਦਾ ਸਰਵੋਤਮ ਖਿਡਾਰੀ ਰਿਹਾ।ਸ਼ੁਭਮਨ ਗਿੱਲ ਅਭਿਸ਼ੇਕ ਸ਼ਰਮਾ ਤੇ ਹਰਮਪ੍ਰੀਤ ਕੌਰ ਸੂਬੇ ਦੇ ਲੱਖਾਂ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਬਣਨਗੇ।ਮਲੂਕਾ ਨੇ ਕਿਹਾ ਕਿ ਨੌਜਵਾਨਾਂ ਨੂੰ ਪੜਾਈ ਦੇ ਨਾਲ ਖੇਡਾਂ ਚ ਵੀ ਭਾਗ ਲੈਣਾ ਚਾਹੀਦਾ ਖੇਡਾਂ 'ਚ ਵੀ ਨੌਜਵਾਨ ਮਿਹਨਤ ਨਾਲ ਵੱਡੀਆਂ ਮੱਲਾਂ ਮਾਰ ਸਕਦੇ ਹਨ।

# ਫਰਜ਼ੀ ਵਿਆਹਾਂ ਦੇ ਨਾਮ 'ਤੇ ਠੱਗੀਆਂ ਮਾਰਨ ਵਾਲੇ ਗਿਰੋਹ ਦਾ ਪਰਦਾਫਾਸ਼, ਦੋ ਔਰਤਾਂ ਸਮੇਤ ਛੇ ਖਿਲਾਫ ਕੇਸ ਦਰਜ

ਬਠਿੰਡਾ,6 ਅਕਤੂਬਰ (ਦੀਪਕ ਸ਼ਰਮਾ):ਕੁਆਰਿਆਂ ਨੂੰ ਘੋੜੀ ਚੜਨ ਦੇ ਸੁਪਨੇ ਦਿਖਾ ਕੇ ਅਤੇ ਰਿਸ਼ਤਿਆਂ ਦੀ ਆੜ ਵਿੱਚ ਲੱਖਾਂ ਰੁਪਏ ਦੀ ਠੱਗੀ ਦਾ ਮਾਮਲਾ ਸਾਹਮਣੇ ਆਇਆ ਹੈ। ਜ਼ਿਲ੍ਹਾ ਬਠਿੰਡਾ ਦੇ ਪਿੰਡ ਭਗਵਾਨਪੁਰਾ ਦੇ ਇੱਕ ਵਿਅਕਤੀ ਜਸਵੰਤ ਸਿੰਘ ਨੂੰ ਉਸਦੀ ਮਾਸੀ ਦੀ ਨੂੰਹ ਨੇ ਹੀ ਫਰਜ਼ੀ ਵਿਆਹ ਦੇ ਜਾਲ ਵਿੱਚ ਫਸਾ ਲਿਆ। ਫਰਜ਼ੀ ਵਿਆਹ ਕਰਵਾਉਣ ਵਾਲੇ ਗੈਂਗ ਨੇ ਵਿਆਹ ਕਰਨ ਵਿੱਚ ਜਲਦਬਾਜ਼ੀ ਦਾ ਡਰਾਮਾ ਰਚ ਕੇ ਨਾ ਸਿਰਫ਼ ਢਾਈ ਲੱਖ ਰੁਪਏ ਨਕਦ ਲਏ, ਸਗੋਂ ਲਾੜੀ ਬਣੀ ਪਰਮਜੀਤ ਕੌਰ ਚਾਰ ਦਿਨ ਬਾਅਦ ਹੀ ਸਾਢੇ ਚਾਰ ਤੋਲੇ ਸੋਨਾ ਲੈ ਕੇ ਆਪਣੇ ਦਾਦੇ ਦੀ ਮੌਤ ਦਾ ਬਹਾਨਾ ਬਣਾ ਕੇ ਫ਼ਰਾਰ ਹੋ ਗਈ।ਥਾਣਾ ਤਲਵੰਡੀ ਸਾਬੋ ਦੀ ਪੁਲਿਸ ਨੇ ਮਾਮਲੇ ਦੀ ਜਾਂਚ ਤੋਂ ਬਾਅਦ ਦੋ ਔਰਤਾਂ ਸਮੇਤ 6 ਲੋਕਾਂ ਖ਼ਿਲਾਫ਼ ਧੋਖਾਧੜੀ ਦਾ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਤਲਵੰਡੀ ਸਾਬੋ ਪੁਲਿਸ ਨੂੰ ਦਿੱਤੇ ਬਿਆਨ ਵਿੱਚ ਜਸਵੰਤ ਸਿੰਘ ਨੇ ਦੱਸਿਆ ਕਿ ਉਸਦੀ ਰਿਸ਼ਤੇਦਾਰ ਲਖਵੀਰ ਕੌਰ ਵਾਸੀ ਤਲਵੰਡੀ ਸਾਬੋ (ਜੋ ਉਸਦੀ ਮਾਸੀ ਦੀ ਨੂੰਹ ਹੈ) ਨੇ ਉਸਨੂੰ ਕਿਹਾ ਕਿ ਉਹ ਉਸਦਾ ਰਿਸ਼ਤਾ ਆਪਣੀ ਜਾਣ-ਪਛਾਣ ਵਾਲੀ ਲੜਕੀ ਪਰਮਜੀਤ ਕੌਰ ਨਾਲ ਕਰਵਾ ਸਕਦੀ ਹੈ। ਇਹ ਸੁਣ ਕੇ ਜਸਵੰਤ ਸਿੰਘ ਨੇ ਆਪਣੀ ਮਾਤਾ ਨਰਿੰਦਰ ਕੌਰ ਨਾਲ ਗੱਲ ਕੀਤੀ। ਅਕਤੂਬਰ 2024 ਵਿੱਚ, ਲਖਵੀਰ ਕੌਰ ਅਤੇ ਉਸਦਾ ਪਤੀ ਜਗਮੀਤ ਸਿੰਘ ਉਨ੍ਹਾਂ ਦੇ ਘਰ ਆਏ ਅਤੇ ਪਰਮਜੀਤ ਕੌਰ ਦੀ ਫੋਟੋ ਦਿਖਾਈ। ਰਿਸ਼ਤੇ ਲਈ ਹਾਮੀ ਭਰਨ ਤੇ ਉਨ੍ਹਾਂ ਦੱਸਿਆ ਕਿ ਉਹ ਰਿਸ਼ਤੇ ਕਰਵਾਉਣ ਦਾ ਕੰਮ ਕਰਦੇ ਹਨ ਅਤੇ ਉਨ੍ਹਾਂ ਦਾ ਇੱਕ ਪਾਰਟਨਰ ਗੁਰਤੇਜ ਸਿੰਘ ਉਰਫ਼ ਤੇਜ਼ੀ (ਵਾਸੀ ਨੱਤ) ਅਤੇ ਉਸਦੀ ਸਾਲੀ ਵੀ ਇਸ ਵਿੱਚ ਹਿੱਸੇਦਾਰ ਹੈ।ਉਨ੍ਹਾਂ ਨੇ ਇਸ ਰਿਸ਼ਤੇ ਲਈ ਡੇਢ ਲੱਖ ਰੁਪਏ ਲੈਣ ਦੀ ਗੱਲ ਕਹੀ।ਕਥਿਤ ਤੇ ਠੱਗਾਂ ਨੇ ਪੈਂਚਕਾ ਲੱਗਣ ਦਾ ਡਰ ਦੇ ਕੇ 8 ਨਵੰਬਰ ਨੂੰ ਵਿਆਹ ਦੀ ਤਰੀਕ ਬਣ ਦਿੱਤੀ।ਰਿਸ਼ਤੇ ਲਈ ਹਾਂ ਹੋਣ ਤੋਂ ਬਾਅਦ 6 ਨਵੰਬਰ 2024 ਨੂੰ ਇਨ੍ਹਾਂ ਲੋਕਾਂ ਨੇ 7 ਨਵੰਬਰ ਨੂੰ ਸ਼ਗਨ ਦੀ ਤਾਰੀਖ਼ ਰੱਖ ਦਿੱਤੀ। ਸ਼ਗਨ ਪਾਉਣ ਲਈ ਸਾਰੇ ਜਣੇ ਜਸਵੰਤ ਦੀ ਮਾਤਾ ਨੂੰ ਨਾਲ ਲੈ ਕੇ ਬਰਨਾਲਾ ਵਿੱਚ ਨਿੱਕਾ ਬਾਬਾ (ਵਾਸੀ ਚੀਮਾ) ਦੇ ਘਰ ਗਏ, ਜਿੱਥੇ ਮਾਤਾ ਨੇ ਪਰਮਜੀਤ ਕੌਰ ਨੂੰ 500 ਰੁਪਏ ਦੇ ਕੇ ਰੋਕੇ ਦੀ ਖਮਣੀ ਬੰਨ੍ਹ ਦਿੱਤੀ। ਇਸ ਮੌਕੇ ਠੱਗ ਗੈਂਗ ਨੇ ਕਾਹਲੀ ਪਾਉਂਦਿਆਂ ਕਿਹਾ ਕਿ 9 ਨਵੰਬਰ ਤੋਂ ਪੰਚਕ ਸ਼ੁਰੂ ਹੋ ਜਾਣਗੇ ਜੋ ਵਿਆਹ ਲਈ ਅਸ਼ੁੱਭ ਹਨ, ਇਸ ਲਈ ਵਿਆਹ 8 ਨਵੰਬਰ ਨੂੰ ਹੀ ਕਰਨਾ ਪਵੇਗਾ।ਜਸਵੰਤ ਸਿੰਘ ਅਤੇ ਉਸਦੇ ਪਰਿਵਾਰ (ਮਾਤਾ ਨਰਿੰਦਰ ਕੌਰ, ਭਰਾ ਕੁਲਵੰਤ, ਭੈਣ ਮਨਦੀਪ, ਜਵਾਈ ਅਮਨਦੀਪ ਸਿੰਘ ਅਤੇ ਵੱਡੀ ਭੈਣ ਸੁਖਵਿੰਦਰ ਕੌਰ) ਨੇ ਹਾਮੀ ਭਰੀ ਅਤੇ ਉਹ ਸਾਰੇ ਵਿਆਹ ਕਰਵਾਉਣ ਲਈ ਪਿੰਡ ਚੀਮਾ ਚਲੇ ਗਏ, ਜਿੱਥੇ ਉਕਤ ਸਾਰੇ ਲੋਕ ਮੌਜੂਦ ਸਨ।ਪਿੰਡ ਚੀਮਾ ਪਹੁੰਚਣ ਤੇ ਗੈਂਗ ਨੇ ਅਨੰਦ ਕਾਰਜ ਤੋਂ ਪਹਿਲਾਂ ਡੇਢ ਲੱਖ ਰੁਪਏ ਹੋਰ ਮੰਗੇ, ਜੋ ਜਸਵੰਤ ਸਿੰਘ ਦੀ ਮਾਤਾ ਨੇ ਲਖਵੀਰ ਕੌਰ 'ਤੇ ਉਸਦੇ ਪਤੀ ਨੂੰ ਦੇ ਦਿੱਤੇ। ਪੈਸੇ ਲੈਣ ਤੋਂ ਬਾਅਦ ਇਨ੍ਹਾਂ ਲੋਕਾਂ ਨੇ ਆਪਸ ਵਿੱਚ ਝਗੜਾ ਕਰਨਾ ਸ਼ੁਰੂ ਕਰ ਦਿੱਤਾ ਅਤੇ 1 ਲੱਖ ਰੁਪਏ ਹੋਰ ਦੇਣ ਦੀ ਮੰਗ ਕਰਨ ਲੱਗੇ। ਮਜਬੂਰੀ ਵਿੱਚ ਜਸਵੰਤ ਸਿੰਘ ਦੇ ਭਰਾ ਨੇ ਤਪਾ ਮੰਡੀ ਤੋਂ ਇੱਕ ਲੱਖ ਰੁਪਏ ਹੋਰ ਕਢਵਾ ਕੇ ਉਨ੍ਹਾਂ ਨੂੰ ਦਿੱਤੇ।ਕੁੱਲ ਢਾਈ ਲੱਖ ਰੁਪਏ ਲੈਣ ਤੋਂ ਬਾਅਦ ਉਨ੍ਹਾਂ ਨੇ ਕਿਹਾ ਕਿ ਸਮਾਂ ਲੰਘ ਗਿਆ ਹੈ ਅਤੇ ਅਨੰਦ ਕਾਰਜ ਨਹੀਂ ਹੋ ਸਕਦੇ। ਉਨ੍ਹਾਂ ਨੇ ਸਿਰਫ਼ ਹਾਰ ਪਾਉਣ ਲਈ ਕਿਹਾ ਅਤੇ ਲੜਕੀ ਨੂੰ ਨਾਲ ਲੈ ਜਾਣ ਲਈ ਕਹਿ ਦਿੱਤਾ।ਜਸਵੰਤ ਸਿੰਘ ਅਨੁਸਾਰ, 16 ਨਵੰਬਰ ਨੂੰ ਪਰਮਜੀਤ ਕੌਰ ਦੇ ਭਰਾ ਦੱਸਣ ਵਾਲੇ ਦੋ ਲੜਕੇ ਉਨ੍ਹਾਂ ਦੇ ਘਰ ਆਏ ਅਤੇ ਪਰਮਜੀਤ ਕੌਰ ਨੂੰ ਨਾਲ ਲੈ ਗਏ। 20 ਨਵੰਬਰ ਨੂੰ ਮਨਦੀਪ ਕੌਰ (ਜੋ ਖੁਦ ਨੂੰ ਪਰਮਜੀਤ ਕੌਰ ਦੀ ਭੈਣ ਦੱਸਦੀ ਸੀ) ਪਰਮਜੀਤ ਕੌਰ ਨੂੰ ਵਾਪਸ ਘਰ ਛੱਡ ਗਈ। ਮਨਦੀਪ ਕੌਰ ਦੋ ਦਿਨ ਉਨ੍ਹਾਂ ਦੇ ਘਰ ਰੁਕੀ।ਕੁਝ ਦਿਨ ਬਾਅਦ ਪਰਮਜੀਤ ਕੌਰ ਆਪਣੇ ਦਾਦੇ ਦੀ ਮੌਤ ਦਾ ਬਹਾਨਾ ਬਣਾ ਕੇ, ਚਾਰ ਦਿਨਾਂ ਬਾਅਦ ਵਾਪਸ ਆਉਣ ਦਾ ਕਹਿ ਕੇ ਦੋ ਬੈਗਾਂ ਵਿੱਚ ਕੱਪੜੇ ਅਤੇ ਸਾਢੇ ਚਾਰ ਤੋਲੇ ਸੋਨਾ ਲੈ ਕੇ ਘਰੋਂ ਚਲੀ ਗਈ ਪਰ ਵਾਪਸ ਨਹੀਂ ਆਈ।

# ਧੂਰੀ 'ਚ ਲਿੰਕ ਸੜਕਾਂ ਬਣਾਉਣ ਦੇ ਕੰਮ ਦੀ ਸ਼ੁਰੂਆਤ

## ਪੰਜਾਬ ਸਰਕਾਰ ਸੂਬਾ ਵਾਸੀਆਂ ਨੂੰ ਬੁਨਿਆਦੀ ਸਹੂਲਤ ਉਪਲਬਧ ਕਰਵਾਉਣ ਲਈ ਵਚਨਬੱਧ : ਸੁਖਵੀਰ ਸਿੰਘ



ਧੂਰੀ, 6 ਅਕਤੂਬਰ (ਰਾਜੇਸ਼ਵਰ ਪਿੰਟੂ, ਅਮਨ ਗਰਗ): ਵਿਧਾਨ ਸਭਾ ਹਲਕਾ ਧੂਰੀ ਵਿਖੇ ਲਗਭਗ 6.5 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋਣ ਵਾਲੀਆਂ ਪੇਂਡੂ ਲਿੰਕ ਸੜਕਾਂ ਦੀ ਉਸਾਰੀ ਦੇ ਕੰਮਾਂ ਦੀ ਸ਼ੁਰੂਆਤ ਕੀਤੀ ਗਈ, ਜਿਨ੍ਹਾਂ ਵਿੱਚ ਮੱਲੂਮਾਜਰਾ ਤੋਂ ਕਹੇਰੂ (95.88 ਲੱਖ), ਕੱਕੜਵਾਲ ਤੋਂ ਕਹੇਰੂ (104.65 ਲੱਖ), ਵਿਰਨੀ ਪਿੰਡ ਕੱਕੜਵਾਲ (197.58 ਲੱਖ), ਧੂਰੀ ਬਰਨਾਲਾ ਰੋਡ ਤੋਂ ਰਾਜੋਮਾਜਰਾ (92.22 ਲੱਖ) ਅਤੇ ਧੂਰੀ ਸ਼ੇਰਪੁਰ ਰੋਡ ਤੋਂ ਰਾਜੋਮਾਜਰਾ (151.63 ਲੱਖ) ਸ਼ਾਮਲ ਹਨ। ਇਹਨਾਂ ਕੰਮਾਂ ਦੀ ਸ਼ੁਰੂਆਤ ਮੁੱਖ ਮੰਤਰੀ ਦੇ ਓ. ਐਸ. ਡੀ. ਸੁਖਵੀਰ ਸਿੰਘ, ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਅਤੇ ਮਾਰਕੀਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੇ ਕਰਵਾਈ।ਇਸ ਮੌਕੇ ਸੁਖਵੀਰ ਸਿੰਘ ਨੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬਾ ਵਾਸੀਆਂ ਨੂੰ ਬਿਹਤਰੀਨ ਬੁਨਿਆਦੀ ਸਹੂਲਤਾਂ ਦੇਣ ਲਈ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਹਲਕਾ ਧੂਰੀ ਵਿਖੇ ਚੱਲ ਰਹੇ ਵਿਕਾਸ ਕਾਰਜਾਂ ਦੀ ਮੁੱਖ ਮੰਤਰੀ ਖ਼ੁਦ ਰੋਜ਼ਾਨਾ ਰਿਪੋਰਟ ਲੈਂਦੇ ਹਨ ਤਾਂ ਜੋ ਧੂਰੀ ਵਾਸੀਆਂ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ 'ਚ ਧੂਰੀ 'ਚ ਹੋਰ ਵਿਕਾਸ ਕਾਰਜ ਵੀ ਸ਼ੁਰੂ ਕੀਤੇ ਜਾ ਰਹੇ ਹਨ। ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਨੇ ਕਿਹਾ ਕਿ ਬਰਸਾਤਾਂ ਕਾਰਨ ਟੁੱਟੀਆਂ ਸੜਕਾਂ ਬਣਾਉਣ ਦਾ ਕੰਮ ਧੂਰੀ ਹਲਕੇ ਵਿੱਚ ਜੰਗੀ ਪੱਧਰ 'ਤੇ ਸ਼ੁਰੂ ਕਰ ਦਿੱਤਾ ਗਿਆ ਹੈ ਤੇ ਆਉਣ ਵਾਲੇ ਕੁਝ ਦਿਨਾਂ ਵਿੱਚ ਲਿੰਕ ਸੜਕਾਂ ਬਣਾਉਣ ਦਾ ਕੰਮ ਮੁਕੰਮਲ ਕਰ ਲਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਬਣ ਰਹੀਆਂ ਸੜਕਾਂ ਦੀ ਗੁਣਵੱਤਾ ਦੀ ਜਾਂਚ ਲਈ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੱਤੇ ਗਏ ਹਨ।

# ਗੁਰੂ ਕਾਸ਼ੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਦਾ ਵਿਸ਼ੇਸ਼ ਸਨਮਾਨ

ਭਾਈ ਕਾ, 6 ਅਕਤੂਬਰ (ਸਵਰਨ ਸਿੰਘ ਭਗਤਾ):ਸੀ ਐਮ ਐਸ ਗੁਰੂ ਕਾਸ਼ੀ ਪਬਲਿਕ ਸਕੂਲ ਭਗਤਾ ਭਾਈਕਾ ਬਠਿੰਡਾ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਭਾਰਤ ਵਿਕਾਸ ਪਰਿਸ਼ਦ ਬਠਿੰਡਾ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ ।ਇਸ ਸਬੰਧੀ ਸਕੂਲ ਦੇ ਪ੍ਰਿੰਸੀਪਲ ਰਮਨ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ ਵਿਕਾਸ ਪਰਿਸ਼ਦ ਬਠਿੰਡਾ ਵੱਲੋਂ ਹਰ ਸਾਲ ਗੁਰੂ ਵੰਦਨ ਛਾਤਰ ਅਭਿਨੰਦਨ ਪ੍ਰੋਗਰਾਮ ਤਹਿਤ ਅਧਿਆਪਕਾਂ ਅਤੇ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ ਕਰਨ ਲਈ ਪ੍ਰੋਗਰਾਮ ਆਯੋਜਿਤ ਕੀਤਾ ਜਾਂਦਾ ਹੈ, ਜਿਸ ਵਿੱਚ ਸੀ ਐਮਐਸ ਗੁਰੂ ਕਾਸ਼ੀ ਪਬਲਿਕ ਸਕੂਲ ਭਗਤਾ ਭਾਈਕਾ ਦੇ ਬਹੁਤ ਹੀ ਮਿਹਨਤੀ ਅਤੇ ਤਜਰਬੇਕਾਰ ਅਧਿਆਪਕ ਮੈਡਮ ਨਿਸ਼ਾ ਰਾਣੀ ਕੋਠਾ ਗੁਰੂ ਅਤੇ ਮੈਡਮ ਕਿਰਨ ਕੌਰ ਭਗਤਾ ਭਾਈਕਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ,ਨਾਲ ਹੀ ਸਕੂਲ ਦੇ ਹਰ ਖੇਤਰ ਵਿੱਚ ਮੋਹਰੀ ਗਿਆਰਵੀਂ ਕਲਾਸ ਆਰਟਸ ਵਿਸ਼ੇ ਦੀ ਵਿਦਿਆਰਥਣ ਨਵਜੋਤ ਕੌਰ ਅਤੇ ਗਿਆਰਵੀਂ ਕਲਾਸ ਨਾਨ ਮੈਡੀਕਲ ਵਿਸ਼ੇ ਦੀ ਵਿਦਿਆਰਥਣ ਮੈਵਿਸ਼ ਗਰਗ ਦਾ ਵੀ ਸਨਮਾਨ ਕੀਤਾ ਗਿਆ ।ਉਪਰੋਕਤ ਸਨਮਾਨ ਲਈ ਸਕੂਲ ਦੇ ਪ੍ਰਿੰਸੀਪਲ ਰਮਨ ਕੁਮਾਰ ਅਤੇ ਮੈਨੇਜਿੰਗ ਡਾਇਰੈਕਟਰ ਜੈ ਸਿੰਘ ਨੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ।ਉਹਨਾਂ ਨੇ ਆਖਿਆ ਕਿ ਇਸ ਤਰ੍ਹਾਂ ਦੇ ਮਾਣ ਸਨਮਾਨ ਨਾਲ ਜਿੱਥੇ ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਮਨੋਬਲ ਵੱਧਦਾ ਹੈ ਉਥੇ ਨਾਲ ਹੀ ਹੋਰ ਅਧਿਆਪਕ ਅਤੇ ਵਿਦਿਆਰਥੀਆਂ ਨੂੰ ਵੀ ਸਖਤ ਮਿਹਨਤ ਅਤੇ ਵਧੀਆ ਨਤੀਜੇ ਦੇ ਕੇ ਇਸ ਤਰ੍ਹਾਂ ਦੇ ਸਨਮਾਨ ਪ੍ਰਾਪਤ ਕਰਨ ਲਈ ਯਤਨ ਕਰਨੇ ਚਾਹੀਦੇ ਹਨ ।

# ਭਰਾਜ ਵੱਲੋਂ ਘਰਾਚੋਂ 'ਚ ਵਿਕਾਸ ਕਾਰਜਾਂ ਦੇ ਉਦਘਾਟਨ



ਭਵਾਨੀਗੜ੍ਹ, 6 ਅਕਤੂਬਰ (ਅਮਨਦੀਪ ਸਿੰਘ ਮਾਝਾ ) : ਹਲਕਾ ਵਿਧਾਇਕ ਨਰਿੰਦਰ ਕੌਰ ਭਰਾਜ ਵੱਲੋਂ ਪਿੰਡ ਘਰਾਚੋਂ ਵਿਖੇ 24.00 ਲੱਖ ਰੁਪਏ ਦੀ ਲਾਗਤ ਨਾਲ ਉਸਾਰੇ ਭਾਰਤ ਨਿਰਮਾਣ ਰਾਜੀਵ ਗਾਂਧੀ ਸੇਵਾ ਕੇਂਦਰ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਸ਼੍ਰੀਮਤੀ ਭਰਾਜ ਨੇ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਹਲਕਾ ਸੰਗਰੂਰ ਦੇ ਵੱਖ-ਵੱਖ ਪਿੰਡਾਂ ਵਿੱਚ ਜਿਵੇਂ ਯਾਦਗਾਰੀ ਗੇਟ, ਖੇਡ ਸਟੇਡੀਅਮ, ਕਮਿਊਨਿਟੀ ਹਾਲ ਅਤੇ ਹੋਰ ਵਿਕਾਸ ਕੰਮ ਚੱਲ ਰਹੇ ਹਨ। ਉਹਨਾਂ ਕਿਹਾ ਕਿ ਵੱਖ-ਵੱਖ ਪਿੰਡਾਂ ਨੂੰ ਹੈਲਥ ਵੈੱਲਨੈੱਸ ਸੈਂਟਰ ਅਤੇ ਪੰਚਾਇਤ ਘਰਾਂ ਦੀ ਉਸਾਰੀ ਦੇ ਕੰਮਾਂ ਲਈ ਗਰਾਂਟ ਜਾਰੀ ਕੀਤੀ ਗਈ ਹੈ ਅਤੇ ਇਹ ਕੰਮ ਜਲਦੀ ਸ਼ੁਰੂ ਕਰਵਾਏ ਜਾ ਰਹੇ ਹਨ।ਉਹਨਾਂ ਕਿਹਾ ਕਿ ਹਲਕੇ ਵਿੱਚ ਹਰੇਕ ਜ਼ਰੂਰੀ ਕੰਮ ਨੂੰ ਤਰਜ਼ੀਹੀ ਤੌਰ ਉੱਤੇ ਪੂਰਾ ਕੀਤਾ ਜਾ ਰਿਹਾ ਹੈ। ਅਗਲੇ ਇੱਕ ਸਾਲ ਵਿੱਚ ਇਲਾਕੇ ਦਾ ਕੋਈ ਵੀ ਕੰਮ ਬਕਾਇਆ ਨਹੀਂ ਰਹੇਗਾ। ਪਿੰਡ ਘਰਾਚੋਂ ਦੇ ਸਰਪੰਚ ਦਲਜੀਤ ਸਿੰਘ ਘਰਾਚੋਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਹਲਕਾ ਵਿਧਾਇਕਾ ਨਰਿੰਦਰ ਕੌਰ ਭਰਾਜ ਦਾ ਪਿੰਡ ਘਰਾਚੋ ਦੇ ਵਿਕਾਸ ਕਾਰਜਾਂ ਲਈ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਇਸ ਮੌਕੇ ਜਤਿੰਦਰ ਸਿੰਘ ਵਿੱਕੀ ਬਾਜਵਾ ਪ੍ਰਧਾਨ ਟਰੱਕ ਯੂਨੀਅਨ ਭਵਾਨੀਗੜ੍ਹ, ਜਗਸੀਰ ਸਿੰਘ ਝਨੇੜੀ ਚੇਅਰਮੈਨ ਮਾਰਕੀਟ ਕਮੇਟੀ ਜਗਸੀਰ ਸਿੰਘ ਝਨੇੜੀ ਚੇਅਰਮੈਨ ਮਾਰਕੀਟ ਕਮੇਟੀਸਮੇਤ ਪਾਰਟੀ ਵਰਕਰ ਅਤੇ ਪਿੰਡ ਵਾਸੀ ਮੌਜੂਦ ਸਨ।

# ਪਿੰਡ ਭੁੱਲਣ ਵਿੱਚ ਕਰਵਾਇਆ ਗਿਆ ਵਾਲੀਬਾਲ ਟੂਰਨਾਮੈਂਟ



ਖਨੌਰੀ, 6 ਅਕਤੂਬਰ (ਓਮਪ੍ਰਕਾਸ਼ ਮੁਆਲ): ਖੇਡਾਂ ਪ੍ਰਤੀ ਨੌਜਵਾਨਾਂ ਵਿੱਚ ਜਾਗਰੂਕਤਾ ਪੈਦਾ ਕਰਨ ਦੇ ਉਦੇਸ਼ ਨਾਲ ਨਜ਼ਦੀਕੀ ਪਿੰਡ ਭੁੱਲਣ ਦੇ ਖੇਡ ਗਰਾਊਂਡ ਵਿੱਚ ਸ਼ਾਨਦਾਰ ਵਾਲੀਬਾਲ ਟੂਰਨਾਮੈਂਟ ਕਰਵਾਇਆ ਗਿਆ। ਜਿਸ ਵਿੱਚ ਪੰਜਾਬ, ਹਰਿਆਣਾ ਤੋਂ ਵੱਡੀ ਗਿਣਤੀ ਵਿੱਚ ਪਹੁੰਚ ਕੇ ਖਿਡਾਰੀਆਂ ਤੇ ਦਰਸ਼ਕਾਂ ਨੇ ਹਿੱਸਾ ਲਿਆ। ਇਸ ਟੂਰਨਾਮੈਂਟ ਵਿੱਚ ਨਿਤੇਸ਼ ਨੈਨ ਭੁੱਲਣ ( ਸੰਭਾਵੀ ਉਮੀਦਵਾਰ ਚੋਣਾਂ ਜ਼ਿਲ੍ਹਾ ਪ੍ਰੀਸ਼ਦ, ਜੋਨ ਅਨਦਾਨਾ ) ਮੁੱਖ ਮਹਿਮਾਨ ਦੇ ਤੌਰ ਪਹੁੰਚੇ ਜਿਨ੍ਹਾਂ ਨੂੰ ਕਲੱਬ ਮੈਂਬਰਾਂ ਨਾਲ ਪਿੰਡ ਵਾਸੀਆਂ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੋਲਦਿਆਂ ਸ੍ਰੀ ਨੈਨ ਨੇ ਕਿਹਾ ਕਿ ਖੇਡਾਂ ਨਾਲ ਨੌਜਵਾਨਾਂ ਦੀ ਸ਼ਖਸੀਅਤ ਤੇ ਸਿਹਤ ਦੋਵੇਂ ਮਜ਼ਬੂਤ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਉਹ ਹਮੇਸ਼ਾ ਖੇਡਾਂ ਨੂੰ ਸਮਰਪਿਤ ਰਹਿੰਦੇ ਹਨ ਅਤੇ ਹਰ ਟੂਰਨਾਮੈਂਟ ਵਿੱਚ ਆਪਣਾ ਬਣਦਾ ਯੋਗਦਾਨ ਪਾਉਂਦੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਇਕੋ ਇੱਕ ਸੁਪਨਾ ਹੈ, ਕਿ ਹਰ ਇੱਕ ਨੌਜਵਾਨ ਨੂੰ ਨਸ਼ਿਆਂ ਤੋਂ ਬਚਾ ਕੇ ਖੇਡਾਂ ਵੱਲ ਪ੍ਰੇਰਿਤ ਕੀਤਾ ਜਾਵੇ। ਇਸ ਟੂਰਨਾਮੈਂਟ ਦੌਰਾਨ ਖਿਡਾਰੀਆਂ ਵੱਲੋਂ ਸ਼ਾਨਦਾਰ ਖੇਡਾਂ ਦਾ ਪ੍ਰਦਰਸ਼ਨ ਕਰਦਿਆਂ ਹੋਇਆਂ ਹੋਏ ਸ਼ਾਨਦਾਰ ਮੁਕਾਬਲਿਆਂ ਵਿੱਚੋਂ ਮੂਨਕ ਦੀ ਟੀਮ ਨੇ ਪਹਿਲਾ ਅਤੇ ਧਾਰਸ਼ੂਲ (ਹਰਿਆਣਾ) ਦੀ ਟੀਮ ਨੇ ਦੂਜਾ ਸਥਾਨ ਹਾਸਲ ਕੀਤਾ। ਇਨ੍ਹਾਂ ਜੇਤੂ ਟੀਮਾਂ ਨੂੰ ਮੁੱਖ ਮਹਿਮਾਨ ਨਿਤੇਸ਼ ਨੈਨ ਵੱਲੋਂ ਕਲੱਬ ਮੈਂਬਰਾਂ ਦੇ ਸਹਿਯੋਗ ਨਾਲ ਸਨਮਾਨਿਤ ਕੀਤਾ ਗਿਆ । ਇਸ ਮੌਕੇ ਕਲੱਬ ਮੈਂਬਰਾਂ ਵੱਲੋਂ ਮੁੱਖ ਮਹਿਮਾਨ, ਆਏ ਸਾਰੇ ਮਹਿਮਾਨਾਂ, ਖਿਡਾਰੀਆਂ ਅਤੇ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਟੂਰਨਾਮੈਂਟ ਨੂੰ ਸਫਲ ਬਣਾਉਣ ਵਿੱਚ ਆਪਣਾ ਬਣਦਾ ਯੋਗਦਾਨ ਪਾਇਆ।

# ਮੋਦੀ ਸਰਕਾਰ ਵਿਰੁੱਧ ਧਰਨਾ ਦਿੱਤਾ



ਮੂਨਕ, 6 ਅਕਤੂਬਰ(ਸਮਸ਼ੇਰ ਸਿੰਘ ਭੁਟਾਲ):ਕਿਸਾਨ ਮਜ਼ਦੂਰ ਮੋਰਚੇ ਦੇ ਸੱਦੇ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਆਜਾਦ ਦੇ ਵੱਲੋਂ ਜ਼ਿਲ੍ਹਾ ਆਗੂ ਸੁਖਦੇਵ ਸ਼ਰਮਾ ਭੁਟਾਲ ਖੁਰਦ ਦੀ ਅਗਵਾਈ ਵਿੱਚ ਅੱਜ ਬਲਾਕ ਮੂਨਕ ਦੇ ਤਹਿਸੀਲ ਕੰਪਲੈਕਸ ਅੱਗੇ ਕੇਂਦਰ ਦੀ ਮੋਦੀ ਸਰਕਾਰ ਤੇ ਪੰਜਾਬ ਸਰਕਾਰ ਦਾ ਅਰਥੀ ਫੂਕ ਮੁਜਾਹਰਾ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਆਗੂ ਰਾਜ ਸਿੰਘ ਥੇੜ੍ਹੀ ਨੇ ਬੋਲਦਿਆਂ ਕਿਹਾ ਕਿ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਪੰਜਾਬ ਦੇ ਕਿਸਾਨਾਂ ਨੂੰ ਪਰਾਲੀ ਸਾੜਨ ਦੇ ਨਾਂ ਤੇ ਵਾਤਾਵਰਨ ਨੂੰ ਗੰਦਲਾ ਕਰਨ ਦਾ ਮੁੱਖ ਦੋਸ਼ੀ ਬਣਾ ਕੇ ਮੋਟੇ ਜੁਰਮਾਨੇ, ਜਮੀਨਾਂ ਤੇ ਰੈਡ ਐਂਟਰੀਆਂ ਤੇ ਧੜਾਧੜ ਜੇਲ੍ਹਾਂ ਵਿੱਚ ਬੰਦ ਕਰਨ ਦੇ ਰਾਹ ਪਏ ਹੋਏ ਹਨ। ਖੇਤੀਬਾੜੀ ਮਾਹਿਰਾਂ ਦੀਆਂ ਪਿਛਲੀਆਂ ਰਿਪੋਰਟਾਂ ਨੇ ਇਹ ਗੱਲ ਸਾਫ ਕੀਤੀ ਹੈ ਕਿ ਸਾਰੇ ਸਾਲ ਦਾ ਖੇਤੀਬਾੜੀ ਦਾ ਪ੍ਰਦੂਸ਼ਣ ਸਿਰਫ 6% ਹੈ ਜਦਕਿ ਵੱਡੀਆਂ ਫੈਕਟਰੀਆਂ, ਗੱਡੀਆਂ,ਤੇ ਹੋਰ ਕਾਰੋਬਾਰੀ ਅਦਾਰਿਆਂ ਦਾ ਪ੍ਰਦੂਸ਼ਣ 94% ਦੇ ਲੱਗਭਗ ਹੈ। ਦੂਜੇ ਪਾਸੇ ਪੰਜਾਬ ਸਰਕਾਰ ਕਾਰਪੋਰੇਟ ਘਰਾਣਿਆਂ ਦੇ ਹੱਕ ਵਿੱਚ ਭੁਗਤਦੇ ਹੋਏ ਪੰਜਾਬ ਦੇ ਪਾਣੀ ਤੇ ਆਬੋ ਹਵਾ ਨੂੰ ਗੰਧਲਾ ਕਰਨ ਤੇ ਫੈਕਟਰੀਆਂ ਵੱਲੋਂ ਧਰਤੀ ਥੱਲੇ ਜਹਿਰੀਲਾ ਪਾਣੀ ਪਾਉਣ ਤੋਂ ਰੋਕਣ ਵਾਲੇ ਕਨੂੰਨਾਂ ਤੇ ਕਾਰਪੋਰੇਟਾ ਨੂੰ ਸਜ਼ਾ ਦੇਣ ਦਾ ਪ੍ਰਬੰਧ ਕਰਦੀਆਂ ਮੱਦਾਂ ਨੂੰ ਪੰਜਾਬ ਸਰਕਾਰ ਵਿਸ਼ੇਸ਼ ਕਨੂੰਨ ਪਾਸ ਕਰਕੇ ਰੱਦ ਕਰ ਰਹੀ ਹੈ।ਇਸ ਤਰ੍ਹਾਂ ਪੰਜਾਬ ਸਰਕਾਰ ਦਾ ਕਿਸਾਨ ਵਿਰੋਧੀ ਚਿਹਰਾ ਸਾਫ ਨੰਗਾ ਹੋ ਰਿਹਾ ਹੈ। ਸੁਪਰੀਮ ਕੋਰਟ ਦੇ ਹੁਕਮਾਂ ਦਾ ਹਵਾਲਾ ਦਿੰਦਿਆਂ ਸਰਕਾਰ ਕਿਸਾਨਾਂ ਦੀਆਂ ਧੜਾਧੜ ਗ੍ਰਿਫਤਾਰੀਆਂ ਕਰ ਰਹੀ ਹੈ।ਪਰ ਉਹੀ ਸੁਪਰੀਮ ਕੋਰਟ ਦੇ ਪਰਾਲੀ ਦਾ 200 ਰੁਪਏ ਪ੍ਰਤੀ ਏਕੜ ਮੁਆਵਜ਼ਾ ਕਿਸਾਨਾਂ ਨੂੰ ਦੇਣ ਤੋਂ ਭੱਜ ਰਹੀ ਹੈ। ਕਿਸਾਨਾਂ ਦੀਆਂ ਪਰਾਲੀ ਸਾੜਨ ਦੇ ਨਾਂ ਤੇ ਹੋ ਰਹੀਆਂ ਗ੍ਰਿਫਤਾਰੀਆਂ ਤੇ ਜੁਰਮਾਨਿਆਂ ਦਾ ਜਥੇਬੰਦੀ ਸਖਤ ਵਿਰੋਧ ਕਰਦੀ ਹੈ ਤੇ ਸਰਕਾਰ ਨੂੰ ਚੇਤਾਵਨੀ ਦਿੰਦੀ ਹੈ ਜੇ ਇਹ ਪ੍ਰੋਪੇਗੰਡਾ ਬੰਦ ਨਾ ਕੀਤਾ ਤਾਂ ਤਕੜਾ ਸੰਘਰਸ ਕੀਤਾ ਜਾਵੇਗਾ। ਦੂਜੇ ਪਾਸੇ ਪੰਜਾਬ ਤੇ ਕੇਂਦਰ ਸਰਕਾਰ ਹੜ੍ਹਾਂ ਦੀ ਮਾਰ ਦਾ ਮੁਆਵਜ਼ਾ ਦੇਣ ਦੀ ਥਾਂ ਤੇ ਇੱਕ ਦੂਜੇ ਤੇ ਦੂਸ਼ਣਬਾਜ਼ੀ ਕਰ ਕੇ ਸਿਰਫ ਸੌੜੀ ਸਿਆਸਤ ਕਰ ਰਹੇ ਹਨ। ਪੰਜਾਬ ਦਾ ਮੁੱਖ ਮੰਤਰੀ ਹੜ ਪੀੜਤਾਂ ਦੀ ਬਾਂਹ ਜਮੀਨੀ ਪੱਧਰ ਤੇ ਫੜਨ ਦੀ ਬਜਾਏ ਆਪਣੀ ਮਾਰਕੇਬਾਜ਼ ਬਿਆਨਬਾਜ਼ੀ ਦਾ ਪੈਂਤੜਾ ਖੇਡ ਰਿਹਾ ਹੈ।ਅੱਜ ਦੇ ਅਰਥੀ ਫੂਕ ਮੁਜ਼ਾਹਰੇ ਪੰਜਾਬ ਤੇ ਕੇਂਦਰ ਸਰਕਾਰ ਨੂੰ ਚੇਤਾਵਨੀ ਹੈ ਕਿ ਹੜ ਪੀੜਤ ਕਿਸਾਨਾਂ ਨੂੰ ਫਸਲਾਂ ਦੇ ਨੁਕਸਾਨ ਦਾ 70 ਹਜ਼ਾਰ ਪ੍ਰਤੀ ਏਕੜ, ਗੰਨੇ ਦੀ ਫਸਲ ਦੇ ਨੁਕਸਾਨ ਦਾ 1 ਲੱਖ ਰੁਪਏ ਪ੍ਰਤੀ ਏਕੜ,ਦਾ, ਪਸ਼ੂਆਂ ਦੇ ਨੁਕਸਾਨ, ਘਰਾਂ ਦਾ ਤੇ ਹੋਰ ਜਾਨੀ ਮਾਲੀ ਨੁਕਸਾਨ ਦੇ ਮੁਆਵਜ਼ੇ ਕਿਸਾਨ ਮਜ਼ਦੂਰ ਮੋਰਚੇ ਦੀ ਮੰਗ ਅਨੁਸਾਰ ਜਲਦ ਤੋਂ ਜਲਦ ਜਾਰੀ ਕਰੇ ਨਹੀਂ ਆਉਣ ਵਾਲੇ ਦਿਨਾਂ ਵਿੱਚ ਹੜ ਪੀੜਤਾਂ ਨੂੰ ਮੁਆਵਜ਼ੇ ਦੀ ਰਾਸ਼ੀ ਦਿਵਾਉਣ ਲਈ ਸੰਘਰਸ਼ ਨੂੰ ਤਿੱਖਾ ਕੀਤਾ ਜਾਵੇਗਾ।

# ਇੰਡਸਟਰੀਅਲ ਗ੍ਰੋਥ ਸੈਂਟਰ ਦੀ ਹੋਵੇਗੀ ਕਾਇਆ ਕਲਪ

ਬਠਿੰਡਾ, 6 ਅਕਤੂਬਰ (ਦੀਪਕ ਸ਼ਰਮਾ):ਪੰਜਾਬ ਸਰਕਾਰ ਨੂੰ ਸਾਲਾਨਾ 500 ਕਰੋੜ ਰੁਪਏ ਤੋਂ ਵੱਧ ਜੀਐਸਟੀ ਦੇਣ ਵਾਲੇ ਬਠਿੰਡਾ ਦੇ ਮਾਨਸਾ ਅਤੇ ਡੱਬਵਾਲੀ ਰੋਡ 'ਤੇ ਸਥਿਤ ਇੰਡਸਟਰੀਅਲ ਗ੍ਰੋਥ ਸੈਂਟਰ (ਇੰਡਸਟਰੀਅਲ ਏਰੀਆ) ਦੀ ਦਸ਼ਾ ਹੁਣ ਜਲਦ ਹੀ ਬਦਲਣ ਵਾਲੀ ਹੈ! ਟੁੱਟੀਆਂ ਸੜਕਾਂ, ਖਰਾਬ ਸੀਵਰੇਜ-ਪਾਣੀ ਦੀ ਸਪਲਾਈ ਅਤੇ ਬੰਦ ਪਈਆਂ ਸਟ੍ਰੀਟ ਲਾਈਟਾਂ ਦੀਆਂ ਸਮੱਸਿਆਵਾਂ ਝੱਲ ਰਹੇ ਵਪਾਰੀ ਵਰਗ ਨੂੰ ਵੱਡੀ ਰਾਹਤ ਮਿਲੀ ਹੈ। ਮੇਅਰ ਪਦਮਜੀਤ ਮਹਿਤਾ ਦੇ ਆਦੇਸ਼ਾਂ ਤੇ ਨਗਰ ਨਿਗਮ ਨੇ ਇਸ ਇਲਾਕੇ ਦੇ ਵਿਕਾਸ ਕਾਰਜਾਂ ਲਈ ਕਰੀਬ 2 ਕਰੋੜ 75 ਲੱਖ ਰੁਪਏ ਦੇ ਟੈਂਡਰ ਜਾਰੀ ਕਰ ਦਿੱਤੇ ਹਨ। ਜੇਕਰ ਸਭ ਠੀਕ ਰਿਹਾ ਤਾਂ 13 ਅਕਤੂਬਰ ਨੂੰ ਟੈਂਡਰ ਖੁੱਲ੍ਹਣ ਤੋਂ ਬਾਅਦ ਇਹ ਕੰਮ ਦੀਵਾਲੀ ਤੋਂ ਪਹਿਲਾਂ ਸ਼ੁਰੂ ਹੋ ਜਾਣਗੇ, ਜਿਸ ਨਾਲ 400 ਏਕੜ ਤੋਂ ਵੱਧ ਦੇ ਇਸ ਇਲਾਕੇ ਨੂੰ ਬੁਨਿਆਦੀ ਸਹੂਲਤਾਂ ਮਿਲ ਸਕਣਗੀਆਂ।ਦੱਸਣਾ ਬਣਦਾ ਹੈ ਕਿ ਸਰਕਾਰ ਦੀ ਵਿਸ਼ੇਸ਼ ਯੋਜਨਾ ਤਹਿਤ ਇਹ ਵਿਕਾਸ ਕਾਰਜ ਹੋ ਰਹੇ ਹਨ।ਪੰਜਾਬ ਸਰਕਾਰ ਨੇ ਸੂਬੇ ਦੇ ਸਾਰੇ ਜ਼ਿਲ੍ਹਿਆਂ ਦੇ ਇੰਡਸਟਰੀਅਲ ਗ੍ਰੋਥ ਸੈਂਟਰਾਂ ਦੀ ਹਾਲਤ ਸੁਧਾਰਨ ਲਈ ਵਿਸ਼ੇਸ਼ ਯੋਜਨਾ ਬਣਾਈ ਹੈ, ਜਿਸ ਦੀ ਦੇਖ-ਰੇਖ ਖੁਦ ਮੁੱਖ ਮੰਤਰੀ ਕਰ ਰਹੇ ਹਨ। ਇਸੇ ਯੋਜਨਾ ਤਹਿਤ ਨਗਰ ਨਿਗਮ ਬਠਿੰਡਾ ਨੇ ਮਾਨਸਾ ਅਤੇ ਡੱਬਵਾਲੀ ਰੋਡ ਤੇ ਫੈਲੇ ਗ੍ਰੋਥ ਸੈਂਟਰ ਲਈ ਵਿਕਾਸ ਕਾਰਜਾਂ ਦੇ ਐਸਟੀਮੇਟ ਬਣਾ ਕੇ ਸਰਕਾਰ ਨੂੰ ਭੇਜੇ ਸਨ। ਇਨ੍ਹਾਂ ਤਜਵੀਜ਼ਾਂ ਨੂੰ ਬੀਤੀ 25 ਜਨਵਰੀ 2024 ਨੂੰ ਹੋਏ ਨਗਰ ਨਿਗਮ ਦੇ ਜਨਰਲ ਹਾਊਸ ਵਿੱਚ ਮਨਜ਼ੂਰੀ ਦਿੱਤੀ ਗਈ ਸੀ। ਨਿਗਮ ਨੇ ਲਗਭਗ 3 ਕਰੋੜ 10 ਲੱਖ ਰੁਪਏ ਦੇ 7 ਕੰਮਾਂ ਨੂੰ ਮਨਜ਼ੂਰੀ ਦਿੱਤੀ ਸੀ, ਜਿਨ੍ਹਾਂ ਦੇ ਹੁਣ ਟੈਂਡਰ ਜਾਰੀ ਕਰ ਦਿੱਤੇ ਗਏ ਹਨ। ਟੈਂਡਰ ਖੁੱਲ੍ਹਣ ਤੋਂ ਬਾਅਦ ਵਰਕ ਆਰਡਰ ਜਾਰੀ ਹੋ ਜਾਣਗੇ ਅਤੇ ਲੰਬੇ ਸਮੇਂ ਤੋਂ ਸਹੂਲਤਾਂ ਦੀ ਉਡੀਕ ਕਰ ਰਹੇ ਵਪਾਰੀਆਂ ਨੂੰ ਵੱਡਾ ਲਾਭ ਹੋਵੇਗਾ। ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਵਪਾਰੀਆਂ ਨੇ ਮੇਅਰ ਨਾਲ ਮੁਲਾਕਾਤ ਕਰਕੇ ਇਸ ਇਲਾਕੇ ਦੀ ਤਰਸਯੋਗ ਹਾਲਤ ਵੱਲ ਧਿਆਨ ਦੇਣ ਦੀ ਮੰਗ ਕੀਤੀ ਸੀ।

# ਬੀਕੇਯੂ ਉਗਰਾਹਾਂ ਵੱਲੋਂ 8 ਅਕਤੂਬਰ ਨੂੰ ਡਿਪਟੀ ਕਮਿਸ਼ਨਰਾਂ ਨੂੰ ਦਿੱਤੇ ਜਾਣਗੇ ਮੰਗ ਪੱਤਰ

ਮੂਨਕ, 6 ਅਕਤੂਬਰ(ਸਮਸ਼ੇਰ ਸਿੰਘ ਭੁਟਾਲ):ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਮੂਨਕ ਦੀ ਮੀਟਿੰਗ ਬਲਾਕ ਪ੍ਰਧਾਨ ਸੁਖਦੇਵ ਸਿੰਘ ਕੜੈਲ ਦੀ ਪ੍ਰਧਾਨਗੀ ਹੇਠ ਪਿੰਡ ਮਕੋਰੜ ਸਾਹਿਬ ਵਿਖੇ ਕੀਤੀ ਗਈ ।ਪਿੰਡ ਇਕਾਈਆਂ ਦੇ ਪੁੱਜੇ ਕਿਸਾਨ ਆਗੂਆਂ ਨੂੰ ਸੰਬੋਧਨ ਕਰਦਿਆਂ ਬਲਾਕ ਪ੍ਰਧਾਨ ਨੇ ਦੱਸਿਆ ਕਿ ਹੜ ਪੀੜਤਾਂ ਨੂੰ ਸਰਕਾਰ ਵੱਲੋਂ ਅਜੇ ਤੱਕ ਕੋਈ ਮੁਆਵਜ਼ੇ ਦੀ ਕਿਸ਼ਤ ਜਾਰੀ ਨਹੀਂ ਕੀਤੀ ਗਈ ,ਸਿਰਫ਼ ਅਖਬਾਰਾਂ ਦੇ ਬਿਆਨਾਂ ਤੱਕ ਸੀਮਤ ਹਨ, ਜਦੋਂਕਿ ਸਰਕਾਰ ਵੱਲੋਂ ਵੱਡੇ ਵੱਡੇ ਦਾਅਵੇ ਕੀਤੇ ਗਏ ਸੀ ।ਇਸ ਰੋਸ ਵਜੋਂ ਜਥੇਬੰਦੀ ਵੱਲੋਂ ਪੰਜਾਬ ਦੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਮੰਗ ਪੱਤਰ ਦਿੱਤੇ ਜਾਣਗੇ ਹਾਲਾਂਕਿ ਲੋਕ ਹੀ ਲੋਕਾਂ ਦੀ ਮਦਦ ਕਰ ਰਹੇ ਹਨ ।ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜਥੇਬੰਦੀ ਵੱਲੋਂ ਲਗਾਤਾਰ ਰਾਸ਼ਨ ਪਸ਼ੂਆਂ ਲਈ ਤੂੜੀ ਕਣਕ ਦਾ ਬੀਜ ਤੇ ਜ਼ਮੀਨਾਂ ਪੱਧਰ ਕਰਨ ਲਈ ਟਰੈਕਟਰ 'ਤੇ ਡੀਜ਼ਲ ਭੇਜਿਆ ਜਾ ਰਿਹਾ ਹੈ ।ਜਥੇਬੰਦੀ ਵੱਲੋਂ ਪਹਿਲਾਂ ਹੀ ਐਲਾਨ ਕੀਤਾ ਜਾ ਚੁੱਕਿਆ ਹੈ ਕਿ ਜਦੋਂ ਤੱਕ ਕਿਸਾਨਾਂ ਦੀ ਕਣਕ ਦੀ ਫ਼ਸਲ ਦੀ ਬਿਜਾਈ ਨਹੀਂ ਹੋ ਜਾਂਦੀ ਉਦੋਂ ਤੱਕ ਜਥੇਬੰਦੀ ਡੱਟ ਕੇ ਕਿਸਾਨਾਂ ਦੀ ਮੱਦਦ ਕਰੇਗੀ ।ਇਸ ਦੇ ਲਈ ਸੰਗਰੂਰ ਜ਼ਿਲ੍ਹੇ ਤੋਂ 9 ਅਕਤੂਬਰ ਨੂੰ ਫੇਰ ਹੜ ਪੀੜਤਾਂ ਲਈ ਚੋਥਾ ਟਰੈਕਟਰ ਟ੍ਰਾਲੀਆਂ ਦਾ ਵੱਡਾ ਕਾਫ਼ਲਾ ਰਵਾਨਾ ਕੀਤਾ ਜਾਵੇਗਾ ,ਨਾਲ ਹੀ ਕਿਸਾਨ ਆਗੂਆ ਨੇ ਕਿਹਾ ਕਿ ਜੇਕਰ ਸਰਕਾਰ ਨੇ ਝੋਨੇ ਦੀ ਪਰਾਲੀ ਨੂੰ ਸਾਂਭਣ ਦਾ ਪ੍ਰਬੰਧ ਨਾ ਕੀਤਾ ਤਾਂ ਮਜਬੂਰੀ ਵੱਸ ਕਿਸਾਨਾਂ ਨੂੰ ਅੱਗ ਲਾਉਣੀ ਪਵੇਗੀ ਇਸ ਮੌਕੇ ਬਲਾਕ ਆਗੂ ਰੋਸਨ ਮੂਣਕ ਬੰਟੀ ਢੀਂਡਸਾ ਬੱਬੂ ਚੱਠਾ ਕੁਲਦੀਪ ਗੁਲਾੜੀ ਵੀ ਹਾਜ਼ਰ ਹੋਏ ।

# ਵਿਦਿਆਰਥਣਾਂ ਨੇ ਰਾਜ ਪੁਰਸਕਾਰ ਕੈਂਪ ਵਿੱਚ ਹਿੱਸਾ ਲਿਆ



ਬਠਿੰਡਾ, 6 ਅਕਤੂਬਰ (ਜਗਸੀਰ ਭੁੱਲਰ) :ਸਟੇਟ ਟ੍ਰੇਨਿੰਗ ਸੈਂਟਰ ਤਾਰਾ ਦੇਵੀ (ਸ਼ਿਮਲਾ) ਵਿੱਚ 29 ਸਤੰਬਰ 2025 ਤੋਂ2 ਅਕਤੂਬਰ 2025 ਤੱਕ ਆਯੋਜਿਤ ਰਾਜ ਪੁਰਸਕਾਰ ਸਕਾਊਟਸ ਐਂਡ ਗਾਈਡਸ, ਬਿਪੁਨ ਰੋਵਰ ਰੇਂਜਰ ਅਤੇ ਹਾਈਕਿੰਗ-ਟ੍ਰੈਕਿੰਗ ਕੈਂਪ ਵਿੱਚਮਾਤਾ ਸੁੰਦਰੀ ਗਰਲਜ਼ ਕਾਲਜ ਢੱਡੇ (ਬਠਿੰਡਾ) ਦੀਆਂ ਵਿਦਿਆਰਥਣਾਂ ਨੇ ਉਤਸ਼ਾਹਪੂਰਵਕ ਹਿੱਸਾ ਲਿਆ। ਸੰਸਥਾ ਦੇ ਚੇਅਰਮੈਨ ਕੁਲਵੰਤ ਸਿੰਘ ਸਿੱਧੂਅਤੇ ਐਮ.ਡੀ. ਗੁਰਬਿੰਦਰ ਸਿੰਘ ਬੱਲੀ ਨੇ ਕਿਹਾ ਕਿ ਇਸ ਤਰ੍ਹਾਂ ਦੇ ਕੈਂਪ ਵਿਦਿਆਰਥਣਾਂ ਵਿੱਚ ਅਨੁਸ਼ਾਸਨ, ਸਵੈ-ਨਿਰਭਰਤਾ ਅਤੇ ਸਮਾਜ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਦੇ ਹਨ। ਉਨ੍ਹਾਂ ਨੇ ਕਿਹਾ ਕਿ ਸਕਾਊਟਸ ਅਤੇ ਗਾਈਡਸ ਦੀ ਸੇਵਾ ਭਾਵਨਾ ਅਤੇ ਟੀਮ ਵਰਕ ਜੀਵਨ ਵਿੱਚ ਸਫਲਤਾ ਦੀ ਕੁੰਜੀ ਹੈ। ਇਸ ਤਰ੍ਹਾਂ ਦੇ ਪ੍ਰੋਗਰਾਮਾਂ ਰਾਹੀਂ ਵਿਦਿਆਰਥਣਾਂ ਨੂੰ ਜੀਵਨ ਦੇ ਅਹਿਮ ਗੁਣ ਸਿੱਖਣ ਦਾ ਮੌਕਾ ਮਿਲਦਾ ਹੈ। ਡਾਇਰੈਕਟਰ ਐਡਮਿਨਸਟ੍ਰੇਸ਼ਨ ਪਰਮਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਰਾਜ ਪੁਰਸਕਾਰ ਸਕਾਊਟਸ ਐਂਡ ਗਾਈਡਸ ਕੈਂਪ ਵਿੱਚ ਮਾਤਾ ਸੁੰਦਰੀ ਗਰਲਜ਼ ਕਾਲਜ ਢੱਡੇ ਅਤੇ ਮਾਤਾ ਸੁੰਦਰੀ ਸੀਨੀਅਰ ਸੈਕੰਡਰੀ ਸਕੂਲ, ਢੱਡੇ ਦੀਆਂ ਵਿਦਿਆਰਥਣਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਅਤੇ ਅਨੁਸ਼ਾਸ਼ਨ ਵਿੱਚ ਰਹਿਕੇ ਸੰਸਥਾ ਦਾ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਵਿਦਿਆਰਥਣਾਂ ਦੀ ਇਹ ਭਾਗੀਦਾਰੀ ਸਿਰਫ਼ ਸਿੱਖਿਆ ਤੱਕ ਸੀਮਿਤ ਨਹੀਂ, ਸਗੋਂ ਉਹਨਾਂ ਦੇ ਚਰਿੱਤਰ ਨਿਰਮਾਣ ਅਤੇ ਨੇਤ੍ਰਿਤਵ ਕੌਸ਼ਲ ਵਿਕਾਸ ਵੱਲ ਵੀ ਇੱਕ ਮਹੱਤਵਪੂਰਨ ਕਦਮ ਹੈ। ਇਸ ਚਾਰ ਦਿਨਾਂ ਦੇ ਕੈਂਪ ਦਾ ਮੁੱਖ ਉਦੇਸ਼ ਸਕਾਊਟਸ ਅਤੇ ਗਾਈਡਸ ਵਿੱਚ ਅਨੁਸ਼ਾਸਨ, ਨੇਤ੍ਰਿਤਵ, ਸਹਿਯੋਗ ਦੀ ਭਾਵਨਾ ਅਤੇ ਸਵੈ-ਨਿਰਭਰਤਾ ਪੈਦਾ ਕਰਨਾ ਸੀ। ਕੈਂਪ ਦੌਰਾਨ ਵਿਦਿਆਰਥਣਾਂ ਨੇ ਹਾਈਕਿੰਗ, ਟ੍ਰੈਕਿੰਗ, ਫਰਸਟ ਏਡ, ਸਮਾਜ ਸੇਵਾ, ਕੈਂਪ ਫਾਇਰ ਅਤੇ ਟੀਮ ਵਰਕ ਗਤੀਵਿਧੀਆਂ ਵਿੱਚ ਭਾਗ ਲਿਆ। ਭਾਰਤ ਸਕਾਊਟਸ ਐਂਡ ਗਾਈਡਸ ਸੰਗਠਨ ਦੇ ਪ੍ਰਸ਼ਿਕਸ਼ਿਤ ਅਧਿਕਾਰੀਆਂ ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਪ੍ਰਾਇਕਟਿਕ ਗਤੀਵਿਧੀਆਂ ਰਾਹੀਂ ਜੀਵਨ-ਕੁਸ਼ਲਤਾਵਾਂ ਸਿਖਾਈਆਂ ਅਤੇ ਉਨ੍ਹਾਂ ਨੂੰ ਤਿਆਰ ਰਹੋ ਦੇ ਮੰਤਰ 'ਤੇ ਚਲਣ ਲਈ ਪ੍ਰੇਰਿਤ ਕੀਤਾ। ਕੈਂਪ ਦੇ ਸਮਾਪਨ ਸਮਾਰੋਹ ਦੌਰਾਨ ਵਿਦਿਆਰਥਣਾਂ ਨੂੰ ਸਰਟੀਫਿਕੇਟ ਵੰਡੇ ਗਏ ਅਤੇ ਉਨ੍ਹਾਂ ਦੇ ਉਤਕ੍ਰਿਸ਼ਟ ਪ੍ਰਦਰਸ਼ਨ ਦੀ ਪ੍ਰਸ਼ੰਸਾ ਕੀਤੀ ਗਈ। ਸੰਸਥਾ ਦੇ ਪ੍ਰਿੰਸੀਪਲ ਰਾਜ ਸਿੰਘ ਬਾਘਾ ਨੇ ਵਿਦਿਆਰਥਣਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਕੈਂਪ ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਆਤਮਵਿਸ਼ਵਾਸ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਨੂੰ ਮਜ਼ਬੂਤ ਕਰਦੇ ਹਨ। ਇਹ ਕੈਂਪ ਨੌਜਵਾਨ ਪੀੜ੍ਹੀ ਨੂੰ ਰਾਸ਼ਟਰੀ ਏਕਤਾ ਅਤੇ ਸੇਵਾ ਭਾਵਨਾ ਵੱਲ ਪ੍ਰੇਰਿਤ ਕਰਨ ਦਾ ਇੱਕ ਸ਼੍ਰੇਸ਼ਠ ਮੰਚ ਸਾਬਤ ਹੋਇਆ। ਡਾਇਰੈਕਟਰ ਮੈਡਮ ਸਿੰਬਲਜੀਤ ਕੌਰ ਅਤੇ ਖਜਾਨਚੀ ਪ੍ਰਸ਼ੋਤਮ ਕੌਰ ਨੇ ਕੈਂਪ ਵਿੱਚ ਵਿਦਿਆਰਥਣਾਂ ਨਾਲ ਗਏ ਪ੍ਰੋ. ਮਨਿੰਦਰਪ੍ਰੀਤ ਕੌਰ, ਪ੍ਰੋ. ਗੁਰਪ੍ਰੀਤ ਕੌਰ ਅਤੇ ਸਮੂਹ ਕੈਂਪ ਵਿਦਿਆਰਥਣਾਂ ਦੀ ਸਲਾਘਾ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾਂ ਸੀਨੀਅਰ ਪ੍ਰੋ. ਜਸਵਿੰਦਰ ਸਿੰਘ, ਸੀਨੀਅਰ ਪ੍ਰੋ. ਰਬਿੰਦਰ ਸ਼ਰਮਾ, ਸੀਨੀਅਰ ਪ੍ਰੋ. ਰਣਜੀਤ ਕੌਰ, ਪ੍ਰੋ. ਕਰਨਵੀਰ ਸਿੰਘ, ਪ੍ਰੋ. ਜਗਜੀਤ ਸਿੰਘ, ਪ੍ਰੋ. ਮਨਪ੍ਰੀਤ ਕੌਰ, ਪ੍ਰੋ. ਰਾਜਵਿੰਦਰ ਕੌਰ, ਪ੍ਰੋ. ਹਰਸ਼ ਰਾਣੀ, ਪ੍ਰੋ. ਅਮਨਦੀਪ ਸ਼ਰਮਾ, ਪ੍ਰੋ. ਅਮਨਦੀਪ ਕੌਰ ਫੈਸ਼ਨ ਡਿਜ਼ਾਇਨਿੰਗ, ਪ੍ਰੋ. ਵੀਰਇੰਦਰ ਕੌਰ, ਪ੍ਰੋ. ਕਿਰਨ ਖਾਂਨ, ਪ੍ਰੋ. ਕਿਰਨਜੀਤ ਕੌਰ, ਪ੍ਰੋ. ਅਮਨਦੀਪਕੌਰ, ਪ੍ਰੋ. ਗਗਨਦੀਪ ਕੌਰ, ਪ੍ਰੋ ਅਮਨਦੀਪ ਕੌਰ ਕੰਪਿਊਟਰ ਸਾਇੰਸ, ਪ੍ਰੋ. ਹਰਕਿਰਨ ਕੌਰ, ਪ੍ਰੋ. ਮਨਦੀਪ ਕੌਰ, ਪ੍ਰੋ. ਕਿਰਨਦੀਪ ਕੌਰ ਆਦਿ ਨੇ ਵੀ ਵਿਦਿਆਰਥੀਆਂ ਦੀ ਸਲਾਘਾ ਕੀਤੀ।



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਲਹਿਰਾ ਪਹੁੰਚਣ ਤੇ ਕੈਬਨਿਟ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਜੀ ਨਾਲ ਉਨ੍ਹਾਂ ਦਾ ਸੁਆਗਤ ਕਰਦੇ ਹੋਏ ਸ੍ਰੀ ਜੋਗੀ ਰਾਮ ਭੁੱਲਣ ਚੇਅਰਮੈਨ ਮਾਰਕੀਟ ਕਮੇਟੀ ਖਨੌਰੀ। ਫੋਟੋ — ਮੁਆਲ (ਖਨੌਰੀ)



# ਪਟਿਆਲਾ-ਆਸ/ਪਾਸ



## ਅਮਰੀਕਾ ਸਰਕਾਰ ਸਿੱਖ ਸੈਨਿਕਾਂ 'ਚ ਦਾੜ੍ਹੀ ਰੱਖਣ 'ਤੇ ਲਗਾਈ ਪਾਬੰਦੀ ਹਟਾਵੇ : ਪ੍ਰੋ. ਬਡੂੰਗਰ

➢ਟਰੰਪ ਸਰਕਾਰ ਸਿੱਖਾਂ ਦੇ ਧਾਰਮਿਕ ਮਸਲਿਆਂ 'ਚ ਨਾ ਦੇਵੇ ਦਖ਼ਲ



ਪਟਿਆਲਾ, 6 ਅਕਤੂਬਰ (ਰੁਪਾਣਾ/ਅਮਰਜੀਤ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਟਰੰਪ ਸਰਕਾਰ ਵੱਲੋਂ ਅਮਰੀਕਾ ਦੀ ਫੌਜ ਵਿੱਚ ਸਿੱਖ ਸੈਨਿਕਾਂ 'ਤੇ ਦਾੜ੍ਹੀ ਰੱਖਣ ਦੀ ਲਗਾਈ ਪਾਬੰਦੀ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਸਾਬਕਾ ਪ੍ਰਧਾਨ ਨੇ ਕਿਹਾ ਕਿ ਟਰੰਪ ਸਰਕਾਰ ਦਾ ਅਜਿਹਾ ਫੈਸਲਾ ਸਿੱਖਾਂ ਦੇ ਧਾਰਮਿਕ ਮਸਲਿਆਂ ਵਿੱਚ ਸਿੱਧਾ ਦਖਲ ਹੈ ਅਤੇ ਅਜਿਹਾ ਫੈਸਲਾ ਟਰੰਪ ਸਰਕਾਰ ਨੂੰ ਵਾਪਸ ਲੈਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਦੇਸ਼ ਦੁਨੀਆਂ ਵਿੱਚ ਵਸੇ ਸਿੱਖ ਆਪਣੀ ਮਿਹਨਤ ਅਤੇ ਵਿਲੱਖਣ ਪਛਾਣ ਦੇ ਧਾਰਨੀ ਹਨ ਉਹਨਾਂ ਨਾਲ ਕੀਤਾ ਜਾ ਰਿਹਾ ਅਜਿਹਾ ਨਸਲੀ ਵਿਤਕਰਾ ਨਾ-ਸਹਿਣ ਯੋਗ ਹੈ। ਉਹਨਾਂ ਕਿਹਾ ਕਿ ਟਰੰਪ ਸਰਕਾਰ ਅਜਿਹੇ ਫੈਸਲੇ ਲੈ ਕੇ ਜਿੱਥੇ ਅਮਰੀਕੀ ਕਾਨੂੰਨ ਨੂੰ ਆਪਣੇ ਹੱਥਾਂ ਵਿੱਚ ਲੈ ਰਹੀ ਹੈ, ਉੱਥੇ ਹੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵੀ ਕਰ ਰਹੀ ਹੈ। ਉਹਨਾਂ ਕਿਹਾ ਕਿ ਜਾਤ ਅਧਾਰਤ ਲਏ ਜਾ ਰਹੇ ਫੈਸਲੇ ਨਹੀਂ ਲੈਣੇ ਚਾਹੀਦੇ ਅਤੇ ਅਜਿਹੇ ਫੈਸਲਿਆਂ ਪ੍ਰਤੀ ਟਰੰਪ ਸਰਕਾਰ ਨੂੰ ਸਮੀਖਿਆ ਕਰ ਲੈਣੀ ਚਾਹੀਦੀ ਹੈ। ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਅਮਰੀਕਾ ਦੀ ਟਰੰਪ ਸਰਕਾਰ ਜਿੱਥੇ ਟੈਰਿਫ ਵਰਗੇ ਗਲਤ ਫੈਸਲੇ ਭਾਰਤ 'ਤੇ ਥੋਪ ਰਹੀ ਹੈ, ਉੱਥੇ ਹੀ ਸਿੱਖਾਂ ਦੇ ਧਾਰਮਿਕ ਮਸਲਿਆਂ ਵਿੱਚ ਬੇਵਜ੍ਹਾ ਦਖਲ ਵੀ ਦੇ ਰਹੀ ਹੈ। ਪ੍ਰੋਫੈਸਰ ਬਡੂੰਗਰ ਨੇ ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਪੱਧਰ 'ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਤੱਕ ਪਹੁੰਚ ਕਰਕੇ ਸਿੱਖਾਂ ਦੇ ਧਾਰਮਿਕ ਮਸਲਿਆਂ ਵਿੱਚ ਹੋ ਰਹੀ ਅਜਿਹੀ ਦਖਲਅੰਦਾਜ਼ੀ ਨੂੰ ਰੋਕਣ ਅਤੇ ਟਰੰਪ ਨੂੰ ਇਸ ਗੱਲ ਦਾ ਅਹਿਸਾਸ ਕਰਵਾਉਣ ਕਿ ਦੇਸ਼ ਦੁਨੀਆ ਵਿੱਚ ਵੱਸਿਆ ਸਿੱਖ ਗੁਰੂ ਸਾਹਿਬ ਦੇ ਫਲਸਫੇ ਅਤੇ ਪੰਜ ਕਕਾਰਾਂ ਦਾ ਧਾਰਨੀ ਹੈ। ਉਹਨਾਂ ਕਿਹਾ ਕਿ ਅਜਿਹੇ ਫੈਸਲਿਆਂ ਨੂੰ ਥੋਪਿਆ ਨਹੀਂ ਜਾ ਸਕਦਾ ਅਤੇ ਅਮਰੀਕਾ ਦੀ ਫੌਜ ਵਿੱਚ ਸਿੱਖ ਸੈਨਿਕਾਂ 'ਤੇ ਦਾੜ੍ਹੀ ਰੱਖਣ ਦੀ ਲਗਾਈ ਪਾਬੰਦੀ ਨੂੰ ਬਰਦਾਸ਼ਤ ਨਹੀਂ ਕੀਤੀ ਜਾ ਸਕਦਾ।

## 2240 ਰੁਪਏ ਦੜ੍ਹੇ-ਸੱਟੇ ਦੇ ਬ੍ਰਾਮਦ

ਪਟਿਆਲਾ, 6 ਅਕਤੂਬਰ (ਚੌਧਰੀਮਾਜਰਾ) : ਥਾਣਾ ਕੋਤਵਾਲੀ ਨਾਭਾ ਪੁਲਿਸ ਨੇ ਕਥਿਤ ਦੋਸ਼ੀ ਰਜਿੰਦਰ ਕੁਮਾਰ ਪੁੱਤਰ ਸਰੂਪ ਚੰਦ ਵਾਸੀ ਪੁਰਾਣੀ ਨਾਭੀ ਵਿਰੁੱਧ ਮਾਮਲਾ ਦਰਜ ਕੀਤਾ ਹੈ। ਏਐਸਆਈ ਚਮਕੌਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਖੰਡਾ ਚੌਂਕ ਨਾਭਾ ਮੌਜੂਦ ਸੀ ਜੋ ਇਤਲਾਹ ਮਿਲੀ ਕਿ ਦੋਸ਼ੀ ਪੁਰਾਣਾ ਕਿਲਾ ਨਾਭਾ ਪਾਸ ਦੜਾ ਸੱਟਾ ਲਗਾ ਰਿਹਾ ਹੈ, ਜੋ ਰੇਡ ਕਰਨ ਪਰ 2240 ਰੁਪਏ ਦੜਾ ਸੱਟਾ ਦੇ ਬ੍ਰਾਮਦ ਹੋਏ।

## 18 ਬੋਤਲਾਂ ਸ਼ਰਾਬ ਬ੍ਰਾਮਦ

ਪਟਿਆਲਾ, 6 ਅਕਤੂਬਰ (ਵਿਨੋਦ ਸ਼ਰਮਾ) : ਥਾਣਾ ਸਦਰ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਸੁੱਚਾ ਸਿੰਘ ਵਾਸੀ ਪਿੰਡ ਕਰਤਾਰਪੁਰ ਵਿਰੁੱਧ ਮਾਮਲਾ ਦਰਜ ਕੀਤਾ ਹੈ। ਏਐਸਆਈ. ਚਮਕੌਰ ਸਿੰਘ ਸਮੇਤ ਪੁਲਿਸ ਪਾਰਟੀ ਪਿੰਡ ਅਲੀਪੁਰ ਚੌਂਕ ਮੌਜੂਦ ਸੀ, ਜੋ ਮੁਖਬਰ ਦੀ ਇਤਲਾਹ ਪਰ ਦੋਸ਼ੀ ਦੇ ਘਰ ਰੇਡ ਕਰਨ ਪਰ 18 ਬੋਤਲਾਂ ਸ਼ਰਾਬ ਠੇਕਾ ਦੇਸੀ ਹੀਰ ਸੋਫੀ ਪੰਜਾਬ ਦੀਆਂ ਬ੍ਰਾਮਦ ਕੀਤੀਆਂ।

## ਪੰਜਾਬੀ ਯੂਨੀਵਰਸਿਟੀ ਨੇ ਦੇਹਰਾਦੂਨ ਵਿਖੇ ਕਰਵਾਇਆ ਸ੍ਰੀ ਗੁਰੂ ਤੇਗ਼ ਬਹਾਦਰ ਜੀ ਬਾਰੇ ਰਾਸ਼ਟਰੀ ਸੈਮੀਨਾਰ

➢ਦੋ ਯੂਨੀਵਰਸਿਟੀਆਂ ਦੇ ਉਪ-ਕੁਲਪਤੀਆਂ ਨੇ ਕੀਤੀ ਉਚੇਚੀ ਸ਼ਿਰਕਤ



ਪਟਿਆਲਾ, 6 ਅਕਤੂਬਰ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਦੇ ਡਾ. ਬਲਬੀਰ ਸਿੰਘ ਸਾਹਿਤ ਕੇਂਦਰ,ਦੇਹਰਾਦੂਨ ਅਤੇ ਸਿੱਖ ਵਿਸ਼ਵ ਕੋਸ਼ ਵਿਭਾਗ ਵੱਲੋਂ ਦੇਹਰਾਦੂਨ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇੱਕ-ਰੋਜ਼ਾ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ। ਡਾ. ਬਲਬੀਰ ਸਿੰਘ ਸਾਹਿਤ ਕੇਂਦਰ ਦੇ ਕੋਆਰਡੀਨੇਟਰ ਡਾ. ਪਰਮਵੀਰ ਸਿੰਘ ਨੇ ਦੱਸਿਆ ਕਿ ਸਮਾਗਮ ਦੀ ਪ੍ਰਧਾਨਗੀ ਪੰਜਾਬੀ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਕੀਤੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਿਹਗੜ੍ਹ ਸਾਹਿਬ ਦੇ ਵਾਈਸ ਚਾਂਸਲਰ ਡਾ. ਪ੍ਰਿਤਪਾਲ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਪ੍ਰਧਾਨਗੀ ਭਾਸ਼ਣ ਦੌਰਾਨ ਕਿਹਾ ਕਿ ਅਸੀਂ ਆਪਣੇ ਪੁਰਖਿਆਂ 'ਤੇ ਮਾਣ ਕਰਕੇ ਹੀ ਵੱਡੇ ਹੋ ਸਕਦੇ ਹਾਂ। ਉਹਨਾਂ ਕਿਹਾ ਕਿ ਔਰੰਗਜ਼ੇਬ ਨੇ ਜ਼ੁਲਮ ਦੀ ਪਰਿਭਾਸ਼ਾ ਦਿੱਤੀ ਹੈ ਅਤੇ ਗੁਰੂ ਜੀ ਦੀ ਸ਼ਹਾਦਤ ਰਾਹੀਂ ਧਰਮ ਦੀ ਅਸਲੀ ਪਰਿਭਾਸ਼ਾ ਸਾਹਮਣੇ ਆਉਂਦੀ ਹੈ। ਉਪ-ਕੁਲਪਤੀ ਡਾ. ਪ੍ਰਿਤਪਾਲ ਸਿੰਘ ਨੇ ਗੁਰੂ ਸਾਹਿਬ ਜੀ ਦੀ ਸ਼ਹਾਦਤ ਦਾ ਸਿਰਜਣਾਤਮਿਕ ਸੰਦੇਸ਼ ਦੱਸਦੇ ਹੋਏ ਕਿਹਾ ਕਿ ਇਹ ਸ਼ਹਾਦਤ ਖਾਲਸਾ ਪੰਥ ਦੀ ਸਿਰਜਣਾ ਦਾ ਮੁੱਢ ਬੰਨਦੀ ਹੈ। ਸੈਮੀਨਾਰ ਦੀ ਆਰੰਭਤਾ ਨਿਰਮਲ ਗਿਆਨਦਾਨ ਅਕੈਡਮੀ ਦੇ ਵਿਦਿਆਰਥੀਆਂ ਨੇ ਯੂਨੀਵਰਸਿਟੀ ਧੁਨੀ ਅਤੇ ਸ਼ਬਦ ਗਾਇਨ ਨਾਲ ਕੀਤੀ। ਇਸ ਸੈਮੀਨਾਰ ਵਿਚ ਸੰਤ ਬਾਬਾ ਜੋਧ ਸਿੰਘ, ਨਿਰਮਲ ਆਸ਼ਰਮ, ਰਿਸ਼ੀਕੇਸ਼ ਅਤੇ ਸ. ਨਰਿੰਦਰਜੀਤ ਸਿੰਘ ਬਿੰਦਰਾ ਚੇਅਰਮੈਨ, ਗੁਰਦਵਾਰਾ ਸ੍ਰੀ ਹੇਮਕੁੰਟ ਟਰੱਸਟ, ਰਿਸ਼ੀਕੇਸ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਡਾ. ਪਰਮਵੀਰ ਸਿੰਘ ਨੇ ਹਾਜ਼ਰ ਮਹਿਮਾਨਾਂ ਦਾ ਸਵਾਗਤ ਕੀਤਾ। ਡਾ. ਰਵੇਲ ਸਿੰਘ, ਦਿੱਲੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਸੰਦੇਸ਼ ਅਤੇ ਸਿੱਖਿਆਵਾਂ ਸੰਬੰਧੀ ਆਪਣਾ ਕੁੰਜੀਵਤ ਭਾਸ਼ਣ ਪੇਸ਼ ਕੀਤਾ। ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਪ੍ਰੋ. ਡਾ. ਧਰਮ ਸਿੰਘ ਨੇ ਗੁਰੂ ਸਾਹਿਬ ਦੀ ਬਾਣੀ ਅਤੇ ਸ਼ਹਾਦਤ ਸੰਬੰਧੀ ਆਪਣੀਆਂ ਵਿਚਾਰਾਂ ਸਾਂਝੀਆਂ ਕੀਤੀਆਂ। ਸ. ਨਰਿੰਦਰਜੀਤ ਸਿੰਘ ਬਿੰਦਰਾ ਨੇ ਦੇਹਰਾਦੂਨ ਦੇ ਆਸ-ਪਾਸ ਦੇ ਇਲਾਕਿਆਂ ਦੇ ਸਕੂਲਾਂ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸੰਦੇਸ਼ ਤੇ ਸ਼ਹਾਦਤ ਨੂੰ ਘਰ-ਘਰ ਪਹੁੰਚਾਉਣ ਲਈ ਟਰੱਸਟ ਵੱਲੋਂ ਕੀਤੇ ਜਾ ਰਹੇ ਕਾਰਜਾਂ ਸਬੰਧੀ ਜਾਣਕਾਰੀ ਪ੍ਰਦਾਨ ਕੀਤੀ। ਸੈਮੀਨਾਰ ਦੇ ਅਕਾਦਮਿਕ ਸੈਸ਼ਨ ਦੌਰਾਨ ਵਿਭਿੰਨ ਅਧਿਆਪਕਾਂ ਅਤੇ ਖੋਜਾਰਥੀਆਂ ਨੇ ਆਪਣੇ ਖੋਜ ਪਰਚੇ ਪੇਸ਼ ਕੀਤੇ, ਜਿਨ੍ਹਾਂ ਵਿਚ ਡਾ. ਸੁਰਜੀਤ ਸਿੰਘ ਰੁੜਕੀ, ਪ੍ਰੋ. ਪੁਰਸ਼ੋਤਮ ਸਿੰਘ ਦੇਹਰਾਦੂਨ, ਸ. ਰਾਜਿੰਦਰ ਸਿੰਘ (ਵਿਰਾਸਤ) ਦਿੱਲੀ, ਡਾ. ਸੁਖਜਿੰਦਰ ਕੌਰ, ਚੰਡੀਗੜ੍ਹ, ਡਾ. ਗੁਰਜਿੰਦਰ ਸਿੰਘ ਰਾਜਪੁਰਾ, ਪ੍ਰਿੰਸੀਪਲ ਡਾ. ਗੁਰਤੇਜ ਸਿੰਘ, ਪਟਿਆਲਾ ਤੋਂ ਇਲਾਵਾ ਰਵਿੰਦਰਪਾਲ ਸਿੰਘ, ਕਿਰਨਦੀਪ ਕੌਰ, ਮਨਪ੍ਰੀਤ ਸਿੰਘ ਆਦਿ ਸ਼ਾਮਲ ਸਨ। ਡਾ. ਸਵਿੰਦਰਪਾਲ ਕੌਰ, ਪ੍ਰਿੰਸੀਪਲ ਕਮਲਾ ਨਹਿਰੂ ਕਾਲਜ ਫਾਰ ਵੂਮੈਨ, ਫਗਵਾੜਾ ਨੇ ਇਸ ਸ਼ੈਸਨ ਦੀ ਪ੍ਰਧਾਨਗੀ ਕੀਤੀ ਅਤੇ ਸ. ਸ਼ਿਵ ਸ਼ੰਕਰ ਸਿੰਘ ਪਾਹਵਾ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ। ਡਾ. ਸੁਖਵਿੰਦਰ ਸਿੰਘ ਸਰਾਂ ਨੇ ਇਸ ਅਕਾਦਮਿਕ ਸ਼ੈਸ਼ਨ ਦਾ ਸੰਚਾਲਨ ਕੀਤਾ। ਸ਼ਾਮ ਦੇ ਸਮੇਂ ਗੁਰਬਾਣੀ ਕੀਰਤਨ ਸਮਾਗਮ ਕਰਵਾਇਆ ਗਿਆ। ਜਿਸ ਵਿਚ ਗੁਰਮਤਿ ਬਾਲ ਵਿਦਿਆਲਿਆ, ਰਿਸ਼ੀਕੇਸ਼ ਦੇ ਵਿਦਿਆਰਥੀਆਂ ਅਤੇ ਭਾਈ ਕੰਵਰਪਾਲ ਸਿੰਘ ਦੇਹਰਾਦੂਨ ਦੇ ਰਾਗੀ ਜਥੇ ਵੱਲੋਂ ਨਿਰਧਾਰਿਤ ਰਾਗਾਂ ਵਿਚ ਕੀਰਤਨ ਕੀਤਾ ਗਿਆ। ਡਾ. ਹਰਬੀਰ ਸਿੰਘ ਰੰਧਾਵਾ, ਸ. ਬਲਬੀਰ ਸਿੰਘ ਸਾਹਨੀ, ਅਮਰਜੀਤ ਸਿੰਘ ਭਾਟੀਆ, ਜੇ. ਐਸ. ਉਬਰਾਏ, ਪ੍ਰਿੰ. ਪਿਆਰਾ ਸਿੰਘ, ਡਾ. ਦਿਲਜੀਤ ਕੌਰ, ਅਮਰਜੀਤ ਸਿੰਘ ਭਾਟੀਆ, ਸ. ਗੁਰਜਿੰਦਰ ਸਿੰਘ, ਯਾਦਵਿੰਦਰ ਸਿੰਘ ਯਾਦੂ, ਸ. ਕਰਨੈਲ ਸਿੰਘ, ਅੰਬਰ ਖਰਬੰਦਾ, ਨਿਰਮਲ ਆਸ਼ਰਮ ਰਿਸ਼ੀਕੇਸ ਦੇ ਵਿਦਿਆਰੀਆਂ ਆਦਿ ਨੇ ਸੈਮੀਨਾਰ ਦੇ ਸਮੂਹ ਸ਼ੈਸਨਾਂ ਵਿਚ ਸ਼ਮੂਲੀਅਤ ਕੀਤੀ। ਅੰਤ ਵਿਚ ਕੇਂਦਰ ਦੇ ਇੰਚਾਰਜ ਡਾ. ਕੁਲਵਿੰਦਰ ਸਿੰਘ ਨੇ ਮਾਣਯੋਗ ਸ਼ਖਸੀਅਤਾਂ, ਰਾਗੀ ਜਥਿਆਂ ਅਤੇ ਸੰਗਤ ਦਾ ਧੰਨਵਾਦ ਕੀਤਾ।

## ਜਗਜੀਤ ਸਿੰਘ ਕੋਹਲੀ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਬੁਲਾਰੇ ਨਿਯੁਕਤ



ਦੇਵੀਗੜ੍ਹ, 6 ਅਕਤੂਬਰ (ਗੁਰਜੀਤ ਸਿੰਘ ਢੋਟ) : ਪੰਜਾਬ ਅਤੇ ਪੰਥਕ ਮਸਲਿਆਂ ਦੇ ਮਾਹਿਰ ਜਗਜੀਤ ਸਿੰਘ ਕੋਹਲੀ ਨੂੰ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਬੁਲਾਰਾ ਨਿਯੁਕਤ ਕੀਤਾ ਹੈ। ਜਗਜੀਤ ਸਿੰਘ ਕੋਹਲੀ ਜਦੋਂ ਤੋਂ ਸੁਧਾਰ ਲਹਿਰ ਸ਼ੁਰੂ ਹੋਈ, ਉਸ ਦਿਨ ਤੋਂ ਹੀ ਹਰ ਮੀਡੀਆ ਪਲੇਟ ਫਾਰਮ 'ਤੇ ਪਹਿਲਾਂ ਸੁਧਾਰ ਲਹਿਰ ਦਾ ਅਤੇ ਫੇਰ ਅਕਾਲੀ ਦਲ ਪੁਨਰ ਸੁਰਜੀਤ ਦਾ ਪੱਖ ਮਜ਼ਬੂਤੀ ਨਾਲ ਰੱਖਦੇ ਆ ਰਹੇ ਹਨ। ਰਾਜਨੀਤੀ ਦਾ ਤਿੰਨ ਦਹਾਕਿਆਂ ਦਾ ਤਜਰਬਾ ਅਤੇ ਪੰਥਕ ਮਾਮਲਿਆਂ 'ਤੇ ਪਕੜ ਹੋਣ ਕਾਰਨ ਪਾਰਟੀ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਗੁਰਪ੍ਰਤਾਪ ਸਿੰਘ ਬਡਾਲਾ ਅਤੇ ਹਰਿੰਦਰਪਾਲ ਸਿੰਘ ਚੰਦੂਮਾਜਰਾ ਸਮੇਤ ਸਮੁੱਚੀ ਲੀਡਰਸ਼ਿਪ ਨੇ ਉਨ੍ਹਾਂ 'ਤੇ ਵਿਸ਼ਵਾਸ ਜਤਾਇਆ। ਜਗਜੀਤ ਸਿੰਘ ਕੋਹਲੀ ਨੇ ਇਸ ਨਿਯੁਕਤੀ ਦੇ ਲਈ ਪਾਰਟੀ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਗੁਰਪ੍ਰਤਾਪ ਸਿੰਘ ਬਡਾਲਾ ਅਤੇ ਹਰਿੰਦਰਪਾਲ ਸਿੰਘ ਚੰਦੂਮਾਜਰਾ ਸਮੇਤ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਵੀ ਕੀਤਾ ਅਤੇ ਕਿਹਾ ਕਿ ਉਹ ਆਪਣੀ ਡਿਊਟੀ ਨੂੰ ਤਨਦੇਹੀ ਨਾਲ ਨਿਭਾਉਣਗੇ। ਜਗਜੀਤ ਸਿੰਘ ਕੋਹਲੀ ਨੇ ਕਿਹਾ ਕਿ ਜਿਸ ਤਰ੍ਹਾਂ ਦੇ ਹਾਲਾਤ ਹਨ ਅਤੇ ਜਿਸ ਤਰ੍ਹਾਂ ਮੀਡੀਆ ਦਾ ਦੌਰ ਹੈ, ਤਾਂ ਉਸ ਨੂੰ ਦੇਖਦੇ ਹੋਏ ਪੰਥ ਪੰਜਾਬ ਅਤੇ ਪੰਜਾਬੀਅਤ ਦੀ ਗੱਲ ਨੂੰ ਮਜ਼ਬੂਤੀ ਨਾਲ ਰੱਖਣਾ ਸਮੇਂ ਦੀ ਵੱਡੀ ਮੰਗ ਹੈ।

## ਖ਼ਾਲਸਾ ਕਾਲਜ 'ਚ ਸਵੱਛਤਾ ਮੁਹਿੰਮ ਦੀ ਸ਼ੁਰੂਆਤ



ਪਟਿਆਲਾ, 6 ਅਕਤੂਬਰ (ਰੁਪਾਣਾ) : ਖ਼ਾਲਸਾ ਕਾਲਜ ਪਟਿਆਲਾ ਦੇ ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ ਦੀ ਯੋਗ ਅਗਵਾਈ ਅਤੇ 1 ਪੰਜਾਬ ਨੇਵਲ ਯੂਨਿਟ ਐਨ ਸੀ ਸੀ ਨੰਗਲ ਦੇ ਕਮਾਂਡਿੰਗ ਅਫ਼ਸਰ ਕੈਪਟਨ ਹਰਜੀਤ ਸਿੰਘ ਦਿਓਲ ਦੇ ਦਿਸ਼ਾ ਨਿਰਦੇਸ਼ ਅਨੁਸਾਰ, ਨੇਵੀ ਵਿੰਗ ਵੱਲੋਂ ਸਵੱਛਤਾ ਮੁਹਿੰਮ ਨੂੰ ਮੁੱਖ ਰੱਖਦੇ ਹੋਏ ਸਫ਼ਾਈ ਅਭਿਆਨ ਚਲਾਇਆ ਗਿਆ। ਮਹਾਤਮਾ ਗਾਂਧੀ ਨੂੰ ਸਮਰਪਿਤ, ਇਸ ਮੁਹਿੰਮ ਦੌਰਾਨ ਕਾਲਜ ਦੇ ਖੇਡ ਮੈਦਾਨਾਂ ਦੀ ਸਫਾਈ ਕੀਤੀ ਗਈ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ ਨੇ ਕੈਡਿਟ ਨੂੰ ਸੰਬੋਧਿਤ ਹੁੰਦੇ ਹੋਏ ਕਿਹਾ ਕਿ ਸਮਾਜ ਵਿੱਚ ਸਾਡੀ ਜਿੰਮੇਵਾਰੀ ਹੈ ਕਿ ਅਸੀਂ ਆਪਣੇ ਆਲੇ -ਦੁਆਲੇ ਨੂੰ ਸਾਫ- ਸੁਥਰਾ ਰੱਖੀਏ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਦਾ ਸਰੋਤ ਬਣੀਏ। ਉਹਨਾਂ ਨੇ ਦੱਸਿਆ ਕਿ ਐਨ ਸੀ ਸੀ ਇੱਕ ਅਜਿਹਾ ਅਨੁਸ਼ਾਸਨ ਹੈ, ਜੋ ਵਿਦਿਆਰਥੀ ਨੂੰ ਪੜ੍ਹਾਈ ਦੇ ਨਾਲ-ਨਾਲ ਸਮਾਜ ਦੀ ਭਲਾਈ ਲਈ ਵੱਧ ਚੜ੍ਹ ਕੇ ਹਿੱਸਾ ਪਾਉਣ ਲਈ ਪ੍ਰੇਰਿਤ ਕਰਦਾ ਹੈ। ਨੇਵੀ ਵਿੰਗ ਦੇ ਏ ਐਨ ਓ ਡਾ. ਸਰਬਜੀਤ ਸਿੰਘ ਨੇ ਕੈਡੇਟ ਦੇ ਨਾਲ ਸਫਾਈ ਮੁਹਿੰਮ ਸ਼ੁਰੂ ਕੀਤੀ ਅਤੇ ਕੈਡੇਟ ਲਈ ਪ੍ਰੇਰਨਾ ਸਰੋਤ ਬਣੇ। ਇਸ ਮੌਕੇ ਐਨ ਸੀ ਸੀ ਏਅਰ ਵਿੰਗ ਅਤੇ ਨੇਵੀ ਵਿੰਗ ਦੇ 30 ਕੈਡਿਟ ਹਾਜ਼ਰ ਸਨ।

## ਨੌਜਵਾਨ ਸਭਾ ਨੇ ਬੋਸਰ ਕਲਾਂ ਬੀੜ ਦੇ ਰਸਤੇ ਦੀ ਸਫ਼ਾਈ ਕਰਵਾਈ

➢ਗੁਰਮੁੱਖ ਸਿੰਘ ਸਮਰਾਓ ਨੇ ਬੀੜ ਵਾਲੇ ਰਸਤੇ 'ਚ ਲਾਈਟਾਂ ਲਗਵਾਈਆਂ



ਸਨੌਰ, 6 ਅਕਤੂਬਰ (ਗੁਰਜੀਤ ਸਿੰਘ ਢੋਟ) : ਸਨੌਰ ਤੋਂ ਪਿੰਡ ਬੋਸਰ ਰੋਡ ਤੇ ਸਥਿਤ ਬੀੜ ਦੀ ਸਫਾਈ ਪਿੰਡ ਬੋਸਰ ਕਲਾਂ ਦੇ ਨੌਜਵਾਨ ਸਭਾ ਵੱਲੋਂ ਕੀਤੀ ਗਈ।ਇਹ ਬੀੜ ਵਾਲਾ ਰਸਤਾ ਲਗਭੱਗ 15 ਪਿੰਡਾਂ ਨੂੰ ਲੱਗਦਾ ਹੈ।ਰਾਤ ਨੂੰ ਇਸ ਬੀੜ ਵਾਲੇ ਰਸਤੇ ਵਿੱਚ ਬਹੁਤ ਲੁੱਟਾਂ-ਖੋਹਾਂ ਹੁੰਦੀਆਂ ਹਨ।ਇਸ ਰਸਤੇ ਵਿੱਚ ਨਸ਼ੇੜੀਆਂ ਵੱਲੋਂ ਆਮ ਲੋਕਾਂ ਨੂੰ ਲੁੱਟਿਆ ਜਾਂਦਾ ਹੈ।ਕਾਫੀ ਸਮੇਂ ਪਹਿਲਾਂ ਪਿੰਡ ਬੋਸਰ ਕਲਾਂ ਦੇ ਨੌਜਵਾਨ ਦਾ ਇਸ ਬੀੜ ਦੇ ਕਤਲ ਵੀ ਹੋਇਆ ਸੀ।ਸਮਾਜ ਸੇਵੀ ਗੁਰਮੁੱਖ ਸਿੰਘ ਸਮਰਾਓ ਵੱਲੋਂ ਬੀੜ ਦੇ ਆਲੇ-ਦੁਆਲੇ ਲਾਈਟਾਂ ਲਗਵਾਈਆਂ ਗਈਆਂ।ਜਿਸ ਕਾਰਨ ਰਾਹਗੀਰਾਂ ਨੂੰ ਬਹੁਤ ਫਾਇਦਾ ਹੋਵੇਗਾ।ਇਸ ਮੌਕੇ ਜਾਗਦੇ ਰਹੋ ਕਲੱਬ ਪਟਿਆਲਾ ਦੇ ਜਨਰਲ ਸਕੱਤਰ ਦੀਦਾਰ ਸਿੰਘ ਬੋਸਰ ਨੇ ਕਿਹਾ ਕਿ ਨੌਜਵਾਨ ਵੱਲੋਂ ਇਹੋ ਜਿਹੇ ਉਪਰਾਲੇ ਕਰਦੇ ਰਹਿਣੇ ਚਾਹੀਦੇ ਹਨ,ਜੋ ਕਿ ਬਹੁਤ ਹੀ ਸ਼ਲਾਘਾਯੋਗ ਹਨ।ਇਹ ਬੀੜ ਇੱਕ ਖਤਰਨਾਕ ਬੀੜ ਹੈ,ਰਾਤ ਨੂੰ ਲੰਘਣ ਵੇਲੇ ਬਹੁਤ ਔਖਾ ਹੁੰਦਾ ਹੈ,ਜਿਸ ਕਰਕੇ ਇੱਥੇ ਬਹੁਤ ਸਾਰੀਆਂ ਅਣਹੋਣੀਆਂ ਘਟਨਾਵਾਂ ਹੋਈਆਂ ਹਨ।ਜੰਗਲਾਤ ਮਹਿਕਮੇ ਨੂੰ ਇਸ ਦੀ ਸਫਾਈ ਵੱਲ ਧਿਆਨ ਦੇਣ ਦੀ ਲੋੜ ਹੈ,ਤਾਂ ਜੋ ਆਮ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ।ਇਸ ਮੌਕੇ ਕਲੱਬ ਦੇ ਜਨਰਲ ਸਕੱਤਰ ਦੀਦਾਰ ਸਿੰਘ ਬੋਸਰ,ਸਮਾਜ ਸੇਵੀ ਗੁਰਮੁੱਖ ਸਿੰਘ ਸਮਰਾਓ, ਰਣਜੀਤ ਸਿੰਘ ਬੋਸਰ, ਹੈਪੀ, ਅਗਮਜੋਤ ਸਿੰਘ, ਮਾਸਟਰ ਰਜਿੰਦਰ ਸਿੰਘ,ਪਰਵਿੰਦਰ ਸਿੰਘ ਸਮਰਾਓ, ਮਿਸਤਰੀ ਰਾਜੂ ਖਾਨ,ਭੋਲਾ ਸਿੰਘ ਅਤੇ ਮਨਿੰਦਰ ਸਿੰਘ ਹਾਜ਼ਰ ਸੀ।

## ਕੁੱਟਮਾਰ ਕਰਨ ਦੇ ਦੋਸ਼ 'ਚ ਦੋ ਭਰਾਵਾਂ ਸਮੇਤ ਤਿੰਨ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ

ਸਮਾਣਾ, 6 ਅਕਤੂਬਰ (ਵਿਜੇ ਕੁਮਾਰ) : ਘਰ ਵਿੱਚ ਦਾਖ਼ਲ ਹੋ ਕੇ ਕੁੱਟਮਾਰ ਕਰਨ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਦੋਸ਼ ਵਿੱਚ ਸਦਰ ਪੁਲਿਸ ਨੇ ਦੋ ਭਰਾਵਾਂ ਸਣੇ ਤਿੰਨ ਵਿਅਕਤੀਆਂ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮਾਂ ਵਿੱਚ ਰਿੰਕੂ ਸਿੰਘ, ਗੋਲਡੀ ਅਤੇ ਜਸਕਰਨ ਸਿੰਘ ਸਾਰੇ ਵਾਸੀ ਪਿੰਡ ਰਾਜਲਾ ਸ਼ਾਮਲ ਹਨ।ਮਾਮਲੇ ਦੇ ਜਾਂਚ ਅਧਿਕਾਰੀ, ਸਦਰ ਪੁਲਿਸ ਦੇ ਏ.ਐਸ.ਆਈ. ਗੁਰਦੇਵ ਸਿੰਘ ਨੇ ਦੱਸਿਆ ਕਿ ਪਿੰਡ ਰਾਜਲਾ ਦੇ ਵਸਨੀਕ ਗੁਰਮੀਤ ਸਿੰਘ ਵੱਲੋਂ ਪੁਲਿਸ ਨੂੰ ਦਰਜ ਕਰਵਾਈ ਗਈ ਸ਼ਿਕਾਇਤ ਅਨੁਸਾਰ, ਪੁਰਾਣੀ ਰੰਜਿਸ਼ ਕਾਰਨ ਦੁਸਹਿਰੇ ਦੀ ਸ਼ਾਮ ਨੂੰ ਮੁਲਜ਼ਮਾਂ ਨੇ ਉਸ ਦੇ ਘਰ ਵਿੱਚ ਦਾਖ਼ਲ ਹੋ ਕੇ ਉਸ ਨਾਲ ਕੁੱਟਮਾਰ ਕੀਤੀ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਕੇ ਫ਼ਰਾਰ ਹੋ ਗਏ। ਜ਼ਖ਼ਮੀ ਹਾਲਤ ਵਿੱਚ ਉਸ ਨੂੰ ਇਲਾਜ ਲਈ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ।ਅਧਿਕਾਰੀ ਅਨੁਸਾਰ, ਪੁਲਿਸ ਨੇ ਮਾਮਲਾ ਦਰਜ ਕਰਕੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

## ਸੜਕ ਸੁਰੱਖਿਆ ਸੰਬੰਧੀ ਦੋ ਰੋਜ਼ਾ ਟਰੇਨਿੰਗ ਕੈਂਪ ਸੰਪੰਨ



ਨਾਭਾ, 6 ਅਕਤੂਬਰ (ਬਲਜਿੰਦਰ ਮਾਨ/ਚੌਧਰੀਮਾਜਰਾ) : ਹਰਸ਼ ਬਲੱਡ ਡੋਨਰ ਸੋਸਾਇਟੀ ਨਾਭਾ ਨੇ ਸ਼ਹਿਰ ਦੇ ਸਕੂਲੀ ਬੱਚਿਆਂ ਦੀ ਸੁਰੱਖਿਆ ਦੇ ਮੱਦੇਨਜ਼ਰ ਰਿਪੁਦਮਨ ਕਾਲਜ ਨਾਭਾ ਵਿਖੇ ਜੈਪੁਰ ਦੀ ਸੰਸਥਾ 'ਮੁਸਕਾਨ ਫੋਰ ਰੋਡ ਸੇਫਟੀ' ਦੇ ਪ੍ਰੋਜੈਕਟ ਡਾਇਰੈਕਟਰ ਨੇਹਾ ਖੁੱਲਰ ਟੀਮ ਵੱਲੋਂ ਸੜਕ ਸੁਰੱਖਿਆ ਸੰਬੰਧੀ ਟਰੇਨਿੰਗ 'ਡ੍ਰਾਈਵਿੰਗ ਸੇਫਟੀ ਫਸਟ' ਦੋ ਰੋਜ਼ਾ ਕੈਂਪ ਲਗਾਇਆ ਗਿਆ।ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਅਤੇ ਆਰ.ਟੀ.ਓ ਬਬਨਦੀਪ ਵਾਲੀਆਂ ਦੀ ਅਗਵਾਈ ਹੇਠ ਜ਼ਿਲ੍ਹਾ ਸੜਕ ਸੁਰੱਖਿਆ ਕਮੇਟੀ ਪਟਿਆਲਾ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਕੈਂਪ ਦੇ ਪਹਿਲੇ ਦਿਨ ਨਾਭਾ ਦੇ ਸਕੂਲ ਵੈਨ ਡਰਾਈਵਰਾਂ ਨੂੰ ਸੜਕ ਸੁਰੱਖਿਆ ਸੰਬੰਧੀ ਟਰੇਨਿੰਗ ਦਿੱਤੀ ਗਈ ਅਤੇ ਦੂਸਰੇ ਦਿਨ ਵਲੰਟੀਅਰਾਂ ਨੂੰ ਟਰੇਨਿੰਗ ਦੇ ਕੇ ਟ੍ਰੇਨਰ ਬਣਾਇਆ ਗਿਆ।ਨਾਭਾ ਦੇ ਐਮ.ਐਲ.ਏ ਗੁਰਦੇਵ ਸਿੰਘ ਦੇਵ ਮਾਨ ਨੇ ਟ੍ਰੇਨਿੰਗ ਲੈਣ ਵਾਲਿਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਹਰਸ਼ ਬਲੱਡ ਡੋਨਰ ਸੋਸਾਇਟੀ ਦੇ ਪ੍ਰਧਾਨ ਅਤੇ ਜ਼ਿਲ੍ਹਾ ਸੜਕ ਸੁਰੱਖਿਆ ਕਮੇਟੀ ਮੈਂਬਰ ਭੁਵੇਸ਼ ਬਾਂਸਲ ਭਾਸ਼ੀ ਖੂਨਦਾਨੀ ਸਟੇਟ ਅਵਾਰਡੀ ਨੇ ਦੱਸਿਆ ਕਿ ਇਸ ਕੈਂਪ ਵਿੱਚ ਵਡਮੁੱਲਾ ਸਹਿਯੋਗ ਐਸ.ਡੀ.ਐਮ ਨਾਭਾ ਡਾ. ਇਸਮਤ ਵਿਜੇ ਸਿੰਘ ਅਤੇ ਏ.ਟੀ.ਓ ਪਟਿਆਲਾ ਮਨਜੋਤ ਸਿੰਘ, ਸੁਖਬੀਰ ਸਿੰਘ ਸਿੱਖਿਆ ਵਿਭਾਗ ਦਾ ਰਿਹਾ। ਇਸ ਮੌਕੇ ਸੁਸਾਇਟੀ ਚੇਅਰਮੈਨ ਜਿਪਸੀ ਬਾਂਸਲ, ਚਰਨਜੀਤ ਸਹਿਗਲ, ਸਰਪ੍ਰਸਤ ਕੁਲਦੀਪ ਭਾਟੀਆ, ਸਰਪ੍ਰਸਤ ਵਿਜੈ ਗਰਗ, ਵਾਇਸ ਪ੍ਰਧਾਨ ਮਾਧਵ ਸ਼ਰਮਾ, ਸਕੱਤਰ ਪੁਨੀਤ ਬਾਂਸਲ, ਹਿਮਾਂਸ਼ੂ ਗੋਇਲ, ਅਵਤਾਰ ਸਿੰਘ ਟੋਨੀ, ਦਿਨੇਸ਼ ਕੁਮਾਰ ਕਾਕਾ ਆਦਿ ਹਾਜ਼ਰ ਸਨ।

## ਚਮਕੌਰ ਸਿੰਘ ਨਿੱਕੂ ਕਿਸਾਨ ਸੈਲ ਕਾਂਗਰਸ ਪੰਜਾਬ ਦੇ ਐਗਜੈਕਟਿਵ ਮੈਂਬਰ ਨਿਯੁਕਤ

ਧਰਮਸੋਤ ਤੇ ਮਹੰਤ ਖਨੌੜਾ ਨੇ ਸੌਂਪਿਆ ਨਿਯੁਕਤੀ ਪੱਤਰ



ਨਾਭਾ, 6 ਅਕਤੂਬਰ (ਗੁਰਚਰਨ ਸਿੰਘ ਚੌਧਰੀਮਾਜਰਾ): ਕਾਂਗਰਸ ਪਾਰਟੀ 'ਚ ਲੰਮੇ ਸਮੇਂ ਤੋਂ ਸੇਵਾਵਾਂ ਨਿਭਾਅ ਰਹੇ ਸੰਮਤੀ ਮੈਂਬਰ ਚਮਕੌਰ ਸਿੰਘ ਨਿੱਕੂ ਬੋੜਾ ਕਲਾਂ ਨੂੰ ਪਾਰਟੀ ਵੱਲੋਂ ਕਿਸਾਨ ਸੈਲ ਕਾਂਗਰਸ ਪੰਜਾਬ ਦਾ ਐਗਜੈਕਟਿਵ ਮੈਂਬਰ ਨਿਯੁਕਤ ਕੀਤਾ ਗਿਆ ਹੈ ਜਿਸ ਨੂੰ ਅੱਜ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਅਤੇ ਜ਼ਿਲ੍ਹਾ ਪ੍ਰਧਾਨ ਮਹੰਤ ਹਰਵਿੰਦਰ ਸਿੰਘ ਖਨੌੜਾ ਵੱਲੋਂ ਨਿਯੁਕਤੀ ਪੱਤਰ ਸੌਂਪਿਆ ਗਿਆ। ਇਸ ਮੌਕੇ ਨਵ-ਨਿਯੁਕਤ ਐਗਜੈਕਟਿਵ ਮੈਂਬਰ ਚਮਕੌਰ ਸਿੰਘ ਨਿੱਕੂ ਨੇ ਪੰਜਾਬ ਪ੍ਰਧਾਨ ਰਾਜਾ ਵੜਿੰਗ,ਕਿਸਾਨ ਸੈਲ ਪੰਜਾਬ ਪ੍ਰਧਾਨ ਕਿਰਨਜੀਤ ਸਿੰਘ ਮਿੱਠਾ,ਸਾਧੂ ਸਿੰਘ ਧਰਮਸੋਤ ਤੇ ਜ਼ਿਲ੍ਹਾ ਪ੍ਰਧਾਨ ਮਹੰਤ ਖਨੌੜਾ ਸਮੇਤ ਸਮੂਹ ਕਾਂਗਰਸ ਹਾਈ ਕਮਾਂਡ ਦਾ ਧੰਨਵਾਦ ਕਰਦਿਆਂ ਭਰੋਸਾ ਦਿਵਾਇਆ ਕਿ ਉਹ ਕਾਂਗਰਸ ਪਾਰਟੀ ਦੀ ਮਜ਼ਬੂਤੀ ਲਈ ਇਮਾਨਦਾਰੀ ਅਤੇ ਮਿਹਨਤ ਨਾਲ ਪਾਰਟੀ ਪ੍ਰਤੀ ਆਪਣੀ ਸੇਵਾਵਾਂ ਨਿਭਾਉਂਦੇ ਰਹਿਣਗੇ।

## ਜਨਹਿੱਤ ਸੰਮਤੀ ਵੱਲੋਂ 12ਵੀਂ ਹਾਲਫ ਮੈਰਾਥਨ ਦਾ ਪੋਸਟਰ ਜਾਰੀ



ਪਟਿਆਲਾ, 6 ਅਕਤੂਬਰ (ਚ.ਨ.ਸ.) : ਸਮਾਜ ਸੇਵੀ ਸੰਸਥਾ ਜਨਹਿੱਤ ਸੰਮਤੀ ਵੱਲੋਂ ਪ੍ਰਧਾਨ ਐਸ.ਕੇ. ਗੌਤਮ ਅਤੇ ਜਰਨਲ ਸਕੱਤਰ ਸਟੇਟ ਐਵਾਰਡੀ ਵਿਨੋਦ ਸ਼ਰਮਾ ਦੀ ਅਗਵਾਈ ਹੇਠ ਪ੍ਰਭਾਤ ਪ੍ਰਵਾਨਾ ਹਾਲ ਵਿਖੇ 12ਵੀਂ ਹਾਫ ਮੈਰਾਥਨ ਦਾ ਪੋਸਟਰ ਜਾਰੀ ਕੀਤਾ ਗਿਆ । ਇਸ ਮੌਕੇ ਵੱਡੀ ਗਿਣਤੀ 'ਚ ਦੌੜ ਲਗਾਉਣ ਵਾਲੇ ਗਰੁੱਪ ਅਤੇ ਹੋਰ ਲੋਕਾ ਨੇ ਇਸ ਮੌਕੇ ਸ਼ਿਰਕਤ ਕੀਤੀ। ਜ਼ਿਕਰਯੋਗ ਹੈ ਕਿ ਸੰਸਥਾ ਵੱਲੋਂ ਹਰ ਸਾਲ ਇਹ ਦੌੜ ਪਟਿਆਲਾ ਵਿਖੇ ਕਰਵਾਈ ਜਾ ਰਹੀ ਹੈ। ਇਸ ਦੌੜ ਵਿਚ ਪਟਿਆਲਾ ਦੇ ਹੀ ਨਹੀਂ ਬਲਕਿ ਪੂਰੇ ਪੰਜਾਬ ਅਤੇ ਭਾਰਤ ਦੀਆ ਵੱਖੋ-ਵੱਖ ਥਾਵਾਂ ਤੋਂ ਆ ਕੇ ਲੋਕ ਹਿੱਸਾ ਲੈਂਦੇ ਹਨ। ਇਹ ਦੌੜ ਸੰਸਥਾ ਦੀ 12ਵੀਂ ਦੌੜ ਹੈ। ਇਸ ਮੌਕੇ ਸੰਸਥਾ ਦੇ ਜਰਨਲ ਸਕੱਤਰ ਵਿਨੋਦ ਸ਼ਰਮਾ ਨੇ ਦੱਸਿਆ ਕਿ ਇਸ ਦੌੜ ਕਰਵਾਉਣ ਦਾ ਮਕਸਦ ਲੋਕਾ ਨੂੰ ਚੰਗੀ ਸਿਹਤ ਜਿਉਣ ਲਈ ਪ੍ਰੇਰਿਤ ਕਰਨਾ ਹੈ। ਇਸ ਦੌੜ ਨੂੰ ਕਰਵਾਉਣ ਲਈ ਸੰਸਥਾ ਜਨਹਿਤ ਸਮਿਤੀ ਲਗਾਤਾਰ ਪਿਛਲੇ ਕਈ ਸਾਲ ਤੋਂ ਪ੍ਰਬੰਧ ਕਰਦੀ ਆ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਦੌੜ ਦਾ ਆਯੋਜਨ 16 ਨਵੰਬਰ ਨੂੰ ਚਿਲਡਰਨਜ਼ ਪਾਰਕ ਪਟਿਆਲਾ ਤੋਂ ਸਵੇਰੇ 5.30 'ਤੇ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਸਾਰੇ ਪਟਿਆਲਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਲੋਕ ਇਸ ਮੌਕੇ ਇਸ ਦੌੜ ਵਿਚ ਭਾਗ ਲੈਣ। ਸੰਸਥਾ ਦੇ ਜੁਆਇੰਟ ਸਕੱਤਰ ਜਗਤਾਰ ਜੱਗੀ ਵੱਲੋਂ ਦੱਸਿਆ ਗਿਆ ਕਿ ਇਸ ਦੌੜ ਵਿੱਚ ਹਰੇਕ ਉਮਰ ਦੇ ਲੋਕ ਭਾਗ ਲੈ ਸਕਦੇ ਹਨ, ਸਾਰੇ ਭਾਗ ਲੈਣ ਵਾਲਿਆਂ ਨੂੰ ਇਕ ਟੀ-ਸ਼ਰਟ, ਮੈਡਲ ਅਤੇ ਰਿਫਰੈਸ਼ਮੈਂਟ ਦਿੱਤੀ ਜਾਵੇਗੀ, ਜਿਸ ਵਿੱਚ ਮੁੱਖ ਮਹਿਮਾਨ ਉੱਘੇ ਸਮਾਜ ਸੇਵੀ ਬੀ ਕੇ ਬਿੰਦਲ ਰਿਟਾਇਰ ਡਾਇਰੈਕਟਰ ਪੀ.ਐਸ.ਪੀ.ਸੀ.ਐਲ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਸੀਨੀਅਰ ਐਡਵੋਕੇਟ ਐਚ ਐਨ ਮੈਹਸਮਪੁਰੀ ਨੇ ਕੀਤੀ। ਵਿਸ਼ੇਸ਼ ਤੌਰ 'ਤੇ ਸੁੰਦਰ ਲਾਲ, ਮੈਡਮ ਗੌਤਮ ਪੰਜਰਤਨ, ਸੀਨੀਅਰ ਮੀਤ ਪ੍ਰਧਾਨ ਪੀ.ਕੇ ਜੈਨ, ਮੀਤ ਪ੍ਰਧਾਨ ਜਤਵਿੰਦਰ ਗਰੇਵਾਲ, ਮੀਤ ਪ੍ਰਧਾਨ ਸੁਰਵਿੰਦਰ ਸਿੰਘ ਛਾਬੜਾ, ਮੀਤ ਪ੍ਰਧਾਨ ਚਮਨ ਲਾਲ ਗਰਗ, ਜੁਆਇੰਟ ਸਕੱਤਰ ਜਗਤਾਰ ਸਿੰਘ ਜੱਗੀ, ਪ੍ਰੈਸ ਸਕੱਤਰ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ,ਵਿਨੇ ਸ਼ਰਮਾ, ਐਸ ਪੀ ਪਰਾਸ਼ਰ, ਸਤੀਸ਼ ਜੋਸ਼ੀ, ਅਨਿਲ ਭਾਰਤੀ, ਈਸ਼ਵਰ ਚੌਧਰੀ, ਹੈਪੀ ਵਰਮਾ, ਮੈਡਮ ਸ਼ਿਮਲਾ ਵਰਮਾ, ਸੰਗੀਤਾ ਸੈਣੀ, ਰਣਜੀਤ ਸਿੰਘ, ਰੁਦਰਪ੍ਰਤਾਪ ਸਿੰਘ, ਅਮਰੀਕ ਸਿੰਘ, ਅੱਜੀ ਰਨਰ ਗਰੁੱਪ ਨੇ ਸ਼ਿਰਕਤ ਕੀਤੀ।

## ਡਾ. ਬੀ.ਐੱਸ. ਸੰਧੂ ਸਕੂਲ ਵਿਖੇ ਦੋ ਦਿਨਾਂ ਖੋ-ਖੋ ਟੂਰਨਾਮੈਂਟ ਦੀ ਸ਼ਾਨਦਾਰ ਸਮਾਪਤੀ



ਦੇਵੀਗੜ੍ਹ, 6 ਅਕਤੂਬਰ (ਗੁਰਜੀਤ ਸਿੰਘ ਢੋਟ): ਡਾ. ਬੀ.ਐੱਸ. ਸੰਧੂ ਮੈਮੋਰੀਅਲ ਪਬਲਿਕ ਸਕੂਲ ਵਿਖੇ ਪਟਿਆਲਾ ਸਹੋਦਿਆ ਸਕੂਲ ਕੰਪਲੈਕਸ ਦੀ ਸਰਪ੍ਰਸਤੀ ਹੇਠ ਕਰਵਾਇਆ ਗਿਆ ਦੋ ਦਿਨਾਂ ਖੋ- ਖੋ ਟੂਰਨਾਮੈਂਟ ਜੋ ਕਿ ਮਿਤੀ 3 ਅਕਤੂਬਰ ਨੂੰ ਸ਼ੁਰੂ ਹੋਇਆ ਸੀ, ਇਹ ਟੂਰਨਾਮੈਂਟ ਮਿਤੀ 4 ਅਕਤੂਬਰ ਨੂੰ ਸਫਲਤਾ ਪੂਰਵਕ ਸੰਪੰਨ ਹੋ ਗਿਆ। ਇਸ ਸਮਾਗਮ ਵਿੱਚ ਅੰਡਰ-14 ਅਤੇ ਅੰਡਰ-19 ਉਮਰ ਵਰਗ ਦੀਆਂ ਖਿਡਾਰਨਾਂ ਨੇ ਆਪਣੀ ਬੇਮਿਸਾਲ ਖੇਡ ਪ੍ਰਤਿਭਾ ਅਤੇ ਮੁਕਾਬਲੇ ਦੀ ਭਾਵਨਾ ਦਾ ਪ੍ਰਦਰਸ਼ਨ ਕੀਤਾ।ਇਸ ਟੂਰਨਾਮੈਂਟ ਵਿੱਚ ਕਈ ਸਕੂਲਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ, ਜਿਸ ਦਾ ਅੰਤ ਰੋਮਾਂਚਕ ਮੁਕਾਬਲਿਆਂ ਨਾਲ ਹੋਇਆ। ਜੇਤੂ ਟੀਮਾਂ ਨੇ ਸਿਖਰਲੇ ਸਥਾਨ ਹਾਸਲ ਕਰਨ ਲਈ ਸ਼ਾਨਦਾਰ ਤਾਲਮੇਲ, ਤੇਜ਼ ਰਫ਼ਤਾਰ ਅਤੇ ਰਣਨੀਤੀ ਦਾ ਪ੍ਰਦਰਸ਼ਨ ਕੀਤਾ।ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਅੰਡਰ-14 ਖੇਡ ਮੁਕਾਬਲੇ ਵਿੱਚ ਗੋਲਡਨ ਇਰਾ ਸਕੂਲ ਨੇ ਪਹਿਲਾ ਸਥਾਨ, ਈ.ਸੀ.ਐਸ ਸਕੂਲ ਨੇ ਦੂਜਾ ਸਥਾਨ ਅਤੇ ਦਾ ਪੈਰਾਡਾਈਜ਼ ਇੰਟਰਨੈਸ਼ਨਲ ਸਕੂਲ ਨੇ ਤੀਜਾ ਸਥਾਨ ਹਾਸਿਲ ਕੀਤਾ । ਇਸੇ ਤਰਾਂ ਅੰਡਰ-19 ਲੜਕੀਆਂ ਦੇ ਖੇਡ ਮੁਕਾਬਲੇ ਵਿੱਚ ਗੰਗਾ ਇੰਟਰਨੈਸ਼ਨਲ ਸਕੂਲ ਨੇ ਪਹਿਲਾ ਸਥਾਨ, ਗੋਲਡਨ ਇਰਾ ਸਕੂਲ ਨੇ ਦੂਜਾ ਸਥਾਨ ਅਤੇ ਨਵਨੀਤ ਪਬਲਿਕ ਸਕੂਲ ਨਰਮਾਣਾ ਨੇ ਤੀਸਰਾ ਸਥਾਨ ਹਾਸਿਲ ਕੀਤਾ ਹੈ । ਇਸ ਤੋਂ ਉਪਰੰਤ ਇਨਾਮ ਵੰਡ ਸਮਾਰੋਹ ਇੱਕ ਯਾਦਗਾਰੀ ਮੌਕਾ ਸੀ, ਜਿੱਥੇ ਜੇਤੂ ਟੀਮਾਂ ਨੂੰ ਟਰਾਫੀਆਂ, ਮੈਡਲ ਅਤੇ ਸਰਟੀਫਿਕੇਟਾਂ ਦੇ ਕੇ ਸਨਮਾਨਿਤ ਕੀਤਾ ਗਿਆ। ਇਹ ਇਨਾਮ ਸਕੂਲ ਦੇ ਚੇਅਰਮੈਨ ਹਰਦੀਪ ਸਿੰਘ ਸੰਧੂ, ਮੈਨੇਜਿੰਗ ਡਾਇਰੈਕਟਰ ਰਜਿੰਦਰ ਕੌਰ ਸੰਧੂ ਅਤੇ ਪ੍ਰਿੰਸੀਪਲ ਤਰਨਦੀਪ ਕੌਰ ਅਰੋੜਾ ਦੁਆਰਾ ਤਕਸੀਮ ਕੀਤੇ ਗਏ। ਉਨ੍ਹਾਂ ਨੇ ਸੰਬੋਧਨ ਕਰਦਿਆਂ ਸਾਰੇ ਕੋਚ ਸਹਿਬਾਨ ਅਤੇ ਜੇਤੂ ਖਿਡਾਰੀਆਂ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਲਈ ਵਧਾਈ ਦਿੱਤੀ ਅਤੇ ਸਾਰੇ ਖਿਡਾਰੀਆਂ ਦੀ ਖੇਡ ਭਾਵਨਾ ਦੀ ਪ੍ਰਸ਼ੰਸਾ ਕੀਤੀ ਅਤੇ ਉਨ੍ਹਾਂ ਦੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

## ਡਾ. ਗਾਂਧੀ ਵੱਲੋਂ 'ਵੋਟ ਚੋਰੀ ਗੱਦੀ ਛੋੜ' ਬੈਨਰ ਹੇਠ ਹਸਤਾਖਰ ਮੁਹਿੰਮ ਦੀ ਸ਼ੁਰੂਆਤ



ਨਾਭਾ, 6 ਅਕਤੂਬਰ (ਗੁਰਚਰਨ ਸਿੰਘ ਚੌਧਰੀਮਾਜਰਾ): ਕਾਂਗਰਸ ਵੱਲੋਂ ਵੋਟ ਚੋਰੀ ਦੇ ਮੁੱਦੇ 'ਤੇ ਪੂਰੇ ਦੇਸ਼ ਅੰਦਰ ਪ੍ਰਧਾਨ ਖੜਗੇ ਅਤੇ ਸ੍ਰੀ ਰਾਹੁਲ ਗਾਂਧੀ ਦੀ ਅਗਵਾਈ ਵਿੱਚ ਵੋਟ ਚੋਰੀ ਗੱਦੀ ਛੋੜ ਹਸਤਾਖਰ ਮੁਹਿੰਮ ਚਲਾਈ ਜਾ ਰਹੀ ਹੈ ਜਿਸ 'ਤੇ ਚਲਦਿਆਂ ਅਪਣੇ ਸਾਥੀਆਂ ਸਮੇਤ ਪਟਿਆਲਾ ਤੋਂ ਕਾਂਗਰਸ ਦੇ ਮੈਂਬਰ ਪਾਰਲੀਮੈਂਟ ਡਾਕਟਰ ਧਰਮਵੀਰ ਗਾਂਧੀ ਵੱਲੋਂ ਇਸ ਮੁੱਦੇ ਨੂੰ ਲੈ ਕੇ ਹਸਤਾਖਰ ਮੁਹਿੰਮ ਦਾ ਆਗਾਜ਼ ਕੀਤਾ ਗਿਆ। ਇਸ ਮੌਕੇ ਉਨ੍ਹਾਂ ਭਾਰਤ ਦੇ ਚੋਣ ਕਮਿਸ਼ਨ ਨੂੰ ਅਪੀਲ ਕਰਦਿਆਂ ਕਿਹਾ ਅਜਿਹੀਆਂ ਕਾਰਵਾਈਆਂ ਦੀ ਜਾਂਚ ਕਰਕੇ ਤੁਰੰਤ ਦੋਸ਼ੀਆਂ 'ਤੇ ਕਾਰਵਾਈ ਕੀਤੀ ਜਾਵੇ। ਕਾਂਗਰਸ ਇਸ ਘਿਨਾਉਣੀ ਹਰਕਤ ਦਾ ਮੂੰਹ ਤੋੜ ਜਵਾਬ ਦੇਣ ਲਈ ਹਰ ਹੀਲਾ ਵਰਤੇਗੀ। ਇਸ ਮੌਕੇ ਉਨ੍ਹਾਂ ਨਾਲ ਸਾਬਕਾ ਸੂਬਾ ਸਕੱਤਰ ਅਵਤਾਰ ਸਿੰਘ ਨੰਨੜੇ, ਮਾਸਟਰ ਬਲਵਿੰਦਰ ਸਿੰਘ ਭਾਦਸੋਂ,ਸਰਬਜੀਤ ਸਿੰਘ ਰਾਮਗੜ੍ਹੀਆ ਸਮੇਤ ਕਾਂਗਰਸੀ ਵਰਕਰ ਮੌਜੂਦ ਸਨ।

## ਹੈਲਥ ਅਵੇਅਰਨੈਸ ਸੁਸਾਇਟੀ ਤੇ ਯੋਗਾ ਪਰਿਵਾਰ ਨੇ ਆਪਣੀ ਦਸਵੀਂ ਸਾਲਗਿਰਾਹ ਮਨਾਈ



ਪਟਿਆਲਾ, 6 ਅਕਤੂਬਰ (ਚ.ਨ.ਸ.): ਸਿਹਤ ਸੰਭਾਲ ਸੇਵਾ ਲਈ ਸਮਾਜ ਨੂੰ ਸਮਰਪਿਤ ਹੈਲਥ ਅਵੇਅਰਨੈਸ ਸੋਸਾਇਟੀ, ਪਟਿਆਲਾ ਦੇ ਯੋਗਾ ਪਰਿਵਾਰ ਗਰੁੱਪ ਨੇ ਆਪਣੀ ਦਸਵੀਂ ਸਾਲ ਗਿਰਾਹ ਬੜੀ ਧੂਮ-ਧਾਮ ਨਾਲ ਵਿਸ਼ਾਲ ਬਾਰਾਦਰੀ ਗਾਰਡਨ ਵਿੱਚ ਮਨਾਈ, ਜਿਸ ਵਿਚ ਬਾਰਾਂਦਰੀ ਬਾਗ ਦੇ 23 ਸੈਰ ਪ੍ਰੇਮੀ ਗਰੁੱਪਾਂ ਦੇ ਮੈਂਬਰਾਂ ਨੇ ਭਾਗ ਲਿਆ। ਇਸ ਮੌਕੇ ਹਾਰਟੀਕਲਚਰ ਵਿਭਾਗ, ਪੰਜਾਬ ਦੇ ਡਿਪਟੀ ਡਾਇਰੈਕਟਰ ਸ੍ਰੀ ਸੰਦੀਪ ਗਰੇਵਾਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਸਮਾਜ ਸੇਵਕ ਜੇ.ਕੇ. ਜਿੰਦਲ ਵੀ ਹਾਜ਼ਰ ਸਨ। ਇਸ ਦੇ ਨਾਲ ਹੀ ਸ਼ਹਿਰ ਦੀਆਂ ਅਨੇਕਾਂ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਵੀ ਪ੍ਰੋਗਰਾਮ ਵਿੱਚ ਸ਼ਮੂਲੀਅਤ ਕੀਤੀ ਅਤੇ ਹੈਲਥ ਅਵੇਅਰਨੈਸ ਸੋਸਾਇਟੀ ਦੇ ਪ੍ਰਧਾਨ ਜਸਵੰਤ ਸਿੰਘ ਕੌਲੀ ਜਨਰਲ ਸਕੱਤਰ ਐਡਵੋਕੇਟ ਸ੍ਰੀ ਟੀ.ਐਸ. ਭਮਰਾ ਅਤੇ ਹੋਰ ਅਹੁਦੇਦਾਰਾਂ ਨੂੰ ਵਧਾਈਆਂ ਦਿੱਤੀਆਂ। ਸਜਰੀ ਸਵੇਰ ਗਰੁੱਪ ਨੇ ਸੰਗੀਤ ਦਾ ਰੰਗਾ-ਰੰਗ ਪ੍ਰੋਗਰਾਮ ਪੇਸ਼ ਕਰਕੇ ਪ੍ਰੋਗਰਾਮ ਨੂੰ ਰੌਚਿਕ ਬਣਾ ਦਿੱਤਾ। ਡਾਕਟਰ ਜੀ ਐਸ ਅਨੰਦ, ਸਾਬਕਾ ਡਾਇਰੈਕਟਰ ਐਨ ਆਈ ਐਸ ਨੇ ਮੰਚ ਦੇ ਸੁਸ਼ੋਭਿਤ ਸ਼ਖਸੀਅਤਾਂ ਅਤੇ ਪ੍ਰਧਾਨ ਜਸਵੰਤ ਸਿੰਘ ਕੌਲੀ ਦੀ ਟੀਮ ਨੇ ਕੇਕ ਕੱਟਣ ਦੀ ਰਸਮ ਅਦਾ ਕੀਤੀ। ਮੰਚ 'ਤੇ ਸੁਸ਼ੋਭਿਤ ਸ਼ਖਸੀਅਤਾਂ ਨੇ ਉਹਨਾਂ ਵਿਅਕਤੀਆਂ ਦੀ ਸਰਾਹਨਾ ਕੀਤੀ, ਜਿਨ੍ਹਾਂ ਨੇ 17 ਦਿਨ ਲਗਾਤਾਰ ਬਾਰਾਦਰੀ ਗਾਰਡਨ ਦੀ ਸਾਫ-ਸਫਾਈ ਡਾ. ਸੰਦੀਪ ਸਿੰਘ ਗਰੇਵਾਲ ਡਿਪਟੀ ਡਾਇਰੈਕਟਰ ਬਾਗਬਾਨੀ ਵਿਭਾਗ ਦੀ ਨਿਗਰਾਨੀ ਹੇਠ ਕੀਤੀ। ਜਿਨ੍ਹਾਂ ਵਿੱਚ ਜਸਵੰਤ ਸਿੰਘ ਕੌਲੀ, ਰਣਜੀਤ ਕੌਰ, ਹਰਿੰਦਰ ਸਿੰਘ ਬਾਗਬਾਨੀ ਅਫਸਰ, ਹਰਜੀਤ ਕੌਰ ਰੌਜੀ, ਜਸਵਿੰਦਰ ਕੌਰ ਅਤੇ ਪੂਰਨ ਸੁਆਮੀ ਸਨ। ਇੰਦਰਜੀਤ ਕੌਰ ਬਾਵਾ ਅਤੇ ਐਸ.ਐਮ.ਐਸ. ਸੋਹਲ ਵੱਲੋਂ ਤਿਆਰ ਟੋਕਨ ਨਾਮ ਦਰਜ ਰਜਿਸਟਰ ਰਾਹੀਂ 5 ਲੱਕੀ ਡਰਾਅ ਡਿਪਟੀ ਡਾਇਰੈਕਟਰ ਗਰੇਵਾਲ ਸਾਹਿਬ, ਡਾ. ਜੀ.ਐਸ. ਆਨੰਦ, ਡਾ. ਸਵਰਨ ਸਿੰਘ ਮਾਨ, ਜੇ.ਕੇ.ਜਿੰਦਲ ਸਮਾਜ ਸੇਵਕ, ਵਿਨੋਦ ਸ਼ਰਮਾ ਜਨਹਿੱਤ ਸਮਿਤੀ ਰਾਹੀਂ ਕੱਢੇ ਗਏ। ਇਸ ਦਾ ਮਨੋਰਥ 25 ਅਕਤੂਬਰ 2025 ਨੂੰ ਸੈਰ ਤੇ ਸੁਸਾਇਟੀ ਅਹੁਦੇਦਾਰਾਂ ਨਾਲ ਜਾਣਗੇ। ਰਜਿੰਦਰ ਅੱਜੀ ਫਿਟਨਸ ਲਵਰ ਪੰਜਾਬ, ਹੈਪੀ ਵਰਮਾ ਫਿਟਨਸ ਕਲੱਬ ਪਟਿਆਲਾ ਅਤੇ ਸੀਤਾ ਰਾਮ, ਪਰਮਿੰਦਰ ਕੌਰ ਰੋਆਇਲ ਫਿੱਟ ਕਲੱਬ, ਸਿੰਮੀ ਭਾਟੀਆ ਭੰਗੜਾ ਗਰੁੱਪ, ਜੱਗੀ ਅਹੂਜਾ, ਜਨਕ ਰਾਜ, ਰਾਮ ਰਤਨ, ਸਤਪਾਲ ਚਾਂਦ, ਅਮਰਜੀਤ ਸਿੰਘ ਪਨਸਪ, ਜਸਜੀਤ ਸਿੰਘ ਰਾਜੂ, ਜਗਤਾਰ ਜੱਗੀ, ਹਰੀ ਚੰਦ ਬਾਂਸਲ ਆਦਿ ਨੇ ਸ਼ਿਰਕਤ ਕੀਤੀ। ਜਸਵੰਤ ਸਿੰਘ ਕੌਲੀ ਨੇ ਬਾਰਾਦਰੀ ਦੇ ਸਾਰੇ ਗਰੁੱਪ ਮੈਂਬਰਾਂ ਦਾ ਉਹਨਾਂ ਦੇ ਸਹਿਯੋਗ ਲਈ ਧੰਨਵਾਦ ਕੀਤਾ।

## ਦੋ ਵੱਖ-ਵੱਖ ਮਾਮਲਿਆਂ 'ਚ ਨਸ਼ੀਲੀਆਂ ਗੋਲੀਆਂ ਤੇ ਦੇਸੀ ਸ਼ਰਾਬ ਬ੍ਰਾਮਦ

### ਇੱਕ ਔਰਤ ਸਮੇਤ ਤਿੰਨ ਵਿਅਕਤੀ ਕਾਬੂ

ਸਮਾਣਾ, 6 ਅਕਤੂਬਰ (ਵਿਜੇ ਕੁਮਾਰ) : ਸਦਰ ਪੁਲਿਸ ਨੇ ਦੋ ਵੱਖ-ਵੱਖ ਮਾਮਲਿਆਂ ਵਿੱਚ 160 ਨਸ਼ੀਲੀਆਂ ਗੋਲੀਆਂ ਅਤੇ ਦੇਸੀ ਸ਼ਰਾਬ ਦੀਆਂ 12 ਬੋਤਲਾਂ ਬਰਾਮਦ ਕਰਕੇ ਇੱਕ ਔਰਤ ਸਮੇਤ ਤਿੰਨ ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਗੁਰਧਿਆਨ ਸਿੰਘ ਅਤੇ ਕੁਲਵਿੰਦਰ ਸਿੰਘ ਵਾਸੀ ਪਿੰਡ ਕਕਰਾਲਾ ਭਾਈਕਾ ਅਤੇ ਬਲਬੀਰ ਕੌਰ ਵਾਸੀ ਪਿੰਡ ਤਲਵੰਡੀ ਮਲਿਕ ਵਜੋਂ ਹੋਈ ਹੈ। ਮਵੀ ਕਲਾਂ ਪੁਲਿਸ ਚੌਕੀ ਇੰਚਾਰਜ ਹਰਦੀਪ ਸਿੰਘ ਵਿਰਕ ਨੇ ਦੱਸਿਆ ਕਿ ਏ.ਐੱਸ.ਆਈ. ਸਰਬਜੀਤ ਸਿੰਘ ਪੁਲਿਸ ਪਾਰਟੀ ਸਮੇਤ ਬੱਸ ਅੱਡਾ ਮਵੀ ਕਲਾਂ ਮੌਜੂਦ ਸਨ। ਉਨ੍ਹਾਂ ਨੂੰ ਸੂਚਨਾ ਮਿਲੀ ਕਿ ਮੁਲਜ਼ਮ ਪਿੰਡ ਧਰਮਗੜ੍ਹ ਵਿੱਚ ਨਸ਼ੀਲੀਆਂ ਗੋਲੀਆਂ ਵੇਚਣ ਲਈ ਗਾਹਕ ਦਾ ਇੰਤਜ਼ਾਰ ਕਰ ਰਹੇ ਹਨ। ਪੁਲਿਸ ਪਾਰਟੀ ਸਮੇਤ ਰੇਡ ਦੌਰਾਨ ਖੁੱਲ੍ਹੀਆਂ ਨਸ਼ੀਲੀਆਂ ਗੋਲੀਆਂ ਬਰਾਮਦ ਹੋਣ 'ਤੇ ਦੋਹਾਂ ਮੁਲਜ਼ਮਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਅਤੇ ਐਨ.ਡੀ.ਪੀ.ਐੱਸ. ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ। ਮੁਲਜ਼ਮਾਂ ਖਿਲਾਫ਼ ਪਹਿਲਾਂ ਵੀ ਮਾਮਲੇ ਦਰਜ ਹਨ। ਇੱਕ ਹੋਰ ਮਾਮਲੇ ਵਿੱਚ ਗਾਜੇਵਾਸ ਪੁਲਿਸ ਚੌਕੀ ਦੇ ਹੈੱਡ ਕਾਂਸਟੇਬਲ ਸਾਹਿਬ ਸਿੰਘ ਪੁਲਿਸ ਪਾਰਟੀ ਸਮੇਤ ਪਿੰਡ ਤਲਵੰਡੀ ਮਲਿਕ ਵਿੱਚ ਮੌਜੂਦ ਸਨ ਕਿ ਗੁਪਤ ਸੂਚਨਾ ਦੇ ਆਧਾਰ 'ਤੇ ਮੁਲਜ਼ਮ ਔਰਤ ਦੇ ਘਰ 'ਤੇ ਰੇਡ ਦੌਰਾਨ ਦੇਸੀ ਸ਼ਰਾਬ ਦੀਆਂ 12 ਬੋਤਲਾਂ ਬਰਾਮਦ ਹੋਣ 'ਤੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਅਤੇ ਐਕਸਾਈਜ਼ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ। ਅਧਿਕਾਰੀ ਅਨੁਸਾਰ ਸਾਰੇ ਮੁਲਜ਼ਮਾਂ ਨੂੰ ਮਾਣਯੋਗ ਅਦਾਲਤ ਦੇ ਹੁਕਮਾਂ ਅਨੁਸਾਰ ਨਿਆਂਇਕ ਹਿਰਾਸਤ ਵਿੱਚ ਜੇਲ੍ਹ ਭੇਜ ਦਿੱਤਾ ਗਿਆ ਹੈ।



# ਪਟਿਆਲਾ-ਆਸ/ਪਾਸ



## ਪਿੰਡ ਚੌਰਾ ਤੇ ਰਿਸ਼ੀ ਕਲੋਨੀ ਦੀਆਂ ਮੁੱਖ ਸੜਕਾਂ ਦਾ ਹਡਾਣਾ ਵੱਲੋਂ ਉਦਘਾਟਨ



ਸਨੌਰ, 6 ਅਕਤੂਬਰ (ਗੁਰਜੀਤ ਸਿੰਘ ਢੌਟ) : ਵਿਕਾਸ ਕ੍ਰਾਂਤੀ ਤਹਿਤ ਪੰਜਾਬ ਅੰਦਰ ਵਿਕਾਸ ਕਾਰਜਾਂ ਦੀ ਸ਼ੁਰੂਆਤ ਕੀਤੀ ਗਈ ਹੈ ਅਤੇ ਹਲਕਾ ਸਨੌਰ ਦੇ ਵਿਕਾਸ ਨੂੰ ਤਰਜੀਹ ਦੇਣਾ ਹੀ ਮੇਰਾ ਮੁੱਖ ਮਕਸਦ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪੀਆਰਟੀਸੀ ਪੰਜਾਬ ਦੇ ਚੇਅਰਮੈਨ ਅਤੇ ਹਲਕਾ ਸਨੌਰ ਦੇ ਇੰਚਾਰਜ ਰਣਜੋਧ ਸਿੰਘ ਹਡਾਣਾ ਵੱਲੋਂ ਪਿੰਡ ਚੌਰਾ ਅਤੇ ਰਿਸ਼ੀ ਕਲੋਨੀ ਦੀਆਂ ਮੁੱਖ ਸੜਕਾਂ ਦਾ ਉਦਘਾਟਨ ਕਰਨ ਦੌਰਾਨ ਕੀਤਾ ਗਿਆ। ਹਡਾਣਾ ਨੇ ਕਿਹਾ ਕਿ ਪਿੰਡ ਚੌਰਾ ਅਤੇ ਰਿਸ਼ੀ ਕਲੋਨੀ ਦੀਆਂ ਸੜਕਾਂ ਦਾ ਉਦਘਾਟਨ ਲੋਕ ਪੱਖੀ ਕੰਮਾਂ ਨੂੰ ਪਹਿਲ ਦੇਣਾ ਹੈ ਤੇ ਉਹਨਾਂ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਅਤੇ ਹਲਕਾ ਦੇ ਹੋਰ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਅੱਗੇ ਵਧਾਉਣਾ ਉਹਨਾਂ ਦਾ ਮੁੱਖ ਟੀਚਾ ਹੈ। ਹਡਾਣਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਹਲਕਾ ਸਨੌਰ ਵਿੱਚ ਸੜਕਾਂ, ਸਫਾਈ, ਸਿਹਤ, ਸਿੱਖਿਆ ਅਤੇ ਹੋਰ ਵੀ ਬੁਨਿਆਦੀ ਸਹੂਲਤਾਂ ਤੇ ਖਾਸ ਧਿਆਨ ਦਿੱਤਾ ਜਾ ਰਿਹਾ ਹੈ। ਹਡਾਣਾ ਨੇ ਕਿਹਾ ਕਿ ਹਲਕੇ ਸਨੌਰ ਵਿੱਚ ਬਹੁਤ ਜਲਦ ਹੋਰ ਵੀ ਨਵੀਆਂ ਸੜਕਾਂ ਬਣਾਈਆਂ ਜਾਣਗੀਆਂ। ਇਸੇ ਤਹਿਤ ਰਿਸ਼ੀ ਕਲੋਨੀ ਦੇ ਸਰਪੰਚ ਗੁਰਪ੍ਰੀਤ ਸਿੰਘ ਸਰਵਾਰਾ ਨੂੰ ਬਲਾਕ ਪ੍ਰਧਾਨ ਨਿਯੁਕਤ ਕੀਤੇ ਜਾਣ ਦੀ ਖੁਸ਼ੀ ਵਿੱਚ ਹਡਾਣਾ ਨੇ ਕਿਹਾ ਕਿ ਉਹ ਪਹਿਲਾਂ ਵੀ ਪਾਰਟੀ ਦੀ ਚੜ੍ਹਦੀਕਲਾ ਲਈ ਕੰਮ ਕਰ ਰਹੇ ਹਨ ਅਤੇ ਇਸ ਜਿੰਮੇਵਾਰੀ ਨੂੰ ਵੀ ਉਹ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ ਅਤੇ ਸਰਕਾਰ ਦੀਆਂ ਨੀਤੀਆਂ ਨੂੰ ਘਰ ਘਰ ਤੱਕ ਪਹੁੰਚਾਉਣਗੇ, ਜਿਸ ਨਾਲ ਪਾਰਟੀ ਨੂੰ ਹੋਰ ਵੀ ਬਲ ਮਿਲੇਗਾ। ਇਸ ਮੌਕੇ ਰਿਸ਼ੀ ਕਲੋਨੀ ਦੇ ਸਰਪੰਚ ਗੁਰਪ੍ਰੀਤ ਸਿੰਘ ਸਰਵਾਰਾ ਵੱਲੋਂ ਰਣਜੋਧ ਸਿੰਘ ਹਡਾਣਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਮੌਜੂਦਾ ਲੋਕਾਂ ਨੇ ਇਸ ਗੱਲ ਦੀ ਵੀ ਪ੍ਰਸ਼ੰਸਾ ਕੀਤੀ ਕਿ ਸਰਕਾਰ ਦੇ ਫੈਸਲੇ ਅਤੇ ਯੋਜਨਾਵਾਂ ਹੁਣ ਜ਼ਮੀਨੀ ਪੱਧਰ 'ਤੇ ਦਿਖਾਈ ਦੇ ਰਹੇ ਹਨ ਇਸ ਮੌਕੇ ਪ੍ਰਦੀਪ ਜੋਸ਼ਨ ਪ੍ਰਧਾਨ ਨਗਰ ਕੌਂਸਲ ਸਨੌਰ, ਸਰਪੰਚ ਗੁਰਪ੍ਰੀਤ ਸਿੰਘ ਰਿਸ਼ੀ ਕਲੋਨੀ, ਲਾਲੀ ਰਹੇਲ ਪੀਏ, ਗੁਰਜੀਤ ਸਿੰਘ ਢੌਲ ਬਲਾਕ ਪ੍ਰਧਾਨ, ਸੁਰਿੰਦਰ ਸਿੰਘ ਵਾਈਸ ਪ੍ਰਧਾਨ, ਮਲਿੰਦਰ ਸਿੰਘ ਰਿਸ਼ੀ ਕਲੋਨੀ, ਬਲਿਹਾਰ ਸਿੰਘ ਚੀਮਾ ਪ੍ਰਧਾਨ ਕਿਸਾਨ ਵਿੰਗ, ਰਾਜਾ ਧੰਜੂ ਸਰਪੰਚ, ਭੁਪਿੰਦਰ ਸਿੰਘ ਸਰਸਤੀਗੜ, ਹਰਪ੍ਰੀਤ ਸਿੰਘ ਘੁੰਮਣ ਬਲਾਕ ਪ੍ਰਧਾਨ, ਅਮਨਪ੍ਰੀਤ ਸ਼ਾਦੀਪੁਰ, ਗੁਰਜੀਤ ਸਿੰਘ, ਸੁਖਜੀਵਨ ਸਿੰਘ ਕਲੋਨੇ ਉਲਟਪੁਰ ਤੋਂ ਇਲਾਵਾ ਹੋਰ ਵੀ ਵਲੰਟੀਅਰ ਹਾਜ਼ਰ ਸਨ।

## ਆਲ ਇੰਡੀਆ ਬੈਂਕ ਅਫਸਰ ਕਨਫੈਡਰੇਸ਼ਨ ਨੇ ਮਨਾਇਆ 41ਵਾਂ ਸਥਾਪਨਾ ਦਿਵਸ



ਪਟਿਆਲਾ, 6 ਅਕਤੂਬਰ (ਰੁਪਾਣਾ) : ਆਲ ਇੰਡੀਆ ਬੈਂਕ ਅਫਸਰ ਕਨਫੈਡਰੇਸ਼ਨ (ਏ ਆਈ ਬੀ ਓ ਸੀ) ਦੀ ਪੰਜਾਬ ਇਕਾਈ ਨੇ ਅੱਜ ਆਪਣਾ 41ਵਾਂ ਸਥਾਪਨਾ ਦਿਵਸ ਮਨਾਇਆ। ਇਹ ਕਨਫੈਡਰੇਸ਼ਨ ਭਾਰਤ ਭਰ ਦੇ 12 ਸਰਕਾਰੀ ਬੈਂਕਾਂ ਦੇ 3.5 ਲੱਖ ਬੈਂਕ ਅਫਸਰਾਂ ਦੀ ਜਥੇਬੰਦੀ ਹੈ। ਇਸ ਮੌਕੇ ਪਟਿਆਲਾ ਵਿਚ ਝੰਡਾ ਲਹਿਰਾਇਆ ਗਿਆ ਤੇ ਪਟਿਆਲਾ ਮੀਡੀਆ ਕਲੱਬ ਵਿਚ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕੀਤਾ ਗਿਆ। ਇਸ ਪ੍ਰੈਸ ਕਾਨਫਰੰਸ ਵਿਚ ਪੰਜਾਬ ਦੇ ਪ੍ਰਧਾਨ ਪੁਨੀਤ ਵਰਮਾ ਤੇ ਸਕੱਤਰ ਰਾਜੀਵ ਸਰਹਿੰਦੀ ਨੇ ਦੱਸਿਆ ਕਿ ਅੱਜ ਜਿਥੇ ਪਟਿਆਲਾ ਮੀਡੀਆ ਕਲੱਬ ਵਿਚ ਬੂਟੇ ਲਗਾਏ ਹਨ ਅਤੇ ਓਲਡ ਏਜ ਹੋਮ ਵਿਖੇ ਮੁਫਤ ਮੈਡੀਕਲ ਚੈਕਅਪ ਕੈਂਪ ਲਗਾਇਆ ਹੈ। ਇਸ ਮੌਕੇ ਸੂਬਾਈ ਇਕਾਈ ਨੇ ਏ ਆਈ ਬੀ ਓ ਸੀ ਪੰਜਾਬ ਦੀ ਨਵੀਂ ਵੈਬਸਾਈਟ ਵੀ ਲਾਂਚ ਕੀਤੀ। ਪ੍ਰੋਗਰਾਮ ਦੀ ਅਗਵਾਈ ਏ ਆਈ ਬੀ ਓ ਸੀ ਦੇ ਆਲ ਇੰਡੀਆ ਮੀਡੀਆ ਇੰਚਾਰਜ ਸ੍ਰੀ ਪ੍ਰਿਆਵਰਤ ਨੇ ਵੀਡੀਓ ਕਾਨਫਰਸਿੰਗ ਜਰੀਏ ਕੀਤੀ। ਉਹਨਾਂ ਨੇ ਮੀਡੀਆ ਨੂੰ ਸੰਬੋਧਨ ਕਰਦਿਆਂ ਏ ਆਈ ਬੀ ਓ ਸੀ ਦੇ 41 ਸਾਲ ਪਹਿਲਾਂ ਗਠਨ ਅਤੇ ਹੁਣ ਤੱਕ ਦੇ ਸਫਰ ਵਾਸਤੇ ਦਿੱਤੀਆਂ ਕੁਰਬਾਨੀਆਂ ਤੇ ਦ੍ਰਿੜ੍ਹ ਸੰਕਲਪ ਵਿਚਾਰਧਾਰਾ ਬਾਰੇ ਗੱਲ ਕੀਤੀ। ਇਸ ਮੌਕੇ ਪੰਜਾਬ ਦੇ ਸਕੱਤਰ ਰਾਜੀਵ ਸਰਹਿੰਦੀ ਨੇ ਦੱਸਿਆ ਕਿ ਬੈਂਕਾਂ ਵਿਚ ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਆਈ) ਦੀ ਵਰਤੋਂ ਜੰਗੀ ਪੱਧਰ 'ਤੇ ਹੋ ਰਹੀ ਹੈ। ਇਸ ਮੌਕੇ ਏ ਆਈ ਬੀ ਓ ਪੰਜਾਬ ਦੇ ਪ੍ਰਧਾਨ ਪੁਨੀਤ ਵਰਮਾ ਨੇ ਕਿਹਾ ਕਿ ਅਸੀਂ ਅਜਿਹੀਆਂ ਜਨਤਕ ਸੰਸਥਾਵਾਂ ਉਸਾਰਨ ਵਾਸਤੇ ਦ੍ਰਿੜ੍ਹ ਸੰਕਲਪ ਹਾਂ ਜਿੱਥੇ ਮਨੁੱਖ ਦਾ ਮਾਣ ਸਨਮਾਨ ਹੁੰਦਾ ਹੋਵੇ ਤੇ ਪ੍ਰੋਫੈਸ਼ਨਲ ਤਰੀਕੇ ਨਾਲ ਕੰਮ ਵੀ ਨਾਲੋ-ਨਾਲ ਹੁੰਦਾ ਹੋਵੇ ਤੇ ਇੱਥੇ ਵਰਕ ਲਾਈਫ ਬੈਲੰਸ, ਚੰਗੀਆਂ ਐਚ ਆਰ ਨੀਤੀਆਂ ਤੇ ਭਲਾਈ ਨੀਤੀਆਂ ਅਪਣਾਈਆਂ ਜਾਣ ਤਾਂ ਜੋ ਅਫਸਰ ਮਜ਼ਬੂਤ ਹੋਣ ਤੇ ਉਤਪਾਦਕਤਾ ਵੱਧ ਸਕੇ। ਇਸ ਮੌਕੇ ਬਿਨੈ ਸਿਨਹਾ, ਦਿਨੇਸ਼ ਗੁਪਤਾ, ਜਸਬੀਰ ਸਿੰਘ, ਓਮ ਪ੍ਰਕਾਸ਼, ਮਨੀਸ਼ ਕੁਮਾਰ, ਚੇਤਨ ਸ਼ਰਮਾ, ਅਮਨਜੋਤ ਸਿੰਘ, ਵਿਨੀਤ ਸ਼ਰਮਾ, ਪੁਨੀਤ ਕੱਦ, ਹਰਮੀਤ ਕੌਰ, ਰਵਿੰਦਰ ਸਿੰਘ, ਰਾਕੇਸ਼ ਮਾਥੁਰ, ਰਾਹੁਲ ਕੁਮਾਰ, ਨਵਸੁੱਖ ਸੇਠੀ ਅਤੇ ਕਪਿਲ ਸ਼ਰਮਾ ਵੀ ਹਾਜ਼ਰ ਸਨ।

## ਜਸਪ੍ਰੀਤ ਦੀ 'ਪੁਸਤਕ ਅਹਿਸਾਸਾਂ ਦੀ ਕਿਣ-ਮਿਣ' 'ਤੇ ਗੋਸ਼ਟੀ



ਪਟਿਆਲਾ, 6 ਅਕਤੂਬਰ (ਚ.ਨ.ਸ.) : ਸਾਂਝਾ ਸਾਹਿਤਕ ਮੰਚ, ਪਟਿਆਲਾ ਅਤੇ ਸਾਹਿਤ ਅਕਾਦਮੀ, ਪਟਿਆਲਾ ਵੱਲੋਂ ਅਮਰਜੀਤ ਲਾਇਬ੍ਰੇਰੀ, ਭਾਦਸੋਂ ਰੋਡ, ਪਟਿਆਲਾ ਵਿਖੇ ਜਸਪ੍ਰੀਤ ਦੀ ਪੁਸਤਕ ਅਹਿਸਾਸਾਂ ਦੀ ਕਿਣ ਮਿਣ 'ਤੇ ਗੋਸ਼ਟੀ ਕੀਤੀ ਗਈ। ਨਵਦੀਪ ਮੁੰਡੀ ਨੇ ਮੰਚ ਵੱਲੋਂ ਪਹੁੰਚੇ ਸਹਿਤਕਾਰਾਂ ਨੂੰ ਜੀ ਆਇਆਂ ਕਿਹਾ। ਸਮਾਗਮ ਦੀ ਸ਼ੁਰੂਆਤ ਵਿੱਚ ਡਾ. ਅਮਰਜੀਤ ਸਿੰਘ ਨੇ ਆਏ ਹੋਏ ਸਾਹਿਤਕਾਰਾਂ ਦਾ ਸਵਾਗਤ ਕੀਤਾ। ਉਹਨਾਂ ਜਸਪ੍ਰੀਤ ਦੀ ਪੁਸਤਕ ਬਾਰੇ ਗੱਲ ਕਰਦਿਆਂ ਕਿਹਾ ਕਿ ਉਸ ਦੀ ਕਵਿਤਾ ਕੁਦਰਤ ਵਿਸਮਾਦ ਦੀ ਕਵਿਤਾ ਹੈ। ਸ਼੍ਰੋਮਣੀ ਕਵੀ ਬਲਵਿੰਦਰ ਸੰਧੂ ਨੇ ਪੁਸਤਕ ਦੇ ਹਵਾਲੇ ਨਾਲ ਗੱਲ ਕਰਦਿਆਂ ਕਿਹਾ ਕਿ ਜਸਪ੍ਰੀਤ ਦੀ ਕਵਿਤਾ ਕੁਦਰਤ ਦੇ ਹਰ ਰੰਗ ਨੂੰ ਪੇਸ਼ ਕਰਦੀ ਹੈ। ਵਿਸ਼ੇਸ਼ ਮਹਿਮਾਨ ਡਾ. ਚਰਨਜੀਤ ਕੌਰ ਨੇ ਆਪਣੀ ਗੱਲ ਜਸਪ੍ਰੀਤ ਦੇ ਜੀਵਨ ਅਤੇ ਕੁਦਰਤ ਸੰਗ ਆਪਣੇ ਅਨੁਭਵ ਰਾਹੀਂ ਸਾਂਝੀ ਕੀਤੀ। ਮੁੱਖ ਮਹਿਮਾਨ ਪ੍ਰੋ. ਕਿਰਪਾਲ ਕਜ਼ਾਕ ਨੇ ਜਸਪ੍ਰੀਤ ਦੀ ਫ਼ੋਟੋਗ੍ਰਾਫ਼ੀ ਦੇ ਪ੍ਰਮੁੱਖ ਬਿੰਦੂਆਂ ਨੂੰ ਸਾਹਮਣੇ ਲਿਆਂਦਾ। ਸਮਾਗਮ ਦੀ ਪ੍ਰਧਾਨਗੀ ਕਰ ਰਹੇ ਡਾ. ਰਜਿੰਦਰ ਪਾਲ ਬਰਾੜ ਨੇ ਜਸਪ੍ਰੀਤ ਨੂੰ ਅੱਗੋਂ ਭਵਿੱਖ ਵਿੱਚ ਨਵੇਂ ਵਿਸ਼ਿਆਂ ਦੀ ਤਲਾਸ਼ ਕਰਨ ਹਿੱਤ ਪ੍ਰੇਰਿਤ ਕੀਤਾ। ਇਸ ਵਿਚਾਰ ਚਰਚਾ ਵਿੱਚ ਡਾ. ਪਰਮਜੀਤ ਸੋਹਲ, ਅਮਰਜੀਤ ਸਿੰਘ ਕਸਕ, ਅਵਤਾਰਜੀਤ, ਸਤਨਾਮ ਚੌਹਾਨ, ਕੁਲਵਿੰਦਰ ਚਾਵਲਾ, ਚਰਨਜੀਤ ਜੋਤ, ਪ੍ਰੋ. ਸੁਖਵਿੰਦਰ ਸਿੰਘ, ਖੁਸ਼ਪ੍ਰੀਤ ਸਿੰਘ, ਸੁਖਵਿੰਦਰ ਸਿੰਘ, ਇੰਜ. ਜਗਰਾਜ ਸਿੰਘ, ਅਮਰਜੀਤ ਖਰੌੜ ਆਦਿ ਨੇ ਵੀ ਭਾਗ ਲਿਆ। ਇਸ ਸਮਾਗਮ ਦਾ ਮੰਚ ਸੰਚਾਲਨ ਨਵਦੀਪ ਮੁੰਡੀ ਨੇ ਕੀਤਾ। ਇਸ ਸਮਾਗਮ ਨੂੰ ਸਫ਼ਲ ਬਣਾਉਣ ਵਿੱਚ ਅਮਰਜੀਤ ਖਰੌੜ ਨੇ ਖ਼ਾਸ ਯੋਗਦਾਨ ਪਾਇਆ। ਅੰਤ ਵਿੱਚ ਇੰਜ. ਜਗਰਾਜ ਸਿੰਘ ਨੇ ਸਾਹਿਤ ਅਕਾਦਮੀ ਵੱਲੋਂ ਆਏ ਹੋਏ ਸਾਰੇ ਸਾਹਿਤਕਾਰਾਂ ਦਾ ਧੰਨਵਾਦ ਕੀਤਾ ਤੇ ਉਪਰੰਤ ਸਾਹਿਤ ਅਕਾਦਮੀ , ਪਟਿਆਲਾ ਤੇ ਸਾਂਝਾ ਸਾਹਿਤਕ ਮੰਚ ਪਟਿਆਲਾ ਵੱਲੋਂ ਜਸਪ੍ਰੀਤ ਦਾ ਸਨਮਾਨ ਕੀਤਾ ਗਿਆ।

## ਰੋਹਟੀ ਪੁਲ ਤੋਂ ਰੋਹਟੀ ਖਾਸ ਨੂੰ ਜਾਂਦਾ ਸੂਆ ਹਾਦਸਿਆਂ ਨੂੰ ਦੇ ਰਿਹਾ ਸੱਦਾ: ਖੱਟੜਾ



ਨਾਭਾ, 6 ਅਕਤੂਬਰ (ਗੁਰਚਰਨ ਸਿੰਘ ਚੌਧਰੀਮਾਜਰਾ) : ਸਮਾਜ ਕਲਿਆਣ ਜਾਗ੍ਰਿਤੀ ਮੰਚ ਤਹਿਸੀਲ ਨਾਭਾ ਦੇ ਜਨਰਲ ਸੱਕਤਰ ਬਹਾਦਰ ਸਿੰਘ ਖੱਟੜਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਰੋਹਟੀ ਪੁਲ ਨਾਭਾ ਵਿਖੇ ਭਾਖੜਾ ਤੋਂ ਆ ਰਹੀ ਨਹਿਰ ਦੇ ਵਿੱਚੋਂ ਪਿੰਡ ਰੋਹਟੀ ਖਾਸ ਨੂੰ ਅਤੇ ਅੱਗੇ ਦੇ ਪਿੰਡਾਂ ਨੂੰ ਜਾਂਦਾ ਹੋਇਆ ਪਾਣੀ ਦਾ ਸੂਆ ਕਿਨਾਰੇ ਤੋਂ ਬੁਰੀ ਤਰ੍ਹਾਂ ਖਾਰ ਪੈਰ ਨਾਲ ਟੁੱਟਿਆ ਹੋਇਆ ਅਤੇ ਇੱਥੋਂ ਲੰਘਣ ਵਾਲੇ ਰਾਹਗੀਰਾਂ ਲਈ ਹਾਦਸਿਆਂ ਨੂੰ ਸੱਦਾ ਦੇ ਰਿਹਾ ਹੈ,ਲੇਕਿਨ ਨਹਿਰੀ ਸਿੰਚਾਈ ਵਿਭਾਗ ਕੁੰਭਕਰਨ ਦੀ ਨੀਂਦ ਸੁੱਤਾ ਪਿਆ ਹੈ। ਇੰਝ ਲਗਦਾ ਹੈ ਕਿ ਨਹਿਰੀ ਵਿਭਾਗ ਦਾ ਕੋਈ ਵੀ ਅਧਿਕਾਰੀ ਜਾਂ ਕਰਮਚਾਰੀ ਇੱਥੋਂ ਦੀ ਦੇਖ-ਰੇਖ ਨਹੀਂ ਕਰ ਰਿਹਾ। ਖੱਟੜਾ ਨੇ ਕਿਹਾ ਆਉਣ ਵਾਲੇ ਸਮੇਂ ਵਿੱਚ ਇਸ ਸੂਏ ਦੇ ਟੁੱਟੇ ਹੋਣ ਕਾਰਨ ਜੇ ਕਿਸੇ ਦਾ ਵੀ ਜਾਨੀ ਜਾ ਮਾਲੀ ਨੁਕਸਾਨ ਹੋਇਆ ਤਾਂ ਇਸਦੀ ਜਿੰਮੇਵਾਰੀ ਨਹਿਰੀ ਵਿਭਾਗ ਦੀ ਹੋਵੇਗੀ।

## 69ਵੀਆਂ ਅੰਤਰ ਜ਼ਿਲ੍ਹਾ ਸਕੂਲ ਖੇਡਾਂ 'ਚ ਅੰਡਰ-17 ਲੜਕਿਆਂ ਦੇ ਫਰੀ ਸਟਾਈਲ ਕੁਸ਼ਤੀਆਂ ਦੇ ਹੋਏ ਮੁਕਾਬਲੇ



ਪਟਿਆਲਾ, 6 ਅਕਤੂਬਰ (ਚ.ਨ.ਸ.) : ਮੁੱਖ ਮੰਤਰੀ ਪੰਜਾਬ ਸ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ ਹੇਠ ਸਕੂਲਾਂ ਦੇ ਵਿਦਿਆਰਥੀਆਂ ਲਈ ਵੱਖ-ਵੱਖ ਪੱਧਰਾਂ 'ਤੇ ਖੇਡ ਮੁਕਾਬਲਿਆਂ ਦਾ ਆਯੋਜਨ ਕੀਤਾ ਜਾ ਰਿਹਾ ਹੈ।ਇਸ ਤਹਿਤ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸੰਜੀਵ ਸ਼ਰਮਾ ਦੇ ਦਿਸ਼ਾ ਨਿਰਦੇਸ਼ ਅਤੇ ਉਪ ਜਿਲਾ ਸਿੱਖਿਆ ਅਫਸਰ ਡਾ. ਰਵਿੰਦਰਪਾਲ ਸਿੰਘ ਦੀ ਅਗਵਾਈ ਹੇਠ ਅੰਤਰ ਜ਼ਿਲ੍ਹਾ ਮੁਕਾਬਲੇ ਪਟਿਆਲਾ ਵਿਖੇ ਆਯੋਜਿਤ ਕੀਤੇ ਗਏ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਡਾ ਦਲਜੀਤ ਸਿੰਘ ਨੇ ਦੱਸਿਆ ਅੰਡਰ-17 ਲੜਕਿਆਂ ਦੇ ਫਰੀ ਸਟਾਈਲ ਕੁਸ਼ਤੀਆਂ ਅੰਤਰ ਜ਼ਿਲ੍ਹਾ ਮੁਕਾਬਲੇ ਪੀਐਮਸ਼੍ਰੀ ਸਰਕਾਰੀ ਮਲਟੀਪਰਪਜ਼ ਸੀਨੀਅਰ ਸੈਕੰਡਰੀ ਸਕੂਲ ਪਾਸੀ ਰੋਡ ਪਟਿਆਲਾ ਵਿਖੇ ਕਰਵਾਏ ਜਾ ਰਹੇ ਹਨ।ਅੱਜ ਦੇ ਮੁਕਾਬਲਿਆਂ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਪਰਮਿੰਦਰ ਸਿੰਘ ਭੁਮਰਛੇੜੀ ਰੁਸਤਮ-ਏ-ਹਿੰਦ,ਚਰਨਜੀਤ ਸਿੰਘ ਭੁੱਲਰ ਸਕੱਤਰ ਜ਼ਿਲ੍ਹਾ ਟੂਰਨਾਮੈਂਟ ਕਮੇਟੀ ਨੇ ਖਿਡਾਰੀਆਂ ਨੂੰ ਆਸ਼ੀਰਵਾਦ ਦਿੱਤਾ। ਪ੍ਰਿੰਸੀਪਲ ਜਸਪਾਲ ਸਿੰਘ ਸਟੇਟ ਅਵਾਰਡੀ ਮੰਡੌਰ,ਚਰਨਜੀਤ ਸਿੰਘ ਭੁੱਲਰ ਸਕੱਤਰ ਟੂਰਨਾਮੈਂਟ ਕਮੇਟੀ ਨੇ ਉਚੇਚੇ ਤੌਰ 'ਤੇ ਪਹੁੰਚ ਕੇ ਖਿਡਾਰਨਾਂ ਨੂੰ ਆਸ਼ੀਰਵਾਦ ਦਿੱਤਾ। ਇਸ ਮੌਕੇ ਪ੍ਰਿੰਸੀਪਲ ਰਾਜੇਸ਼ ਮੋਦੀ ਮਾਡੂ,ਪ੍ਰਿੰਸੀਪਲ ਹਰਿੰਦਰ ਸਿੰਘ ਲੰਗ, ਮੈੱਸ ਕਮੇਟੀ ਇੰਚਾਰਜ ਪ੍ਰਿੰਸੀਪਲ ਰਾਜ ਕੁਮਾਰ ਨੰਗਾਵਾ, ਸਾਰਜ ਸਿੰਘ ਭੁੱਲਰ ਕੋਚ, ਅਮਨਿੰਦਰ ਸਿੰਘ ਬਾਬਾ ਜੋਨਲ ਸਕੱਤਰ ਪਟਿਆਲਾ-1, ਬਲਵਿੰਦਰ ਸਿੰਘ ਜੱਸਲ ਜੋਨਲ ਸਕੱਤਰ ਪਟਿਆਲਾ 2, ਰਾਜਿੰਦਰ ਸਿੰਘ ਹੈਪੀ, ਰਣਜੀਤ ਸਿੰਘ, ਅਰੁਣ ਕੁਮਾਰ,ਗੌਰਵ ਬਿਰਦੀ, ਚਮਕੌਰ ਸਿੰਘ,ਪ੍ਰੇਮ ਸਿੰਘ ਨਾਭਾ, ਵਿਕਾਸ ਜਿੰਦਲ,ਦਵਿੰਦਰ ਸਿੰਘ, ਬਲਕਾਰ ਸਿੰਘ,ਗੁਰਪ੍ਰੀਤ ਸਿੰਘ ਗੈਰੀ, ਗੁਰਪ੍ਰੀਤ ਸਿੰਘ ਝੰਡਾ ਹਾਜ਼ਰ ਸਨ।

## ਹਰਮੀਤ ਸਿੰਘ ਪਠਾਣਮਾਜਰਾ ਦੀ ਜ਼ਮਾਨਤ ਅਰਜ਼ੀ 'ਤੇ ਸੁਣਵਾਈ 9 ਨੂੰ

ਪਟਿਆਲਾ, 6 ਅਕਤੂਬਰ (ਵਿਨੋਦ ਸ਼ਰਮਾ) : ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੀ ਅਗਾਊਂ ਜ਼ਮਾਨਤ ਅਰਜ਼ੀ 'ਤੇ ਅਗਲੀ ਸੁਣਵਾਈ ਵਧੀਕ ਸੈਸ਼ਨ ਜੱਜ ਨਵਦੀਪ ਕੌਰ ਗਿੱਲ ਦੀ ਅਦਾਲਤ ਨੇ ਹੁਣ 9 ਅਕਤੂਬਰ 'ਤੇ ਪਾ ਦਿੱਤੀ ਹੈ। ਇਸ ਦਿਨ ਇਸ ਕੇਸ 'ਤੇ ਫੈਸਲਾ ਹੋਣ ਦੀ ਸੰਭਾਵਨਾ ਬਣੀ ਹੈ। ਇੱਥੇ ਜ਼ਿਕਰਯੋਗ ਹੈ ਕਿ ਪਠਾਣਮਾਜਰਾ ਦੀ ਅਗਾਊ ਅਰਜ਼ੀ 'ਤੇ ਸੁਣਵਾਈ ਅੱਜ ਲਈ ਰਾਖਵੀਂ ਰੱਖੀ ਗਈ ਸੀ, ਲੇਕਿਨ ਇਸ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਨਹੀਂ ਹੋ ਸਕੀ। ਬਚਾਅਪੱਖ ਲਈ ਸੀਨੀਅਰ ਵਕੀਲ ਐਸਐਸ ਸੱਗੂ ਅਤੇ ਡੀਐਸ ਭੁੱਲਰ ਵੀ ਹਾਜ਼ਰ ਸਨ।

## 10 ਬੋਤਲਾਂ ਸ਼ਰਾਬ ਬ੍ਰਾਮਦ

ਪਟਿਆਲਾ, 6 ਅਕਤੂਬਰ (ਚੌਧਰੀਮਾਜਰਾ) : ਥਾਣਾ ਸਦਰ ਨਾਭਾ ਪੁਲਿਸ ਨੇ ਕਥਿਤ ਦੋਸ਼ੀ ਜਰਨੈਲ ਸਿੰਘ ਪੁੱਤਰ ਲਛਮਣ ਸਿੰਘ ਵਾਸੀ ਪਿੰਡ ਬਨੇਰਾ ਖੁਰਦ ਵਿਰੁੱਧ ਮਾਮਲਾ ਦਰਜ ਕੀਤਾ ਹੈ। ਏਐਸਆਈ ਗੁਰਮੀਤ ਸਿੰਘ ਸਮੇਤ ਪੁਲਿਸ ਪਾਰਟੀ ਪਿੰਡ ਛੀਟਾਂਵਾਲਾ ਮੌਜੂਦ ਸੀ, ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 10 ਬੋਤਲਾਂ ਸ਼ਰਾਬ ਠੇਕਾ ਦੇਸੀ ਦੀਆਂ ਬ੍ਰਾਮਦ ਕੀਤੀਆਂ।

## ਨਸ਼ੀਲੇ ਪਦਾਰਥਾਂ ਨੂੰ ਵੱਖ-ਵੱਖ ਫਲੇਵਰਾਂ 'ਚ ਪਾ ਕੇ ਵੇਚਣ 'ਤੇ ਪਾਬੰਦੀ

ਪਟਿਆਲਾ, 6 ਅਕਤੂਬਰ (ਚ.ਨ.ਸ.) : ਪਟਿਆਲਾ ਦੇ ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਸ੍ਰੀਮਤੀ ਸਿਮਰਪ੍ਰੀਤ ਕੌਰ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਪਟਿਆਲਾ ਦੀ ਹੱਦ ਅੰਦਰ ਗੁਟਕਾ, ਪਾਨ ਮਸਾਲਾ ਅਤੇ ਖਾਣ -ਪੀਣ ਵਾਲੀਆਂ ਹੋਰ ਚੀਜਾਂ ਜਿਹਨਾਂ ਵਿੱਚ ਤੰਬਾਕੂ ਅਤੇ ਨਿਕੋਟੀਨ ਹੋਵੇ ਜਾਂ ਨਸ਼ੀਲੇ ਪਦਾਰਥਾਂ ਨੂੰ ਵੱਖ-ਵੱਖ ਖਾਣ ਪੀਣ ਵਾਲੀਆਂ ਵਸਤਾਂ ਜਾਂ ਕਿਸੇ ਹੋਰ ਢੰਗ ਨਾਲ ਇਹਨਾਂ ਨਸ਼ੀਲੇ ਪਦਾਰਥਾਂ ਨੂੰ ਵੱਖ-ਵੱਖ ਫਲੇਵਰਾਂ ਆਦਿ ਵਿੱਚ ਪਾ ਕੇ ਕਿਸੇ ਵੀ ਹੁੱਕਾ ਬਾਰ ਹੋਟਲ/ ਰੈਸਟੋਰੈਂਟ ਆਦਿ ਵਿੱਚ ਆਉਣ ਵਾਲਿਆਂ ਨੂੰ ਵੇਚਣ/ਪਰੋਸਣ ਅਤੇ ਅਜਿਹੇ ਹੁੱਕਾ ਬਾਰ ਚਲਾਉਣ 'ਤੇ ਮੁਕੰਮਲ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਜਾਰੀ ਇਹ ਹੁਕਮ 6 ਅਕਤੂਬਰ ਤੋਂ 5 ਦਸੰਬਰ ਤੱਕ ਲਾਗੂ ਰਹਿਣਗੇ।

## ਡੋਪ ਟੈਸਟ ਪਾਜ਼ੀਟਿਵ ਆਇਆ

ਪਟਿਆਲਾ, 6 ਅਕਤੂਬਰ (ਵਿਨੋਦ ਸ਼ਰਮਾ) : ਥਾਣਾ ਸਿਵਲ ਲਾਇਨ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਅਮਨਦੀਪ ਸਿੰਘ ਵਾਸੀ ਐਫ ਪ੍ਰਤਾਪ ਨਗਰ ਪਟਿਆਲਾ ਵਿਰੁੱਧ ਮਾਮਲਾ ਦਰਜ ਕੀਤਾ ਹੈ। ਹੌਲਦਾਰ ਨਵਦੀਪ ਸਿੰਘ ਸਮੇਤ ਪੁਲਿਸ ਪਾਰਟੀ ਵਰਕਸ਼ਾਪ ਪਾਸ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ ਦੋਸ਼ੀ ਦਾ ਨਸ਼ਾ ਕੀਤਾ ਹੋਇਆ ਜਾਪਦਾ ਪਾਇਆ ਗਿਆ, ਜਿਸਦਾ ਡੋਪ ਟੈਸਟ ਕਰਾਉਣ ਪਰ ਪਾਜ਼ੀਟਿਵ ਆਇਆ।

## ਪ੍ਰਿੰ. ਡਾ. ਮੋਹਨ ਲਾਲ ਸ਼ਰਮਾ ਬਣੇ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੀ ਸੂਬਾ ਪੱਧਰੀ ਵਰਕਿੰਗ ਕਮੇਟੀ ਦੇ ਮੈਂਬਰ



ਸਮਾਣਾ, 6 ਅਕਤੂਬਰ (ਵਿਜੇ ਕੁਮਾਰ)-ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਪ੍ਰਧਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿ. ਹਰਪ੍ਰੀਤ ਸਿੰਘ ਨੇ ਪ੍ਰਿੰਸੀਪਲ ਡਾ. ਮੋਹਨ ਲਾਲ ਸ਼ਰਮਾ ਨੂੰ ਸਮਾਣਾ ਅਤੇ ਸ਼ੁਤਰਾਣਾ ਹਲਕਿਆਂ ਨੂੰ ਤਰਜ਼ੀਹ ਦਿੰਦੇ ਹੋਏ ਪਾਰਟੀ ਦੀ ਸੂਬਾ ਪੱਧਰੀ ਵਰਕਿੰਗ ਕਮੇਟੀ ਦੇ ਮੈਂਬਰ ਨਿਯੁਕਤ ਕੀਤਾ ਹੈ। ਇਸ ਨਿਯੁਕਤੀ ਨਾਲ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਵਰਕਰਾਂ ਅਤੇ ਡਾ. ਸ਼ਰਮਾ ਦੇ ਸਮਰਥਕਾਂ 'ਚ ਖੁਸ਼ੀ ਦੀ ਲਹਿਰ ਹੈ। ਡਾ. ਮੋਹਨ ਲਾਲ ਸ਼ਰਮਾ, ਜੋ ਕਿ ਆਪਣੇ ਦੋਸਤਾਨਾ ਸੁਭਾਅ ਅਤੇ ਮਨੁੱਖਤਾ ਅਤੇ ਸਚਾਈ ਪ੍ਰਤੀ ਆਪਣੀ ਵਚਨਬੱਧਤਾ ਲਈ ਜਾਣੇ ਜਾਂਦੇ ਹਨ, ਨੇ ਵੱਖ-ਵੱਖ ਡੀ.ਏ.ਵੀ. ਸਕੂਲਾਂ 'ਚ ਕੰਮ ਕਰਦੇ ਹੋਏ ਕਈ ਲੋੜਵੰਦ ਵਿਦਿਆਰਥੀਆਂ ਨੂੰ ਮੁਫ਼ਤ ਸਿੱਖਿਆ ਪ੍ਰਦਾਨ ਕਰਨ ਲਈ ਵਿਸ਼ੇਸ਼ ਯਤਨ ਕੀਤੇ। ਉਨ੍ਹਾਂ ਨੇ ਕਈ ਲੋੜਵੰਦ ਲੜਕੀਆਂ ਦੇ ਵਿਆਹ ਵੀ ਕਰਵਾਏ ਅਤੇ ਲੋੜਵੰਦ ਔਰਤਾਂ ਲਈ ਰਾਸ਼ਨ ਦਾ ਪ੍ਰਬੰਧ ਵੀ ਕੀਤਾ। ਗਿਆਨੀ ਹਰਪ੍ਰੀਤ ਸਿੰਘ ਨੇ ਸਮਾਜਿਕ ਅਤੇ ਵਿੱਦਿਅਕ ਖੇਤਰਾਂ 'ਚ ਉਨ੍ਹਾਂ ਦੇ ਯੋਗਦਾਨ ਨੂੰ ਮਾਨਤਾ ਦਿੰਦੇ ਹੋਏ ਉਨ੍ਹਾਂ ਨੂੰ ਇਹ ਜ਼ਿੰਮੇਵਾਰੀ ਸੌਂਪੀ ਹੈ। ਵਰਕਿੰਗ ਕਮੇਟੀ ਦੇ ਮੈਂਬਰ ਬਣਨ ਤੋਂ ਬਾਅਦ ਡਾ. ਸ਼ਰਮਾ ਨੇ ਕਿਹਾ ਕਿ ਉਹ ਪਾਰਟੀ ਪ੍ਰਧਾਨ ਦੇ ਹਰ ਹੁਕਮ ਦੀ ਪਾਲਣਾ ਕਰਨਗੇ ਅਤੇ ਆਪਣੇ ਹਲਕੇ ਦੇ ਲੋਕਾਂ ਦੀ ਸੇਵਾ ਕਰਨ ਲਈ ਹਮੇਸ਼ਾ ਤਿਆਰ ਰਹਿਣਗੇ।

## ਹੜ੍ਹਾਂ ਨਾਲ ਹੋਏ ਨੁਕਸਾਨ ਦਾ ਤੁਰੰਤ ਮੁਆਵਜ਼ਾ ਜਾਰੀ ਕਰੇ ਸਰਕਾਰ: ਮਨਜੀਤ ਨਿਆਲ



ਪਾਤੜਾਂ, 6 ਅਕਤੂਬਰ (ਹਰਮਿੰਦਰ ਕਰਤਾਰਪੁਰ): ਹੜ੍ਹਾਂ ਨਾਲ ਹੋਏ ਨੁਕਸਾਨ ਦਾ ਅਜੇ ਤੱਕ ਮੁਆਵਜ਼ਾ ਨਾ ਮਿਲਣ ਦੇ ਚੱਲਦਿਆਂ ਅੱਜ ਕਿਸਾਨ ਮਜ਼ਦੂਰ ਮੋਰਚੇ ਦੇ ਸੱਦੇ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ (ਅਜ਼ਾਦ) ਵੱਲੋਂ ਬਲਾਕ ਪ੍ਰਧਾਨ ਮਨਦੀਪ ਸਿੰਘ ਭੂਤਗੜ੍ਹ ਦੀ ਅਗਵਾਈ ਵਿੱਚ ਐਸ.ਡੀ.ਐਮ ਦਫ਼ਤਰ ਪਾਤੜਾਂ ਦੇ ਅੱਗੇ ਪੰਜਾਬ ਸਰਕਾਰ ਅਤੇ ਕੇਂਦਰ ਦੀ ਮੋਦੀ ਸਰਕਾਰ ਦੀ ਅਰਥੀ ਫੂਕ ਕੇ ਰੋਸ ਮੁਜ਼ਾਹਰਾ ਕੀਤਾ ਗਿਆ। ਭਾਰਤੀ ਕਿਸਾਨ ਯੂਨੀਅਨ (ਅਜ਼ਾਦ) ਦੇ ਸੂਬਾ ਆਗੂ ਮਨਜੀਤ ਸਿੰਘ ਨਿਆਲ ਨੇ ਰੋਸ ਮੁਜ਼ਾਹਰੇ ਦੌਰਾਨ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹੜ੍ਹਾਂ ਦੌਰਾਨ ਪੀੜਤ ਹੋਏ ਕਿਸਾਨਾਂ ਅਤੇ ਮਜ਼ਦੂਰਾਂ ਦੀ ਸਮਾਜਿਕ ਜਥੇਬੰਦੀਆਂ ਅਤੇ ਆਮ ਲੋਕਾਂ ਵੱਲੋਂ ਖੁੱਲ੍ਹ ਕੇ ਮਦਦ ਕੀਤੀ ਜਾ ਰਹੀ ਹੈ ।ਕਿਸਾਨ ਆਗੂ ਮਨਜੀਤ ਸਿੰਘ ਨਿਆਲ ਨੇ ਕਿਹਾ ਕਿ ਪਰਾਲੀ ਦੀ ਰਹਿੰਦ ਖੂਹੰਦ ਦੀ ਸਾਂਭ ਸੰਭਾਲ ਲਈ ਸੂਬਾ ਸਰਕਾਰ ਵੱਲੋਂ ਕਿਸਾਨਾਂ ਨੂੰ 7000 ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ ਕਿਉਂਕਿ ਪਰਾਲੀ ਨੂੰ ਸੰਭਾਲਣ ਲਈ ਸਰਕਾਰ ਵਲੋਂ ਕੋਈ ਵੀ ਪੁਖ਼ਤਾ ਪ੍ਰਬੰਧ ਨਹੀਂ ਕੀਤੇ ਗਏ ।ਇਸ ਮੌਕੇ ਕਿਸਾਨ ਆਗੂ ਯਾਦਵਿੰਦਰ ਸਿੰਘ, ਸਤਨਾਮ ਸਿੰਘ ਨਿਆਲ, ਅਮਰੀਕ ਸਿੰਘ ਕਲਵਾਨੂੰ, ਪ੍ਰਿਤਪਾਲ ਸਿੰਘ ਤੰਬੂਵਾਲਾ, ਹਰਦਿਆਲ ਸਿੰਘ ਘੱਗਾ, ਪ੍ਰੀਤਮ ਸਿੰਘ ਘੱਗਾ,ਸੁੱਖਾ ਦਫ਼ਤਰੀਵਾਲਾ ਨਿਸ਼ਾਨ ਬੂਰੜ, ਮੁਖਤਿਆਰ ਭੂਤਗੜ, ਹਰਜੀਤ ਸਿੰਘ ਆਦਿ ਪ੍ਰਮੁੱਖ ਤੌਰ 'ਤੇ ਹਾਜ਼ਰ ਸਨ।

## ਗੁਰੂ ਨਾਨਕ ਫਾਊਂਡੇਸ਼ਨ ਪਬਲਿਕ ਸਕੂਲ 'ਚ ਕਲਮੀਨੇਸ਼ਨ ਇਵੈਂਟ ਕਰਵਾਇਆ



ਪਟਿਆਲਾ, 6 ਅਕਤੂਬਰ (ਚ.ਨ.ਸ.) : ਗੁਰੂ ਨਾਨਕ ਫਾਊਂਡੇਸ਼ਨ ਪਬਲਿਕ ਸਕੂਲ ਵੱਲੋਂ ਬਾਲ ਵਾਟਿਕਾ (ਨਰਸਰੀ ਤੋਂ ਯੂ ਕੇ ਜੀ )ਦੇ ਵਿਦਿਆਰਥੀਆਂ ਦਾ 'ਕਲਮੀਨੇਸ਼ਨ ਇਵੈਂਟ' ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਾਮ ਨੇ ਬੱਚਿਆਂ ਵੱਲੋਂ ਸੈਸ਼ਨ ਦੌਰਾਨ ਸਿੱਖੀਆਂ ਗਈਆਂ ਵੱਖ-ਵੱਖ ਹੁਨਰਾਂ ਅਤੇ ਸਿੱਖਣ ਦੇ ਨਤੀਜਿਆਂ ਨੂੰ ਪ੍ਰਦਰਸ਼ਿਤ ਕਰਨ ਲਈ ਇੱਕ ਮੰਚ ਮੁਹੱਈਆ ਕਰਵਾਇਆ। ਇਹ ਸਮਾਗਮ ਸਕੂਲ ਦੇ ਵਿਲੱਖਣ ਕਰੀਕੁਲਮ ਅਪ੍ਰੋਚ ਨੂੰ ਉਜਾਗਰ ਕਰਦਾ ਹੈ। ਇਸ ਨਵੀਂ ਤੇ ਰੁਚੀਕਰ ਵਿਧੀ ਰਾਹੀਂ ਬੱਚਿਆਂ ਨੂੰ ਵੱਖ - ਵੱਖ ਵਿਸ਼ਿਆਂ ਦੀ ਸਿੱਖਿਆ ਮਨੋਰੰਜਕ ਅਤੇ ਅਰਥਪੂਰਨ ਢੰਗ ਨਾਲ ਦਿੱਤੀ ਜਾਂਦੀ ਹੈ। ਪ੍ਰਸਤੁਤੀ ਵਿੱਚ ਬੱਚਿਆਂ ਵੱਲੋਂ ਸੰਵੇਦਨਾਤਮਕ ਸਿਖਲਾਈ ਦੀ ਡੈਮੋਨਸਟ੍ਰੇਸ਼ਨ ਵੀ ਸ਼ਾਮਲ ਸੀ, ਜਿਸ ਤੋਂ ਬਾਅਦ ਵਿਦਿਆਰਥੀਆਂ ਨੇ ਉਤਸ਼ਾਹਪੂਰਨ ਫੋਨਿਕ ਡ੍ਰਿਲ ਪੇਸ਼ ਕੀਤੀ। ਮਾਪਿਆਂ ਨੇ ਆਪਣੇ ਅੱਖੀਂ ਦੇਖਿਆ ਕਿ ਕਰੀਕੁਲਮ ਬੱਚਿਆਂ ਦੇ ਸਮੂਹਿਕ ਵਿਕਾਸ ਨੂੰ ਕਿਵੇਂ ਪ੍ਰੋਤਸਾਹਿਤ ਕਰਦਾ ਹੈ। ਉਨ੍ਹਾਂ ਨੇ ਅਧਿਆਪਕਾਂ ਦੀ ਰਚਨਾਤਮਕਤਾ ਅਤੇ ਸਮਰਪਣ ਦੀ ਭਰਪੂਰ ਪ੍ਰਸ਼ੰਸਾ ਕੀਤੀ। ਸਕੂਲ ਦੇ ਪ੍ਰਿੰਸੀਪਲ ਜਸਜੀਤ ਸੋਹੀ ਨੇ ਵਿਦਿਆਰਥੀਆਂ ਨੂੰ ਤਿਆਰ ਕਰਨ ਲਈ ਅਧਿਆਪਕਾਂ ਦੇ ਇਮਾਨਦਾਰ ਯਤਨਾਂ ਦੀ ਪ੍ਰਸ਼ੰਸਾ ਕੀਤੀ ਅਤੇ ਮਾਪਿਆਂ ਦਾ ਉਨ੍ਹਾਂ ਦੇ ਪੂਰੇ ਸਹਿਯੋਗ ਅਤੇ ਸਮਰਥਨ ਲਈ ਧੰਨਵਾਦ ਕੀਤਾ।

## ਕਰਮਯੋਗੀ ਗੁਰੂਆਂ ਦੇ ਵਿਚਾਰਾਂ ਰਾਹੀਂ ਹੀ ਭਵਿੱਖ ਸਿਹਤਮੰਦ, ਸੁਰੱਖਿਅਤ ਤੇ ਖੁਸ਼ਹਾਲ ਹੋਣਗੇ : ਡਾ. ਰਾਕੇਸ਼ ਵਰਮੀ



ਪਟਿਆਲਾ, 6 ਅਕਤੂਬਰ (ਚ.ਨ.ਸ.) : ਅੰਤਰਰਾਸ਼ਟਰੀ ਅਧਿਆਪਕ ਦਿਵਸ ਮੌਕੇ ਡੈਡੀਕੇਟਿਡ ਬ੍ਰਦਰਜ਼ ਗਰੁੱਪ ਵੱਲੋਂ 21 ਪ੍ਰਿੰਸੀਪਲਾਂ, ਅਧਿਆਪਕਾਂ ਅਤੇ ਕਾਲਜ ਪ੍ਰੋਫ਼ੈਸਰਾਂ ਦਾ ਬਤੌਰ, ਸਰਵੋਤਮ ਅਧਿਆਪਕ ਗੁਰੂਆਂ ਵਜੋਂ ਸਨਮਾਨ ਕੀਤਾ। ਇਸ ਮੌਕੇ ਇਨਕਮ ਟੈਕਸ ਵਿਭਾਗ ਦੇ ਡਿਪਟੀ ਕਮਿਸ਼ਨਰ ਸ੍ਰੀ ਨਰਿੰਦਰ ਸਿੰਘ,ਨੇ ਸਮਾਗਮ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ 31 ਸਾਲਾਂ ਵਿੱਚ ਹਰ ਮਹੀਨੇ ਅਧਿਆਪਕਾਂ ਦਾ ਸਨਮਾਨ ਕਰਦੇ ਹੋਏ ਡੀ.ਬੀ.ਜੀ. ਵੱਲੋਂ 2010 ਗੁਰੂਆਂ ਦੇ ਰੁਤਬੇ, ਨਿਸ਼ਕਾਮ ਯੋਗਦਾਨ ਪੂਜਾ ਭਗਤੀ ਦੀ ਭਾਵਨਾਵਾਂ ਨੂੰ ਸਨਮਾਨਿਤ ਕਰਕੇ ਅਤੇ 26500 ਲੋੜਵੰਦ ਵਿਦਿਆਰਥੀਆਂ ਨੂੰ ਫੀਸਾਂ, ਵਰਦੀਆਂ, ਕਿਤਾਬਾਂ, ਕਾਪੀਆਂ ਰਾਹੀਂ ਸਹਾਰਾ ਦੇ ਕੇ , ਉਨ੍ਹਾਂ ਦੀ ਉਚੇਰੀ ਸਿੱਖਿਆ ਦੇ ਸੁਪਨਿਆਂ ਨੂੰ ਸੰਪੂਰਨ ਕਰਕੇ, ਰਾਸ਼ਟਰੀ ਰਿਕਾਰਡ ਕਾਇਮ ਕੀਤੇ ਹਨ। ਡਾ. ਰਾਕੇਸ਼ ਵਰਮੀ ਪ੍ਰਧਾਨ, ਹਰਪ੍ਰੀਤ ਸਿੰਘ ਸੰਧੂ ਸਕੱਤਰ ਵੱਲੋਂ ਆਪ ਵੀ 88 ਵਾਰ ਖ਼ੂਨਦਾਨ ਕੀਤਾ ਜਾ ਚੁੱਕਾ ਹੈ। ਇਸ ਮੌਕੇ ਸ਼੍ਰੀ ਕਾਕਾ ਰਾਮ ਵਰਮਾ ਅਤੇ ਡਾਕਟਰ ਰਿਸ਼ਮਾ ਕੋਹਲੀ ਨੇ ਕਿਹਾ ਕਿ ਡੀ.ਬੀ. ਜੀ. ਦੀ ਅਗਵਾਈ ਹੇਠ ਵਿਦਿਆਰਥੀਆਂ, ਕਰਮਚਾਰੀਆਂ, ਨਾਗਰਿਕਾਂ ਨੂੰ ਆਫ਼ਤ ਪ੍ਰਬੰਧਨ,ਸਿਵਲ ਡਿਫੈਂਸ, ਫਸਟ ਏਡ, ਫਾਇਰ ਸੇਫਟੀ ਦੀ ਟ੍ਰੇਨਿੰਗਾਂ ਦਿੱਤੀਆਂ ਜਾ ਰਹੀਆਂ ਹਨ।

## ਜ਼ਮਾਨਤ ਅਰਜ਼ੀ ਮੰਨਜ਼ੂਰ



ਪਟਿਆਲਾ, 6 ਅਕਤੂਬਰ (ਚ.ਨ.ਸ.) : ਜ਼ਿਲ੍ਹਾ ਅਦਾਲਤ ਪਟਿਆਲਾ ਵਿੱਚ ਮਾਣਯੋਗ ਜਸਪ੍ਰੀਤ ਸਿੰਘ ਮਿਨਹਾਸ ਦੀ ਅਦਾਲਤ ਨੇ ਆਬਕਾਰੀ ਐਕਟ ਦੇ ਇੱਕ ਮਾਮਲੇ ਵਿੱਚ ਨਾਮਜ਼ਦ ਮੁਲਜ਼ਮ ਸ਼ਿਵਚਰਨ ਸਿੰਘ ਨੂੰ ਜ਼ਮਾਨਤ ਦੇ ਦਿੱਤੀ ਹੈ। ਇਹ ਮਾਮਲਾ ਥਾਣਾ ਪਸਿਆਣਾ ਵਿੱਚ ਐਫ.ਆਈ.ਆਰ. ਨੰ. 147 ਸਾਲ 2025 ਵਿੱਚ ਆਬਕਾਰੀ ਐਕਟ ਦੀ ਧਾਰਾ 61/1/14 ਤਹਿਤ ਦਰਜ ਕੀਤਾ ਗਿਆ ਸੀ। ਮੁਲਜ਼ਮ ਸ਼ਿਵਚਰਨ ਸਿੰਘ ਵੱਲੋਂ ਪੇਸ਼ ਹੋਏ ਵਕੀਲ (ਐਡਵੋਕੇਟ) ਮਲਕੀਤ ਸਿੰਘ ਨੇ ਅਦਾਲਤ ਵਿੱਚ ਜ਼ਮਾਨਤ ਲਈ ਅਰਜ਼ੀ ਦਾਇਰ ਕੀਤੀ ਸੀ। ਦੋਹਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਅਦਾਲਤ ਨੇ ਮੁਲਜ਼ਮ ਦੀ ਜ਼ਮਾਨਤ ਮਨਜ਼ੂਰ ਕਰ ਲਈ।

## ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਭਾਖੜਾ ਅਤੇ ਹੋਰ ਵੱਡੀਆਂ-ਛੋਟੀਆਂ ਨਹਿਰਾਂ 'ਚ ਨਹਾਉਣ 'ਤੇ ਪਾਬੰਦੀ

ਪਟਿਆਲਾ, 6 ਅਕਤੂਬਰ (ਵਿਨੋਦ ਸ਼ਰਮਾ) : ਪਟਿਆਲਾ ਦੇ ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਸ੍ਰੀਮਤੀ ਸਿਮਰਪ੍ਰੀਤ ਕੌਰ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਪਟਿਆਲਾ ਦੀ ਹੱਦ ਅੰਦਰੋਂ ਵੱਖ-ਵੱਖ ਸਥਾਨਾ ਤੋਂ ਲੰਘਦੀ ਭਾਖੜਾ ਨਹਿਰ ਅਤੇ ਹੋਰ ਵੱਡੀਆਂ ਛੋਟੀਆਂ ਨਦੀਆਂ/ਨਹਿਰਾਂ ਵਿੱਚ ਕਿਸੇ ਵੀ ਸਥਾਨ 'ਤੇ ਆਮ ਜਨਤਾ ਦੇ ਨਹਾਉਣ ਅਤੇ ਤੈਰਨ 'ਤੇ ਪੂਰਨ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਜ਼ਿਲ੍ਹਾ ਮੈਜਿਸਟ੍ਰੇਟ ਨੇ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਵਿਅਕਤੀ ਦੇ ਖਿਲਾਫ਼ ਕਾਨੂੰਨੀ ਕਾਰਵਾਈ ਨੂੰ ਅਮਲ ਵਿੱਚ ਲਿਆਉਣ ਦੇ ਆਦੇਸ਼ ਦਿੱਤੇ ਹਨ। ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਨੇ ਦੱਸਿਆ ਕਿ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀ ਅਤੇ ਆਮ ਲੋਕ ਜਿਹਨਾਂ ਵਿੱਚ ਬੱਚੇ ਤੇ ਨੌਜਵਾਨ ਵੀ ਸ਼ਾਮਲ ਹੁੰਦੇ ਹਨ, ਭਾਖੜਾ ਨਹਿਰ ਅਤੇ ਜ਼ਿਲ੍ਹੇ ਦੀਆਂ ਹੋਰ ਵੱਡੀਆਂ/ਛੋਟੀਆਂ ਨਹਿਰਾਂ ਵਿੱਚ ਨਹਾਉਣ/ਤੈਰਨ ਲਈ ਜਾਂਦੇ ਹਨ। ਉਹਨਾਂ ਕਿਹਾ ਕਿ ਕਈ ਵਾਰ ਪਾਣੀ ਦੇ ਤੇਜ਼ ਵਹਾਅ ਕਾਰਨ ਇਹਨਾਂ ਨਦੀਆਂ/ਨਹਿਰਾਂ ਵਿੱਚ ਤੈਰਨ/ਨਹਾਵੁਣ ਵਾਲੇ ਵਿਅਕਤੀ ਪਾਣੀ ਵਿੱਚ ਰੁੜ੍ਹ/ਡੁੱਬ ਜਾਂਦੇ ਹਨ , ਜਿਸ ਕਾਰਨ ਪਟਿਆਲਾ ਜ਼ਿਲ੍ਹੇ ਦੀ ਹੱਦ ਅੰਦਰ ਪੈਂਦੀਆਂ ਨਹਿਰਾਂ ਵਿੱਚ ਨਹਾਉਣ ਤੇ ਪੂਰਨ ਪਾਬੰਦੀ ਲਗਾਈ ਗਈ ਹੈ। ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਜਾਰੀ ਪਾਬੰਦੀ ਦੇ ਇਹ ਹੁਕਮ 6 ਅਕਤੂਬਰ ਤੋਂ 5 ਦਸੰਬਰ 2025 ਤੱਕ ਲਾਗੂ ਰਹਿਣਗੇ ।

## 2.50 ਲੱਖ ਦੀ ਕੀਮਤ ਦੇ ਸੋਨੇ ਅਤੇ ਚਾਂਦੀ ਦੇ ਗਹਿਣੇ ਚੋਰੀ

ਸਮਾਣਾ, 6 ਅਕਤੂਬਰ (ਵਿਜੇ ਕੁਮਾਰ) : ਪਤਨੀ ਦੇ ਸਸਕਾਰ ਲਈ ਨਜ਼ਦੀਕੀ ਪਿੰਡ ਗਏ ਵਿਅਕਤੀ ਦੇ ਘਰੋਂ 2.50 ਲੱਖ ਰੁਪਏ ਕੀਮਤ ਦੇ ਸੋਨੇ ਅਤੇ ਚਾਂਦੀ ਦੇ ਗਹਿਣੇ ਚੋਰੀ ਕਰਕੇ ਲੈ ਜਾਣ ਦੇ ਮਾਮਲੇ ਵਿੱਚ ਸਦਰ ਪੁਲਸ ਨੇ ਜਸਪ੍ਰੀਤ ਸਿੰਘ ਨਿਵਾਸੀ ਪਿੰਡ ਉਪਲਹੇੜੀ (ਸੰਗਰੂਰ) ਦੇ ਖਿਲਾਫ ਮਾਮਲਾ ਦਰਜ ਕੀਤਾ ਹੈ। ਮਾਮਲੇ ਦੇ ਜਾਂਚ ਅਧਿਕਾਰੀ ਅਤੇ ਮਵੀਕਲਾਂ ਪੁਲਸ ਇੰਚਾਰਜ ਹਰਦੀਪ ਸਿੰਘ ਵਿਰਕ ਨੇ ਦੱਸਿਆ ਕਿ ਪਿੰਡ ਦੇਧਨਾ ਦੇ ਵਾਸੀ, ਹਾਲ ਆਬਾਦ ਪਿੰਡ ਕਕਰਾਲਾ ਭਾਈਕਾ, ਦੇ ਬਿੰਦਰ ਸਿੰਘ ਪੁੱਤਰ ਸ੍ਰੀ ਰਾਮ ਵੱਲੋਂ ਦਰਜ ਕਰਵਾਈ ਸ਼ਿਕਾਇਤ ਅਨੁਸਾਰ, ਉਸਦੀ ਪਤਨੀ ਦਾ ਮਸੇਰਾ ਭਰਾ ਉਸਦੇ ਕੋਲ ਪਿੰਡ ਕਕਰਾਲਾ ਭਾਈਕਾ ਵਿੱਚ ਰਹਿੰਦਾ ਸੀ। 28 ਸਤੰਬਰ ਨੂੰ, ਜਦੋਂ ਉਹ ਪਤਨੀ ਦੇ ਸਸਕਾਰ ਤੋਂ ਬਾਅਦ ਪਿੰਡ ਦੇਧਨਾ ਤੋਂ ਵਾਪਸ ਆਇਆ ਤਾਂ ਉਸਨੇ ਦੇਖਿਆ ਕਿ ਘਰ ਦਾ ਸਾਮਾਨ ਖਿਲਰਿਆ ਪਿਆ ਸੀ ਅਤੇ ਉਸਦੀ ਪਤਨੀ ਦੇ ਲਗਭਗ ਢਾਈ ਤੋਲੇ ਸੋਨੇ ਅਤੇ ਚਾਂਦੀ ਦੇ ਗਹਿਣੇ ਗਾਇਬ ਸਨ, ਜੋ ਕਿ ਕਥਿਤ ਦੋਸ਼ੀ ਚੋਰੀ ਕਰਕੇ ਲੈ ਗਿਆ ਸੀ। ਅਧਿਕਾਰੀ ਦੇ ਅਨੁਸਾਰ, ਪੁਲਸ ਨੇ ਮਾਮਲਾ ਦਰਜ ਕਰਨ ਉਪਰੰਤ ਦੋਸ਼ੀ ਨੂੰ ਹਿਰਾਸਤ ਵਿੱਚ ਲੈ ਕੇ ਆਪਣੀ ਜਾਂਚ ਪੜਤਾਲ ਸ਼ੁਰੂ ਕਰ ਦਿੱਤੀ ਹੈ।

## ਮੋਨੂੰ ਤੇ ਸੋਨੂੰ ਡੱਲਾ ਨੂੰ ਸਦਮਾ, ਪਿਤਾ ਦਾ ਦੇਹਾਂਤ



ਨਾਭਾ, 6 ਅਕਤੂਬਰ (ਬਲਜਿੰਦਰ ਮਾਨ) : ਸੀਨੀਅਰ ਆਗੂ ਸਰਵਮੋਹਿਤ ਮੋਨੂੰ ਡੱਲਾ ਅਤੇ ਮਾਸਟਰ ਸੋਨੂੰ ਡੱਲਾ ਨੂੰ ਉਸ ਸਮੇਂ ਗਹਿਰਾ ਦੁੱਖ ਲੱਗਿਆ, ਜਦੋਂ ਉਨ੍ਹਾਂ ਦੇ ਪਿਤਾ ਸ੍ਰੀ ਸੁਰਜੀਤ ਕ੍ਰਿਸ਼ਨ ਡੱਲਾ ਦਾ ਲੰਬੀ ਬਿਮਾਰੀ ਤੋਂ ਬਾਅਦ ਬੀਤੀ ਰਾਤ ਦੇਹਾਂਤ ਹੋ ਗਿਆ। ਅੱਜ ਉਨ੍ਹਾਂ ਦਾ ਅੰਤਿਮ ਸਸਕਾਰ ਥੂਹੀ ਰੋਡ 'ਤੇ ਸਥਿਤ ਸ਼ਮਸ਼ਾਨਘਾਟ ਵਿੱਚ ਕੀਤਾ ਗਿਆ। ਸ਼੍ਰੀ ਸੁਰਜੀਤ ਕ੍ਰਿਸ਼ਨ ਡੱਲਾ ਆਪਣੇ ਪਿੱਛੇ ਇੱਕ ਖੁਸ਼ਹਾਲ ਪਰਿਵਾਰ ਛੱਡ ਗਏ ਹਨ। ਇਸ ਦੁੱਖ ਦੀ ਘੜੀ ਵਿੱਚ ਕਈ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਸ਼ਖਸੀਅਤਾਂ ਨੇ ਡੱਲਾ ਪਰਿਵਾਰ ਨਾਲ ਡੂੰਘੀ ਸੰਵੇਦਨਾ ਪ੍ਰਗਟ ਕੀਤੀ। ਇਸ ਮੌਕੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ, ਸਾਬਕਾ ਵਿਧਾਇਕ ਡਾ: ਸਤਵੰਤ ਸਿੰਘ ਮੋਹੀ, ਚਦੇਸ਼ਵਰ ਸਿੰਘ ਮੋਹੀ ਸਾਬਕਾ ਚੇਅਰਮੈਨ, ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ, ਐੱਸ.ਪੀ ਚੰਦ ਸਿੰਘ, ਅਸ਼ੋਕ ਬਾਂਸਲ, ਤਹਿਸੀਲਦਾਰ ਸੁਖਜਿੰਦਰ ਸਿੰਘ ਟਿਵਾਣਾ, ਚੌਧਰੀ ਵਿਜੇ ਕੁਮਾਰ ਸਾਬਕਾ ਪ੍ਰਧਾਨ ਟਰੱਕ ਯੂਨੀਅਨ, ਗੁਰਬਖਸ਼ ਸਿੰਘ ਭੱਟੀ, ਸਮੂਹ ਸੱਚਰ ਪਰਿਵਾਰ, ਸੰਦੀਪ ਗਰਗ ਸੋਨੂੰ ਸਾਬਕਾ ਚੇਅਰਮੈਨ, ਸੰਦੀਪ ਗਰਗ ਸੋਨੂੰ, ਰਵਨੀਸ਼ ਗੋਇਲ ਪ੍ਰਧਾਨ, ਚੇਅਰਮੈਨ ਜੱਸੀ ਸੋਹੀਆਂਵਾਲਾ, ਅਮਨ ਗੁਪਤਾ ਪ੍ਰਧਾਨ, ਦਰਸ਼ਨ ਅਰੋੜਾ,ਡਾ: ਹਰਗੁਰਵਿੰਦਰ ਸਿੰਘ,ਹਰਪ੍ਰੀਤ ਸਿੰਘ ਪ੍ਰੀਤ ਕੌਂਸਲਰ, ਮੰਟੂ ਪੂਜਾ, ਸਮੂਹ ਪੱਤਰਕਾਰ ਭਾਈਚਾਰਾ, ਐਡਵੋਕੇਟ ਜਸਪਾਲ ਜੁਨੇਜ, ਐਡਵੋਕੇਟ ਯੋਗੇਸ਼ ਖੱਤਰੀ ਰਾਮ ਕ੍ਰਿਸ਼ਨ ਭੱਲਾ , ਗੌਰਵ ਜਲੋਟਾ , ਵਿਸ਼ਾਲ ਸ਼ਰਮਾ , ਦਵਿੰਦਰ ਸਿੰਘ ਕੁਲਾਰਾ ਸਰਪੰਚ , ਅਸ਼ੋਕ ਕੁਮਾਰ ਨੰਨੂ, ਰੋਟਰੀ ਕਲੱਬ ਨਾਭਾ ਗ੍ਰੇਟਰ ਨਾਭਾ ਦੇ ਮੈਂਬਰ ਚੰਦਨ ਗਰਗ , ਜੈ ਕ੍ਰਿਸ਼ਨ ਕੁਮਾਰ ਮਗਲਾ , ਗੌਰਵ ਕੁਮਾਰ ਮਗਲਾ,ਐਸ. ਸੇਵਾਮੁਕਤ ਐਸ.ਐਚ.ਓ., ਡਾ: ਡੱਲਾ ਸਾਬਕਾ ਚੇਅਰਮੈਨ, ਹੇਮਤ ਬਾਂਸਲ ਬੱਲੂ, ਡਾ.ਜੇ.ਪੀ.ਨਰੂਲਾ ਪ੍ਰਧਾਨ, ਅਮਨ ਗੋਇਲ, ਮਹਿੰਦਰ ਕੱਦ, ਅਰੁਣ ਕੁਮਾਰ ਲੱਕੀ ਪੰਡਿਤ, ਮਨਪ੍ਰੀਤ ਸਿੰਘ ਧਾਰੋਕੀ, ਬਾਬਾ ਬਚਿੱਤਰ ਸਿੰਘ, ਅਸ਼ਵਨੀ ਚੋਪੜਾ,ਮਹੰਤ ਨਰੇਸ਼ ਦਾਸ, ਸੰਦੀਪ ਵਰਮਾ ਮੁਖੀ, ਰਾਜੂ ਕੁਮਾਰ ਸ਼ਰਮਾ ਪਨਿਆਲ, ਏ.ਡੀ.ਐਸ. ਬੱਬੂ, ਰਾਕੇਸ਼ ਗੁਪਤਾ ਆਦਿ ਨੇ ਵੱਡੀ ਗਿਣਤੀ ਵਿੱਚ ਪਤਵੰਤੇ ਸੱਜਣਾਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।

## ਡੇਂਗੂ ਤੋਂ ਬਚਾਅ ਲਈ ਜਨਤਾ ਨੂੰ ਸਾਵਧਾਨ ਰਹਿਣ ਦੀ ਅਪੀਲ

ਪਟਿਆਲਾ, 6 ਅਕਤੂਬਰ (ਚ.ਨ.ਸ.) : ਡੇਂਗੂ ਦੇ ਵੱਧਦੇ ਮਾਮਲਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਿਹਤ ਵਿਭਾਗ ਵੱਲੋਂ ਜਨਤਾ ਨੂੰ ਅਪੀਲ ਕੀਤੀ ਗਈ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਖਾਸ ਸਾਵਧਾਨੀਆਂ ਬਰਤੀਆਂ ਜਾਣ ਤਾਂ ਜੋ ਡੇਂਗੂ ਦੀ ਰੋਕਥਾਮ ਕੀਤੀ ਜਾ ਸਕੇ। ਸਿਵਲ ਸਰਜਨ ਡਾ.ਜਗਪਾਲਇੰਦਰ ਸਿੰਘ ਵੱਲੋਂ ਕਿਹਾ ਗਿਆ ਹੈ ਕਿ ਜੇ ਕਿਸੇ ਵਿਅਕਤੀ ਨੂੰ ਦੋ ਦਿਨਾਂ ਤੋਂ ਵੱਧ ਬੁਖਾਰ ਰਹੇ, ਤਾਂ ਤੁਰੰਤ ਡਾਕਟਰੀ ਸਲਾਹ ਲਈ ਜਾਵੇ ਤਾਂ ਕਿ ਸਹੀ ਸਮੇਂ 'ਤੇ ਟੈਸਟ ਕਰਵਾ ਕੇ ਡੇਂਗੂ ਦੀ ਪੁਸ਼ਟੀ ਹੋਣ ਉਪਰੰਤ ਇਲਾਜ ਅਤੇ ਰੋਕਥਾਮ ਦੇ ਯਤਨ ਕੀਤੇ ਜਾ ਸਕਣ। ਮੌਸਮ ਵਿੱਚ ਤਬਦੀਲੀ ਆਉਣ ਕਾਰਨ ਹੁਣ ਜੋ ਕੂਲਰ ਵਰਤੋਂ ਵਿੱਚ ਨਹੀਂ ਹਨ, ਉਨ੍ਹਾਂ ਦੀਆਂ ਟੈਂਕੀਆਂ ਵਿੱਚ ਖੜ੍ਹਾ ਪਾਣੀ ਸੁੱਕਾ ਦਿੱਤਾ ਜਾਵੇ।ਐਪੀਡੋਮੋਲੋਜਿਸਟ ਡਾ.ਸੁਮੀਤ ਸਿੰਘ ਨੇ ਕਿਹਾ ਕਿ ਲੋਕ ਅਜਿਹੇ ਕਪੜੇ ਪਹਿਨਣ ਜੋ ਸਰੀਰ ਨੂੰ ਢੱਕਣ, ਤਾਂ ਕਿ ਮੱਛਰ ਕੱਟ ਨਾ ਸਕੇ। ਬੁਖਾਰ ਦੀ ਸੂਰਤ ਵਿੱਚ ਐਸਪਰੀਨ ਜਾਂ ਬਰੁਫੇਨ ਵਰਗੀਆਂ ਦਵਾਈਆਂ ਨਾ ਲਵੋ, ਸਿਰਫ਼ ਪੈਰਾਸੀਟਾਮੋਲ ਦੀ ਵਰਤੋਂ ਕਰੋ। ਆਉਣ ਵਾਲੇ ਇੱਕ ਮਹੀਨੇ ਲਈ ਮੋਸਕੀਟੋ ਰਿਪੇਲੈਂਟ ਅਤੇ ਕਰੀਮਾਂ ਦੀ ਵਰਤੋਂ ਜਾਰੀ ਰੱਖਣ ਦੀ ਸਲਾਹ ਦਿੱਤੀ ਗਈ ਹੈ। ਉਹਨਾਂ ਕਿਹਾ ਕਿ ਲੋਕ ਆਪਣੀ ਤੇ ਆਪਣੇ ਪਰਿਵਾਰ ਦੀ ਸੁਰੱਖਿਆ ਲਈ ਉਪਰੋਕਤ ਸਾਵਧਾਨੀਆਂ ਨੂੰ ਪੂਰੀ ਤਰ੍ਹਾਂ ਅਪਣਾਉਣ, ਤਾਂ ਕਿ ਡੇਂਗੂ ਦੇ ਫੈਲਾਅ ਨੂੰ ਰੋਕਿਆ ਜਾ ਸਕੇ।

## 'ਇੱਕ ਰਾਸ਼ਟਰ ਇੱਕ ਚੋਣ' ਪ੍ਰੋਗਰਾਮ 'ਚ ਜਲੰਧਰ ਵਿਖੇ ਡਾ. ਕਾਂਸਲ ਨੇ ਸਾਥੀਆਂ ਨਾਲ ਕੀਤੀ ਸ਼ਮੂਲੀਅਤ



ਪਟਿਆਲਾ, 6 ਅਕਤੂਬਰ (ਰੁਪਾਣਾ) : ਕੇਂਦਰ ਸਰਕਾਰ ਵੱਲੋਂ 'ਇੱਕ ਰਾਸ਼ਟਰ ਇੱਕ ਚੋਣ' ਮੁਹਿਮ ਤਹਿਤ ਜਲੰਧਰ ਵਿਖੇ ਕਰਵਾਏ ਗਏ ਪ੍ਰੋਗਰਾਮ 'Student for One Nation One Election' ਵਿੱਚ ਡਾ. ਗੁਰਵਿੰਦਰ ਕਾਂਸਲ ਨੇ ਆਪਣੇ ਸਾਥੀਆਂ ਸਮੇਤ ਸ਼ਮੂਲੀਅਤ ਕੀਤੀ ਜਿਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਭਾਜਪਾ ਰਾਸ਼ਟਰੀ ਸਕੱਤਰ ਓਮ ਪ੍ਰਕਾਸ਼ ਧਨਕੜ ਦੇ ਨਾਲ ਨਾਲ ਭਾਜਪਾ ਦਿੱਲੀ ਯੁਵਾ ਮੋਰਚਾ ਇੰਚਾਰਜ ਅਭਿਸ਼ੇਕ ਟੰਡਨ, ਭਾਜਪਾ ਸੀਨੀਅਰ ਨੇਤਾ ਪਰਮਪਾਲ ਕੌਰ ਅਤੇ ਡੀ. ਏ. ਵੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਮਨੋਜ ਕੁਮਾਰ ਨੇ ਸ਼ਿਰਕਤ ਕਰਕੇ ਆਪਣੇ ਪੰਜਾਬ ਦੇ ਵਿਦਿਆਰਥੀਆਂ ਨੂੰ ਦੱਸਿਆ ਕਿ 'ਇੱਕ ਰਾਸ਼ਟਰ ਇੱਕ ਚੋਣ' ਆਪਣੇ ਭਾਰਤ ਲਈ ਅਤੇ ਭਾਰਤ ਦੀ ਆਰਥਿਕ ਸਥਿਤੀ ਨੂੰ ਮਜ਼ਬੂਤ ਕਰਨ ਲਈ ਕਿਵੇਂ ਜ਼ਰੂਰੀ ਹੈ। ਓਮ ਪ੍ਰਕਾਸ਼ ਧਨਕੜ ਨੇ ਪ੍ਰੋਗਰਾਮ ਨੂੰ ਜਲੰਧਰ ਵਿਖੇ ਸੰਬੋਧਨ ਕਰਦੇ ਦੱਸਿਆ ਭਾਰਤ ਦੀ ਇਕਾਨਮੀ ਅੱਜ 4.2 ਟ੍ਰਿਲੀਅਨ ਹੈ, ਜਿਸ ਨਾਲ ਵਿਸ਼ਵ ਭਰ ਵਿੱਚ ਭਾਰਤ ਚੌਥੇ ਸਥਾਨ 'ਤੇ ਹੈ ਪਰ ਕੇਂਦਰ ਸਰਕਾਰ ਵੱਲੋਂ ਲਿਆਂਦੇ ਗਏ 'ਇੱਕ ਰਾਸ਼ਟਰ ਇੱਕ ਚੋਣ' ਦੇ ਬਿੱਲ ਨਾਲ ਵਾਰ ਵਾਰ ਭਾਰਤ ਵਿੱਚ ਹੋਣ ਵਾਲੀ ਚੋਣ ਦਾ ਖਰਚਾ ਬਚਦਾ ਹੈ, ਜਿਸ ਨਾਲ ਦੇਸ਼ ਦੀ ਆਰਥਿਕ ਸਥਿਤੀ ਮਜ਼ਬੂਤ ਹੋਵੇਗੀ ਅਤੇ ਉਹ ਦਿਨ ਦੂਰ ਨਹੀਂ ਹੋਵੇਗਾ ਜਦੋਂ ਭਾਰਤ ਵਿਸ਼ਵ ਵਿੱਚ ਪਹਿਲੇ ਸਥਾਨ 'ਤੇ ਹੋਵੇਗਾ। ਇਸ ਮੌਕੇ ਡਾ. ਕਾਂਸਲ ਨਾਲ ਐਸ ਕੇ ਪਾਠੀ, ਯਸ਼ ਵਿਰਦੀ, ਇਸ਼ਾਂਤ ਭਸੀਨ, ਲੱਕੀ ਨਾਗਰ ਅਤੇ ਹੋਰ ਭਾਜਪਾ ਆਗੂ ਮੌਜੂਦ ਸਨ।